PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

6th - 13th August 2026 • Issue No. 3142

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 • www.panjabtimes.uk • Email: panjabtimes@aol.com

IAB

FOR FREE INITIAL ADVICE

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



S.S.Rai

Immigration Advice Bureau

Tel: 020 8571 6680

www.iabl.co.uk

## ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ 21 ਦਸੰਬਰ 1845 ਨੂੰ ਐਂਗਲੋ-ਸਿੱਖ ਯੁੱਧ ਦੀਆਂ ਸਭ ਤੋਂ ਮਹੱਤਵਪੂਰਨ ਲੜਾਈਆਂ ਵਿੱਚੋਂ ਇੱਕ, ਫਿਰੋਜ਼ਸ਼ਾਹ ਦੀ ਲੜਾਈ, ਦੌਰਾਨ ਮਾਰੇ ਗਏ ਬਰਤਾਨਵੀ ਫੌਜ ਦੇ ਜਰਨੈਲ ਰਿਨਾਲਡੋ ਦੀ ਯਾਦਗਾਰ ਮਾਲਟਾ ਵਿੱਚ

ਇਹ ਸਮਾਰਕ ਕੈਪਟਨ ਰਿਨਾਲਡੋ ਸਕੇਬੇਰਾਸ (1808-1845) ਦੀ ਯਾਦ ਵਿੱਚ ਬਣਾਇਆ ਗਿਆ ਹੈ। ਉਹ 19ਵੀਂ ਸਦੀ ਦੌਰਾਨ ਬ੍ਰਿਟਿਸ਼ ਫੌਜ ਵਿੱਚ ਸੇਵਾ ਕਰਨ ਵਾਲੇ ਮਾਲਟਾ ਵਿੱਚ ਜਨਮੇ ਗਿਣਤੀ ਦੇ ਅਧਿਕਾਰੀਆਂ ਵਿੱਚੋਂ ਇੱਕ ਸਨ। ਇਹ ਸਮਾਰਕ ਮਾਲਟਾ ਦੇ ਵਾਲੇਟਾ ਸ਼ਹਿਰ ਦੇ ਅੱਪਰ ਬਰਾਕਾ ਗਾਰਡਨਜ਼ ਵਿੱਚ ਸਥਿਤ ਹੈ। ਬਰਤਾਨਵੀ ਫੌਜ ਵੱਲੋਂ ਲੜੇ ਬਹੁਤ ਸਾਰੇ ਜਰਨੈਲਾਂ ਦੀਆਂ ਯਾਦਗਾਰਾਂ ਵੱਖ-ਵੱਖ ਦੇਸ਼ਾਂ ਵਿੱਚ ਸਥਾਪਤ ਹਨ। ਬ੍ਰਿਟਿਸ਼ ਫੌਜ ਦੀ ਸਿੱਖ ਫੌਜਾਂ ਨਾਲ ਬਹੁਤ ਭਿਆਨਕ ਲੜਾਈ ਹੋ ਰਹੀ ਸੀ। ਨੇੜਲੇ ਮੁਕਾਬਲੇ ਦੌਰਾਨ ਕੈਪਟਨ ਸਕੇਬੇਰਾਸ ਨੇ ਸਿੱਖ ਫੌਜ ਦਾ ਇੱਕ ਜੰਗੀ ਝੰਡਾ ਆਪਣੇ ਕਬਜ਼ੇ ਵਿੱਚ ਲੈ ਲਿਆ। ਝੰਡਾ ਹਾਸਲ ਕਰਨ ਤੋਂ ਕੁਝ ਪਲਾਂ ਬਾਅਦ ਹੀ ਉਹ ਗੋਲੀ ਲੱਗਣ ਕਾਰਨ ਮਾਰੇ ਗਏ। ਉਨ੍ਹਾਂ ਦੀ ਬਹਾਦਰੀ 80ਵੀਂ ਰੈਜੀਮੈਂਟ ਦੇ ਇਤਿਹਾਸ ਦਾ ਇੱਕ ਹਿੱਸਾ ਬਣ ਗਈ। ਇਹ ਸਮਾਰਕ ਸਿਰਫ਼ ਇੱਕ ਬਹਾਦਰ ਮਾਲਟੀ ਅਫ਼ਸਰ ਦੀ ਯਾਦ ਨਹੀਂ, ਸਗੋਂ ਪੰਜਾਬ ਦੇ ਇਤਿਹਾਸ ਨਾਲ ਵੀ ਡੂੰਘਾ ਸੰਬੰਧ ਰੱਖਦਾ ਹੈ, ਕਿਉਂਕਿ ਕੈਪਟਨ ਸਕੇਬੇਰਾਸ ਦੀ ਮੌਤ ਫਿਰੋਜ਼ਸ਼ਾਹ (ਮੌਜੂਦਾ ਫਿਰੋਜ਼ਸ਼ਾਹ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ) ਦੀ ਉਸ ਇਤਿਹਾਸਕ ਲੜਾਈ ਵਿੱਚ ਹੋਈ ਸੀ, ਜਿਸ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਬਾਅਦ ਸਿੱਖ ਫੌਜ ਨੇ ਬ੍ਰਿਟਿਸ਼ ਸਾਮਰਾਜ ਵਿਰੁੱਧ ਬੇਮਿਸਾਲ ਬਹਾਦਰੀ ਦਾ ਪ੍ਰਦਰਸ਼ਨ ਕੀਤਾ ਸੀ। ਇਸ ਜੰਗ ਨਾਲ ਸਬੰਧਿਤ ਪੇਂਟਿੰਗ ਗੋਰੇ ਚਿੱਤਰਕਾਰ ਵੱਲੋਂ ਬਣਾਈ ਹੋਈ, ਸਿੱਖ ਅਜਾਇਬਘਰ ਡਰਬੀ ਵਿੱਚ ਦੇਖੀ ਜਾ ਸਕਦੀ ਹੈ। ਮਾਲਟਾ ਦੀ ਇੱਕ ਯਾਤਰਾ ਸਮੇਂ ਸ: ਰਾਜਿੰਦਰ ਸਿੰਘ ਪੁਰੇਵਾਲ ਇਸ ਸਮਾਰਕ ਦੇ ਨੇੜੇ ਖੜ੍ਹੇ ਨਜ਼ਰ ਆ ਰਹੇ ਹਨ। ਉਹਨਾਂ ਕਿਹਾ ਸਿੱਖਾਂ ਨੂੰ ਵੀ ਆਪਣੇ ਇਤਿਹਾਸ ਨੂੰ ਯਾਦ ਰੱਖਣਾ ਚਾਹੀਦਾ ਹੈ।



## ਇਤਿਹਾਸਕ ਲੰਗਰ ਹਾਲ ਗੁਰਦੁਆਰਾ ਸਚਾ ਸੌਦਾ ਚੂਹੜਕਾਣਾ (ਫਾਰੂਕਾਬਾਦ ਪਾਕਿਸਤਾਨ) ਉਸਾਰੀ ਅਧੀਨ

ਜਿਥੇ ਗੁਰੂ ਨਾਨਕ ਸਾਹਿਬ ਨੇ 1485 ਸੰਨ ਵਿਚ ਪਿਤਾ ਜੀ ਵੱਲੋਂ ਦਿੱਤੇ ਹੋਏ ਵੀਹ ਰੁਪਏ ਦਾ ਲੰਗਰ ਤਿੰਨ ਦਿਨ ਲਗਾਤਾਰ ਹੱਥੀਂ ਤਿਆਰ ਕਰਕੇ ਵਰਤਾਇਆ। ਗਿਆਨੀ ਤਰਬੇਦੀ ਸਿੰਘ ਜੀ ਇਸ ਲੰਗਰ ਹਾਲ ਦੀ ਨਵੀਂ ਉਸਾਰੀ 30 ਅਪ੍ਰੈਲ 2025 ਤੋਂ ਕਰਵਾ ਰਹੇ ਹਨ ਤੇ 2027 ਵਿੱਚ ਇਸ ਦੇ ਮੁਕੰਮਲ ਹੋਣ ਦਾ ਟੀਚਾ ਮਿਥਿਆ ਗਿਆ ਹੈ। ਬੀਤੇ ਐਤਵਾਰ ਨੂੰ ਉਹ ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਇਸੇ ਸਿਲਸਲੇ ਵਿੱਚ ਆਏ ਤਾਂ ਇਥੇ ਸ: ਰਾਜਿੰਦਰ ਸਿੰਘ ਪੁਰੇਵਾਲ ਅਤੇ ਪ੍ਰੋ: ਦਲਜੀਤ ਸਿੰਘ ਵਿਰਕ ਨੇ ਸੰਗਤਾਂ ਨੂੰ ਇਸ ਸੇਵਾ ਵਿੱਚ ਗਿਆਨੀ ਜੀ ਦਾ ਸਹਿਯੋਗ ਦੇਣ ਦੀ ਬੇਨਤੀ ਕੀਤੀ, ਸੰਗਤਾਂ ਨੇ ਬੜੇ ਉਤਸ਼ਾਹ ਨਾਲ ਇਸ ਲੰਗਰ ਹਾਲ ਦੀ ਸੇਵਾ ਲਈ ਯਥਾ ਸ਼ਕਤ ਮਾਇਆ ਨਾਲ ਯੋਗਦਾਨ ਪਾਇਆ। ਯਾਦ ਰਹੇ ਇਹਨਾਂ ਤੋਂ ਪਹਿਲਾਂ ਕਾਰ ਸੇਵਾ ਕਮੇਟੀ ਯੂ ਕੇ ਵੱਲੋਂ ਵੀ ਪਾਕਿਸਤਾਨ ਵਿਚਲੇ ਬਹੁਤ ਸਾਰੇ ਇਤਿਹਾਸਕ ਗੁਰ ਅਸਥਾਨਾਂ ਦੀ ਕਾਰ ਸੇਵਾ ਕਰਵਾਈ ਗਈ ਹੈ। ਇਸ ਹਾਲ ਵਿੱਚ 800 ਦੇ ਲੱਗਭੱਗ ਸੰਗਤਾਂ ਦੇ ਬੈਠਣ ਦੀ ਸਮਰੱਥਾ ਹੋਵੇਗੀ।







## ਸਿੱਖ ਹੈਲਪ ਲਾਈਨ ਨੇ ਸਕੌਟਲੈਂਡ ਤੋਂ ਬ੍ਰਮਿੰਘਮ ਤੱਕ 350 ਮੀਲ ਦੀ ਸਾਈਕਲ ਯਾਤਰਾ ਕੀਤੀ





ਸਕੌਟਲੈਂਡ ਦੇ ਐਡਨਬਰਾ ਤੋਂ ਸ਼ੁਰੂ ਕਰਕੇ ਨਿਊਕੈਸਲ, ਲੀਡਜ਼, ਤੇ ਡਰਬੀ ਤੋਂ ਹੁੰਦੇ ਹੋਏ ਵੈਸਟ ਬ੍ਰਾਮਵਿਚ ਤੱਕ 350 ਮੀਲ ਦੀ ਸਾਈਕਲ ਯਾਤਰਾ ਕਰਕੇ ਲੋੜਵੰਦਾਂ ਲਈ 6 ਹਜ਼ਾਰ ਪੌਂਡ ਦੇ ਕਰੀਬ ਮਾਇਆ ਇਕੱਠੀ ਕੀਤੀ। ਬੀਤੇ ਸ਼ਨੀਵਾਰ ਨੂੰ ਇਹ ਸਾਈਕਲ ਸਵਾਰ ਸਿੰਘ ਸਭਾ ਡਰਬੀ ਵਿਖੇ ਠਹਿਰੇ ਸਨ। ਜਿੱਥੇ ਡਰਬੀ ਦੇ ਦੋ ਸੰਸਦ ਮੈਂਬਰਾਂ, ਕੈਥਰੀਨ ਤੇ ਬਾਗੀ ਸ਼ੰਕਰ ਨੇ ਅਤੇ ਸਿੰਘ ਸਭਾ ਦੇ ਸੇਵਾਦਾਰਾਂ ਨੇ ਸਾਈਕਲ ਸਵਾਰਾਂ ਦੀ ਹੌਸਲਾ ਅਫਜ਼ਾਈ ਕੀਤੀ। ਇਹਨਾਂ ਸਾਈਕਲ ਸਵਾਰਾਂ ਵਿੱਚ ਮਲੇਸ਼ੀਆ ਅਤੇ ਕੈਲੇਫੋਰਨੀਆ ਤੋਂ ਵੀ ਸਾਈਕਲ ਸਵਾਰ ਸ਼ਾਮਿਲ ਹੋਏ। ਬ੍ਰਮਿੰਘਮ ਤੋਂ ਕੌਂਸਲਰ ਪਲਵਿੰਦਰ ਕੌਰ ਅਤੇ ਸਿੱਖ ਹੈਲਪ ਲਾਈਨ ਦੇ ਗਿਆਨੀ ਸੁੱਖਾ ਸਿੰਘ ਨੇ ਸਾਰੇ ਸਾਈਕਲ ਸਵਾਰਾਂ ਅਤੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕੀਤਾ।

ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥

# ਮਹਾਨ ਤਪੱਸਵੀ, ਪਰਉਪਕਾਰੀ, ਬ੍ਰਹਮਗਿਆਨੀ, ਨਾਮ ਰਸੀਏ ਧੰਨ ਧੰਨ ਬਾਬਾ ਭਗਤੂ ਜੀ ਦੀ ਪਵਿੱਤਰ ਯਾਦ ਵਿੱਚ

# ਮਹਾਨ ਸਮਾਗਮ

## 28, 29, 30 ਅਗਸਤ 2026 ਨੂੰ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਲੈਸਟਰ ਵਿਖੇ ਹੋਣਗੇ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਮਹਾਨ ਤਪੱਸਵੀ ਬਾਬਾ ਭਗਤੂ ਜੀ ਵੱਲੋਂ ਕੌਮ ਲਈ ਕੀਤੇ ਮਹਾਨ ਸੇਵਾ ਕਾਰਜਾਂ ਦੀ ਯਾਦ ਨੂੰ ਤਾਜ਼ਾ ਕਰਦਿਆਂ ਹੋਇਆਂ ਉਨ੍ਹਾਂ ਦਾ ਮਹਾਨ ਸਾਲਾਨਾ ਸਮਾਗਮ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ, ਲੈਸਟਰ ਵਿਖੇ 28, 29, 30 ਅਗਸਤ 2026 ਨੂੰ ਸਮੂਹ ਸੰਗਤਾਂ ਅਤੇ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਪੰਥ ਦੇ ਮਹਾਨ ਪੁਰਸ਼ਾਂ ਦੇ ਸਮਾਗਮ ਮਨਾਉਣ ਨਾਲ ਹੋਰ ਸੰਗਤਾਂ ਨੂੰ ਵੀ ਪੰਥ ਦੀ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ, ਇਸ ਲਈ ਆਓ ਸਾਰੇ ਮਿਲ ਕੇ ਗੁਰੂ ਚਰਨਾਂ ਵਿੱਚ ਪੰਥ ਦੀ ਚੜ੍ਹਦੀ ਕਲਾ ਲਈ ਅਰਦਾਸਾਂ ਕਰੀਏ। ਪਿੰਡ ਮੋਰਾਂਵਾਲੀ ਦੀ ਇੰਗਲੈਂਡ ਨਿਵਾਸੀ ਅਤੇ ਲੈਸਟਰ ਦੀਆਂ ਗੁਰੂ ਨਾਨਕ ਨਾਮ ਲੇਵਾ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਸਮਾਗਮ ਦੀ ਸ਼ੋਭਾ ਵਧਾਉਣ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਹਾਸਲ ਕਰਨ ਲਈ ਹਾਜ਼ਰੀ ਭਰਨ ਦੀ ਕਿਰਪਾਲਤਾ ਕਰੋ ਜੀ।



ਬਾਬਾ ਭਗਤੂ ਜੀ ਦੀ ਯਾਦ 'ਚ ਬਣਿਆ ਗੁਰਦੁਆਰਾ ਸਾਹਿਬ, ਪਿੰਡ ਮੋਰਾਂਵਾਲੀ

Guru Piarey Khalsa Ji,

Waheguru Ji Ka Khalsa. Waheguru Ji Ki Fateh.

The sadh sangat of Moranwali Nivasi will be celebrating the Barsi of Dhan Dhan Baba Bhagtu Ji. The Barsi will be celebrated at Guru Tegh Bahadur Gurdwara, Leicester on 28, 29, 30 August 2026. The Barsi will commemorate Baba Ji's Jiwan, which enriched in sewa and simran. Baba Ji spent most of his life doing Sewa and simran, and also encouraged others to follow in his footsteps. At Pind Moranwali stands a Historical Gurdwara Sahib named Gurdwara Baba Bhagtu Ji. People from near and far visit this holy place to pay homage to this great Mahapurkh. Baba Ji's Jiwan was simple, he encouraged others to follow this way, as by doing sewa and simran everything can be achieved, and also it brings you nearer to Guru Maharaj Ji. As Guru Maharaj states in their bani, Vich Duniya Sev Kamaiye Ta Dharge Behsan Paiye. Lets all get together and remember Baba Ji's Jiwan, and not only that lets bring our children to this glorious event and let them experience what Baba Ji did for mankind. We must not forget that the children of today are the future of tomorrow.

## ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ

28 ਅਗਸਤ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ

30 ਅਗਸਤ 2026 ਦਿਨ ਐਤਵਾਰ ਸਵੇਰੇ 10 ਵਜੇ

*ਉਪਰੰਤ ਦੀਵਾਨ ਵਿੱਚ ਹੇਠ ਲਿਖੇ ਜਥੇ ਪਹੁੰਚਣਗੇ :*

* ਕੀਰਤਨ: ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ
* ਕੀਰਤਨ: ਜਥੇਦਾਰ ਰਵਿੰਦਰ ਸਿੰਘ ਜੀ (ਬੰਬੇ ਵਾਲੇ)
* ਕਥਾ: ਗਿਆਨੀ ਲਖਵਿੰਦਰ ਸਿੰਘ ਜੀ (ਕੈਥਲ)
* ਢਾਡੀ ਜੱਥਾ: ਭਾਈ ਲਖਵੀਰ ਸਿੰਘ ਜੀ ਕੋਮਲ

ਬਾਬਾ ਜੀ ਦੀ ਜੀਵਨੀ 'ਤੇ ਚਾਨਣ ਪਾਇਆ ਜਾਵੇਗਾ

ਤਿੰਨੇ ਦਿਨ ਦੇਗ ਅਤੇ ਲੰਗਰਾਂ ਦੀ ਸੇਵਾ ਹੋਵੇਗੀ

ਵਧੇਰੇ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ:

**ਜਥੇਦਾਰ ਕਸ਼ਮੀਰ ਸਿੰਘ ਮੋਰਾਂਵਾਲੀ 0786 484 9209**

* ਸ: ਜੋਰਾਵਰ ਸਿੰਘ ਬ੍ਰਮਿੰਘਮ 07976 662 512
* ਸ: ਬਲਵੀਰ ਸਿੰਘ ਹੀਰ ਵਿਲੇਨਹਾਲ 0780 278 8511
* ਸ: ਪਰਮਜੀਤ ਸਿੰਘ ਰਾਏ ਲੈਸਟਰ 07817 276 158
* ਸ: ਰੇਸ਼ਮ ਸਿੰਘ ਰਾਏ 0116 276 0560
* ਸ: ਮਹਿੰਦਰ ਸਿੰਘ ਰਾਏ ਲੈਸਟਰ 07828 315 988
* ਬੀਬੀ ਸੁਰਜੀਤ ਕੌਰ ਰਾਏ 0116 273 8917
* ਬੀਬੀ ਸ਼ਿੰਦਰ ਕੌਰ ਰਾਏ 0116 276 3591

## VENUE: GURU TEG BAHADUR GURDWARA

106 EAST PARK ROAD, LEICESTER, LE5 4QB. TEL: 0116 274 2453

# ਪੰਜਾਬ ਵਿਧਾਨ ਸਭਾ ਵਿਚ ਗੂੰਜੇ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ



## ○ ਹਸਪਤਾਲਾਂ ਦੀ ਲੁੱਟ ਤੇ ਈ-20 ਪੈਟਰੋਲ ਦੇ ਮੁੱਦੇ ○ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਤੌਹੀਨ ਦਾ ਦੋਸ਼: ਕਾਂਗਰਸੀ ਵਿਧਾਇਕਾਂ ਵੱਲੋਂ ਮੁੱਖ ਮੰਤਰੀ ਮਾਨ ਦਾ ਬਾਈਕਾਟ ○ ਵਿਰੋਧੀ ਧਿਰ ਦੇ ਹੰਗਾਮੇ ਵਿਚਾਲੇ ਸਦਨ ਵਿਚ ਉੱਠੇ ਜਨਤਾ ਨਾਲ ਜੁੜੇ ਵੱਡੇ ਸਵਾਲ ○ ਸਾਧ ਰਾਮ ਰਹੀਮ ਵਾਂਗ ਬੰਦੀ ਸਿੰਘਾਂ ਨੂੰ ਵੀ ਮਿਲੇ ਪੈਰੋਲ; ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਚੁੱਕਿਆ ਮੁੱਦਾ

ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਦੂਜੇ ਦਿਨ ਦੀ ਕਾਰਵਾਈ ਹੰਗਾਮੇਦਾਰ ਰਹਿਣ ਦੇ ਨਾਲ-ਨਾਲ ਸੂਬੇ ਦੇ ਅਹਿਮ ਜਨਤਕ, ਧਾਰਮਿਕ, ਸਿਹਤ ਅਤੇ ਆਰਥਿਕ ਮੁੱਦਿਆਂ 'ਤੇ ਕੇਂਦਰਿਤ ਰਹੀ। ਇੱਕ ਪਾਸੇ ਜਿੱਥੇ ਵਿਰੋਧੀ ਧਿਰ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਾਂ ਦੀ ਤੌਹੀਨ ਅਤੇ ਮੰਤਰੀਆਂ ਦੇ ਅਸਤੀਫ਼ਿਆਂ ਦੀ ਮੰਗ ਨੂੰ ਲੈ ਕੇ ਮੁੱਖ ਮੰਤਰੀ ਦਾ ਬਾਈਕਾਟ ਕਰਦਿਆਂ ਜ਼ੋਰਦਾਰ ਪ੍ਰਦਰਸ਼ਨ ਕੀਤਾ, ਉੱਥੇ ਹੀ ਦੂਜੇ ਪਾਸੇ ਸਦਨ ਅੰਦਰ ਬੰਦੀ ਸਿੰਘਾਂ ਦੀ ਰਿਹਾਈ, ਪ੍ਰਾਈਵੇਟ ਹਸਪਤਾਲਾਂ ਵੱਲੋਂ ਮਰੀਜ਼ਾਂ ਦੀ ਕੀਤੀ ਜਾ ਰਹੀ ਆਰਥਿਕ ਲੁੱਟ ਅਤੇ ਈ-20 ਪੈਟਰੋਲ ਨਾਲ ਵਾਹਨਾਂ ਦੇ ਹੋ ਰਹੇ ਭਾਰੀ ਨੁਕਸਾਨ ਦੇ ਮੁੱਦੇ ਗੂੰਜੇ।

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਪਮਾਨ ਅਤੇ ਕਾਂਗਰਸ ਵੱਲੋਂ ਮੁੱਖ ਮੰਤਰੀ ਦਾ ਬਾਈਕਾਟ-ਮਾਨਸੂਨ ਸੈਸ਼ਨ ਦੇ ਦੂਜੇ ਦਿਨ ਦੀ ਸ਼ੁਰੂਆਤ ਹੁੰਦਿਆਂ ਹੀ ਵਿਧਾਨ ਸਭਾ ਕੰਪਲੈਕਸ ਵਿੱਚ ਉਸ ਵੇਲੇ ਮਾਹੌਲ ਗਰਮਾ ਗਿਆ ਜਦੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਦੀ ਅਗਵਾਈ ਹੇਠ ਕਾਂਗਰਸ ਪਾਰਟੀ ਦੇ ਸਮੂਹ ਵਿਧਾਇਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ। ਕਾਂਗਰਸੀ ਵਿਧਾਇਕ ਹੱਥਾਂ ਵਿੱਚ ਮੁੱਖ ਮੰਤਰੀ ਵਿਰੋਧੀ ਨਾਅਰਿਆਂ ਵਾਲੀਆਂ ਤਖ਼ਤੀਆਂ ਫੜ ਕੇ ਵਿਧਾਨ ਸਭਾ ਗੈਲਰੀ ਵਿੱਚ ਪੁੱਜੇ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਖੁਲਾਸਾ ਕੀਤਾ ਕਿ ਬੀਤੇ ਦਿਨ ਸਦਨ ਅੰਦਰ ਸਪੀਕਰ ਕੁਲਤਾਰ ਸਿੰਘ ਸੰਧਵਾ ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਬਾਰੇ ਦਿੱਤੇ ਗਏ ਹੁਕਮਾਂ ਸਬੰਧੀ ਉਨ੍ਹਾਂ ਦਾ ਸਟੈਂਡ ਪੁੱਛਿਆ ਗਿਆ ਸੀ। ਜਥੇਦਾਰ ਸਾਹਿਬ ਨੇ ਹੁਕਮ ਦਿੱਤਾ ਸੀ ਕਿ ਮੁੱਖ ਮੰਤਰੀ ਵੱਲ ਮੂੰਹ ਨਾ ਕੀਤਾ ਜਾਵੇ ਅਤੇ ਨਾ ਹੀ ਉਸ ਨੂੰ ਮੂੰਹ ਲਾਇਆ ਜਾਵੇ।

ਬਾਜਵਾ ਨੇ ਦੋਸ਼ ਲਾਇਆ ਕਿ ਵਿਧਾਨ ਸਭਾ ਸਪੀਕਰ ਨੇ ਇਸ ਮੁੱਦੇ 'ਤੇ ਆਪਣੀ ਸਫ਼ਾਈ ਦਿੰਦਿਆਂ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਦੇ ਇਕੱਠ ਨੂੰ 'ਸੰਗਤ' ਕਰਾਰ ਦੇ ਦਿੱਤਾ ਅਤੇ ਕਿਹਾ ਕਿ ਸੰਗਤ ਗੁਰੂ ਤੋਂ ਵੀ ਉੱਪਰ ਹੁੰਦੀ ਹੈ। ਕਾਂਗਰਸ ਨੇ ਸਿੱਖ ਵਿਦਵਾਨਾਂ ਨਾਲ ਗੱਲਬਾਤ ਦਾ ਹਵਾਲਾ ਦਿੰਦਿਆਂ ਸਪੱਸ਼ਟ ਕੀਤਾ ਕਿ ਸਿੱਖ ਪ੍ਰੰਪਰਾਵਾਂ ਅਨੁਸਾਰ 'ਸੰਗਤ' ਕੇਵਲ ਉਹੀ ਹੁੰਦੀ ਹੈ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਵਿੱਤਰ ਹਜ਼ੂਰੀ ਵਿੱਚ ਬੈਠੀ ਹੋਵੇ। ਆਪਣੇ ਪਾਰਟੀ ਵਿਧਾਇਕਾਂ ਨੂੰ ਸੰਗਤ ਦਾ ਦਰਜਾ ਦੇ ਕੇ ਸਪੀਕਰ ਨੇ ਸਿੱਧੇ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਤੇ ਗੁਰੂ ਸਿਧਾਂਤ ਨੂੰ ਚੁਣੌਤੀ ਦਿੱਤੀ ਹੈ, ਜੋ ਕਿ ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਅਤਿ ਨਿੰਦਣਯੋਗ ਹੈ। ਇਸ ਤੋਂ ਇਲਾਵਾ ਕਾਂਗਰਸ ਨੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਦੇ ਤੁਰੰਤ ਅਸਤੀਫ਼ੇ ਦੀ ਮੰਗ ਕੀਤੀ। ਨਾਲ ਹੀ ਪੰਜਾਬ ਦੇ ਮੁਲਾਜ਼ਮਾਂ ਦੇ ਡੀ.ਏ. ਸਬੰਧੀ ਅਦਾਲਤੀ ਹੁਕਮਾਂ ਨੂੰ ਲਾਗੂ ਕਰਨ ਦੀ ਅਪੀਲ ਕਰਦਿਆਂ ਸਰਕਾਰ ਨੂੰ ਸੁਪਰੀਮ ਕੋਰਟ ਜਾਣ ਦੀ ਬਜਾਏ ਮੁਲਾਜ਼ਮਾਂ ਦੇ ਹੱਕ ਦੇਣ ਦੀ ਤਾਕੀਦ ਕੀਤੀ।

ਬੰਦੀ ਸਿੰਘਾਂ ਦੀ ਰਿਹਾਈ ਅਤੇ ਅੰਮ੍ਰਿਤਪਾਲ ਸਿੰਘ ਦੇ ਮੁੱਦੇ 'ਤੇ ਸਰਕਾਰ ਦੀ ਚੁੱਪ 'ਤੇ ਸਵਾਲ-ਸਦਨ ਦੀ ਕਾਰਵਾਈ ਦੌਰਾਨ ਹਲਕਾ ਦਾਖਾ ਤੋਂ ਸ਼ਿਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਸਿੰਘ ਇਆਲੀ ਨੇ ਪੰਜਾਬ ਦੇ ਅਤਿ ਸੰਵੇਦਨਸ਼ੀਲ ਧਾਰਮਿਕ ਅਤੇ ਰਾਜਨੀਤਿਕ ਮੁੱਦਿਆਂ ਨੂੰ ਪ੍ਰਮੁੱਖਤਾ ਨਾਲ ਉਠਾਇਆ। ਇਆਲੀ ਨੇ ਬੰਦੀ ਸਿੰਘਾਂ ਦੀ ਰਿਹਾਈ ਦਾ ਮੁੱਦਾ ਚੁੱਕਦਿਆਂ ਕਿਹਾ ਕਿ ਵੱਡੀ ਗਿਣਤੀ ਵਿੱਚ ਸਿੱਖ ਕੈਦੀ ਆਪਣੀਆਂ ਅਦਾਲਤੀ ਸਜ਼ਾਵਾਂ ਪੂਰੀਆਂ ਕਰ ਚੁੱਕਣ ਦੇ ਬਾਵਜੂਦ ਵੀ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਹਨ, ਜੋ ਕਿ ਸਿੱਧੇ ਤੌਰ 'ਤੇ ਮਾਨਵ ਅਧਿਕਾਰਾਂ ਦਾ ਘਾਣ ਹੈ। ਉਨ੍ਹਾਂ ਕੇਂਦਰ ਅਤੇ ਪੰਜਾਬ ਸਰਕਾਰ ਦੇ ਦੋਹਰੇ ਮਾਪਦੰਡਾਂ 'ਤੇ ਤਿੱਖਾ ਪ੍ਰਹਾਰ ਕਰਦਿਆਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਡੇਰਾ ਸੌਦਾ ਦੇ ਮੁਖੀ ਰਾਮ ਰਹੀਮ ਵਰਗੇ ਗੰਭੀਰ ਦੋਸ਼ੀਆਂ ਨੂੰ ਵਾਰ-ਵਾਰ ਪੈਰੋਲ ਦੇ ਸਕਦੀ ਹੈ, ਤਾਂ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨਾਲ ਇਹ ਧੱਕਾ ਕਿਉਂ ਕੀਤਾ ਜਾ ਰਿਹਾ ਹੈ? ਉਨ੍ਹਾਂ ਸਵਾਲ ਕੀਤਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਇਨ੍ਹਾਂ ਇਨਸਾਫ਼ ਪਸੰਦ ਮਸਲਿਆਂ 'ਤੇ ਚੁੱਪ ਧਾਰ ਕੇ ਸਿੱਖ ਵਿਰੋਧੀ ਵਰਤਾਰਾ ਕਿਉਂ ਕਰ ਰਹੀ ਹੈ?

ਇਸ ਦੇ ਨਾਲ ਹੀ ਵਿਧਾਇਕ ਇਆਲੀ ਨੇ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ 4 ਲੱਖ ਤੋਂ ਵੱਧ ਵੋਟਾਂ ਹਾਸਲ ਕਰਕੇ ਜਿੱਤੇ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦਾ ਮੁੱਦਾ ਵੀ ਸਦਨ ਅੰਦਰ ਪੂਰੀ ਗੰਭੀਰਤਾ ਨਾਲ ਰੱਖਿਆ। ਉਨ੍ਹਾਂ ਕਿਹਾ ਕਿ ਜਨਤਾ ਵੱਲੋਂ ਵੱਡਾ ਫਤਵਾ ਮਿਲਣ ਦੇ ਬਾਵਜੂਦ ਅੰਮ੍ਰਿਤਪਾਲ ਸਿੰਘ ਦੇ ਐੱਮ.ਪੀ. ਲੈਂਡ ਫੰਡ ਜਾਰੀ ਨਹੀਂ ਕੀਤੇ ਜਾ ਰਹੇ, ਜਿਸ ਨਾਲ ਇਲਾਕੇ ਦੇ ਵਿਕਾਸ ਕਾਰਜ ਰੁਕੇ ਹੋਏ ਹਨ। ਉਨ੍ਹਾਂ ਦੱਸਿਆ ਕਿ ਅੰਮ੍ਰਿਤਪਾਲ ਸਿੰਘ 'ਤੇ ਲਗਾਇਆ ਗਿਆ ਐੱਨ.ਐੱਸ.ਏ. ਖ਼ਤਮ ਹੋਣ ਦੇ ਬਾਵਜੂਦ ਵੀ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਨਹੀਂ ਕੀਤਾ ਜਾ ਰਿਹਾ। ਇਆਲੀ ਨੇ ਮੰਗ ਕੀਤੀ ਕਿ ਪੰਜਾਬ ਸਰਕਾਰ ਇਸ ਮਾਮਲੇ ਵਿੱਚ ਆਪਣਾ ਸਕਾਰਾਤਮਕ ਅਤੇ ਹਾਂ-ਪੱਖੀ ਰੋਲ ਅਦਾ ਕਰੇ ਤਾਂ ਜੋ ਚੁਣੇ ਹੋਏ ਜਨਪ੍ਰਤੀਨਿਧੀ ਵਜੋਂ ਅੰਮ੍ਰਿਤਪਾਲ ਸਿੰਘ ਲੋਕ ਸਭਾ ਦੇ ਆਗਾਮੀ ਪਾਰਲੀਮੈਂਟ ਸੈਸ਼ਨ ਵਿੱਚ ਹਿੱਸਾ ਲੈ ਕੇ ਆਪਣੇ ਹਲਕੇ ਦੇ ਲੋਕਾਂ ਦੀ ਆਵਾਜ਼ ਬੁਲੰਦ ਕਰ ਸਕਣ।

ਕਾਰਪੋਰੇਟ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਆਰਥਿਕ ਲੁੱਟ ਅਤੇ ਸਰਕਾਰੀ ਲਾਪਰਵਾਹੀ ਦਾ ਖੁਲਾਸਾ-ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ 'ਕਾਲਾ' ਢਿੱਲੋਂ ਨੇ ਵਿਧਾਨ ਸਭਾ ਦੇ ਪ੍ਰਸ਼ਨ ਕਾਲ ਦੌਰਾਨ ਸੂਬੇ ਦੇ ਵੱਡੇ ਪ੍ਰਾਈਵੇਟ ਅਤੇ ਕਾਰਪੋਰੇਟ ਹਸਪਤਾਲਾਂ ਵੱਲੋਂ ਆਮ ਲੋਕਾਂ ਦੀ ਕੀਤੀ ਜਾ ਰਹੀ ਅੰਨ੍ਹੇਵਾਹ ਆਰਥਿਕ ਲੁੱਟ ਦਾ ਮੁੱਦਾ ਉਠਾ ਕੇ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ। ਵਿਧਾਇਕ ਢਿੱਲੋਂ ਨੇ ਆਪਣੇ ਸਵਾਲ ਨੰਬਰ 684 ਰਾਹੀਂ ਸਿਹਤ ਮੰਤਰੀ ਤੋਂ ਪੁੱਛਿਆ ਸੀ ਕਿ ਕੀ ਫੋਰਟਿਸ, ਅਪੋਲੋ, ਡੀ.ਐੱਮ.ਸੀ. ਅਤੇ ਸੀ.ਐੱਮ.ਸੀ. ਵਰਗੇ ਵੱਡੇ ਹਸਪਤਾਲਾਂ ਵਿੱਚ ਇਲਾਜ ਦੇ ਰੇਟ ਸਰਕਾਰ ਵੱਲੋਂ ਤੈਅ ਕੀਤੇ ਗਏ ਹਨ? ਕੀ ਸਿਹਤ ਵਿਭਾਗ ਨੇ ਕਦੇ ਇਨ੍ਹਾਂ ਦੀਆਂ ਰੇਟ ਲਿਸਟਾਂ ਦੀ ਜਾਂਚ ਕਰਨ ਲਈ ਕੋਈ ਉੱਚ ਪੱਧਰੀ ਕਮੇਟੀ ਗਠਿਤ ਕੀਤੀ ਹੈ ਜੋ ਇਨ੍ਹਾਂ ਦੇ ਮਹਿੰਗੇ ਇਲਾਜ ਦਾ ਮੁਲਾਂਕਣ ਕਰ ਸਕੇ?

ਇਸ ਦੇ ਜਵਾਬ ਵਿੱਚ ਸਿਹਤ ਮੰਤਰੀ ਡਾਕਟਰ ਬਲਬੀਰ ਸਿੰਘ ਵੱਲੋਂ ਦਿੱਤੇ ਗਏ ਲਿਖਤੀ ਉੱਤਰ ਨੇ ਸਰਕਾਰ ਦੀ ਵੱਡੀ ਲਾਪਰਵਾਹੀ ਨੂੰ ਉਜਾਗਰ ਕੀਤਾ। ਸਿਹਤ ਮੰਤਰੀ ਨੇ ਮੰਨਿਆ ਕਿ ਪੰਜਾਬ ਸਰਕਾਰ ਨੇ ਅਜੇ ਤੱਕ ਇਨ੍ਹਾਂ ਵੱਡੇ ਪ੍ਰਾਈਵੇਟ ਹਸਪਤਾਲਾਂ ਵਿੱਚ ਇਲਾਜ ਦੇ ਰੇਟ ਹੀ ਤੈਅ ਨਹੀਂ ਕੀਤੇ ਹਨ। ਮੰਤਰੀ ਨੇ ਦੱਸਿਆ ਕਿ ਪ੍ਰਾਈਵੇਟ ਹਸਪਤਾਲਾਂ ਦੇ ਰੈਗੂਲੇਸ਼ਨ ਲਈ "ਕਲੀਨਿਕਲ ਇਸਟੈਬਲਿਸ਼ਮੈਂਟ ਐਕਟ 2020" ਬਣਾਇਆ ਗਿਆ ਸੀ, ਪਰ ਛੇ ਸਾਲ ਬੀਤ ਜਾਣ ਦੇ ਬਾਵਜੂਦ ਇਸ ਦੇ ਨਿਯਮ ਅਜੇ ਸਰਕਾਰ ਦੇ ਵਿਚਾਰ ਅਧੀਨ ਹੀ ਹਨ। ਵਿਧਾਇਕ ਢਿੱਲੋਂ ਨੇ ਸਦਨ ਨੂੰ ਦੱਸਿਆ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਕਾਰਪੋਰੇਟ ਹਸਪਤਾਲਾਂ ਨੂੰ ਸਰਕਾਰ ਨੇ ਨਾਮਾਤਰ ਲੀਜ਼ 'ਤੇ ਸਸਤੀਆਂ ਜ਼ਮੀਨਾਂ ਮੁਹੱਈਆ ਕਰਵਾਈਆਂ ਹਨ, ਪਰ ਇਸ ਦੇ ਬਾਵਜੂਦ ਸਰਕਾਰੀ ਨਿਗਰਾਨੀ ਦੀ ਘਾਟ ਕਾਰਨ ਇਹ ਹਸਪਤਾਲ ਮਰੀਜ਼ਾਂ ਤੋਂ ਮਨਮਾਨੀਆਂ ਕੀਮਤਾਂ ਵਸੂਲ ਰਹੇ ਹਨ। ਢਿੱਲੋਂ ਦੇ ਇਸ ਉਪਰਾਲੇ ਦੀ ਆਮ ਜਨਤਾ ਵੱਲੋਂ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਉਮੀਦ ਜਤਾਈ ਜਾ ਰਹੀ ਹੈ ਕਿ ਸਰਕਾਰ ਹੁਣ ਜਲਦ ਨਿਯਮ ਬਣਾ ਕੇ ਹਸਪਤਾਲਾਂ ਨੂੰ ਮੁੱਖ ਮੰਤਰੀ ਸਿਹਤ ਯੋਜਨਾ ਹੇਠ ਲਿਆਵੇਗੀ।

ਈ-20 ਪੈਟਰੋਲ ਨਾਲ ਵਾਹਨਾਂ ਦੇ ਨੁਕਸਾਨ ਦਾ ਮੁੱਦਾ ਅਤੇ ਕੇਂਦਰ ਸਰਕਾਰ ਵਿਰੁੱਧ ਮਤਾ-ਸਦਨ ਦੀ ਕਾਰਵਾਈ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਈ-20 (20 ਫ਼ੀਸਦੀ ਈਥਾਨੌਲ ਮਿਸ਼ਰਤ) ਪੈਟਰੋਲ ਕਾਰਨ ਦੇਸ਼ ਅਤੇ ਪੰਜਾਬ ਦੇ ਵਾਹਨ ਮਾਲਕਾਂ ਨੂੰ ਹੋ ਰਹੇ ਭਾਰੀ ਵਿੱਤੀ ਅਤੇ ਤਕਨੀਕੀ ਨੁਕਸਾਨ ਦਾ ਮੁੱਦਾ ਬਹੁਤ ਗੰਭੀਰਤਾ ਨਾਲ ਉਠਾਇਆ। ਮੁੱਖ ਮੰਤਰੀ ਨੇ ਵਿਧਾਨ ਸਭਾ ਵਿੱਚ ਇੱਕ ਮਤਾ ਪੇਸ਼ ਕਰਦਿਆਂ ਕੇਂਦਰ ਦੀ ਭਾਜਪਾ ਸਰਕਾਰ 'ਤੇ ਸਿੱਧਾ ਨਿਸ਼ਾਨਾ ਸਾਧਿਆ। ਉਨ੍ਹਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਨੇ ਇਹ ਮੰਨਣ ਦੇ ਬਾਵਜੂਦ ਕਿ ਈ-20 ਪੈਟਰੋਲ ਨਾਲ ਵਾਹਨਾਂ ਦੀ ਮਾਈਲੇਜ ਘਟਦੀ ਹੈ, ਇਸ ਨੂੰ ਬਿਨਾਂ ਕਿਸੇ ਵਿਗਿਆਨਕ ਅਧਿਐਨ ਜਾਂ ਤਿਆਰੀ ਦੇ ਆਮ ਲੋਕਾਂ 'ਤੇ ਜਬਰਦਸਤੀ ਥੋਪ ਦਿੱਤਾ ਹੈ।

ਮੁੱਖ ਮੰਤਰੀ ਨੇ 45,000 ਤੋਂ ਵੱਧ ਵਾਹਨਾਂ ਦੇ ਇੱਕ ਸਰਵੇਖਣ ਦੇ ਅੰਕੜੇ ਸਾਂਝੇ ਕਰਦਿਆਂ ਦੱਸਿਆ ਕਿ ਈ-20 ਪੈਟਰੋਲ ਦੀ ਵਰਤੋਂ ਨਾਲ 67 ਫ਼ੀਸਦੀ ਵਾਹਨਾਂ ਦੀ ਮਾਈਲੇਜ ਵਿੱਚ ਭਾਰੀ ਗਿਰਾਵਟ ਆਈ ਹੈ ਅਤੇ 45 ਫ਼ੀਸਦੀ ਵਾਹਨਾਂ ਦੇ ਇੰਜਣ ਬੁਰੇ ਤਰੀਕੇ ਨਾਲ ਖ਼ਰਾਬ ਹੋ ਚੁੱਕੇ ਹਨ, ਕਿਉਂਕਿ ਪੁਰਾਣੇ ਵਾਹਨਾਂ ਦੇ ਇੰਜਣ ਈ-10 ਈਂਧਨ ਅਨੁਸਾਰ ਡਿਜ਼ਾਈਨ ਕੀਤੇ ਗਏ ਸਨ। ਭਗਵੰਤ ਮਾਨ ਨੇ ਕੇਂਦਰ ਸਰਕਾਰ ਦੀ ਵਿਦੇਸ਼ ਨੀਤੀ 'ਤੇ ਸਵਾਲ ਚੁੱਕਦਿਆਂ ਦੋਸ਼ ਲਾਇਆ ਕਿ ਅਮਰੀਕਾ ਨਾਲ ਹੋਏ ਵਪਾਰਕ ਸਮਝੌਤੇ ਤਹਿਤ ਅਗਲੇ 5 ਸਾਲਾਂ ਵਿੱਚ 20 ਅਰਬ ਡਾਲਰ ਦਾ ਈਥਾਨੌਲ ਦਰਾਮਦ ਕਰਨ ਅਤੇ ਵੱਡੇ ਕਾਰਪੋਰੇਟ ਘਰਾਣਿਆਂ ਦੇ ਹਿੱਤ ਪੂਰਨ ਲਈ ਇਹ ਫੈਸਲਾ ਲਿਆ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਜੋ ਨੀਤੀ 2030 ਤੱਕ ਲਾਗੂ ਹੋਣੀ ਸੀ, ਉਸ ਨੂੰ 2026 ਵਿੱਚ ਹੀ ਲਾਗੂ ਕਰਨ ਦੀ ਕਾਹਲੀ ਕਿਉਂ ਕੀਤੀ ਗਈ? ਵਿਧਾਨ ਸਭਾ ਵਿੱਚ ਮਤਾ ਪਾਸ ਕਰਕੇ ਮੰਗ ਕੀਤੀ ਗਈ ਕਿ ਫਿਊਲ ਸਟੇਸ਼ਨਾਂ 'ਤੇ ਸ਼ੁੱਧ ਪੈਟਰੋਲ ਅਤੇ ਈ-20 ਦੋਵੇਂ ਵਿਕਲਪ ਉਪਲਬਧ ਕਰਵਾਏ ਜਾਣ ਅਤੇ ਈ-20 ਦੀ ਕੀਮਤ ਵਿੱਚ ਭਾਰੀ ਕਟੌਤੀ ਕੀਤੀ ਜਾਵੇ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਮਾਨਸੂਨ ਸੈਸ਼ਨ ਦੌਰਾਨ ਉੱਠੇ ਬੰਦੀ ਸਿੰਘਾਂ ਦੀ ਰਿਹਾਈ ਵਰਗੇ ਸੰਵੇਦਨਸ਼ੀਲ ਧਾਰਮਿਕ ਮੁੱਦੇ, ਪ੍ਰਾਈਵੇਟ ਹਸਪਤਾਲਾਂ ਦੀ ਆਰਥਿਕ ਲੁੱਟ ਅਤੇ ਈ-20 ਪੈਟਰੋਲ ਨਾਲ ਲੋਕਾਂ ਦੇ ਹੋ ਰਹੇ ਵਿੱਤੀ ਨੁਕਸਾਨ ਵਰਗੇ ਮਾਮਲੇ ਪੰਜਾਬ ਸਰਕਾਰ ਲਈ ਇੱਕ ਗੰਭੀਰ ਚੇਤਾਵਨੀ ਅਤੇ ਸੇਧ ਹਨ। ਰਾਜ ਸਰਕਾਰ ਨੂੰ ਸਿਆਸੀ ਬਿਆਨਬਾਜ਼ੀ ਤੋਂ ਉੱਪਰ ਉੱਠ ਕੇ ਲੋਕਹਿੱਤ ਵਿੱਚ ਠੋਸ ਕਦਮ ਚੁੱਕਣ ਦੀ ਲੋੜ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ 'ਕਲੀਨਿਕਲ ਇਸਟੈਬਲਿਸ਼ਮੈਂਟ ਐਕਟ' ਦੇ ਨਿਯਮ ਤੁਰੰਤ ਲਾਗੂ ਕਰਕੇ ਕਾਰਪੋਰੇਟ ਹਸਪਤਾਲਾਂ ਦੀ ਮਨਮਾਨੀ ਨੂੰ ਠੱਲ੍ਹ ਪਾਵੇ, ਬੰਦੀ ਸਿੰਘਾਂ ਅਤੇ ਮਾਨਵ ਅਧਿਕਾਰਾਂ ਦੇ ਮੁੱਦਿਆਂ 'ਤੇ ਸਪੱਸ਼ਟ ਤੇ ਹਾਂ-ਪੱਖੀ ਸਟੈਂਡ ਲਵੇ, ਅਤੇ ਕੇਂਦਰ ਸਰਕਾਰ ਨਾਲ ਸੂਬੇ ਦੇ ਵਾਹਨ ਮਾਲਕਾਂ ਦੇ ਹਿੱਤਾਂ ਦੀ ਰਾਖੀ ਲਈ ਮਜ਼ਬੂਤੀ ਨਾਲ ਪੈਰਵੀ ਕਰੇ।

# ਸੰਯੁਕਤ ਰਾਸ਼ਟਰ ਦੀ ਕੈਨੇਡਾ ਨੂੰ ਸਖ਼ਤ ਹਦਾਇਤ

ਨਿਊਜ਼ ਸਟੋਰੀ

## ✪ ਸਿੱਖ ਆਗੂ ਮੋਨਿੰਦਰ ਸਿੰਘ ਦੀ ਜਾਣ-ਮਾਲ ਦੀ ਸੁਰੱਖਿਆ ਯਕੀਨੀ ਬਣਾਓ


## ✪ ਖਾਲਿਸਤਾਨੀ ਆਗੂ ਮੋਨਿੰਦਰ ਸਿੰਘ ਨੂੰ ਮਿਲੇ 4 'ਡਿਊਟੀ ਟੂ ਵਾਰਨ' ਨੋਟਿਸ

ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਮਾਹਿਰਾਂ ਵੱਲੋਂ ਕੈਨੇਡਾ ਸਰਕਾਰ ਨੂੰ ਸਿੱਖ ਸਰਗਰਮ ਆਗੂ ਮੋਨਿੰਦਰ ਸਿੰਘ ਦੀ ਜਾਣ-ਮਾਲ ਦੀ ਸੁਰੱਖਿਆ ਲਈ ਦਿੱਤੀ ਗਈ ਤਾਕੀਦ ਨੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਵਾਰ ਫਿਰ ਗੰਭੀਰ ਬਹਿਸ ਨੂੰ ਛੇੜ ਦਿੱਤਾ ਹੈ। ਮੋਨਿੰਦਰ ਸਿੰਘ ਨੂੰ ਸਾਲ 2022 ਤੋਂ ਲੈ ਕੇ ਹੁਣ ਤੱਕ ਕੈਨੇਡੀਅਨ ਸੁਰੱਖਿਆ ਏਜੰਸੀਆਂ ਵੱਲੋਂ ਚਾਰ ਵਾਰ 'ਡਿਊਟੀ ਟੂ ਵਾਰਨ' (ਜਾਨੀ ਖਤਰੇ ਦੀ ਚੇਤਾਵਨੀ) ਦੇ ਨੋਟਿਸ ਜਾਰੀ ਕੀਤੇ ਜਾ ਚੁੱਕੇ ਹਨ।

ਸੰਯੁਕਤ ਰਾਸ਼ਟਰ ਦੇ ਪੰਜ ਸੁਤੰਤਰ ਮਾਹਿਰਾਂ ਵੱਲੋਂ ਕੈਨੇਡਾ ਸਰਕਾਰ ਨੂੰ ਭੇਜੀ ਗਈ ਚਿੱਠੀ, ਜਿਸ ਦੀ ਇੱਕ ਕਾਪੀ ਭਾਰਤ ਸਰਕਾਰ ਨੂੰ ਵੀ ਸੌਂਪੀ ਗਈ ਹੈ, ਕੇਵਲ ਇੱਕ ਵਿਅਕਤੀ ਦੀ ਸੁਰੱਖਿਆ ਤੱਕ ਸੀਮਤ ਨਹੀਂ ਹੈ, ਬਲਕਿ ਇਹ ਅੰਤਰਰਾਸ਼ਟਰੀ ਸੀਮਾਵਾਂ ਤੋਂ ਪਾਰ ਵੱਧ ਰਹੇ ਦਬਾਅ ਅਤੇ ਹਿੰਸਾ ਦੇ ਖਤਰਿਆਂ ਵੱਲ ਇਸ਼ਾਰਾ ਕਰਦੀ ਹੈ।

ਇਹ ਮਾਮਲਾ ਇਸ ਲਈ ਵੀ ਅਤਿਅੰਤ ਸੰਵੇਦਨਸ਼ੀਲ ਹੈ ਕਿਉਂਕਿ ਮੋਨਿੰਦਰ ਸਿੰਘ 2023 ਵਿੱਚ ਵੈਨਕੂਵਰ ਵਿੱਚ ਮਾਰੇ ਗਏ ਸਿੱਖ ਆਗੂ ਹਰਦੀਪ ਸਿੰਘ ਨਿੱਝਰ ਦੇ ਨਜ਼ਦੀਕੀ ਸਾਥੀਆਂ ਵਿੱਚੋਂ ਇੱਕ ਹਨ। ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਅਤੇ ਭਾਰਤ ਦੇ ਕੂਟਨੀਤਕ ਸਬੰਧਾਂ ਵਿੱਚ ਵੱਡਾ ਨਿਘਾਰ ਆਇਆ ਸੀ, ਜਿਸ ਦੇ ਸਿੱਟੇ ਵਜੋਂ ਦੋਵਾਂ ਦੇਸ਼ਾਂ ਨੇ ਇੱਕ-ਦੂਜੇ ਦੇ ਰਾਜਦੂਤਾਂ ਨੂੰ ਬੇਦਖਲ ਕਰ ਦਿੱਤਾ ਸੀ। ਹਾਲਾਂਕਿ ਹਾਲ ਹੀ ਦੇ ਸਮੇਂ ਵਿੱਚ ਕੈਨੇਡਾ ਵਿੱਚ ਸੱਤਾ ਪਰਿਵਰਤਨ ਅਤੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਕਾਰਜਕਾਲ ਦੌਰਾਨ ਦੋਵਾਂ ਦੇਸ਼ਾਂ ਦੇ ਆਰਥਿਕ ਅਤੇ ਵਪਾਰਕ ਸਬੰਧਾਂ ਵਿੱਚ ਸੁਧਾਰ ਦੇ ਯਤਨ ਵੇਖਣ ਨੂੰ ਮਿਲੇ ਹਨ, ਪਰ ਸੰਯੁਕਤ ਰਾਸ਼ਟਰ ਦੀ ਇਹ ਤਾਜ਼ਾ ਰਿਪੋਰਟ ਦੱਸਦੀ ਹੈ ਕਿ ਮੂਲ ਸੁਰੱਖਿਆ ਚੁਣੌਤੀਆਂ ਅਜੇ ਵੀ ਜਿਉਂ ਦੀਆਂ ਤਿਉਂ ਬਣੀਆਂ ਹੋਈਆਂ ਹਨ।

ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਦੇ ਅੰਤਰਰਾਸ਼ਟਰੀ ਨਿਯਮਾਂ ਅਨੁਸਾਰ, ਕਿਸੇ ਵੀ ਦੇਸ਼ ਦੀ ਧਰਤੀ 'ਤੇ ਰਹਿਣ ਵਾਲੇ ਨਾਗਰਿਕਾਂ ਅਤੇ ਸ਼ਰਨਾਰਥੀਆਂ ਦੀ ਸੁਰੱਖਿਆ ਦੀ ਪਹਿਲੀ ਅਤੇ ਅੰਤਿਮ ਜਵਾਬਦੇਹੀ ਉਸ ਦੇਸ਼ ਦੀ ਆਪਣੀ ਸਰਕਾਰ ਦੀ ਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਮਾਹਿਰਾਂ ਨੇ ਕੈਨੇਡੀਅਨ ਪ੍ਰਸ਼ਾਸਨ ਨੂੰ ਅਪੀਲ ਕੀਤੀ ਹੈ ਕਿ ਉਹ ਨਾ ਕੇਵਲ ਮੋਨਿੰਦਰ ਸਿੰਘ ਅਤੇ ਉਨ੍ਹਾਂ ਦੇ ਪਰਿਵਾਰ ਦੀ ਸੁਰੱਖਿਆ ਲਈ ਠੋਸ ਕਦਮ ਚੁੱਕੇ, ਬਲਕਿ ਇਹਨਾਂ ਧਮਕੀਆਂ ਦੇ ਪਿੱਛੇ ਮੌਜੂਦ ਤੱਤਾਂ ਦੀ ਡੂੰਘਾਈ ਨਾਲ ਜਾਂਚ ਕਰਕੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕਰੇ। ਜੇਕਰ ਕੋਈ ਦੇਸ਼ ਆਪਣੇ ਨਾਗਰਿਕਾਂ ਨੂੰ ਮਿਲ ਰਹੀਆਂ ਅਜਿਹੀਆਂ ਗੰਭੀਰ ਚੇਤਾਵਨੀਆਂ ਦੇ ਬਾਵਜੂਦ



ਢੁਕਵੀਂ ਸੁਰੱਖਿਆ ਦੇਣ ਵਿੱਚ ਅਸਫਲ ਰਹਿੰਦਾ ਹੈ, ਤਾਂ ਇਹ ਉਸ ਦੇਸ਼ ਦੇ ਕਾਨੂੰਨ-ਵਿਵਸਥਾ ਦੇ ਢਾਂਚੇ 'ਤੇ ਵੱਡਾ ਪ੍ਰਸ਼ਨਚਿੰਨ੍ਹ ਲਗਾਉਂਦਾ ਹੈ।

ਦੂਜੇ ਪਾਸੇ, ਅੰਤਰਰਾਸ਼ਟਰੀ ਕਾਨੂੰਨ ਹਰ ਵਿਅਕਤੀ ਨੂੰ ਸ਼ਾਂਤੀਪੂਰਨ ਢੰਗ ਨਾਲ ਆਪਣੀ ਵਿਚਾਰਧਾਰਾ ਰੱਖਣ ਅਤੇ ਸਿਆਸੀ ਸਰਗਰਮੀਆਂ ਕਰਨ ਦਾ ਅਧਿਕਾਰ ਦਿੰਦੇ ਹਨ। ਮੋਨਿੰਦਰ ਸਿੰਘ ਦੁਆਰਾ ਜਿਨੇਵਾ ਵਿੱਚ ਸੰਯੁਕਤ ਰਾਸ਼ਟਰ ਦੇ ਮੰਚ 'ਤੇ ਜਾ ਕੇ ਆਪਣੀ ਆਵਾਜ਼ ਉਠਾਉਣਾ ਅਤੇ ਖਾਲਿਸਤਾਨ ਦੇ ਮੁੱਦੇ 'ਤੇ ਸਵੈ-ਨਿਰਣੇ ਦੇ ਅਧਿਕਾਰ ਦੀ ਗੱਲ ਕਰਨਾ, ਅੰਤਰਰਾਸ਼ਟਰੀ ਮਾਨਵ ਅਧਿਕਾਰ ਸੰਧੀਆਂ ਦੇ ਘੇਰੇ ਵਿੱਚ ਆਉਂਦਾ ਹੈ। ਸਿਆਸੀ ਮਤਭੇਦਾਂ ਜਾਂ ਵਿਚਾਰਧਾਰਕ ਅਸਹਿਮਤੀਆਂ ਦੇ ਬਾਵਜੂਦ, ਕਿਸੇ ਵੀ ਦੇਸ਼ ਜਾਂ ਸਮੂਹ ਦੁਆਰਾ ਹਿੰਸਾ ਜਾਂ ਡਰਾਉਣ-ਧਮਕਾਉਣ ਦੀ ਨੀਤੀ ਅਪਨਾਉਣਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ।

ਕੈਨੇਡਾ ਦੇ ਪੰਥਕ ਆਗੂਆਂ ਦਾ ਕਹਿਣਾ ਹੈ ਕਿ ਇਹ ਘਟਨਾਕ੍ਰਮ ਵਿਸ਼ਵ ਭਰ ਦੇ ਦੇਸ਼ਾਂ ਲਈ ਇੱਕ ਸਬਕ ਹੈ ਕਿ ਵਿਦੇਸ਼ੀ ਧਰਤੀ 'ਤੇ ਅਸੰਤੁਸ਼ਟ ਆਵਾਜ਼ਾਂ ਨੂੰ ਦਬਾਉਣ ਦਾ ਰੁਝਾਨ ਵਿਸ਼ਵ ਅਮਨ ਅਤੇ ਜਮਹੂਰੀ ਪ੍ਰਣਾਲੀਆਂ ਲਈ ਇੱਕ ਵੱਡਾ ਖਤਰਾ ਬਣ ਰਿਹਾ ਹੈ।

ਕੈਨੇਡਾ ਸਰਕਾਰ ਲਈ ਹੁਣ ਇਹ ਜ਼ਰੂਰੀ ਹੋ ਗਿਆ ਹੈ ਕਿ ਉਹ ਸਿਰਫ਼ 'ਡਿਊਟੀ ਟੂ ਵਾਰਨ' ਦੇ ਨੋਟਿਸ ਜਾਰੀ ਕਰਕੇ ਆਪਣੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਨਾ ਹੋਵੇ, ਬਲਕਿ ਅਮਲੀ ਰੂਪ ਵਿੱਚ ਅਜਿਹੇ ਪੁਖ਼ਤਾ ਇੰਤਜ਼ਾਮ ਕਰੇ ਜਿਸ ਨਾਲ ਕਿਸੇ ਵੀ ਵਿਅਕਤੀ ਨੂੰ ਆਪਣੀ ਵਿਚਾਰਧਾਰਾ ਕਾਰਨ ਜਾਨ ਦੇ ਖ਼ਤਰੇ ਹੇਠ ਨਾ ਜਿਉਣਾ ਪਵੇ। ਇਸ ਮੁੱਦੇ 'ਤੇ ਪਾਰਦਰਸ਼ੀ ਜਾਂਚ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਪਾਲਣਾ ਹੀ ਭਵਿੱਖ ਵਿੱਚ ਅਜਿਹੀਆਂ ਅਣਸੁਖਾਵੀਆਂ ਘਟਨਾਵਾਂ ਨੂੰ ਰੋਕਣ ਦਾ ਇਕੋ ਇਕ ਰਸਤਾ ਹੈ।

# ਪੰਜਾਬ ਵਿਚ 20 ਲੱਖ ਵੋਟਰਾਂ 'ਤੇ ਕੱਟੇ ਜਾਣ ਦਾ ਖ਼ਤਰਾ

## ✪ ਵੋਟਰ ਸੂਚੀਆਂ ਦੀ ਸੁਧਾਈ ਪ੍ਰਕਿਰਿਆ ਦਾ ਪਹਿਲਾ ਫੇਜ਼ ਮੁਕੰਮਲ

ਚੰਡੀਗੜ੍ਹ-ਭਾਰਤੀ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਪੰਜਾਬ ਵਿੱਚ ਕਰਵਾਈ ਗਈ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਪ੍ਰਕਿਰਿਆ ਦੇ ਪਹਿਲੇ ਫੇਜ਼ ਤੋਂ ਬਾਅਦ ਸੂਬੇ ਦੇ ਲਗਭਗ 20 ਲੱਖ ਵੋਟਰਾਂ ਦੇ ਨਾਂ ਵੋਟਰ ਸੂਚੀ ਵਿੱਚੋਂ ਕੱਟੇ ਜਾਣ ਦਾ ਖ਼ਤਰਾ ਮੰਡਰਾ ਰਿਹਾ ਹੈ। ਚੋਣ ਕਮਿਸ਼ਨ ਅਨੁਸਾਰ ਇਹ ਉਹ ਵੋਟਰ ਹਨ ਜਿਨ੍ਹਾਂ ਦੇ ਗਣਨਾ ਫਾਰਮ ਬੂਥ ਲੈਵਲ ਅਫ਼ਸਰਾਂ ਕੋਲ ਜਮ੍ਹਾਂ ਨਹੀਂ ਹੋਏ।

ਵੋਟਰ ਸੂਚੀ ਵਿੱਚੋਂ ਨਾਂ ਹਟਾਏ ਜਾਣ ਦੇ ਪਿੱਛੇ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਨੂੰ ਦੋਸ਼-ਮੁਕਤ ਅਤੇ ਪਾਰਦਰਸ਼ੀ ਬਣਾਉਣ ਲਈ ਚਲਾਈ ਗਈ ਇੱਕ ਪ੍ਰਸ਼ਾਸਨਿਕ ਮੁਹਿੰਮ ਹੈ। ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿਤਰਾ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 20 ਲੱਖ ਵੋਟਰਾਂ ਦੀ ਸਥਿਤੀ ਹੇਠ ਲਿਖੇ ਅਨੁਸਾਰ ਹੈ:

ਮ੍ਰਿਤਕ ਵੋਟਰ: 5.74 ਲੱਖ ਵੋਟਰਾਂ ਦੀ ਮੌਤ ਹੋ ਚੁੱਕੀ ਹੈ।

ਸ਼ਿਫਟ ਹੋਏ ਵੋਟਰ: 9.44 ਲੱਖ ਵੋਟਰ ਆਪਣੀ ਪੁਰਾਣੀ ਰਿਹਾਇਸ਼ ਛੱਡ ਕੇ ਦੂਜੀ ਥਾਂ ਸ਼ਿਫਟ ਹੋ ਚੁੱਕੇ ਹਨ।

4.12 ਲੱਖ ਵੋਟਰ ਚੈਕਿੰਗ ਦੌਰਾਨ



ਘਰਾਂ ਵਿੱਚ ਨਹੀਂ ਮਿਲੇ।

1.19 ਲੱਖ ਵੋਟਾਂ ਦੋਹਰੀਆਂ ਪਾਈਆਂ ਗਈਆਂ ਹਨ।

### ਵੋਟਾਂ ਦੀ ਵੇਰੀਫਿਕੇਸ਼ਨ ਦੇ ਮੁੱਖ ਅੰਕੜੇ

ਕੁੱਲ ਵੋਟਰ: 2.14 ਕਰੋੜ

ਤਸਦੀਕ ਹੋਏ ਵੋਟਰ (ਗਣਨਾ ਫਾਰਮ ਪ੍ਰਾਪਤ): 1.93 ਕਰੋੜ (90.37%)

ਬਾਕੀ ਰਹਿ ਗਏ/ਗਣਨਾ ਫਾਰਮ ਨਾ ਮਿਲਣ ਵਾਲੇ ਵੋਟਰ: 20 ਲੱਖ (9.63%)

12 ਲੱਖ ਵੋਟਰਾਂ ਨੂੰ ਭੇਜੇ ਜਾਣਗੇ ਨੋਟਿਸ

ਚੋਣ ਅਧਿਕਾਰੀ ਨੇ ਦੱਸਿਆ ਕਿ ਜਿਨ੍ਹਾਂ 1.93 ਕਰੋੜ ਵੋਟਰਾਂ ਨੇ ਫਾਰਮ ਜਮ੍ਹਾਂ ਕਰਵਾਏ ਹਨ, ਉਨ੍ਹਾਂ ਵਿੱਚੋਂ ਲਗਭਗ 12 ਲੱਖ ਵੋਟਰਾਂ ਦੀ 'ਮੈਪਿੰਗ' ਹੋਣੀ ਬਾਕੀ ਹੈ। ਇਸ ਕਾਰਜ ਲਈ ਚੋਣ ਕਮਿਸ਼ਨ ਵੱਲੋਂ 13 ਅਗਸਤ ਤੋਂ 12 ਸਤੰਬਰ ਤੱਕ ਸਬੰਧਤ ਵੋਟਰਾਂ ਨੂੰ ਨੋਟਿਸ ਜਾਰੀ ਕੀਤੇ ਜਾਣਗੇ ਤਾਂ ਜੋ ਉਹ ਆਪਣੀ ਵੋਟ ਦੀ ਮੈਪਿੰਗ ਪ੍ਰਕਿਰਿਆ ਪੂਰੀ ਕਰਵਾ ਸਕਣ।


### ਪੋਲਿੰਗ ਬੂਥਾਂ ਦੀ ਗਿਣਤੀ ਵਿੱਚ ਵਾਧਾ

ਚੋਣ ਕਮਿਸ਼ਨ ਦੇ ਨਵੇਂ ਨਿਯਮਾਂ ਅਨੁਸਾਰ ਜਿਨ੍ਹਾਂ ਬੂਥਾਂ 'ਤੇ 1200 ਤੋਂ ਵੱਧ ਵੋਟਰ ਸਨ, ਉਨ੍ਹਾਂ ਨੂੰ ਮੁੜ ਗਠਿਤ ਕੀਤਾ ਗਿਆ ਹੈ। ਇਸ ਕਦਮ ਨਾਲ ਪੰਜਾਬ ਵਿੱਚ ਪੋਲਿੰਗ ਬੂਥਾਂ ਦੀ ਸੰਖਿਆ 24,453 ਤੋਂ ਵਧ ਕੇ 25,332 ਹੋ ਗਈ ਹੈ।

ਇਸ ਵਿਸ਼ੇਸ਼ ਸੁਧਾਈ ਅਭਿਆਸ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਸੂਬੇ ਭਰ ਵਿੱਚ 24,000 ਬੀ.ਐੱਲ.ਓ., 2,500 ਸੁਪਰਵਾਈਜ਼ਰ, 800 ਏ.ਈ.ਆਰ.ਓ., 117 ਈ.ਆਰ.ਓ. ਅਤੇ 23 ਡਿਪਟੀ ਕਮਿਸ਼ਨਰ ਤਾਇਨਾਤ ਕੀਤੇ ਗਏ ਸਨ।

## ਕੈਨੇਡਾ ਗਏ ਪੰਜਾਬੀ ਨੌਜਵਾਨ ਪ੍ਰਭਦੀਪ ਸਿੰਘ ਨੇ ਮਾਨਸਿਕ ਤਣਾਅ ਕਾਰਨ ਚੁੱਕਿਆ ਖ਼ੌਫ਼ਨਾਕ ਕਦਮ; ਮੌਤ

ਵਿੰਨੀਪੈਗ-ਕੈਨੇਡਾ ਵਿੱਚ ਸਟੱਡੀ ਵੀਜ਼ੇ 'ਤੇ ਗਏ ਅੰਮ੍ਰਿਤਸਰ ਜ਼ਿਲ੍ਹੇ ਦੇ ਨੌਜਵਾਨ ਪ੍ਰਭਦੀਪ ਸਿੰਘ ਦੀ ਭੇਦਭਰੇ ਹਾਲਾਤਾਂ ਵਿੱਚ ਮੌਤ ਹੋਣ ਦੀ ਦੁਖਦ ਖ਼ਬਰ ਸਾਹਮਣੇ ਆਈ ਹੈ। ਉਸ ਦੀ ਮ੍ਰਿਤਕ ਦੇਹ ਵਿੰਨੀਪੈਗ ਦੀ



'ਯੂਨੀਵਰਸਿਟੀ ਆਫ਼ ਮੈਨੀਟੋਬਾ' ਨੇੜਲੇ ਜੰਗਲੀ ਇਲਾਕੇ ਵਿੱਚੋਂ ਬਰਾਮਦ ਹੋਈ ਹੈ। ਪ੍ਰਭਦੀਪ ਸਿੰਘ ਸਾਲ 2021 ਵਿੱਚ ਸੁਨਹਿਰੀ ਭਵਿੱਖ ਦੇ ਸੁਪਨੇ ਲੈ ਕੇ ਸਟੱਡੀ ਵੀਜ਼ੇ 'ਤੇ ਕੈਨੇਡਾ ਪੁੱਜਾ ਸੀ। ਜਾਣਕਾਰੀ ਅਨੁਸਾਰ ਇਮੀਗ੍ਰੇਸ਼ਨ ਸਟੇਟਸ (ਵਰਕ ਪਰਮਿਟ/ਪੀ.ਆਰ.) ਅਤੇ ਹੋਰ ਚੁਣੌਤੀਆਂ ਕਾਰਨ ਉਹ ਮਾਨਸਿਕ ਬੋਝ ਹੇਠ ਸੀ, ਜਿਸ ਤੋਂ ਤੰਗ ਆ ਕੇ ਉਸ ਨੇ ਇਹ ਖ਼ੌਫ਼ਨਾਕ ਕਦਮ ਚੁੱਕ ਲਿਆ। ਪ੍ਰਭਦੀਪ ਦੀ ਦੇਹ ਨੂੰ ਭਾਰਤ (ਪੰਜਾਬ) ਵਿੱਚ ਉਸ ਦੇ ਪਰਿਵਾਰ ਕੋਲ ਭੇਜਣ ਦੇ ਪ੍ਰਬੰਧਾਂ ਲਈ 'ਗੋ-ਫੰਡ-ਮੀ' ਪੇਜ ਦੀ ਸ਼ੁਰੂਆਤ ਕੀਤੀ ਗਈ ਹੈ।

# ਪੰਜਾਬ ਕਾਂਗਰਸ ਵਿਚ ਫੁੱਟ, ਚੰਨੀ ਤੇ ਵੜਿੰਗ ਵਿਚਾਲੇ ਸਿਆਸੀ ਲੜਾਈ ਜਾਰੀ

**ਨਿਊਜ਼ ਵਿਸ਼ਲੇਸ਼ਣ**

**○ ਵੜਿੰਗ ਅਹੁਦਾ ਨਹੀਂ ਛੱਡੇਗਾ ○ ਚੰਨੀ ਧੜੇ ਦਾ ਹਾਈਕਮਾਨ ’ਤੇ ਦਬਾਅ: ਬਾਗੀਆਂ ਨਾਲ ਮੁਲਾਕਾਤਾਂ ਤੇ ਵੱਖਰੀਆਂ ਮੀਟਿੰਗਾਂ ਜਾਰੀ ○ ਚੰਨੀ ਨੂੰ ਮੁੱਖ ਮੰਤਰੀ ਦਾ ਚਿਹਰਾ ਬਣਾਉਣ ਦੀ ਮੰਗ ○ ਪੰਜਾਬ ਇੰਚਾਰਜ ਭੂਪੇਸ਼ ਬਘੇਲ ਦੇ ਸਾਹਮਣੇ ਵਰਕਰਾਂ ’ਚ ਝੜਪਾਂ**

ਕੇਂਦਰ ਦੀ ਸੱਤਾ ਤੋਂ ਲਗਾਤਾਰ ਦੂਰ ਹੁੰਦੀ ਜਾ ਰਹੀ ਅਤੇ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਇੱਕ ਤੋਂ ਬਾਅਦ ਇੱਕ ਸਿਆਸੀ ਸ਼ਾਖ਼ ਗੁਆ ਰਹੀ ਭਾਰਤੀ ਰਾਸ਼ਟਰੀ ਕਾਂਗਰਸ ਹੁਣ ਆਪਣੇ ਸਭ ਤੋਂ ਨਾਜ਼ੁਕ ਦੌਰ ਵਿੱਚੋਂ ਲੰਘ ਰਹੀ ਹੈ। ਦੇਸ਼ ਦੀ ਸਭ ਤੋਂ ਪੁਰਾਣੀ ਪਾਰਟੀ ਲਈ ਸਭ ਤੋਂ ਵੱਡੀ ਚੁਣੌਤੀ ਕੇਵਲ ਚੋਣਾਂ ਹਾਰਨਾ ਨਹੀਂ, ਸਗੋਂ ਚੋਣਾਂ ਤੋਂ ਠੀਕ ਪਹਿਲਾਂ ਪਾਰਟੀ ਅੰਦਰ ਪੈਦਾ ਹੁੰਦੀ ਬੇਲਗਾਮ ਧੜੇਬਾਜ਼ੀ ਅਤੇ ਆਪਸੀ ਅਨੁਸ਼ਾਸਨਹੀਣਤਾ ਹੈ। ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਪਾਰਟੀ ਅੰਦਰਲੀ ‘ਜੰਗ’ ਹੁਣ ਬੰਦ ਕਮਰਿਆਂ ਤੋਂ ਬਾਹਰ ਨਿਕਲ ਕੇ ਪਿੰਡਾਂ ਦੀਆਂ ਗਲੀਆਂ, ਸਟੇਜਾਂ ਅਤੇ ‘ਦਿੱਲੀ ਦਰਬਾਰ’ ਤੱਕ ਚਰਚਾ ਦਾ ਮੁੱਖ ਵਿਸ਼ਾ ਬਣ ਚੁੱਕੀ ਹੈ। ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੇ ਧੜਿਆਂ ਵਿਚਾਲੇ ਚੱਲ ਰਹੀ ਪੋਸਟਰ ਵਾਰ, ਤਿੱਖੀ ਬਿਆਨਬਾਜ਼ੀ, ਅਤੇ ਭਾਵੁਕ ਦਾਅ-ਪੇਚਾਂ ਨੇ ਪਾਰਟੀ ਕੇਡਰ ਨੂੰ ਪੂਰੀ ਤਰ੍ਹਾਂ ਨਿਰਾਸ਼ਾ ਅਤੇ ਦੁਵਿਧਾ ਦੇ ਆਲਮ ਵਿੱਚ ਧੱਕ ਦਿੱਤਾ ਹੈ।

### ਵੜਿੰਗ ਦਾ ਅੜੀਅਲ ਸਟੈਂਡ ਅਤੇ ‘ਇਮੋਸ਼ਨਲ ਕਾਰਡ’ ਦੀ ਵਰਤੋਂ

ਪੰਜਾਬ ਕਾਂਗਰਸ ਦੇ ਮੌਜੂਦਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ’ਤੇ ਅਹੁਦਾ ਛੱਡਣ ਲਈ ਵਿਰੋਧੀ ਧੜੇ ਵੱਲੋਂ ਭਾਰੀ ਦਬਾਅ ਬਣਾਇਆ ਜਾ ਰਿਹਾ ਹੈ। ਪਰ ਵੜਿੰਗ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਹਾਈਕਮਾਨ ਦੇ ਫੈਸਲੇ ਤੋਂ ਬਿਨਾਂ ਪਿੱਛੇ ਹਟਣ ਵਾਲੇ ਨਹੀਂ ਹਨ। ਆਪਣੇ ਜੱਦੀ ਜ਼ਿਲ੍ਹੇ ਮੁਕਤਸਰ ਵਿੱਚ ਇੱਕ ਭਾਵੁਕ ਰੈਲੀ ਨੂੰ ਸੰਬੋਧਨ ਕਰਦਿਆਂ ਵੜਿੰਗ ਨੇ ਆਪਣੇ ਹਿਰਦੇ ਦਾ ਗੁਬਾਰ ਕੱਢਿਆ ਅਤੇ ਕਿਹਾ, “ਅੱਜ ਮੈਨੂੰ ਇੱਥੇ ਆ ਕੇ ਸ਼ਾਂਤੀ ਮਿਲੀ ਹੈ ਕਿਉਂਕਿ ਮੈਂ ਆਪਣੇ ਘਰ ਆ ਗਿਆ। ਸਾਰੇ ਜਣੇ ਤੁਹਾਡੇ ਇਸ ਪੁੱਤ ਨੂੰ ਫੜ ਕੇ ਮਾਰਨਾ ਚਾਹੁੰਦੇ ਹਨ, ਅਕਾਲੀ ਦਲ, ਬੀਜੇਪੀ ਅਤੇ ਝਾੜੂ (ਆਪ) ਤਾਂ ਹੈ ਹੀ, ਕੁਝ ਆਪਣੇ ਵੀ ਐਸੇ ਬੇਗਾਨੇ ਹੋ ਗਏ, ਪਰ ਮੇਰਾ ਕੀ ਕਸੂਰ ਹੈ?”

ਵੜਿੰਗ ਦਾ ਇਹ ਬਿਆਨ ਦਰਸਾਉਂਦਾ ਹੈ ਕਿ ਅੰਦਰੂਨੀ ਬਗਾਵਤ ਕਿਸ ਹੱਦ ਤੱਕ ਗੰਭੀਰ ਹੋ ਚੁੱਕੀ ਹੈ। ਵੜਿੰਗ ਆਪਣੇ ਬਚਾਅ ਲਈ ਨੌਜਵਾਨ ਆਗੂਆਂ ਦੀ ਨਵੀਂ ਟੀਮ ਨੂੰ ਅੱਗੇ ਲਿਆ ਕੇ ਬਾਗੀ ਧੜੇ ਦੇ ਗੜ੍ਹਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਰਣਨੀਤੀ ’ਤੇ ਚੱਲ ਰਹੇ ਹਨ, ਪਰ ਇਸ ਨਾਲ ਧੜੇਬਾਜ਼ੀ ਘਟਣ ਦੀ ਬਜਾਏ ਹੋਰ ਤਿੱਖੀ ਹੁੰਦੀ ਜਾ ਰਹੀ ਹੈ।

### ਮੁੱਖ ਮੰਤਰੀ ਦੇ ਚਿਹਰੇ ਦੀ ਮੰਗ

ਦੂਜੇ ਪਾਸੇ, ਜਲੰਧਰ ਤੋਂ ਲੋਕ ਸਭਾ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਧੜਾ ਕੇਂਦਰੀ ਲੀਡਰਸ਼ਿਪ ’ਤੇ ਲਗਾਤਾਰ ਦਬਾਅ ਪਾ ਰਿਹਾ ਹੈ ਕਿ ਚੋਣਾਂ ਤੋਂ



ਪਹਿਲਾਂ ਚੰਨੀ ਨੂੰ ਹੀ ਮੁੱਖ ਮੰਤਰੀ ਦਾ ਚਿਹਰਾ ਐਲਾਨਿਆ ਜਾਵੇ। ਇਸ ਖਿੱਚੋਤਾਣ ਦਰਮਿਆਨ ਫ਼ਿਰੋਜ਼ਪੁਰ ਵਰਗੇ ਇਲਾਕਿਆਂ ਵਿੱਚ ਚੰਨੀ ਦੇ ਖ਼ਿਲਾਫ਼ ‘ਚੰਨੀ ਭਜਾਓ, ਕਾਂਗਰਸ ਬਚਾਓ’ ਦੇ ਅਣਜਾਣ ਪੋਸਟਰ ਲਗਾਏ ਗਏ, ਜਿਸ ਨੇ ਸਿਆਸੀ ਪਾਰੇ ਨੂੰ ਹੋਰ ਚੜ੍ਹਾ ਦਿੱਤਾ। ਇਨ੍ਹਾਂ ਸਭ ਘਟਨਾਵਾਂ ਦੇ ਬਾਵਜੂਦ ਚੰਨੀ ਆਪਣੇ ਸਮਰਥਕਾਂ ਨਾਲ ਵੱਖਰੀਆਂ ਮੀਟਿੰਗਾਂ ਕਰ ਰਹੇ ਹਨ ਅਤੇ ਪਾਰਟੀ ਤੋਂ ਮੁਅੱਤਲ ਕੀਤੇ ਗਏ ਆਗੂਆਂ ਦੇ ਘਰਾਂ ਤੱਕ ਪਹੁੰਚ ਕਰ ਰਹੇ ਹਨ। ਪਾਰਟੀ ਤੋਂ ਲਾਂਭੇ ਕੀਤੇ ਆਗੂ ਮਦਨ ਲਾਲ ਜਲਾਲਪੁਰ ਨਾਲ ਮੁਲਾਕਾਤ ਤੋਂ ਬਾਅਦ ਚੰਨੀ ਨੇ ਕਿਹਾ, “ਜਿਸ ਨਾਲ ਧੱਕਾ ਹੁੰਦਾ ਹੈ, ਉਸ ਨਾਲ ਖੜ੍ਹਨਾ ਪੰਜਾਬੀਆਂ ਦਾ ਸੁਭਾਅ ਹੈ। ਜੇ ਅਸੀਂ ਇੱਕ ਦੂਜੇ ਨਾਲ ਨਹੀਂ ਖੜ੍ਹਾਂਗੇ ਤਾਂ ਕਾਂਗਰਸ ਕਿੱਥੇ ਰਹਿਣੀ ਹੈ?” ਹਾਲਾਂਕਿ, ਚੰਨੀ ਧੜੇ ਦਾ ਪਾਰਟੀ ਦੇ ਪੰਜਾਬ ਇੰਚਾਰਜ ਭੂਪੇਸ਼ ਬਘੇਲ ਅਤੇ ਸੂਬਾ ਪ੍ਰਧਾਨ ਰਾਜਾ ਵੜਿੰਗ ਦੀਆਂ ਅਧਿਕਾਰਤ ਰੈਲੀਆਂ ਤੋਂ ਦੂਰੀ ਬਣਾ ਕੇ ਰੱਖਣਾ ਇਹ ਸੰਕੇਤ ਦਿੰਦਾ ਹੈ ਕਿ ਉਹ ਆਰ-ਪਾਰ ਦੀ ਲੜਾਈ ਦੇ ਰੌਂਅ ਵਿੱਚ ਹਨ।

### ‘ਹਰ ਬੂਥ ਕਾਂਗਰਸ ਮਜ਼ਬੂਤ’ ਮੁਹਿੰਮ: ਮਜ਼ਬੂਤੀ ਦੀ ਥਾਂ ਜਨਤਕ ਕਲੇਸ਼

ਪਾਰਟੀ ਦੀ ਕੇਂਦਰੀ ਲੀਡਰਸ਼ਿਪ ਵੱਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਭੂਪੇਸ਼ ਬਘੇਲ ਨੂੰ ਸੂਬੇ ਵਿੱਚ ਇੱਕਜੁੱਟਤਾ ਕਾਇਮ ਕਰਨ ਅਤੇ ‘ਹਰ ਬੂਥ, ਕਾਂਗਰਸ ਮਜ਼ਬੂਤ’ ਮੁਹਿੰਮ ਚਲਾਉਣ ਲਈ ਭੇਜਿਆ ਗਿਆ ਸੀ। ਪਰ ਅਫ਼ਸੋਸਜਨਕ ਪਹਿਲੂ ਇਹ ਹੈ ਕਿ ਇਹ ਮੁਹਿੰਮ ਬੂਥਾਂ ਨੂੰ ਮਜ਼ਬੂਤ ਕਰਨ ਦੀ ਬਜਾਏ ਆਗੂਆਂ ਦੇ ਸ਼ਕਤੀ ਪ੍ਰਦਰਸ਼ਨ ਅਤੇ ਵਰਕਰਾਂ ਦੀ ਆਪਸੀ ਭੇੜ ਦਾ ਮੰਚ ਬਣ ਗਈ ਹੈ।

ਫ਼ਤਹਿਗੜ੍ਹ ਸਾਹਿਬ, ਮੋਹਾਲੀ, ਪਟਿਆਲਾ, ਸੰਗਰੂਰ, ਬਠਿੰਡਾ, ਸਮਾਣਾ ਅਤੇ ਮੁਕਤਸਰ ਵਿੱਚ ਹੋਈਆਂ ਰੈਲੀਆਂ ਦੌਰਾਨ ਭੂਪੇਸ਼ ਬਘੇਲ ਅਤੇ ਰਾਜਾ ਵੜਿੰਗ ਦੀ ਮੌਜੂਦਗੀ ਵਿੱਚ ਹੀ ਦੋਵਾਂ ਧੜਿਆਂ ਦੇ ਵਰਕਰ ਆਹਮੋ-ਸਾਹਮਣੇ ਹੋ ਗਏ। ਨਾਅਰੇਬਾਜ਼ੀ, ਧੱਕਾਮੁੱਕੀ ਅਤੇ ਸਟੇਜਾਂ ’ਤੇ ਹੰਗਾਮੇ ਦੀਆਂ ਘਟਨਾਵਾਂ ਨੇ ਹਾਈਕਮਾਨ ਦੀ ਬੇਵਸੀ ਨੂੰ ਜੱਗ-ਜ਼ਾਹਰ ਕਰ ਦਿੱਤਾ ਹੈ। ਜਿਸ ਪ੍ਰਚਾਰ ਅਭਿਆਨ ਦਾ ਮਕਸਦ ਲੋਕਾਂ ਵਿੱਚ ਵਿਸ਼ਵਾਸ ਜਗਾਉਣਾ ਸੀ, ਉਹ ਪਾਰਟੀ ਦੀਆਂ ਧੱਜੀਆਂ ਉਡਾਉਣ ਦਾ ਸਾਧਨ ਬਣ ਗਿਆ ਹੈ।

### ਕੀ ਸਮਝੌਤੇ ਦੀਆਂ ਸੰਭਾਵਨਾਵਾਂ ਖ਼ਤਮ ਹੋ ਚੁੱਕੀਆਂ ਹਨ?

ਰਾਜਨੀਤਿਕ ਵਿਸ਼ਲੇਸ਼ਕਾਂ ਅਤੇ ਬੁੱਧੀਜੀਵੀਆਂ ਅਨੁਸਾਰ ਪੰਜਾਬ ਕਾਂਗਰਸ ਅੰਦਰਲਾ ਘਮਾਸਾਨ ਹੁਣ ਅਜਿਹੇ ਮੋੜ ’ਤੇ ਪਹੁੰਚ ਚੁੱਕਾ ਹੈ ਜਿੱਥੋਂ ਵਾਪਸ ਮੁੜਨਾ ਜਾਂ ਸਮਝੌਤਾ ਕਰਨਾ ਬਹੁਤ ਔਖਾ ਜਾਪਦਾ ਹੈ।

ਯਥਾਰਥਵਾਦੀ ਦ੍ਰਿਸ਼ਟੀਕੋਣ: ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਕਾਂਗਰਸ ਵਿੱਚ ਸੰਸਦੀ ਪ੍ਰਣਾਲੀ ਤਹਿਤ ਚੋਣਾਂ ਤੋਂ ਪਹਿਲਾਂ ਮੁੱਖ ਮੰਤਰੀ ਦਾ ਚਿਹਰਾ ਐਲਾਨਣ ਦਾ ਸੱਭਿਆਚਾਰ ਘੱਟ ਹੀ ਰਿਹਾ ਹੈ। ਜੇਕਰ ਆਗੂ ਆਪਸੀ ਲੜਾਈ ਵਿੱਚ ਹੀ ਉਲਝੇ ਰਹੇ, ਤਾਂ ਉਹ ਉਸ ਸੱਤਾ ਦੀ ਲੜਾਈ ਨੂੰ ਚੋਣਾਂ ਤੋਂ ਪਹਿਲਾਂ ਹੀ ਹਾਰ ਜਾਣਗੇ, ਜਿਸ ਲਈ ਉਹ ਆਪਸ ਵਿੱਚ ਭਿੜ ਰਹੇ ਹਨ।

2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਵੀ ਕਾਂਗਰਸ ਨੇ ਨਵਜੋਤ ਸਿੰਘ ਸਿੱਧੂ ਅਤੇ ਚਰਨਜੀਤ ਸਿੰਘ ਚੰਨੀ ਦੀ ਖਿੱਚੋਤਾਣ ਨੂੰ ਲੰਬੇ ਸਮੇਂ ਤੱਕ ਲਮਕਾਈ ਰੱਖਿਆ ਸੀ। ਅੰਤਿਮ ਸਮੇਂ ’ਚ ਚਿਹਰਾ ਬਦਲਣ ਅਤੇ ਆਪਸੀ ਫੁੱਟ ਦੇ ਨਤੀਜੇ ਵਜੋਂ ਪਾਰਟੀ 77 ਸੀਟਾਂ ਤੋਂ ਪਛਾੜ ਖਾ ਕੇ ਮਹਿਜ਼ 18 ਸੀਟਾਂ ’ਤੇ ਸਿਮਟ ਗਈ ਸੀ। ਅੱਜ ਫਿਰ ਤੋਂ ਉਹੀ ਗਲਤੀਆਂ ਦੁਹਰਾਈਆਂ ਜਾ ਰਹੀਆਂ ਹਨ।

ਪੰਜਾਬ ਕਾਂਗਰਸ ਦਾ ਇਤਿਹਾਸ ਗਵਾਹ ਹੈ ਕਿ ਇਹ ਪਾਰਟੀ ਬਾਹਰੀ ਵਿਰੋਧੀਆਂ ਨਾਲੋਂ ਵੱਧ ਆਪਣੇ ਅੰਦਰੂਨੀ ਕਲੇਸ਼ ਨਾਲ ਤਬਾਹ ਹੋਈ ਹੈ: 2012 ਦੀ ਹਾਰ ਤੋਂ ਬਾਅਦ ਪ੍ਰਤਾਪ ਸਿੰਘ ਬਾਜਵਾ ਨੂੰ ਪ੍ਰਧਾਨ ਬਣਾਇਆ ਗਿਆ, ਪਰ ਕੈਪਟਨ ਸਮਰਥਕਾਂ ਨੇ “ਕੈਪਟਨ ਲਿਆਓ, ਪੰਜਾਬ ਬਚਾਓ” ਮੁਹਿੰਮ ਚਲਾ ਕੇ ਪਾਰਟੀ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ, ਜਿਸ ਤੋਂ ਬਾਅਦ ਬਾਜਵਾ ਨੂੰ ਅਹੁਦਾ ਛੱਡਣਾ ਪਿਆ। 2017 ਵਿੱਚ ਜਿੱਤ ਤੋਂ ਬਾਅਦ ਸਰਕਾਰ ਬਣਦੇ ਹੀ ਨਵਜੋਤ ਸਿੱਧੂ ਅਤੇ ਕੈਪਟਨ ਵਿਚਾਲੇ ਖੁੱਲ੍ਹਾ ਟਕਰਾਅ ਸ਼ੁਰੂ ਹੋਇਆ ਸੀ, ਜਿਸ ਨੇ ਪੂਰੇ ਸਾਢੇ ਚਾਰ ਸਾਲ ਪ੍ਰਸ਼ਾਸਨਿਕ ਕੰਮਕਾਜ ਨੂੰ ਪ੍ਰਭਾਵਿਤ ਕੀਤਾ। ਕੈਪਟਨ ਦੇ ਅਸਤੀਫ਼ੇ ਤੋਂ ਬਾਅਦ ਚੰਨੀ ਨੂੰ ਮੁੱਖ ਮੰਤਰੀ ਬਣਾਇਆ ਗਿਆ, ਪਰ ਪ੍ਰਧਾਨ ਹੁੰਦਿਆਂ ਵੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਹੀ ਸਰਕਾਰ ਵਿਰੁੱਧ ਮੋਰਚਾ ਖੋਲ੍ਹ ਕੇ ਰੱਖਿਆ। ਲੋਕ ਸਭਾ ਚੋਣਾਂ ਤੋਂ ਬਾਅਦ ਲੁਧਿਆਣਾ ਜ਼ਿਮਨੀ ਚੋਣ ਵਿੱਚ ਹਾਰ ਅਤੇ ਹੁਣ ਚੰਨੀ-ਵੜਿੰਗ ਦਾ ਟਕਰਾਅ ਪਾਰਟੀ ਦੀ ਬਚੀ-ਖੁਚੀ ਜ਼ਮੀਨ ਨੂੰ ਵੀ ਖ਼ਤਮ ਕਰ ਰਹਾ ਹੈ।

### ਹੋਰਾਂ ਰਾਜਾਂ ਵਿੱਚ ਵੀ ਕਾਂਗਰਸ ਦੀ ਇਹੀ ਤ੍ਰਾਸਦੀ

ਪੰਜਾਬ ਤੋਂ ਇਲਾਵਾ ਦਿੱਲੀ ਅਤੇ ਹੋਰਾਂ ਗੁਆਂਢੀ ਰਾਜਾਂ ਵਿੱਚ ਵੀ ਕਾਂਗਰਸ ਦੀ ਸਥਿਤੀ ਬਹੁਤੀ ਵੱਖਰੀ ਨਹੀਂ ਹੈ। ਹਰਿਆਣਾ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਦੀ ਮਜ਼ਬੂਤ ਸੰਭਾਵਨਾ ਦੇ ਬਾਵਜੂਦ ਭੂਪਿੰਦਰ ਸਿੰਘ ਹੁੱਡਾ ਅਤੇ ਕੁਮਾਰੀ ਸ਼ੈਲਜਾ ਵਿਚਾਲੇ ਚੱਲੀ ਖਿੱਚੋਤਾਣ ਨੇ ਪਾਰਟੀ ਨੂੰ ਹਾਰ ਦੇ ਮੁਕਾਮ ’ਤੇ ਪਹੁੰਚਾਇਆ। ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਅਤੇ ਸਚਿਨ ਪਾਇਲਟ ਦੀ ਲੜਾਈ ਨੇ ਸੱਤਾ ਗੁਆਈ ਅਤੇ ਮੱਧ ਪ੍ਰਦੇਸ਼ ਵਿੱਚ ਕਮਲਨਾਥ ਤੇ ਦਿਗਵਿਜੈ ਸਿੰਘ ਦੀ ਧੜੇਬਾਜ਼ੀ ਨੇ ਪਾਰਟੀ ਦਾ ਭਾਰੀ ਨੁਕਸਾਨ ਕੀਤਾ ਸੀ। ਇਸ ਦੇ ਉਲਟ, ਭਾਰਤੀ ਜਨਤਾ ਪਾਰਟੀ (ਭਾਜਪਾ) ਕੇਂਦਰ ਵਿੱਚ ਆਪਣੀ ਮਜ਼ਬੂਤ ਸਰਕਾਰ ਚਲਾ ਰਹੀ ਹੈ ਅਤੇ ਰਾਜਾਂ ਵਿੱਚ ਆਪਣੇ ਗਠਜੋੜਾਂ ਨੂੰ ਮਜ਼ਬੂਤੀ ਨਾਲ ਸੰਭਾਲ ਰਹੀ ਹੈ। ਵਿਰੋਧੀ ਧਿਰਾਂ ਦੇ ਖੇਰੂੰ-ਖੇਰੂੰ ਹੋਣ ਕਾਰਨ ਭਾਜਪਾ ਆਪਣੇ ਵਿਚਾਰਧਾਰਕ ਏਜੰਡਿਆਂ ਨੂੰ ਬਿਨਾਂ ਕਿਸੇ ਵੱਡੇ ਸੰਸਦੀ ਵਿਰੋਧ ਦੇ ਲਾਗੂ ਕਰਨ ਵਿੱਚ ਸਫ਼ਲ ਹੋ ਰਹੀ ਹੈ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਕਾਂਗਰਸ ਹਾਈਕਮਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਇਹ ਰਹੀ ਹੈ ਕਿ ਉਹ ਆਪਣੇ ਸੂਬਾਈ ਯੂਨਿਟਾਂ ਵਿੱਚ ਸਮੇਂ ਸਿਰ ਅਨੁਸ਼ਾਸਨ ਕਾਇਮ ਕਰਨ ਵਿੱਚ ਪੂਰੀ ਤਰ੍ਹਾਂ ਅਸਫ਼ਲ ਰਹੀ ਹੈ। ਪਾਰਟੀ ਦੇ ਰਾਸ਼ਟਰੀ ਬੁਲਾਰੇ ਭਾਵੇਂ ਇਸ ਨੂੰ “ਅੰਦਰੂਨੀ ਲੋਕਤੰਤਰ” ਦਾ ਨਾਂ ਦੇ ਕੇ ਬਚਾਅ ਕਰਨ ਦੀ ਕੋਸ਼ਿਸ਼ ਕਰਦੇ ਹਨ, ਪਰ ਆਮ ਵੋਟਰ ਲਈ ਇਹ ਕੇਵਲ ਅਰਾਜਕਤਾ ਅਤੇ ਸੱਤਾ ਦੀ ਭੁੱਖ ਹੈ।

ਜੇਕਰ ਕਾਂਗਰਸ ਲੀਡਰਸ਼ਿਪ ਨੇ ਪੰਜਾਬ ਅੰਦਰ ਚੱਲ ਰਹੇ ਇਸ ‘ਸਿਆਸੀ ਡਰਾਮੇ’ ਅਤੇ ਪੋਸਟਰ ਵਾਰ ਨੂੰ ਤੁਰੰਤ ਸਖ਼ਤੀ ਨਾਲ ਨਾ ਰੋਕਿਆ, ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦਾ ਹਸ਼ਰ 2022 ਨਾਲੋਂ ਵੀ ਭੈੜਾ ਹੋ ਸਕਦਾ ਹੈ। ਇਸ ਆਪਸੀ ਫੁੱਟ ਦਾ ਸਿੱਧਾ ਲਾਭ ਸੱਤਾਧਾਰੀ ਆਮ ਆਦਮੀ ਪਾਰਟੀ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਮਿਲੇਗਾ, ਅਤੇ ਪੰਜਾਬ ਦੇ ਸਿਆਸੀ ਨਕਸ਼ੇ ਤੋਂ ਕਾਂਗਰਸ ਦਾ ਵਜੂਦ ਹੀ ਹਮੇਸ਼ਾ ਲਈ ਗਾਇਬ ਹੋਣ ਦੇ ਕਗਾਰ ’ਤੇ ਪਹੁੰਚ ਜਾਵੇਗਾ।

# ਕੀ ਨਵੇਂ 'ਜੱਲ੍ਹਿਆਂਵਾਲੇ ਬਾਗ' ਵੱਲ ਵਧ ਰਿਹਾ ਹੈ ਦੇਸ਼ ?

**✪ ਕਸ਼ਮੀਰ, ਪੰਜਾਬ ਤੋਂ ਦਿੱਲੀ ਤੱਕ ਸਰਕਾਰੀ ਦਹਿਸ਼ਤ: ਹੱਕ ਮੰਗਦੇ ਨੌਜਵਾਨਾਂ 'ਤੇ ਅੰਧਾਧੁੰਦ ਛਰੇ ਵਰਸਾਉਣ 'ਤੇ ਉੱਠੇ ਗੰਭੀਰ ਸਵਾਲ ✪ ਗੈਰ-ਘਾਤਕ' ਹਥਿਆਰਾਂ ਦੀ ਦਹਿਸ਼ਤ ਹੇਠ ਨਾਗਰਿਕਾਂ ਦੇ ਅਧਿਕਾਰ ✪ ਪੇਪਰ ਲੀਕ ਖ਼ਿਲਾਫ਼ ਆਵਾਜ਼ ਚੁੱਕਣ ਦੀ ਮਿਲੀ ਸਜ਼ਾ, ਕੇਂਦਰ ਸਰਕਾਰ ਦੀ ਕਾਰਵਾਈ 'ਤੇ ਫੈਲਿਆ ਰੋਸ ✪ ਵਿਦਿਆਰਥੀਆਂ ਦੇ ਜ਼ਖ਼ਮਾਂ ਨੇ ਕੀਤਾ ਸਰਕਾਰੀ ਦਾਅਵਿਆਂ ਦਾ ਪਰਦਾਫਾਸ਼**

**ਖ਼ਾਸ ਰਿਪੋਰਟ**

ਦੇਸ਼ ਦੀ ਰਾਜਧਾਨੀ ਵਿੱਚ 20 ਜੁਲਾਈ ਨੂੰ ਵਿਦਿਆਰਥੀਆਂ ਅਤੇ ਨਾਗਰਿਕਾਂ ਦੇ ਅੰਦੋਲਨ ਦੌਰਾਨ ਹੋਈ ਭਿਆਨਕ ਹਿੰਸਾ ਅਤੇ ਉਸ ਤੋਂ ਬਾਅਦ ਸੁਰੱਖਿਆ ਬਲਾਂ ਵੱਲੋਂ ਕੀਤੇ ਗਏ ਬਲ ਪ੍ਰਯੋਗ ਨੇ ਪੂਰੇ ਦੇਸ਼ ਦੀ ਸਿਆਸਤ ਅਤੇ ਜਮਹੂਰੀ ਢਾਂਚੇ ਨੂੰ ਹਿਲਾ ਕੇ ਰੱਖ ਦਿੱਤਾ ਹੈ। ਸਿੱਖਿਆ ਸੁਧਾਰਾਂ ਅਤੇ ਪੇਪਰ ਲੀਕ ਮਾਮਲੇ ਨੂੰ ਲੈ ਕੇ ਕੇਂਦਰੀ ਸਿੱਖਿਆ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਹੇ 'ਕਾਕਰੋਚ ਜਨਤਾ ਪਾਰਟੀ' ਅਤੇ ਹੋਰ ਵਿਦਿਆਰਥੀ ਸੰਗਠਨਾਂ ਦੇ ਪ੍ਰਦਰਸ਼ਨਕਾਰੀਆਂ 'ਤੇ ਰੈਪਿਡ ਐਕਸ਼ਨ ਫੋਰਸ ਦੁਆਰਾ ਪੈਲੇਟ ਗੰਨ ਚਲਾਏ ਜਾਣ ਦੇ ਦਾਅਵਿਆਂ ਨੇ ਮਾਨਵ-ਅਧਿਕਾਰ ਸੰਸਥਾਵਾਂ, ਤੇ ਆਮ ਜਨਤਾ ਵਿੱਚ ਇੱਕ ਨਵੀਂ ਬਹਿਸ ਛੇੜ ਦਿੱਤੀ ਹੈ ਕਿ ਦੇਸ਼ ਨਵੇਂ 'ਜੱਲ੍ਹਿਆਂਵਾਲੇ ਬਾਗ' ਵੱਲ ਕਿਉਂ ਵਧ ਰਿਹਾ ? ਕਸ਼ਮੀਰੀ ਘਾਟੀ ਅਤੇ ਪੰਜਾਬ ਦੇ ਕਿਸਾਨੀ ਅੰਦੋਲਨਾਂ ਵਿੱਚ ਭੀੜ ਨਿਯੰਤਰਣ ਲਈ ਵਰਤੇ ਜਾਣ ਵਾਲੇ ਪੇਲੇਟ ਗੰਨ ਹੁਣ ਦੇਸ਼ ਦੀ ਰਾਜਧਾਨੀ ਦਿੱਲੀ ਤੱਕ ਵਰਤੇ ਚੁੱਕੇ ਹਨ। ਇਸ ਹਥਿਆਰ ਨੂੰ ਸਰਕਾਰੀ ਕਾਗਜ਼ਾਂ ਵਿੱਚ "ਗੈਰ-ਘਾਤਕ" ਕਿਹਾ ਜਾਂਦਾ ਹੈ, ਉਸ ਦੇ ਨਿਸ਼ਾਨ 19 ਸਾਲਾ ਵਿਦਿਆਰਥੀਆਂ, ਨੌਜਵਾਨਾਂ ਅਤੇ ਪੱਤਰਕਾਰਾਂ ਦੇ ਚਿਹਰਿਆਂ ਅਤੇ ਸਰੀਰਾਂ 'ਤੇ ਬਣੇ ਡੂੰਘੇ ਛੇਕਾਂ ਦੇ ਰੂਪ ਵਿੱਚ ਸਾਫ਼ ਦਿਖਾਈ ਦੇ ਰਹੇ ਹਨ ਕਿ ਇਹ ਅਤਿਅੰਤ ਘਾਤਕ ਹਥਿਆਰ ਹਨ

ਯਾਦ ਰਹੇ ਕਿ ਮਾਨਸੂਨ ਸੈਸ਼ਨ ਦੌਰਾਨ 20 ਜੁਲਾਈ ਦੀ ਦੁਪਹਿਰ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਨੌਜਵਾਨ ਅਤੇ ਵਿਦਿਆਰਥੀ ਸੰਸਦ ਵੱਲ ਮਾਰਚ ਕਰਨ ਲਈ ਇਕੱਠੇ ਹੋਏ ਸਨ। ਅੰਦੋਲਨਕਾਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਦੇ ਅਸਤੀਫ਼ੇ ਅਤੇ ਪ੍ਰੀਖਿਆ ਪ੍ਰਣਾਲੀ ਵਿੱਚ ਸੁਧਾਰ ਦੀ ਮੰਗ ਕਰ ਰਹੇ ਸਨ। ਜਦੋਂ ਪ੍ਰਦਰਸ਼ਨਕਾਰੀਆਂ ਨੇ ਬੈਰੀਕੇਡ ਤੋੜ ਕੇ ਨਵੇਂ ਸੰਸਦ ਭਵਨ ਵੱਲ ਵਧਣ ਦੀ ਕੋਸ਼ਿਸ਼ ਕੀਤੀ ਸੀ, ਤਾਂ ਕੇਂਦਰੀ ਉਦਯੋਗਿਕ ਸੁਰੱਖਿਆ ਬਲ ਅਤੇ ਦਿੱਲੀ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਪੈਲੇਟ ਗੰਨ, ਲਾਠੀਚਾਰਜ, ਅੱਥਰੂ ਗੈਸ ਦੇ ਗੋਲੇ ਦੀ ਵਰਤੋਂ ਕੀਤੀ ਸੀ।

ਸ਼ੁਰੂਆਤ ਵਿੱਚ ਦਿੱਲੀ ਪੁਲਿਸ ਨੇ ਪੈਲੇਟ ਗੰਨ ਦੇ ਇਸਤੇਮਾਲ ਤੋਂ ਸਾਫ਼ ਇਨਕਾਰ ਕਰਦਿਆਂ ਇਨ੍ਹਾਂ ਖ਼ਬਰਾਂ ਨੂੰ ਝੂਠਾ ਦੱਸਿਆ ਸੀ। ਪਰ ਜਦੋਂ ਦਿੱਲੀ ਯੂਨੀਵਰਸਿਟੀ ਦੇ 19 ਸਾਲਾ ਸਾਹਿਲ ਲੋਚਾਬ, ਸ਼ੇਖ਼ ਇਰਸ਼ਾਦ ਮਨਸੂਰੀ ਅਤੇ 28 ਸਾਲਾ ਪੱਤਰਕਾਰ ਮੋਹਿਤ ਦੇ ਮੈਡੀਕਲ-ਲੀਗਲ ਰਿਪੋਰਟਾਂ ਅਤੇ ਐਕਸ-ਰੇ ਸਾਹਮਣੇ ਆਏ ਸਨ, ਤਾਂ ਪੁਲਿਸ ਦੇ ਦਾਅਵਿਆਂ ਦੀ ਪੋਲ ਖੁੱਲ੍ਹ ਗਈ।



ਪ੍ਰਦਰਸ਼ਨਕਾਰੀਆਂ ਦੇ ਸਰੀਰਾਂ ਵਿਚ 20 ਤੋਂ 40 ਤੋਂ ਵੱਧ ਧਾਤੂ ਦੇ ਕਣ ਫਸੇ ਮਿਲੇ। 19 ਸਾਲਾ ਸਾਹਿਲ ਲੋਚਾਬ ਦੀ ਇੱਕ ਅੱਖ ਦੀ ਰੌਸ਼ਨੀ ਪੈਲੇਟ ਲੱਗਣ ਕਾਰਨ ਗੁਆਚਣ ਦੇ ਖ਼ਤਰੇ ਹੇਠ ਹੈ। ਬੈਲਿਸਟਿਕ ਅਤੇ ਫੋਰੈਂਸਿਕ ਮਾਹਿਰਾਂ ਨੇ ਬੀਬੀਸੀ ਅਤੇ ਹੋਰ ਅੰਤਰਰਾਸ਼ਟਰੀ ਏਜੰਸੀਆਂ ਨੂੰ ਦਿੱਤੇ ਬਿਆਨਾਂ ਵਿੱਚ ਪੁਸ਼ਟੀ ਕੀਤੀ ਹੈ ਕਿ ਜ਼ਖ਼ਮੀਆਂ ਦੇ ਸਰੀਰ 'ਤੇ ਬਣੇ ਨਿਸ਼ਾਨ 12-ਗੇਜ ਪੰਪ-ਐਕਸ਼ਨ ਸ਼ਾਟਗਨ ਨਾਲ ਫਾਇਰ ਕੀਤੇ ਗਏ 'ਬਰਡਸ਼ਾਟ' ਕਾਰਤੂਸਾਂ ਦੇ ਹਨ।

ਬਰਡਸ਼ਾਟ ਕਾਰਤੂਸਾਂ ਵਿੱਚ 200 ਤੋਂ 400 ਤੱਕ ਛੋਟੇ ਸੀਸੇ ਜਾਂ ਧਾਤ ਦੇ ਛਰੇ ਹੁੰਦੇ ਹਨ, ਜੋ ਚੱਲਣ ਤੋਂ ਬਾਅਦ ਹਵਾ ਵਿੱਚ ਵਿਆਪਕ ਤੌਰ 'ਤੇ ਫੈਲ ਜਾਂਦੇ ਹਨ। ਇਹ ਹਥਿਆਰ ਇਹ ਨਹੀਂ ਦੇਖਦਾ ਕਿ ਸਾਹਮਣੇ ਹਿੰਸਕ ਹੈ, ਸ਼ਾਂਤਮਈ ਪ੍ਰਦਰਸ਼ਨਕਾਰੀ ਹੈ ਜਾਂ ਕੋਈ ਆਮ ਰਾਹਗੀਰ।

ਬ੍ਰਿਟੇਨ ਦੇ ਆਰਮਾਮੈਂਟ ਰਿਸਰਚ ਸਰਵਿਸ ਦੇ ਮਾਹਿਰਾਂ ਅਨੁਸਾਰ, ਇਹ ਛਰੇ ਸਰੀਰ ਦੇ ਅੰਦਰੂਨੀ ਅੰਗਾਂ ਵਿੱਚ ਡੂੰਘੇ ਧੱਸ ਜਾਂਦੇ ਹਨ। ਇਹ ਸਰੀਰ ਵਿੱਚ ਜ਼ਹਿਰੀਲਾ ਸੀਸਾ ਛੱਡਦੇ ਹਨ, ਜਿਨ੍ਹਾਂ ਨੂੰ ਸਰਜਰੀ ਨਾਲ ਕੱਢਣਾ ਬਹੁਤ ਜੋਖ਼ਮ ਭਰਿਆ ਹੁੰਦਾ ਹੈ। ਬ੍ਰਿਟੇਨ ਵਰਗੇ ਦੇਸ਼ਾਂ ਵਿੱਚ ਇਨ੍ਹਾਂ ਦੀ ਵਰਤੋਂ ਸਿਰਫ਼ ਪੰਛੀਆਂ ਦੇ ਸ਼ਿਕਾਰ ਲਈ ਹੁੰਦੀ ਹੈ; ਭੀੜ ਨਿਯੰਤਰਣ ਲਈ ਇਨ੍ਹਾਂ ਦੀ ਵਰਤੋਂ ਪੂਰੀ ਤਰ੍ਹਾਂ ਅਸੰਵਿਧਾਨਕ ਅਤੇ ਖ਼ਤਰਨਾਕ ਮੰਨੀ ਜਾਂਦੀ ਹੈ।

## ਨਾਗਰਿਕ ਅਧਿਕਾਰਾਂ ਦੀ ਬਲੀ 'ਤੇ ਕਾਨੂੰਨ-ਵਿਵਸਥਾ ?

ਕਸ਼ਮੀਰ ਤੋਂ ਸ਼ੁਰੂ ਹੋਇਆ ਪੈਲੇਟ ਗੰਨਾਂ ਦਾ ਖ਼ੌਫ਼ ਹੁਣ ਦੇਸ਼ ਦੇ ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਤੱਕ ਪਹੁੰਚਣਾ ਲੋਕਤੰਤਰ ਲਈ ਇੱਕ ਗੰਭੀਰ ਚੇਤਾਵਨੀ ਹੈ। ਸੁਰੱਖਿਆ ਬਲਾਂ ਦਾ ਮੂਲ ਮੰਤਰ "ਸੰਵੇਦਨਸ਼ੀਲ ਪੁਲਿਸਿੰਗ" ਹੈ, ਪਰ ਨਿਹੱਥੇ ਨੌਜਵਾਨਾਂ 'ਤੇ ਅਜਿਹੇ ਘਾਤਕ ਹਥਿਆਰਾਂ ਦੀ ਵਰਤੋਂ ਜਮਹੂਰੀਅਤ ਦੀ ਆਤਮਾ ਨੂੰ ਛਲਣ ਕਰਦੀ ਹੈ। ਜੇਕਰ ਅੰਦੋਲਨਾਂ ਨੂੰ ਕੁਚਲਣ ਲਈ ਰਾਜ ਵੱਲੋਂ ਬੇਲਗਾਮ ਤਾਕਤ ਦਾ ਇਸਤੇਮਾਲ ਇਸੇ ਤਰ੍ਹਾਂ ਹੁੰਦਾ ਰਿਹਾ, ਤਾਂ ਨਾਗਰਿਕਾਂ ਦਾ ਅਦਾਲਤਾਂ ਅਤੇ ਸੰਵਿਧਾਨਕ ਵਿਵਸਥਾ ਤੋਂ ਭਰੋਸਾ ਉੱਠ ਜਾਵੇਗਾ। ਅਜਿਹੇ ਹਥਿਆਰਾਂ ਦੀ ਵਰਤੋਂ 'ਤੇ ਤੁਰੰਤ ਸਖ਼ਤ ਅਤੇ ਪਾਰਦਰਸ਼ੀ ਦਿਸ਼ਾ-ਨਿਰਦੇਸ਼ ਤੈਅ ਹੋਣੇ ਸਮੇਂ ਦੀ ਮੁੱਖ ਲੋੜ ਹੈ।

# ਅਦਾਲਤ ਦਾ ਫੈਸਲਾ ਕੀ ਜਮਹੂਰੀਅਤ 'ਤੇ ਮੰਡਰਾਉਂਦਾ ਖ਼ਤਰਾ ਹੈ ?

ਦਿੱਲੀ ਵਿੱਚ ਪੈਲੇਟ ਗੰਨ ਦੇ ਇਸਤੇਮਾਲ ਤੋਂ ਬਾਅਦ ਦੇਸ਼ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਪੀੜਤ ਵਿਦਿਆਰਥੀਆਂ ਨੂੰ ਪ੍ਰੈੱਸ ਕਾਨਫ਼ਰੰਸ ਵਿੱਚ ਨਾਲ ਬਿਠਾ ਕੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਮੰਗ ਕੀਤੀ ਸੀ। ਚਾਰੇ ਪਾਸਿਓਂ ਹੋ ਰਹੀ ਚੌਤਰਫ਼ਾ ਆਲੋਚਨਾ ਅਤੇ ਨੌਜਵਾਨਾਂ ਦੇ ਪ੍ਰਦਰਸ਼ਨਾਂ ਦੇ ਦਬਾਅ ਅੱਗੇ ਝੁਕਦਿਆਂ 25 ਜੁਲਾਈ ਨੂੰ ਕੇਂਦਰੀ ਸਿੱਖਿਆ ਮੰਤਰੀ ਧਰਮੇਂਦਰ ਪ੍ਰਧਾਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।

ਸਾਬਕਾ ਸੀਆਈਸੀ ਯਸ਼ੋਵਰਧਨ ਆਜ਼ਾਦ ਅਤੇ ਪੀੜਤਾਂ ਵੱਲੋਂ ਦਾਇਰ ਜਨਹਿਤ ਜਾਚਿਕਾ 'ਤੇ ਸੁਣਵਾਈ ਕਰਦਿਆਂ ਚੀਫ਼ ਜਸਟਿਸ ਦੀ ਅਗਵਾਈ ਵਾਲੇ ਸੁਪਰੀਮ ਕੋਰਟ ਦੇ ਬੈਂਚ ਨੇ ਪੈਲੇਟ ਗੰਨ 'ਤੇ ਮੁਕੰਮਲ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ। ਅਦਾਲਤ ਨੇ ਕਿਹਾ ਕਿ ਪੁਲਿਸ ਨੇਮਾਵਲੀ ਅਨੁਸਾਰ ਅਸਧਾਰਨ ਸਥਿਤੀਆਂ ਵਿੱਚ ਇਹ ਪੜਾਅਵਾਰ ਪ੍ਰਕਿਰਿਆ ਦਾ ਹਿੱਸਾ ਹੈ। ਹਾਲਾਂਕਿ, ਅਦਾਲਤ ਨੇ ਕੇਂਦਰ ਸਰਕਾਰ ਨੂੰ 20 ਜੁਲਾਈ ਨੂੰ ਜੰਤਰ-ਮੰਤਰ 'ਤੇ ਤਾਇਨਾਤ ਆਰਏਐਫ ਦੇ ਅਸਲੇ ਅਤੇ ਲੌਗ-ਬੁੱਕ ਦਾ ਰਿਕਾਰਡ ਸੁਰੱਖਿਅਤ ਰੱਖਣ ਦੇ ਹੁਕਮ ਦਿੱਤੇ ਹਨ ਅਤੇ ਜ਼ਖ਼ਮੀਆਂ ਦੇ ਮੁਫ਼ਤ ਇਲਾਜ ਦਾ ਨਿਰਦੇਸ਼ ਦਿੱਤਾ ਹੈ।

ਸੁਪਰੀਮ ਕੋਰਟ ਦੇ ਇਸ ਰੁਖ਼ ਨੂੰ ਜਮਹੂਰੀਅਤ ਅਤੇ ਨਾਗਰਿਕ ਅਧਿਕਾਰਾਂ ਦੇ ਨਜ਼ਰੀਏ ਤੋਂ ਇੱਕ ਬਹੁਤ ਹੀ ਵਿਵਾਦਪੂਰਨ ਅਤੇ ਚਿੰਤਾਜਨਕ ਫੈਸਲਾ ਮੰਨਿਆ ਜਾ ਰਿਹਾ ਹੈ। ਅਦਾਲਤ ਵੱਲੋਂ ਪੈਲੇਟ ਗੰਨ 'ਤੇ ਪੂਰਨ ਪਾਬੰਦੀ ਲਗਾਉਣ ਤੋਂ ਇਨਕਾਰ ਕਰਨ ਕਾਰਨ ਕਾਨੂੰਨੀ ਅਤੇ ਰਾਜਨੀਤਿਕ ਹਲਕਿਆਂ ਵਿੱਚ ਇਹ ਸਵਾਲ ਉੱਠ ਰਹੇ ਹਨ ਕਿ ਕੀ ਇਹ ਫੈਸਲਾ ਲੋਕਤੰਤਰ ਦੇ ਖ਼ਿਲਾਫ਼ ਜਾਂ ਸਰਕਾਰੀ ਤਾਕਤ ਨੂੰ ਹੋਰ ਵਾਧਾ ਦੇਣ ਵਾਲਾ ਹੈ। ਸੰਵਿਧਾਨ ਦੀ ਧਾਰਾ 21 ਹਰੇਕ ਨਾਗਰਿਕ ਨੂੰ ਜੀਵਨ ਅਤੇ ਸਰੀਰਕ ਸੁਰੱਖਿਆ ਦਾ ਅਧਿਕਾਰ ਦਿੰਦੀ ਹੈ। ਸੁਪਰੀਮ ਕੋਰਟ ਨੇ ਇਹ ਕਹਿ ਕੇ ਪਾਬੰਦੀ ਤੋਂ ਇਨਕਾਰ ਕਰ ਦਿੱਤਾ ਕਿ ਪਟੀਸ਼ਨਰਾਂ ਨੂੰ ਪੁਲਿਸ ਨਿਯਮਾਂ ਨੂੰ ਚੁਣੌਤੀ ਦੇਣੀ ਪਵੇਗੀ। ਆਲੋਚਕਾਂ ਦਾ ਮੰਨਣਾ ਹੈ ਕਿ ਜਦੋਂ ਨਿਹੱਥੇ ਵਿਦਿਆਰਥੀਆਂ ਦੀਆਂ ਅੱਖਾਂ ਦੀ ਰੌਸ਼ਨੀ ਜਾ ਰਹੀ ਹੋਵੇ, ਤਾਂ ਅਦਾਲਤ ਨੂੰ ਤਕਨੀਕੀ ਨਿਯਮਾਂ ਵਿੱਚ ਉਲਝਣ ਦੀ ਬਜਾਏ ਨਾਗਰਿਕਾਂ ਦੇ ਮੌਲਿਕ ਅਧਿਕਾਰਾਂ ਦੀ ਰਾਖੀ ਲਈ ਤੁਰੰਤ ਸਖ਼ਤ ਕਦਮ ਚੁੱਕਣਾ ਚਾਹੀਦਾ ਸੀ।

ਅਦਾਲਤ ਨੇ ਕਿਹਾ ਕਿ ਪੈਲੇਟ ਗੰਨ ਦੀ ਵਰਤੋਂ "ਅਸਧਾਰਨ ਹਾਲਾਤ" ਵਿੱਚ ਪੜਾਅਵਾਰ ਪ੍ਰਕਿਰਿਆ ਦਾ ਹਿੱਸਾ ਹੈ। ਪਰ ਮਨੁੱਖੀ ਅਧਿਕਾਰ ਸੰਗਠਨਾਂ ਦਾ ਮੰਨਣਾ ਹੈ ਕਿ 'ਅਸਧਾਰਨ ਹਾਲਾਤ' ਦੀ ਕੋਈ ਸਪੱਸ਼ਟ ਪਰਿਭਾਸ਼ਾ ਤੈਅ ਨਹੀਂ ਕੀਤੀ ਗਈ। ਇਸ ਨਾਲ ਸੁਰੱਖਿਆ ਬਲਾਂ ਨੂੰ ਸ਼ਾਂਤਮਈ ਵਿਰੋਧ ਪ੍ਰਦਰਸ਼ਨਾਂ 'ਤੇ ਵੀ ਅੰਧਾਧੁੰਦ ਬਲ ਪ੍ਰਯੋਗ ਕਰਨ ਅਤੇ ਇਸ ਨੂੰ "ਅਸਧਾਰਨ ਸਥਿਤੀ" ਕਰਾਰ ਦੇ ਕੇ ਬਚਣ ਦਾ ਬਹਾਨਾ ਮਿਲ ਜਾਂਦਾ ਹੈ। ਜਦੋਂ ਅਦਾਲਤਾਂ ਅਜਿਹੇ ਘਾਤਕ ਹਥਿਆਰਾਂ ਦੀ ਵਰਤੋਂ ਨੂੰ ਪੂਰੀ ਤਰ੍ਹਾਂ ਖ਼ਾਰਜ ਨਹੀਂ ਕਰਦੀਆਂ, ਤਾਂ ਇਸ ਨਾਲ ਆਮ ਨਾਗਰਿਕਾਂ ਅਤੇ ਵਿਦਿਆਰਥੀਆਂ ਵਿੱਚ ਡਰ ਦਾ ਮਾਹੌਲ ਬਣਦਾ ਹੈ, ਜੋ ਉਨ੍ਹਾਂ ਨੂੰ ਆਪਣੇ ਹੱਕਾਂ ਲਈ ਸੜਕਾਂ 'ਤੇ ਆਉਣ ਤੋਂ ਰੋਕਦਾ ਹੈ।

ਆਲੋਚਕਾਂ ਅਤੇ ਮਾਨਵ-ਅਧਿਕਾਰ ਮਾਹਿਰਾਂ ਦਾ ਦਾਅਵਾ ਹੈ ਕਿ ਪੈਲੇਟ ਗੰਨ ਨੂੰ ਬੈਨ ਨਾ ਕਰਕੇ ਅਦਾਲਤ ਨੇ ਇੱਕ ਤਰ੍ਹਾਂ ਨਾਲ ਸਰਕਾਰ ਅਤੇ ਪੁਲਿਸ ਪ੍ਰਸ਼ਾਸਨ ਦੇ ਹਿੰਸਕ ਰੁਖ਼ ਨੂੰ ਹਰੀ ਝੰਡੀ ਦੇ ਦਿੱਤੀ ਹੈ। ਬੈਲਿਸਟਿਕ ਮਾਹਰਾਂ ਅਨੁਸਾਰ 'ਬਰਡਸ਼ਾਟ' ਛਰਰੇ ਬੇਤਰਤੀਬੇ ਫੈਲਦੇ ਹਨ, ਇਸ ਲਈ ਇਨ੍ਹਾਂ ਦੀ ਵਰਤੋਂ ਨੂੰ ਜਾਇਜ਼ ਠਹਿਰਾਉਣਾ ਨਾਗਰਿਕ ਸੁਰੱਖਿਆ ਦੇ ਖ਼ਿਲਾਫ਼ ਹੈ।

# ਜਿਨਸੀ ਸ਼ੋਸ਼ਣ ਮਾਮਲੇ ਵਿਚ ਬ੍ਰਿਜ ਭੂਸ਼ਣ ਸ਼ਰਨ ਸਿੰਘ ਤੇ ਵਿਨੋਦ ਤੋਮਰ ਬਾਇਜ਼ੱਤ ਬਰੀ

## ✪ ਬ੍ਰਿਜ ਭੂਸ਼ਣ ਨੂੰ ਬਰੀ ਕਰਨ ਵਿਰੁੱਧ ਹਾਈ ਕੋਰਟ ਜਾਵੇਗੀ ਵਿਨੇਸ਼ ਫੋਗਾਟ; ਕਿਹਾ- 'ਲੜਾਈ ਅਜੇ ਖ਼ਤਮ ਨਹੀਂ ਹੋਈ

## ✪ 'ਸੱਤਾ ਦੇ ਦਮ 'ਤੇ ਕੁੜੀਆਂ ਨੂੰ ਡਰਾਇਆ ਗਿਆ': ਅਦਾਲਤੀ ਫ਼ੈਸਲੇ 'ਤੇ ਵਿਨੇਸ਼ ਫੋਗਾਟ ਦਾ ਵੱਡਾ ਬਿਆਨ

## ✪ 'ਬੇਟੀ ਬਚਾਓ' ਨਾਅਰੇ 'ਤੇ ਘਿਰੀ ਮੋਦੀ ਸਰਕਾਰ: ਵਿਰੋਧੀ ਧਿਰਾਂ ਅਤੇ ਖਿਡਾਰੀਆਂ ਵੱਲੋਂ ਨਿਆਂ ਨਾ ਮਿਲਣ ਦੇ ਦੋਸ਼

ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਵੱਲੋਂ ਭਾਰਤੀ ਕੁਸ਼ਤੀ ਮਹਾਸੰਘ ਦੇ ਸਾਬਕਾ ਪ੍ਰਧਾਨ ਅਤੇ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਨਾਲ-ਨਾਲ ਸੰਸਥਾ ਦੇ ਸਾਬਕਾ ਸਕੱਤਰ ਵਿਨੋਦ ਤੋਮਰ ਨੂੰ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਬਾਇਜ਼ੱਤ ਬਰੀ ਕਰਨ ਦੇ ਫ਼ੈਸਲੇ ਨੇ ਦੇਸ਼ ਦੀ ਸਮੁੱਚੀ ਕਾਨੂੰਨੀ, ਅਦਾਲਤੀ ਅਤੇ ਪ੍ਰਸ਼ਾਸਨਿਕ ਪ੍ਰਣਾਲੀ ਦੀ ਕਾਰਜਪ੍ਰਣਾਲੀ 'ਤੇ ਇੱਕ ਗੰਭੀਰ ਪ੍ਰਸ਼ਨਚਿੰਨ੍ਹ ਲਗਾ ਦਿੱਤਾ ਹੈ। ਇਹ ਉਹੀ ਮਹਿਲਾ ਖਿਡਾਰੀਆਂ ਹਨ, ਜਿਨ੍ਹਾਂ ਨੇ ਅੰਤਰਰਾਸ਼ਟਰੀ ਖੇਡ ਮੰਚਾਂ, ਓਲੰਪਿਕਸ ਅਤੇ ਰਾਸ਼ਟਰਮੰਡਲ ਖੇਡਾਂ ਵਿੱਚ ਦੇਸ਼ ਦਾ ਨਾਂ ਰੋਸ਼ਨ ਕਰਦਿਆਂ ਤਿਰੰਗਾ ਲਹਿਰਾਇਆ ਸੀ। ਹਾਲਾਂਕਿ, ਜਦੋਂ ਉਨ੍ਹਾਂ ਨੇ ਆਪਣੇ ਨਾਲ ਹੋਏ ਸਰੀਰਕ ਅਤੇ ਮਾਨਸਿਕ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕੀਤੀ, ਤਾਂ ਉਨ੍ਹਾਂ ਨੂੰ ਇੱਕ ਸਾਧਾਰਨ ਐੱਫ.ਆਈ.ਆਰ. ਦਰਜ ਕਰਵਾਉਣ ਲਈ ਵੀ ਦੇਸ਼ ਦੀ ਰਾਜਧਾਨੀ ਦੀਆਂ ਸੜਕਾਂ 'ਤੇ ਮਹੀਨਿਆਂ ਬੱਧੀ ਧਰਨੇ ਦੇਣੇ ਪਏ ਅਤੇ ਅੰਤ ਵਿੱਚ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ ਸੀ। ਅਦਾਲਤ ਦੇ ਇਸ ਤਾਜ਼ਾ ਫ਼ੈਸਲੇ ਤੋਂ ਬਾਅਦ ਜਿੱਥੇ ਆਰੋਪੀ ਪੱਖ ਅਤੇ ਉਨ੍ਹਾਂ ਦੇ ਸਮਰਥਕ ਖੁਸ਼ੀ ਦਾ ਪ੍ਰਗਟਾਵਾ ਕਰ ਰਹੇ ਹਨ, ਉੱਥੇ ਹੀ ਲੰਬੇ ਸਮੇਂ ਤੋਂ ਨਿਆਂ ਦੀ ਆਸ ਲਗਾਈ ਬੈਠੀਆਂ ਮਹਿਲਾ ਖਿਡਾਰੀਆਂ ਅਤੇ ਦੇਸ਼ ਦੇ ਸੁਚੇਤ ਨਾਗਰਿਕਾਂ ਲਈ ਇਹ ਇੱਕ ਵੱਡਾ ਮਾਨਸਿਕ ਅਤੇ ਨੈਤਿਕ ਝਟਕਾ ਹੈ।

ਜਨਵਰੀ 2023 ਵਿੱਚ ਜਦੋਂ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਵਰਗੇ ਵਿਸ਼ਵ ਪੱਧਰੀ ਪਹਿਲਵਾਨਾਂ ਨੇ ਦਿੱਲੀ ਦੇ ਜੰਤਰ-ਮੰਤਰ 'ਤੇ ਇਤਿਹਾਸਕ ਪ੍ਰਦਰਸ਼ਨ ਸ਼ੁਰੂ ਕੀਤਾ, ਤਾਂ ਕਨਾਟ ਪਲੇਸ ਥਾਣੇ ਦੀ ਪੁਲਿਸ ਨੇ ਲਿਖਤੀ ਸ਼ਿਕਾਇਤਾਂ ਮਿਲਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਸੀ। ਅਪ੍ਰੈਲ 2023 ਵਿੱਚ ਜਦੋਂ ਮਹਿਲਾ ਪਹਿਲਵਾਨਾਂ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਸੀ, ਤਾਂ ਹੀ ਅਦਾਲਤੀ ਦਬਾਅ ਹੇਠ ਦਿੱਲੀ ਪੁਲਿਸ ਐੱਫ.ਆਈ.ਆਰ. ਦਰਜ ਕਰਨ ਲਈ ਰਾਜ਼ੀ ਹੋਈ ਸੀ। ਮਈ 2024 ਵਿੱਚ ਰਾਊਜ਼ ਐਵੇਨਿਊ ਅਦਾਲਤ ਨੇ ਬ੍ਰਿਜ ਭੂਸ਼ਣ ਵਿਰੁੱਧ ਭਾਰਤੀ ਦੰਡ ਸੰਹਿਤਾ ਦੀਆਂ ਧਾਰਾਵਾਂ 354 (ਮਹਿਲਾ ਦੀ ਲਾਜ ਭੰਗ ਕਰਨਾ) ਅਤੇ 354ਏ (ਜਿਨਸੀ ਸ਼ੋਸ਼ਣ) ਤਹਿਤ 'ਚਾਰਜ ਲਗਾਏ ਸਨ। ਪ੍ਰੰਤੂ, ਇਸ ਪੂਰੀ ਜਾਂਚ ਦੌਰਾਨ ਜਾਂਚ ਏਜੰਸੀ (ਦਿੱਲੀ ਪੁਲਿਸ) ਨੇ ਬ੍ਰਿਜ ਭੂਸ਼ਣ ਨੂੰ ਇੱਕ ਦਿਨ ਲਈ ਵੀ ਗ੍ਰਿਫ਼ਤਾਰ ਨਹੀਂ ਕੀਤਾ। ਇੰਨਾ ਹੀ ਨਹੀਂ, ਜਦੋਂ ਅਗਸਤ 2023 ਵਿੱਚ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਅਦਾਲਤ ਵਿੱਚ ਆਈ, ਤਾਂ ਸਰਕਾਰੀ ਪੱਖ ਨੇ ਉਸ ਦਾ ਕੋਈ ਵਿਰੋਧ ਵੀ ਨਹੀਂ ਸੀ ਕੀਤਾ, ਜੋ ਕਿ ਜਾਂਚ ਏਜੰਸੀ ਦੀ ਨੀਅਤ 'ਤੇ ਸਿੱਧਾ ਸਵਾਲ ਖੜ੍ਹਾ ਕਰਦਾ ਸੀ।

ਸ਼ੁਰੂਆਤ ਵਿੱਚ ਛੇ ਮਹਿਲਾ ਪਹਿਲਵਾਨਾਂ ਨੇ ਦੋਸ਼ ਲਗਾਏ ਸਨ, ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਸ਼ਿਕਾਇਤਕਰਤਾ ਵੀ ਸ਼ਾਮਲ ਸੀ। ਪਰ ਸਮੇਂ ਦੇ ਨਾਲ-ਨਾਲ ਸਰਕਾਰੀ ਅਤੇ ਰਾਜਨੀਤਿਕ ਦਬਾਅ ਕਾਰਨ ਨਾਬਾਲਗ ਦੇ ਬਿਆਨ ਬਦਲਵਾਏ ਗਏ ਅਤੇ ਉਸ ਦੇ ਕੇਸ ਨੂੰ ਰੱਦ (ਡਿਸਚਾਰਜ) ਕਰ ਦਿੱਤਾ ਗਿਆ ਸੀ। ਵਿਨੇਸ਼ ਫੋਗਾਟ ਦੇ ਬਿਆਨਾਂ ਮੁਤਾਬਕ, ਬ੍ਰਿਜ ਭੂਸ਼ਣ ਨੇ ਆਪਣੇ ਸਿਆਸੀ ਬਾਹੂਬਲ, ਰਸੂਖ਼ ਅਤੇ ਪਾਵਰ ਦੇ ਦਮ 'ਤੇ ਕਈ ਲੜਕੀਆਂ ਨੂੰ ਡਰਾ-ਧਮਕਾ ਕੇ ਸ਼ਿਕਾਇਤਾਂ ਵਾਪਸ ਲੈਣ ਲਈ ਮਜਬੂਰ ਕੀਤਾ ਸੀ। ਅਦਾਲਤਾਂ ਨਿਯਮਾਂ ਅਤੇ ਪੇਸ਼ ਕੀਤੇ ਗਏ ਸਬੂਤਾਂ ਦੇ ਆਧਾਰ 'ਤੇ ਫ਼ੈਸਲਾ ਲੈਂਦੀਆਂ ਹਨ, ਅਤੇ ਜਦੋਂ ਜਾਂਚ ਏਜੰਸੀ ਹੀ ਸਬੂਤ ਇਕੱਠੇ ਕਰਨ ਅਤੇ ਪੀੜਤਾਂ ਨੂੰ ਸੁਰੱਖਿਆ ਦੇਣ ਵਿੱਚ ਅਸਫ਼ਲ ਰਹੇ, ਤਾਂ ਅਜਿਹੇ ਨਤੀਜੇ ਨਿਕਲਣਾ ਸੁਭਾਵਿਕ ਹੋ ਜਾਂਦਾ ਹੈ।

ਅਦਾਲਤ ਵੱਲੋਂ 'ਬਾਇਜ਼ੱਤ ਬਰੀ' ਕੀਤੇ ਜਾਣ ਤੋਂ ਤੁਰੰਤ ਬਾਅਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਨੇ ਹੰਕਾਰ ਭਰਿਆ ਬਿਆਨ ਦਿੰਦਿਆਂ ਕਿਹਾ, "ਅਦਾਲਤ ਨੇ ਕਿਹਾ ਕਿ "ਮੈਂ ਤਾਂ ਪਹਿਲੇ ਹੀ ਦਿਨ ਕਿਹਾ ਸੀ ਕਿ ਜੇ ਮੇਰੇ ਖ਼ਿਲਾਫ਼ ਕੋਈ ਵੀ ਇਲਜ਼ਾਮ ਸਾਬਿਤ ਹੁੰਦਾ ਹੈ ਜਾਂ ਅਦਾਲਤ ਦਾ ਫ਼ੈਸਲਾ ਖ਼ਿਲਾਫ਼ ਆਉਂਦਾ ਹੈ, ਤਾਂ ਮੈਂ ਖ਼ੁਦ ਫਾਂਸੀ 'ਤੇ ਲਟਕ ਜਾਵਾਂਗਾ। ਅੱਜ ਅਦਾਲਤ ਦੇ ਇਸ ਫ਼ੈਸਲੇ ਨਾਲ ਮੇਰੀ ਗੱਲ ਸੱਚੀ ਸਾਬਿਤ ਹੋਈ ਹੈ। ਇਹ ਮੇਰੇ ਅਤੇ ਮੇਰੇ ਸਮਰਥਕਾਂ ਲਈ ਖ਼ੁਸ਼ੀ ਦਾ ਦਿਨ ਹੈ।" ਇਹ ਬਿਆਨ ਦਰਸਾਉਂਦਾ ਹੈ ਕਿ ਕਿਵੇਂ ਸੱਤਾਧਾਰੀ ਧਿਰ ਦੇ ਸ਼ਕਤੀਸ਼ਾਲੀ ਆਗੂ ਸਿਸਟਮ ਦੀਆਂ ਕਮਜ਼ੋਰੀਆਂ ਦਾ ਲਾਭ ਉਠਾ ਕੇ ਆਤਮ-ਵਿਸ਼ਵਾਸ ਨਾਲ ਬਾਹਰ ਆ ਜਾਂਦੇ ਹਨ।

## ਮੋਦੀ ਸਰਕਾਰ ਦੀ ਨਾਕਾਮੀ, ਨੈਤਿਕ ਜਵਾਬਦੇਹੀ ਅਤੇ 'ਬੇਟੀ ਬਚਾਓ' ਦਾ ਬਦਲਦਾ ਅਕਸ

ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਜਨਵਰੀ 2015 ਵਿੱਚ ਹਰਿਆਣਾ ਦੇ ਪਾਨੀਪਤ ਦੀ ਇਤਿਹਾਸਕ ਧਰਤੀ ਤੋਂ "ਬੇਟੀ ਬਚਾਓ, ਬੇਟੀ ਪੜ੍ਹਾਓ" ਅੰਦੋਲਨ ਦੀ ਸ਼ੁਰੂਆਤ ਕੀਤੀ ਸੀ। ਇਸ ਯੋਜਨਾ ਦਾ ਮੁੱਖ ਉਦੇਸ਼ ਦੇਸ਼ ਵਿੱਚ ਧੀਆਂ ਦੇ ਅਧਿਕਾਰਾਂ ਦੀ ਰਾਖੀ ਕਰਨਾ, ਕੰਨਿਆ ਭਰੂਣ ਹੱਤਿਆ ਨੂੰ ਰੋਕਣਾ ਅਤੇ ਔਰਤਾਂ ਨੂੰ ਸਮਾਜ ਵਿੱਚ ਬਰਾਬਰੀ ਦਾ ਦਰਜਾ ਦੇਣਾ ਸੀ। ਪ੍ਰੰਤੂ, ਪਹਿਲਵਾਨਾਂ ਦੇ ਇਸ ਪੂਰੇ ਘਟਨਾਕ੍ਰਮ ਨੇ ਸਰਕਾਰ ਦੀਆਂ ਨੀਤੀਆਂ, ਨੀਅਤ ਅਤੇ ਨੈਤਿਕਤਾ ਦੇ ਨਕਾਬ ਨੂੰ ਉਤਾਰ ਕੇ ਰੱਖ ਦਿੱਤਾ ਹੈ।

ਜਦੋਂ ਦੇਸ਼ ਦਾ ਨਾਂ ਰੋਸ਼ਨ ਕਰਨ ਵਾਲੀਆਂ ਧੀਆਂ ਦਿੱਲੀ ਦੀਆਂ ਲਿੰਕ ਸੜਕਾਂ 'ਤੇ ਫੁੱਟ-ਫੁੱਟ ਕੇ ਰੋ ਰਹੀਆਂ ਸਨ ਅਤੇ ਆਪਣੇ ਸਰੀਰਕ ਸ਼ੋਸ਼ਣ ਵਿਰੁੱਧ ਇਨਸਾਫ਼ ਦੀ ਗੁਹਾਰ ਲਗਾ ਰਹੀਆਂ ਸਨ, ਉਸ ਸਮੇਂ ਕੇਂਦਰ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਪੂਰੀ ਤਰ੍ਹਾਂ ਖਾਮੋਸ਼ ਰਹੀ। ਸਰਕਾਰ 'ਤੇ ਸਿੱਧਾ ਦੋਸ਼ ਲੱਗਿਆ ਕਿ ਉਹ ਆਪਣੀ ਹੀ ਪਾਰਟੀ ਦੇ ਇੱਕ ਪ੍ਰਭਾਵਸ਼ਾਲੀ ਅਤੇ 'ਬਾਹੂਬਲੀ' ਨੇਤਾ ਨੂੰ ਬਚਾਉਣ ਲਈ ਆਪਣੇ ਪੂਰੇ ਪ੍ਰਸ਼ਾਸਨਿਕ ਤੰਤਰ ਦੀ ਵਰਤੋਂ ਕਰ ਰਹੀ ਸੀ। ਖਿਡਾਰੀਆਂ ਦੀਆਂ ਸ਼ਿਕਾਇਤਾਂ ਸੁਣਨ ਦੀ ਬਜਾਏ ਉਨ੍ਹਾਂ ਨੂੰ ਸਿਆਸੀ ਸਾਜ਼ਿਸ਼ ਦਾ ਹਿੱਸਾ ਦੱਸ ਕੇ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਗਈ।

ਅੱਜ ਦੇ ਦੌਰ ਵਿੱਚ ਅਸਹਿਮਤੀ ਅਤੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਵਾਲੀਆਂ ਔਰਤਾਂ ਨਾਲ ਸੱਤਾਧਾਰੀ ਧਿਰ ਦਾ ਸੋਸ਼ਲ ਮੀਡੀਆ ਤੰਤਰ ਕਿਸ ਤਰ੍ਹਾਂ ਨਜਿੱਠਦਾ ਹੈ, ਇਹ ਵੀ ਇਸ ਘਟਨਾਕ੍ਰਮ ਤੋਂ ਸਪੱਸ਼ਟ ਹੁੰਦਾ ਹੈ। ਆਵਾਜ਼ ਚੁੱਕਣ ਵਾਲੀਆਂ ਖਿਡਾਰਨਾ ਅਤੇ ਨੌਜਵਾਨ ਕੁੜੀਆਂ (ਜਿਵੇਂ ਕਿ ਅੰਦੋਲਨ ਵਿੱਚ ਸ਼ਾਮਲ ਹੋਈਆਂ ਵਿਦਿਆਰਥਣਾਂ) ਨੂੰ ਸੋਸ਼ਲ ਮੀਡੀਆ 'ਤੇ ਬਲਾਤਕਾਰ, ਜਾਨੋਂ ਮਾਰਨ ਦੀਆਂ ਧਮਕੀਆਂ ਅਤੇ ਅਸ਼ਲੀਲ ਗਾਲ੍ਹਾਂ ਦਾ ਸਾਹਮਣਾ ਕਰਨਾ



ਪਿਆ ਸੀ। ਸਰਕਾਰ ਅਜਿਹੇ ਅਪਰਾਧਿਕ ਤੱਤਾਂ ਵਿਰੁੱਧ ਕਾਰਵਾਈ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ। ਇਸ ਨਾਲ ਇਹ ਸੁਨੇਹਾ ਗਿਆ ਕਿ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਹੁਣ ਬਦਲ ਕੇ 'ਬੇਟੀ ਬਚਾਓ, ਪਰ ਬੋਲਣ ਨਾ ਦਿਓ' ਵਿੱਚ ਤਬਦੀਲ ਹੋ ਚੁੱਕਾ ਹੈ। ਜੇਕਰ ਧੀ ਸਰਕਾਰ ਦੀਆਂ ਤਾਰੀਫ਼ਾਂ ਕਰਦੀ ਹੈ ਤਾਂ ਉਹ 'ਬੇਟੀ' ਹੈ, ਪਰ ਜੇਕਰ ਉਹ ਆਪਣੇ ਨਾਲ ਹੋਏ ਅਨਿਆਂ ਵਿਰੁੱਧ ਸਵਾਲ ਪੁੱਛਦੀ ਹੈ ਤਾਂ ਉਸ ਨੂੰ ਸੱਤਾਧਾਰੀ ਤੰਤਰ ਦੁਸ਼ਮਣ ਵਾਂਗ ਦੇਖਦਾ ਹੈ।


ਅਦਾਲਤੀ ਫ਼ੈਸਲੇ ਤੋਂ ਬਾਅਦ ਇਹ ਧਾਰਨਾ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਮਹਿਲਾ ਪਹਿਲਵਾਨਾਂ ਦੀ ਲੜਾਈ ਇੱਥੇ ਹੀ ਖ਼ਤਮ ਹੋ ਗਈ ਹੈ। ਪਰ ਹਰਿਆਣਾ ਦੇ ਜੁਲਾਨਾ ਹਲਕੇ ਤੋਂ ਕਾਂਗਰਸ ਵਿਧਾਇਕਾ ਅਤੇ ਮਹਾਨ ਓਲੰਪੀਅਨ ਵਿਨੇਸ਼ ਫੋਗਾਟ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਯ) 'ਤੇ ਬਿਆਨ ਜਾਰੀ ਕਰਕੇ ਸਪੱਸ਼ਟ ਕਰ ਦਿੱਤਾ ਹੈ ਕਿ ਇਹ ਸੰਗਰਾਮ ਅਜੇ ਮੁੱਕਿਆ ਨਹੀਂ ਹੈ।

ਵਿਨੇਸ਼ ਫੋਗਾਟ ਨੇ ਸਪੱਸ਼ਟ ਸ਼ਬਦਾਂ ਵਿੱਚ ਲਿਖਿਆ ਕਿ ਰਾਊਜ਼ ਐਵੇਨਿਊ ਅਦਾਲਤ ਦੇ ਇਸ ਫ਼ੈਸਲੇ ਵਿਰੁੱਧ ਮਹਿਲਾ ਪਹਿਲਵਾਨਾਂ ਨੇ ਆਪਣੇ ਸੀਨੀਅਰ ਵਕੀਲਾਂ ਨਾਲ ਸਲਾਹ-ਮਸ਼ਵਰਾ ਕਰ ਲਿਆ ਹੈ। ਉਹ ਬਹੁਤ ਜਲਦ ਇਸ ਫ਼ੈਸਲੇ ਨੂੰ ਉੱਚ ਅਦਾਲਤ (ਹਾਈ ਕੋਰਟ/ਸੁਪਰੀਮ ਕੋਰਟ) ਵਿੱਚ ਚੁਣੌਤੀ ਦੇਣ ਜਾ ਰਹੀਆਂ ਹਨ।

ਵਿਨੇਸ਼ ਨੇ ਲਿਖਿਆ, "ਸਾਨੂੰ ਸੜਕਾਂ 'ਤੇ ਉਤਰਨ ਅਤੇ ਸੱਤਾਧਾਰੀ ਪਾਰਟੀ ਦੇ ਇੱਕ ਬਾਹੂਬਲੀ ਨੇਤਾ ਵਿਰੁੱਧ ਐੱਫ. ਆਈ. ਆਰ. ਦਰਜ ਕਰਵਾਉਣ ਲਈ ਬਹੁਤ ਹਿੰਮਤ ਜੁਟਾਉਣੀ ਪਈ ਸੀ। ਸੱਤਾ ਅਤੇ ਆਪਣੇ ਬਾਹੂਬਲ ਦੇ ਦਮ 'ਤੇ ਬ੍ਰਿਜ ਭੂਸ਼ਣ ਨੇ ਕਈ ਕੁੜੀਆਂ ਨੂੰ ਡਰਾ ਕੇ ਉਨ੍ਹਾਂ ਦੇ ਨਾਂ ਵਾਪਸ ਕਰਵਾਏ ਹਨ, ਪਰ ਕਈ ਮਹਿਲਾ ਪਹਿਲਵਾਨ ਅਜੇ ਵੀ ਡਟੀਆਂ ਹੋਈਆਂ ਹਨ।" ਉਨ੍ਹਾਂ ਅੱਗੇ ਲਿਖਿਆ ਕਿ ਭਾਵੇਂ ਸਾਰਾ ਤੰਤਰ, ਸਰਕਾਰ ਅਤੇ ਸਿਸਟਮ ਸ਼ੁਰੂ ਤੋਂ ਹੀ ਬ੍ਰਿਜ ਭੂਸ਼ਣ ਨੂੰ ਬਚਾਉਣ ਵਿੱਚ ਲੱਗਿਆ ਹੋਇਆ ਸੀ, ਪਰ ਪਹਿਲਵਾਨਾਂ ਨੇ ਉਮੀਦ ਨਹੀਂ ਛੱਡੀ ਹੈ ਅਤੇ ਨਿਆਂ ਦੀ ਇਹ ਲੜਾਈ ਆਖਰੀ ਸਾਹ ਤੱਕ ਜਾਰੀ ਰਹੇਗੀ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਗੁਇਹ ਪੂਰਾ ਮਾਮਲਾ ਸਿਰਫ਼ ਕੁਝ ਖਿਡਾਰੀਆਂ ਅਤੇ ਇੱਕ ਸਿਆਸਤਦਾਨ ਵਿਚਕਾਰ ਦੀ ਕਾਨੂੰਨੀ ਜੰਗ ਨਹੀਂ ਹੈ, ਬਲਕਿ ਇਹ 21ਵੀਂ ਸਦੀ ਦੇ ਭਾਰਤੀ ਲੋਕਤੰਤਰ ਦੀ ਆਤਮਾ ਦਾ ਪ੍ਰੀਖਣ ਹੈ। ਅੱਜ ਦੇ ਭਾਰਤ ਦੀਆਂ ਧੀਆਂ (ਚਾਹੇ ਉਹ ਖੇਡ ਦੇ ਮੈਦਾਨ ਵਿੱਚ ਓਲੰਪਿਕ ਮੈਡਲ ਜਿੱਤਣ ਵਾਲੀ ਵਿਨੇਸ਼ ਫੋਗਾਟ ਹੋਵੇ ਜਾਂ ਅਧਿਕਾਰਾਂ ਲਈ ਆਵਾਜ਼ ਉਠਾਉਣ ਵਾਲੀ ਕੋਈ ਵਿਦਿਆਰਥਣ) ਪੜ੍ਹੀਆਂ-ਲਿਖੀਆਂ, ਆਤਮ-ਨਿਰਭਰ, ਜਾਗਰੂਕ ਅਤੇ ਆਪਣੇ ਸੰਵਿਧਾਨਕ ਹੱਕਾਂ ਪ੍ਰਤੀ ਸੁਚੇਤ ਹਨ।

ਅਦਾਲਤਾਂ ਦਾ ਫ਼ੈਸਲਾ ਕਾਨੂੰਨੀ ਦਸਤਾਵੇਜ਼ਾਂ ਅਤੇ ਪੁਲਿਸ ਵੱਲੋਂ ਪੇਸ਼ ਕੀਤੇ ਗਏ (ਜਾਂ ਅਧੂਰੇ ਛੱਡੇ ਗਏ) ਸਬੂਤਾਂ ਦੇ ਆਧਾਰ 'ਤੇ ਹੋ ਸਕਦਾ ਹੈ, ਪ੍ਰੰਤੂ ਜਨਤਾ ਦੀ ਅਦਾਲਤ ਅਤੇ ਸਮਾਜਿਕ ਇਤਿਹਾਸ ਵਿੱਚ ਇਹ ਸਵਾਲ ਹਮੇਸ਼ਾ ਜ਼ਿੰਦਾ ਰਹੇਗਾ: ਕੀ ਦੇਸ਼ ਲਈ ਮੈਡਲ ਜਿੱਤਣ ਵਾਲੀਆਂ ਧੀਆਂ ਨੂੰ ਸੱਤਾ ਦੇ ਹੰਕਾਰ ਅਤੇ ਰਾਜਨੀਤਿਕ ਬਾਹੂਬਲ ਅੱਗੇ ਝੁਕਣ ਲਈ ਮਜਬੂਰ ਕੀਤਾ ਗਿਆ? ਬ੍ਰਿਜ ਭੂਸ਼ਣ ਕੇਸ ਦਾ ਇਹ ਮੋੜ ਭਾਰਤੀ ਅਦਾਲਤੀ ਨਿਜ਼ਾਮ ਅਤੇ ਸ਼ਾਸਨ ਪ੍ਰਣਾਲੀ ਵਿੱਚ ਆਮ ਨਾਗਰਿਕ ਦੇ ਵਿਸ਼ਵਾਸ ਦੀ ਇੱਕ ਬਹੁਤ ਹੀ ਨਾਜ਼ੁਕ ਪ੍ਰੀਖਿਆ ਹੈ।


ਰਜਿੰਦਰ ਸਿੰਘ ਪੁਰੇਵਾਲ

**ਸੰਪਾਦਕੀ** **ਵਿਚਾਰ :–** ਜਦ ਤੱਕ ਕੋਈ ਬੰਦਾ ਮੂਹੋਂ ਨਹੀਂ ਬੋਲਦਾ ਉਸਦੇ ਔਗੁਣ ਲੁਕੇ ਰਹਿੰਦੇ ਹਨ ।

# ਚੋਣਾਂ ਤੋਂ ਪਹਿਲਾਂ ਪੰਜਾਬ ਵਿੱਚ ਵਿਰੋਧ ਪ੍ਰਦਰਸ਼ਨ ਕਿਉਂ: ਸਿਆਸੀ ਦੋਸ਼-ਆਰੋਪ ਕਿਉਂ ਅਤੇ ਅਸਲ ਮੁੱਦੇ ਕੀ ਹਨ ?

ਪੰਜਾਬ ਵਿੱਚ ਵਿਧਾਨ ਸਭਾ ਚੋਣਾਂ ਨੇੜੇ ਆਉਂਦਿਆਂ ਹੀ ਸੂਬੇ ਦਾ ਸਿਆਸੀ ਪਾਰਾ ਅਚਾਨਕ ਚੜ੍ਹ ਗਿਆ ਹੈ। ਵੱਖ-ਵੱਖ ਵਰਗਾਂ ਵੱਲੋਂ ਕੀਤੇ ਜਾ ਰਹੇ ਧਰਨੇ-ਪ੍ਰਦਰਸ਼ਨਾਂ ਅਤੇ ਹੜਤਾਲਾਂ ਨੇ ਸਰਕਾਰ ਦੇ ਨਾਲ-ਨਾਮ ਵਿਰੋਧੀ ਧਿਰਾਂ ਨੂੰ ਵੀ ਸਰਗਰਮ ਕਰ ਦਿੱਤਾ ਹੈ। ਵਿਦਿਆਰਥੀ ਸੰਗਠਨਾਂ, ਸਰਕਾਰੀ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕਿਸਾਨਾਂ ਵੱਲੋਂ ਦਿੱਤੇ ਜਾ ਰਹੇ ਧਰਨਿਆਂ ਦਰਮਿਆਨ ਸਿਆਸੀ ਧਿਰਾਂ ਵਿਚਾਲੇ ਸ਼ਬਦੀ ਜੰਗ ਤੇਜ਼ ਹੋ ਗਈ ਹੈ। ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਇਹਨਾਂ ਪ੍ਰਦਰਸ਼ਨਾਂ ਨੂੰ ਵਿਰੋਧੀ ਧਿਰਾਂ, ਖਾਸ ਕਰਕੇ ਭਾਜਪਾ ਅਤੇ ਕਾਂਗਰਸ ਦੀ ਮਿਲੀਭੁਗਤ ਨਾਲ ਸਾਜਿਸ਼ ਦੱਸ ਰਹੀ ਹੈ, ਜਦਕਿ ਵਿਰੋਧੀ ਧਿਰਾਂ ਪੰਜਾਬ ਦੀ ਮੌਜੂਦਾ ਸਥਿਤੀ ਅਤੇ ਭਰਤੀ ਪ੍ਰੀਖਿਆਵਾਂ ਵਿੱਚ ਗੜਬੜੀਆਂ ਵਰਗੇ ਮੁੱਦਿਆਂ ’ਤੇ ਸਰਕਾਰ ਨੂੰ ਘੇਰ ਰਹੀਆਂ ਹਨ।

ਇਸ ਸਿਆਸੀ ਹਲਚਲ ਅਤੇ ਵਿਰੋਧ ਪ੍ਰਦਰਸ਼ਨਾਂ ਦੀ ਲੜੀ ਵਿੱਚ ‘ਅਕਾਲੀ ਦਲ (ਵਾਰਿਸ ਪੰਜਾਬ ਦੇ)’ ਦੇ ਤਾਜ਼ਾ ਪ੍ਰਦਰਸ਼ਨ ਨੇ ਹਾਲਾਤ ਨੂੰ ਹੋਰ ਵਧੇਰੇ ਗੰਭੀਰ ਅਤੇ ਸੰਵੇਦਨਸ਼ੀਲ ਬਣਾ ਦਿੱਤਾ ਹੈ। ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਹੋਰ ਬੰਦੀ ਸਿੰਘਾਂ ਦੀ ਰਿਹਾਈ ਦੇ ਨਾਲ-ਨਾਲ ਐਨ.ਐਸ.ਏ ਹਟਾਉਣ ਦੀ ਮੰਗ ਨੂੰ ਲੈ ਕੇ ‘ਵਾਰਿਸ ਪੰਜਾਬ ਦੇ’ ਸਮਰਥਕਾਂ ਵੱਲੋਂ ਮੋਹਾਲੀ-ਚੰਡੀਗੜ੍ਹ ਸਰਹੱਦ ’ਤੇ ਕੀਤੇ ਗਏ ਮਾਰਚ ਅਤੇ ਪ੍ਰਦਰਸ਼ਨ ਦਰਮਿਆਨ ਪੁਲਿਸ ਨਾਲ ਹੋਏ ਟਕਰਾਅ ਨੇ ਪ੍ਰਸ਼ਾਸਨ ਲਈ ਨਵੀਂ ਚੁਣੌਤੀ ਖੜ੍ਹੀ ਕੀਤੀ ਹੈ। ਚੰਡੀਗੜ੍ਹ ਵੱਲ ਵਧਣ ਦੀ ਕੋਸ਼ਿਸ਼ ਅਤੇ ਪੁਲਿਸ ਦੁਆਰਾ ਵਾਟਰ ਕੈਨਨ ਦੇ ਇਸਤੇਮਾਲ ਵਰਗੀਆਂ ਘਟਨਾਵਾਂ ਇਹ ਦਰਸਾਉਂਦੀਆਂ ਹਨ ਕਿ ਸੂਬੇ ਵਿੱਚ ਕੇਵਲ ਆਰਥਿਕ ਅਤੇ ਸਮਾਜਿਕ ਮੁੱਦੇ ਹੀ ਨਹੀਂ, ਸਗੋਂ ਗੰਭੀਰ ਪੰਥਕ ਅਤੇ ਸੁਰੱਖਿਆ ਨਾਲ ਜੁੜੇ ਮੁੱਦੇ ਵੀ ਸਿਆਸੀ ਹਵਾ ਨੂੰ ਪ੍ਰਭਾਵਿਤ ਕਰ ਰਹੇ ਹਨ।

ਦੂਜੇ ਪਾਸੇ, ਪ੍ਰੀਖਿਆਵਾਂ ਵਿੱਚ ਪੇਪਰ ਲੀਕ ਅਤੇ ਭਰਤੀ ਪ੍ਰਣਾਲੀ ’ਤੇ ਉੱਠ ਰਹੇ ਸਵਾਲਾਂ ਨੂੰ ਲੈ ਕੇ ਨੌਜਵਾਨਾਂ ਵਿੱਚ ਫੈਲਿਆ ਰੋਸ ਸੂਬੇ ਦੀ ਰਾਜਨੀਤੀ ਦਾ ਕੇਂਦਰ ਬਿੰਦੂ ਬਣ ਰਿਹਾ ਹੈ। ਭਾਰਤ ਭਰ ਵਿੱਚ ਵਿਦਿਆਰਥੀਆਂ ਦੇ ‘ਸੀ.ਜੇ.ਪੀ.’ ਅੰਦੋਲਨ ਦੀ ਗੂੰਜ ਦਰਮਿਆਨ ਪੰਜਾਬ ਵਿਧਾਨ ਸਭਾ ਵਿੱਚ ਵੀ ਪੇਪਰ ਲੀਕ ਦੇ ਮੁੱਦੇ ’ਤੇ ਭਾਰੀ ਹੰਗਾਮਾ ਦੇਖਣ ਨੂੰ ਮਿਲਿਆ। ਇੱਕ ਪਾਸੇ ਜਿੱਥੇ ਸਰਕਾਰ ਕੇਂਦਰ ਦੀਆਂ ਨੀਤੀਆਂ ਅਤੇ ਦੇਸ਼ ਵਿਆਪੀ ਪੇਪਰ ਲੀਕ ਦੀਆਂ ਘਟਨਾਵਾਂ ’ਤੇ ਮਤਾ ਪਾਸ ਕਰਕੇ ਕੇਂਦਰ ਨੂੰ ਘੇਰਨ ਦੀ ਕੋਸ਼ਿਸ਼ ਕਰ ਰਹੀ ਹੈ, ਉੱਥੇ ਹੀ ਵਿਰੋਧੀ ਧਿਰਾਂ ਸੂਬੇ ਦੀਆਂ ਆਪਣੀਆਂ ਭਰਤੀਆਂ ਦੀ ਪਾਰਦਰਸ਼ਤਾ ’ਤੇ ਸਰਕਾਰ ਤੋਂ ਜਵਾਬ ਮੰਗ ਰਹੀਆਂ ਹਨ।

ਚੋਣਾਂ ਤੋਂ ਠੀਕ ਪਹਿਲਾਂ ਸਰਕਾਰ ਉੱਤੇ ਜਨਤਕ ਦਬਾਅ ਬਣਾਉਣਾ ਵੱਖ-ਵੱਖ ਜਥੇਬੰਦੀਆਂ ਦੀ ਇੱਕ ਪੁਰਾਣੀ ਰਣਨੀਤੀ ਰਹੀ ਹੈ। ਪਰ ਕਿਸੇ ਵੀ ਸੂਬੇ ਦੀ ਸ਼ਾਂਤੀ, ਵਿਕਾਸ ਅਤੇ ਨੌਜਵਾਨਾਂ ਦੇ ਭਵਿੱਖ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਅਤੇ ਵਿਰੋਧੀ ਧਿਰਾਂ ਦੋਵੇਂ ਇੱਕ-ਦੂਜੇ ’ਤੇ ਕੇਵਲ ਦੋਸ਼ ਲਗਾਉਣ ਦੀ ਬਜਾਏ ਅਸਲ ਮੁੱਦਿਆਂ ’ਤੇ ਗੰਭੀਰਤਾ ਦਿਖਾਉਣ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਲੋਕਤੰਤਰ ਵਿੱਚ ਉੱਠਦੀ ਆਵਾਜ਼ ਨੂੰ ਕੇਵਲ ਸਿਆਸੀ ਸਾਜ਼ਿਸ਼ ਕਰਾਰ ਦੇਣ ਦੀ ਬਜਾਏ ਨੌਜਵਾਨਾਂ, ਮੁਲਾਜ਼ਮਾਂ, ਪੰਥਕ ਧਿਰਾਂ ਅਤੇ ਪ੍ਰਦਰਸ਼ਨਕਾਰੀਆਂ ਦੀਆਂ ਵਾਜਬ ਮੰਗਾਂ ਨੂੰ ਸੁਣ ਕੇ ਉਨ੍ਹਾਂ ਦਾ ਹੱਲ ਕੱਢੇ, ਤਾਂ ਜੋ ਚੋਣਾਂ ਤੋਂ ਪਹਿਲਾਂ ਸੂਬੇ ਵਿੱਚ ਅਮਨ-ਕਾਨੂੰਨ ਬਰਕਰਾਰ ਰਹਿ ਸਕੇ। ਡਾਂਗ ਮਾਰਕਾ ਸ਼ੈਲੀ ਹੁਣ ਨਹੀਂ ਚਲਣੀ।ਨਾ ਇਹ ਬੇਅੰਤ ਸਿੰਘ ਦੇ ਰਾਜ ਵੇਲੇ ਚਲੀ ਸੀ।

## ਵਿਦੇਸ਼ੀ ਫੰਡਿੰਗ ਦੇ ਨਵੇਂ ਨਿਯਮਾਂ ਕਾਰਨ ਐਨਜੀਓ ਅਤੇ ਧਾਰਮਿਕ ਅਦਾਰਿਆਂ ਵਿੱਚ ਬੇਚੈਨੀ

ਭਾਰਤ ਸਰਕਾਰ ਵੱਲੋਂ ‘ਫੋਰੇਨ ਕੰਟਰੀਬਿਊਸ਼ਨ (ਰੇਗੂਲੇਸ਼ਨ) ਅਮੈਂਡਮੈਂਟ ਬਿਲ, 2026’ ਰਾਹੀਂ ਵਿਦੇਸ਼ੀ ਚੰਦੇ ਨਾਲ ਚੱਲਣ ਵਾਲੀਆਂ ਗੈਰ-ਸਰਕਾਰੀ ਸੰਸਥਾਵਾਂ, ਟਰੱਸਟਾਂ ਅਤੇ ਧਾਰਮਿਕ ਅਦਾਰਿਆਂ ’ਤੇ ਸ਼ਿਕੰਜਾ ਕੱਸਣ ਦੀ ਤਜਵੀਜ਼ ਨੇ ਇੱਕ ਨਵੀਂ ਬਹਿਸ ਨੂੰ ਜਨਮ ਦਿੱਤਾ ਹੈ। ਸੰਸਦ ਦੇ ਮੌਨਸੂਨ ਸੈਸ਼ਨ ਦੌਰਾਨ ਪੇਸ਼ ਕੀਤੇ ਗਏ ਇਸ ਬਿਲ ਨੇ ਨਾ ਕੇਵਲ ਦੇਸ਼ ਦੇ ਅੰਦਰੂਨੀ ਨਾਗਰਿਕ ਸਮਾਜ ਅਤੇ ਧਾਰਮਿਕ ਸੰਸਥਾਵਾਂ ਵਿੱਚ ਚਿੰਤਾ ਪੈਦਾ ਕੀਤੀ ਹੈ, ਸਗੋਂ ਅੰਤਰਰਾਸ਼ਟਰੀ ਪੱਧਰ ’ਤੇ ਵੀ ਇਸ ਦੀਆਂ ਗੂੰਜਾਂ ਸੁਣਾਈ ਦੇਣ ਲੱਗੀਆਂ ਹਨ। ਅਮਰੀਕਾ ਦੀ ਸੱਤਾਧਾਰੀ ਰਿਪਬਲਿਕਨ ਪਾਰਟੀ ਦੇ ਸੰਸਦ ਮੈਂਬਰ ਰਾਈਲੀ ਮੂਰ ਵੱਲੋਂ ਇਸ ਬਿਲ ਦੀ ਕੀਤੀ ਗਈ ਤਿੱਖੀ ਆਲੋਚਨਾ ਨੇ ਇਸ ਮੁੱਦੇ ਨੂੰ ਦੋਹਾਂ ਦੇਸ਼ਾਂ ਦੇ ਦਵੱਲੇ ਸਬੰਧਾਂ ਦੀ ਸੰਵੇਦਨਸ਼ੀਲਤਾ ਨਾਲ ਜੋੜ ਦਿੱਤਾ ਹੈ।

ਪ੍ਰਸਤਾਵਿਤ ਬਿਲ ਦੀਆਂ ਸ਼ਰਤਾਂ ਅਨੁਸਾਰ, ਜੇਕਰ ਕਿਸੇ ਸੰਸਥਾ ਦਾ ਐਫਸੀਆਰਏ ਰਜਿਸਟ੍ਰੇਸ਼ਨ ਰੱਦ ਹੁੰਦਾ ਹੈ ਜਾਂ ਰਿਨਿਊ ਨਹੀਂ ਹੁੰਦਾ, ਤਾਂ ਸਰਕਾਰ ਵੱਲੋਂ ਨਿਯੁਕਤ ‘ਡੇਜ਼ੀਗਨੇਟਿਡ ਅਥਾਰਟੀ’ (ਅਧਿਕਾਰਤ ਅਥਾਰਟੀ) ਨੂੰ ਉਸ ਸੰਸਥਾ ਦੀਆਂ ਵਿਦੇਸ਼ੀ ਫੰਡਾਂ ਨਾਲ ਬਣਾਈਆਂ ਜਾਇਦਾਦਾਂ ਅਤੇ ਪ੍ਰਬੰਧਨ ਨੂੰ ਆਪਣੇ ਹੱਥਾਂ ਵਿੱਚ ਲੈਣ ਦਾ ਅਧਿਕਾਰ ਮਿਲ ਜਾਵੇਗਾ। ਇਸ ਤੋਂ ਇਲਾਵਾ, ਪਿਛਲੇ ਦੋ ਸਾਲਾਂ ਵਿੱਚ 10 ਲੱਖ ਰੁਪਏ ਤੋਂ ਘੱਟ ਵਿਦੇਸ਼ੀ ਫੰਡ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਦੇ ਨਵੀਨੀਕਰਨ ’ਤੇ ਰੋਕ ਵਰਗੀਆਂ ਸ਼ਰਤਾਂ ਨੇ ਛੋਟੀਆਂ ਸੰਸਥਾਵਾਂ ਦੇ ਵਜੂਦ ’ਤੇ ਸਵਾਲੀਆ ਨਿਸ਼ਾਨ ਲਗਾ ਦਿੱਤਾ ਹੈ। ਆਲੋਚਕਾਂ ਅਤੇ ਧਾਰਮਿਕ ਸੰਸਥਾਵਾਂ ਦਾ ਤਰਕ ਹੈ ਕਿ ਇਹ ਨਿਯਮ ਸਰਕਾਰ ਨੂੰ ਚਰਚਾਂ, ਸਕੂਲਾਂ, ਹਸਪਤਾਲਾਂ ਅਤੇ ਹੋਰ ਸਮਾਜਿਕ ਭਲਾਈ ਸੰਸਥਾਵਾਂ ’ਤੇ ਸਰਕਾਰੀ ‘ਕਬਜ਼ਾ’ ਕਰਨ ਦੀ ਅਥਾਹ ਸ਼ਕਤੀ ਦਿੰਦੇ ਹਨ, ਜੋ ਕਿ ਸੰਵਿਧਾਨਕ ਆਜ਼ਾਦੀ ਦੇ ਖਿਲਾਫ ਹੈ।

ਬਾਕੀ ਹਿਸਾ ਸਫਾ 9 ਤੇ ਪੜ੍ਹੋ →

# NEWS & VIEWS


Gurmukh Singh OBE

## Sikh Gurdwaras Act 1925: Sri Akal Takht Sahib The Sovereign Seat of Global Sikh Organisation

**-Sikh religious authority should come from an accountable global process.**

***-The Sikh Gurdwara Act 1925 has been amended by the British, the Punjab legislature, executive orders, the Government of India and Parliament but never once by the Panth!***

Over a hundred years ago, on 28 July 1925 the Sikh Gurdwaras Act received assent. The 1925 Act was a real Sikh victory over the hereditary mahants. The Panth won management of historic gurdwaras but the State kept the pen. The 175 member representative committee had already been formed in 1920 and the law followed in 1925. So, the Government recognition came *after* Sikh organisation, not before. It is significant that since 1925, not once has the Act been amended by the Panth!

The Government of India today holds the main legal machinery for SGPC renewal: the election date, key election rules, the constituency process and the appointment of the Chief Commissioner. That machinery is administered through the Union Home Ministry. Sikh religious elections sit inside the internal security wing of the Indian state.

The last SGPC general election was held in 2011. A Home Ministry reply said its term ended on 16 December 2016. The same House still sits in 2026. By November 2022, twenty-six elected members had died. A whole generation of young Sikhs has never voted in an SGPC general election.

Changing the people does not solve the problem that *no government should define Maryada, Satkaar, Takht authority or the Sikh electorate.* Replace the president, the members, the Akali Dal, the Badal family, the Punjab Government, even the party ruling in Delhi. Unless the law itself changes, the next government inherits the same powers.

Recently, Punjab has repeated the mistake with the Satkaar laws. Sikh institutions invited the Punjab Government into this field in 2007 and 2008. The 2026 amendment widened it greatly. A better Punjab Act is still a Punjab Government Act. The next Assembly can change it again.

The Punjab Vidhan Sabha monsoon session runs from 3 to 10 August 2026 and is expected to consider Satkaar amendments. The question is not only which clauses will change but who keeps the power to change the Act again.

The answer is complete repeal. Repeal the Sikh Gurdwaras Act 1925 with all its amendments. Repeal the 2008 Satkaar Act and the 2026 amendment. Do not replace them with another Punjab Sikh law or an All India Gurdwaras Act. General law should punish fraud, violence and crime for everyone equally. However, to repeat, *no government should define Maryada, Satkaar, Takht authority or the Sikh electorate.*

The next century must be a century of global Sikh organisation. The Sikh nation is worldwide. Sikh religious authority should come from a transparent global process under Shabad Guru. Sri Akal Takht Sahib remains the sovereign historic Sikh seat. A global process would not replace it or create another Takht. It would give it a trustworthy mandate from Sikhs across the world. Governments would then deal with representatives chosen by Sikhs, not Sikhs chosen by governments.

It is over a hundred years since the Sikh Gurdwara Act 1925 took control away from hereditary mahants. In the next century, control of Gurdwaras must be placed in the hands of the Global Panth.

It is for the Panth to agree the due process and organisation.

Further reading: Paper by Gurjit Singh Sandhu of PanthSeva: https://www.panthseva.com/p/amended-by-empire-province-and-parliament

**Gurmukh Singh OBE**, Ret'd Principal Civil Servant (UK) sewauk2005@yahoo.co.uk

# "ਵਰਲਡ ਵਾਰ-2 ਵਰਗੀ ਤਾਕਤ" ਦੀ ਧਮਕੀ ਦੇ ਕੇ ਅਮਰੀਕਾ ਨੇ ਈਰਾਨ 'ਤੇ ਨਵੇਂ ਹਮਲੇ ਰੋਕੇ

## ✪ ਹੋਰਮੁਜ਼ ਜਲਡਮਰੂ 'ਤੇ ਸਮਝੌਤੇ ਦਾ ਦਾਅਵਾ: ਕਰਦਿਆਂ ਟਰੰਪ ਨੇ ਕਿਹਾ-"ਦੁਨੀਆ ਦੀ ਭਲਾਈ ਲਈ ਹਮਲਾ ਕੀਤਾ ਰੱਦ" ✪ ਈਰਾਨੀ ਦਾ ਜੁਆਬ ਅਮਰੀਕਾ ਦਬਾਅ ਅੱਗੇ ਝੁਕਿਆ; ਹੋਰਮੁਜ਼ ਦਾ ਕੰਟਰੋਲ ਈਰਾਨ ਦੇ ਹੱਥ ਹੀ ਰਹੇਗਾ

ਮੱਧ ਪੂਰਬ ਵਿੱਚ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਜੰਗੀ ਖਿੱਚੋਤਾਣ ਨੇ ਪੂਰੀ ਦੁਨੀਆ ਨੂੰ ਇੱਕ ਅਜਿਹੇ ਮੋੜ 'ਤੇ ਲਿਆ ਖੜ੍ਹਾ ਕਰ ਦਿੱਤਾ ਹੈ, ਜਿੱਥੋਂ ਛੋਟੀ ਜਿਹੀ ਭੁੱਲ ਵੀ ਤੀਜੇ ਵਿਸ਼ਵ ਯੁੱਧ ਦਾ ਰੂਪ ਧਾਰਨ ਕਰ ਸਕਦੀ ਹੈ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਈਰਾਨ ਉੱਤੇ ਵੱਡੇ ਫੌਜੀ ਹਮਲੇ ਦੀ ਚੇਤਾਵਨੀ ਦੇਣ ਤੋਂ ਤੁਰੰਤ ਬਾਅਦ ਅਚਾਨਕ ਕਾਰਵਾਈ ਰੋਕਣ ਦੇ ਐਲਾਨ ਨੇ ਦੁਨੀਆ ਭਰ ਦੇ ਕੂਟਨੀਤਕ ਹਲਕਿਆਂ ਨੂੰ ਹੈਰਾਨ ਕਰ ਦਿੱਤਾ ਹੈ। ਟਰੰਪ ਦਾ ਦਾਅਵਾ ਹੈ ਕਿ ਅਮਰੀਕਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੀ ਸਭ ਤੋਂ ਬੇਮਿਸਾਲ ਅਤੇ ਵਿਨਾਸ਼ਕਾਰੀ ਫੌਜੀ ਤਾਕਤ ਨਾਲ ਹਮਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਸੀ। ਹਾਲਾਂਕਿ, ਉਨ੍ਹਾਂ ਅਨੁਸਾਰ ਈਰਾਨ ਅਤੇ ਮੱਧ ਪੂਰਬ ਦੇ ਹੋਰ ਗੁਆਂਢੀ ਦੇਸ਼ਾਂ ਵਲੋਂ ਆਈਆਂ ਬੇਨਤੀਆਂ ਤੋਂ ਬਾਅਦ ਅੰਤਰਰਾਸ਼ਟਰੀ ਸ਼ਾਂਤੀ ਅਤੇ "ਦੁਨੀਆ ਦੀ ਭਲਾਈ" ਦੇ ਨਾਂ 'ਤੇ ਇਸ ਹਮਲੇ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਪਰ ਸਵਾਲ ਇਹ ਉੱਠਦਾ ਹੈ ਕਿ ਕੀ ਇਹ ਵਾਸਤਵ ਵਿੱਚ ਸ਼ਾਂਤੀ ਵੱਲ ਵਧਾਇਆ ਗਿਆ ਕਦਮ ਹੈ ਜਾਂ ਫਿਰ ਕੇਵਲ ਇੱਕ ਅਸਥਾਈ ਨੀਤੀ?

ਇਸ ਪੂਰੇ ਘਟਨਾਕ੍ਰਮ ਦੇ ਪਿੱਛੇ ਦੀ ਅਸਲ ਰਣਨੀਤੀ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਟਰੰਪ ਵਲੋਂ ਜੰਗ ਰੋਕਣ ਦਾ ਬਹਾਨਾ ਭਾਵੇਂ ਇੱਕ ਨਵੇਂ ਸਮਝੌਤੇ ਦੀ ਗੱਲ ਦੱਸਿਆ ਜਾ ਰਿਹਾ ਹੈ, ਪਰ ਇਸ ਦੇ ਪਿੱਛੇ ਖੇਤਰੀ ਦੇਸ਼ਾਂ ਦਾ ਭਾਰੀ ਦਬਾਅ ਸ਼ਾਮਲ ਹੈ।

ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਸਮੇਤ ਕਈ ਅਰਬ ਦੇਸ਼ਾਂ ਨੇ ਅਮਰੀਕਾ ਨੂੰ ਚੇਤਾਵਨੀ ਦਿੱਤੀ ਸੀ ਕਿ ਈਰਾਨ 'ਤੇ ਹੋਰ ਹਮਲੇ ਪੂਰੇ ਖੇਤਰ ਨੂੰ ਅੱਗ ਦੀ ਲਪੇਟ ਵਿੱਚ ਲੈ ਸਕਦੇ ਹਨ। ਇਸ ਤੋਂ ਇਲਾਵਾ, ਅਮਰੀਕਾ ਵਿੱਚ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਗਲੋਬਲ ਆਰਥਿਕ ਮੰਦੀ ਦਾ ਡਰ ਵੀ ਇਸ ਫੈਸਲੇ ਦਾ ਵੱਡਾ ਕਾਰਨ ਬਣਿਆ।

ਹਾਲਾਂਕਿ, ਟਰੰਪ ਨੇ ਇਹ ਸਾਫ਼ ਕਰ ਦਿੱਤਾ ਹੈ ਕਿ ਜੰਗ ਦਾ ਖਤਰਾ ਅਜੇ ਖ਼ਤਮ ਨਹੀਂ ਹੋਇਆ। ਜੇਕਰ ਈਰਾਨ ਨਾਲ ਅਮਰੀਕਾ ਦੀਆਂ ਸ਼ਰਤਾਂ ਮੁਤਾਬਕ ਤੁਰੰਤ ਕੋਈ ਠੋਸ ਸਮਝੌਤਾ ਨਹੀਂ ਹੁੰਦਾ, ਤਾਂ ਅਮਰੀਕੀ ਫੌਜ ਦੁਬਾਰਾ ਹਮਲਾ ਕਰ ਸਕਦੀ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਵੀ ਦਾਅਵਾ ਕੀਤਾ ਹੈ ਕਿ ਅਮਰੀਕੀ ਹਮਲਿਆਂ ਨੇ ਈਰਾਨੀ ਫੌਜ ਅਤੇ ਪ੍ਰਮਾਣੂ ਢਾਂਚੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਹੈ, ਜਿਸ ਕਾਰਨ ਈਰਾਨ ਹੁਣ ਗੱਲਬਾਤ ਦੀ ਮੇਜ਼ 'ਤੇ ਆਉਣ ਲਈ ਮਜ਼ਬੂਰ ਹੋਇਆ ਹੈ। ਅਮਰੀਕੀ ਦਾਅਵਿਆਂ ਨਾਲੋਂ ਬਿਲਕੁਲ ਉਲਟ ਨਜ਼ਰ ਆਉਂਦਾ ਹੈ। ਈਰਾਨੀ ਸਰਕਾਰੀ ਮੀਡੀਆ ਨੇ ਟਰੰਪ ਦੇ ਇਸ ਫੈਸਲੇ ਨੂੰ ਅਮਰੀਕਾ ਦੀ ਪਿੱਛੇ ਹਟਣ ਦੀ ਮਜ਼ਬੂਰੀ ਦੱਸਿਆ ਹੈ। ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਗੁਆਂਢੀ ਦੇਸ਼ਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਹੈ ਕਿ ਈਰਾਨ ਕਿਸੇ ਵੀ ਅਮਰੀਕੀ ਜਾਂ ਇਜ਼ਰਾਈਲੀ ਹਮਲੇ ਦਾ "ਅੱਖ ਦੇ ਬਦਲੇ ਅੱਖ" ਦੀ ਨੀਤੀ ਤਹਿਤ ਢੁਕਵਾਂ ਅਤੇ ਮੂੰਹ ਤੋੜ ਜਵਾਬ ਦੇਵੇਗਾ। ਈਰਾਨ ਨੇ ਉਨ੍ਹਾਂ ਅਰਬ ਦੇਸ਼ਾਂ ਨੂੰ ਵੀ ਖੁੱਲ੍ਹੀ ਚੇਤਾਵਨੀ ਦਿੱਤੀ ਹੈ ਜੋ ਆਪਣੇ ਖੇਤਰ ਵਿੱਚ ਅਮਰੀਕੀ ਫੌਜੀ ਅੱਡਿਆਂ ਨੂੰ ਜਗ੍ਹਾ ਦਿੰਦੇ ਹਨ, ਕਿ ਜੇਕਰ ਅਮਰੀਕਾ ਨੇ ਉੱਥੋਂ ਕੋਈ ਹਮਲਾ ਕੀਤਾ ਤਾਂ ਉਹ ਦੇਸ਼ ਵੀ ਜੰਗ ਦੀ ਅੱਗ ਵਿੱਚ ਭਸਮ ਹੋ ਜਾਣਗੇ। ਈਰਾਨੀ ਆਗੂਆਂ ਦਾ ਦਾਅਵਾ ਹੈ ਕਿ ਉਹ ਅਮਰੀਕੀ ਧਮਕੀਆਂ ਅੱਗੇ ਕਦੇ ਨਹੀਂ ਝੁਕਣਗੇ ਅਤੇ ਆਪਣੀ ਸੰਪ੍ਰਭੁਤਾ ਦੀ ਰਾਖੀ ਲਈ ਹਰ ਹੱਦ ਤੱਕ ਜਾਣਗੇ।

ਇਸ ਪੂਰੇ ਵਿਵਾਦ ਦਾ ਸਭ ਤੋਂ ਸੰਵੇਦਨਸ਼ੀਲ ਅਤੇ ਆਰਥਿਕ ਕੇਂਦਰ 'ਹੋਰਮੁਜ਼ ਜਲਡਮਰੂ' ਹੈ, ਜਿੱਥੋਂ ਦੁਨੀਆ ਦੇ ਕੱਚੇ ਤੇਲ ਦੀ ਸਪਲਾਈ ਦਾ ਵੱਡਾ ਹਿੱਸਾ ਲੰਘਦਾ ਹੈ। ਟਰੰਪ ਨੇ ਆਪਣੇ ਬਿਆਨ ਵਿੱਚ ਕਿਹਾ ਹੈ ਕਿ ਪ੍ਰਸਤਾਵਿਤ ਸਮਝੌਤੇ ਦੀ ਸਭ ਤੋਂ ਪਹਿਲੀ ਸ਼ਰਤ ਸੀ ਕਿ ਹੋਰਮੁਜ਼ ਜਲਡਮਰੂ ਨੂੰ ਤੁਰੰਤ




ਅਤੇ ਪੂਰੀ ਤਰ੍ਹਾਂ ਸਾਰੇ ਜਹਾਜ਼ਾਂ ਲਈ ਖੋਲ੍ਹਣਾ ਤੇ ਈਰਾਨ ਦੇ ਪ੍ਰਮਾਣੂ ਖਤਰੇ ਨੂੰ ਖ਼ਤਮ ਕਰਨਾ ਹੈ।

ਪਰ ਇਸ ਦੇ ਉਲਟ, ਈਰਾਨੀ ਸੰਸਦ ਮੈਂਬਰਾਂ ਨੇ ਸਾਫ਼ ਕਰ ਦਿੱਤਾ ਹੈ ਕਿ ਹੋਰਮੁਜ਼ ਜਲਡਮਰੂ ਰਾਹੀਂ ਜਹਾਜ਼ਾਂ ਦੀ ਆਵਾਜਾਈ ਅਤੇ ਸੁਰੱਖਿਆ ਦਾ ਪੂਰਾ ਕੰਟਰੋਲ ਈਰਾਨ ਦੇ ਹੱਥਾਂ ਵਿੱਚ ਹੀ ਰਹੇਗਾ। ਈਰਾਨ ਦਾ ਮੰਨਣਾ ਹੈ ਕਿ ਇਹ ਸਮੁੰਦਰੀ ਰਸਤਾ ਉਸ ਦੀ ਭੂਗੋਲਿਕ ਸੁਰੱਖਿਆ ਨਾਲ ਜੁੜਿਆ ਹੋਇਆ ਹੈ ਅਤੇ ਅਮਰੀਕਾ ਇਸ ਦਾ ਕੰਟਰੋਲ ਉਸ ਤੋਂ ਨਹੀਂ ਖੋਹ ਸਕਦਾ। ਤੇਲ ਦੇ ਟੈਂਕਰਾਂ 'ਤੇ ਹੋ ਰਹੇ ਹਮਲਿਆਂ ਕਾਰਨ ਗਲੋਬਲ ਬਜ਼ਾਰ ਵਿੱਚ ਕੱਚੇ ਤੇਲ ਅਤੇ ਗੈਸ ਦੀਆਂ ਕੀਮਤਾਂ ਅਸਮਾਨੀਂ ਛੂਹ ਰਹੀਆਂ ਹਨ।

ਜਿੱਥੋਂ ਤੱਕ ਇਜ਼ਰਾਈਲ ਦੀ ਭੂਮਿਕਾ ਦਾ ਸਵਾਲ ਹੈ, ਰਾਸ਼ਟਰਪਤੀ ਟਰੰਪ ਅਨੁਸਾਰ ਇਜ਼ਰਾਈਲ ਵੀ ਇਸ ਸ਼ਾਂਤੀ ਪ੍ਰਕਿਰਿਆ ਅਤੇ ਸਮਝੌਤੇ ਦੀ ਵਚਨਬੱਧਤਾ ਵਿੱਚ ਉਨ੍ਹਾਂ ਦੇ ਨਾਲ ਖੜ੍ਹਾ ਹੈ। ਹਾਲਾਂਕਿ, ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਲਗਾਤਾਰ ਅਮਰੀਕਾ 'ਤੇ ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਲਈ ਜ਼ੋਰ ਪਾਉਂਦੇ ਰਹੇ ਹਨ। ਇਜ਼ਰਾਈਲ ਲਈ ਈਰਾਨ ਇੱਕ ਅਸਤਿਤਵ ਦਾ ਖਤਰਾ ਹੈ, ਇਸ ਲਈ ਇਜ਼ਰਾਈਲ ਕਿਸੇ ਵੀ ਅਜਿਹੇ ਸਮਝੌਤੇ ਨੂੰ ਬਰਦਾਸ਼ਤ ਨਹੀਂ ਕਰੇਗਾ ਜੋ ਈਰਾਨ ਨੂੰ ਦੁਬਾਰਾ ਮਜ਼ਬੂਤ ਹੋਣ ਦਾ ਮੌਕਾ ਦੇਵੇ। ਇਜ਼ਰਾਈਲੀ ਫੌਜ ਦੀਆਂ ਗਾਜ਼ਾ ਅਤੇ ਦੱਖਣੀ ਲੇਬਨਾਨ ਵਿੱਚ ਚੱਲ ਰਹੀਆਂ ਕਾਰਵਾਈਆਂ ਨੇ ਪਹਿਲਾਂ ਹੀ ਖੇਤਰ ਵਿੱਚ ਤਣਾਅ ਵਧਾਇਆ ਹੋਇਆ ਹੈ।

ਮੱਧ ਪੂਰਬ ਦੀ ਸਥਿਤੀ ਅਜੇ ਵੀ ਇੱਕ ਬਾਰੂਦ ਦੇ ਢੇਰ 'ਤੇ ਟਿਕੀ ਹੋਈ ਹੈ। ਟਰੰਪ ਵਲੋਂ ਹਮਲੇ ਰੋਕਣਾ ਕੇਵਲ ਇੱਕ ਅਸਥਾਈ ਸ਼ਾਂਤੀ ਦਾ ਭਰਮ ਪੈਦਾ ਕਰਦਾ ਹੈ। ਜਦੋਂ ਤੱਕ ਹੋਰਮੁਜ਼ ਜਲਡਮਰੂ ਦੇ ਕੰਟਰੋਲ, ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਅਤੇ ਖੇਤਰੀ ਸੁਰੱਖਿਆ 'ਤੇ ਅਮਰੀਕਾ, ਈਰਾਨ ਅਤੇ ਇਜ਼ਰਾਈਲ ਵਿਚਾਲੇ ਕੋਈ ਲਿਖਤੀ ਅਤੇ ਪੱਕਾ ਸਮਝੌਤਾ ਨਹੀਂ ਹੋ ਜਾਂਦਾ, ਉਦੋਂ ਤੱਕ ਜੰਗ ਦੀ ਤਲਵਾਰ ਲਟਕਦੀ ਰਹੇਗੀ। ਅੰਤਰਰਾਸ਼ਟਰੀ ਭਾਈਚਾਰੇ ਨੂੰ ਚਾਹੀਦਾ ਹੈ ਕਿ ਉਹ ਧਮਕੀਆਂ ਦੀ ਰਾਜਨੀਤੀ ਤੋਂ ਉੱਪਰ ਉੱਠ ਕੇ ਕੂਟਨੀਤਕ ਰਸਤੇ ਰਾਹੀਂ ਇਸ ਸੰਕਟ ਦਾ ਸਥਾਈ ਹੱਲ ਲੱਭੇ, ਤਾਂ ਜੋ ਵਿਸ਼ਵ ਅਰਥ-ਵਿਵਸਥਾ ਅਤੇ ਮਾਨਵਤਾ ਨੂੰ ਇੱਕ ਵੱਡੇ ਵਿਨਾਸ਼ ਤੋਂ ਬਚਾਇਆ ਜਾ ਸਕੇ।

# ਅੰਮ੍ਰਿਤਪਾਲ ਸਿੰਘ ਕੇਸ ਦੇ ਗਵਾਹ 'ਤੇ ਗੋਲੀਬਾਰੀ

## ✪ ਪੁਲੀਸ ਨੇ ਸਾਜ਼ਿਸ਼ ਦੀ ਗੱਲ ਨਕਾਰੀ, ਰੋਡ ਰੇਜ ਮਾਮਲੇ 'ਚ ਮੁਲਜ਼ਮ ਗ੍ਰਿਫ਼ਤਾਰ

ਮੋਰਿੰਡਾ-ਅਜਨਾਲਾ ਕਾਂਡ ਵਿੱਚ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਕੇਸ ਦੇ ਮੁੱਖ ਗਵਾਹ ਅਤੇ ਸ਼ਿਕਾਇਤਕਰਤਾ ਵਰਿੰਦਰ ਸਿੰਘ ਮਾਵੀ 'ਤੇ ਤੜਕੇ ਗੋਲੀਬਾਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ, ਜਿਸ ਵਿੱਚ ਉਹ ਬਾਲ-ਬਾਲ ਬਚ ਗਏ। ਰੂਪਨਗਰ ਪੁਲੀਸ (ਐੱਸ.ਐੱਸ.ਪੀ. ਮਨਿੰਦਰ ਸਿੰਘ) ਅਨੁਸਾਰ ਇਹ ਘਟਨਾ ਕਿਸੇ ਸਾਜ਼ਿਸ਼ ਦਾ ਹਿੱਸਾ ਨਹੀਂ, ਸਗੋਂ ਸ਼ਰਾਬ ਦੇ ਨਸ਼ੇ ਵਿੱਚ ਗੱਡੀ ਲੰਘਾਉਣ ਨੂੰ ਲੈ ਕੇ ਹੋਏ 'ਰੋਡ ਰੇਜ' (ਝਗੜੇ) ਦਾ ਨਤੀਜਾ ਹੈ। ਮੁਲਜ਼ਮ ਜਸਬੀਰ ਸਿੰਘ ਕਾਲਾ ਸਮਰੌਲੀ ਨੂੰ ਗ੍ਰਿਫ਼ਤਾਰ ਕਰਕੇ ਥਾਣਾ ਸਦਰ ਮੋਰਿੰਡਾ ਵਿਖੇ ਭਾਰਤੀ ਨਿਆਂ ਸੰਹਿਤਾ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਪੁਲੀਸ ਨੇ ਸੋਸ਼ਲ ਮੀਡੀਆ 'ਤੇ ਚੱਲ ਰਹੀਆਂ ਇਨ੍ਹਾਂ ਅਫ਼ਵਾਹਾਂ ਨੂੰ ਸਿਰੇ ਤੋਂ ਖ਼ਾਰਜ ਕੀਤਾ ਹੈ ਕਿ ਇਹ ਹਮਲਾ ਅੰਮ੍ਰਿਤਪਾਲ ਸਿੰਘ ਦੇ ਸਮਰਥਕਾਂ ਵੱਲੋਂ ਕੀਤਾ ਗਿਆ ਸੀ। ਦੂਜੇ ਪਾਸੇ, ਗਵਾਹਾਂ ਦੇ ਵਕੀਲ ਪਰਮਿੰਦਰ ਸਿੰਘ ਵਿੱਗ ਨੇ ਇਸ ਘਟਨਾ 'ਤੇ ਚਿੰਤਾ ਪ੍ਰਗਟਾਉਂਦਿਆਂ ਗਵਾਹਾਂ ਦੀ ਸੁਰੱਖਿਆ ਹੋਰ ਪੁਖ਼ਤਾ ਕਰਨ ਦੀ ਮੰਗ ਕੀਤੀ ਹੈ।

# ਸੰਪਾਦਕੀ–8 ਸਫ਼ੇ ਦੀ ਬਾਕੀ

ਦੂਜੇ ਪਾਸੇ, ਸਰਕਾਰ ਦਾ ਪੱਖ ਹਮੇਸ਼ਾ ਇਹ ਰਿਹਾ ਹੈ ਕਿ ਵਿਦੇਸ਼ੀ ਫੰਡਿੰਗ ਦੀ ਵਰਤੋਂ ਵਿੱਚ ਪਾਰਦਰਸ਼ਤਾ ਲਿਆਉਣਾ ਅਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਰੱਦ ਹੋਏ ਰਜਿਸਟ੍ਰੇਸ਼ਨ ਅਤੇ ਅਰਬਾਂ ਰੁਪਏ ਦੇ ਵਿਦੇਸ਼ੀ ਚੰਦੇ ਦਾ ਅੰਕੜਾ ਇਹ ਦਰਸਾਉਂਦਾ ਹੈ ਕਿ ਇਸ ਖੇਤਰ ਵਿੱਚ ਨਿਗਰਾਨੀ ਦੀ ਲੋੜ ਹੈ। ਪਰ, ਸਵਾਲ ਇਹ ਉੱਠਦਾ ਹੈ ਕਿ ਕੀ ਨਿਗਰਾਨੀ ਦੇ ਨਾਂ 'ਤੇ ਸੰਸਥਾਵਾਂ ਦੇ ਪ੍ਰਬੰਧਨ ਨੂੰ ਆਪਣੇ ਅਧੀਨ ਕਰਨਾ ਵਾਜਬ ਹੈ?

ਅਮਰੀਕੀ ਸੰਸਦ ਮੈਂਬਰ ਰਾਈਲੀ ਮੂਰ ਦਾ ਇਹ ਬਿਆਨ ਕਿ "ਇਹ ਬਿਲ ਈਸਾਈਆਂ 'ਤੇ ਸਿੱਧਾ ਹਮਲਾ ਹੈ" ਅਤੇ ਇਸ ਨਾਲ ਭਾਰਤ-ਅਮਰੀਕਾ ਸਬੰਧਾਂ ਵਿੱਚ ਤਣਾਅ ਆ ਸਕਦਾ ਹੈ, ਮੁੱਦੇ ਦੀ ਗੰਭੀਰਤਾ ਨੂੰ ਵਧਾਉਂਦਾ ਹੈ। ਭਾਰਤ ਵਿੱਚ ਈਸਾਈ ਭਾਈਚਾਰੇ ਦਾ ਇਤਿਹਾਸ ਸਦੀਆਂ ਪੁਰਾਣਾ ਹੈ ਅਤੇ ਸਮਾਜ ਸੇਵਾ, ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਉਨ੍ਹਾਂ ਦਾ ਯੋਗਦਾਨ ਸਰਾਹਨਾਯੋਗ ਹੈ। ਅਜਿਹੇ ਵਿੱਚ, ਬਿਲ ਦੇ ਨਿਯਮਾਂ ਨੂੰ ਕੇਵਲ ਇੱਕ ਭਾਈਚਾਰੇ ਜਾਂ ਵਿਸ਼ੇਸ਼ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੇ ਰੂਪ ਵਿੱਚ ਦੇਖੇ ਜਾਣ ਨਾਲ ਦੇਸ਼ ਦੀ ਲੋਕਤੰਤਰਿਕ ਅਤੇ ਧਰਮ ਨਿਰਪੱਖ ਅਕਸ 'ਤੇ ਅਸਰ ਪੈਂਦਾ ਹੈ।

ਸਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਵਿਦੇਸ਼ੀ ਫੰਡਾਂ ਦੀ ਦੁਰਵਰਤੋਂ ਰੋਕਣ ਲਈ ਨਿਯਮ ਜ਼ਰੂਰ ਬਣਾਵੇ, ਪਰ ਅਜਿਹੇ ਕਾਨੂੰਨ ਬਣਾਉਣ ਤੋਂ ਗੁਰੇਜ਼ ਕਰੇ ਜੋ ਨਾਗਰਿਕ ਸਮਾਜ, ਸਮਾਜਿਕ ਸੰਸਥਾਵਾਂ ਅਤੇ ਧਾਰਮਿਕ ਅਦਾਰਿਆਂ ਦੀ ਆਜ਼ਾਦੀ ਨੂੰ ਖ਼ਤਰੇ ਵਿੱਚ ਪਾਉਂਦੇ ਹੋਣ। ਲੋਕਤੰਤਰ ਦੀ ਖੂਬਸੂਰਤੀ ਸੰਵਾਦ ਵਿੱਚ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਬਿਲ 'ਤੇ ਜਲਦਬਾਜ਼ੀ ਕਰਨ ਦੀ ਬਜਾਏ ਸੰਸਦ ਵਿੱਚ ਡੂੰਘੀ ਬਹਿਸ ਕਰਵਾਏ ਅਤੇ ਸਾਰੀਆਂ ਸਬੰਧਤ ਧਿਰਾਂ ਨਾਲ ਵਿਚਾਰ-ਵਟਾਂਦਰਾ ਕਰਕੇ ਅਜਿਹਾ ਸੰਤੁਲਿਤ ਰਸਤਾ ਕੱਢੇ ਜਿਸ ਨਾਲ ਦੇਸ਼ ਦੀ ਸੁਰੱਖਿਆ ਵੀ ਯਕੀਨੀ ਹੋਵੇ ਅਤੇ ਸੰਸਥਾਵਾਂ ਦੀ ਖੁਦਮੁਖਤਿਆਰੀ ਵੀ ਬਰਕਰਾਰ ਰਹੇ।

-ਰਜਿੰਦਰ ਸਿੰਘ ਪੁਰੇਵਾਲ

# 'ਸਿੱਖ ਖੇਡਾਂ ਯੂ ਕੇ 2026' 'ਚ 1,200 ਤੋਂ ਵੱਧ ਖਿਡਾਰੀਆਂ ਦੀ ਭਾਗੀਦਾਰੀ ਨੇ ਰਚਿਆ ਨਵਾਂ ਇਤਿਹਾਸ



ਸਿੱਖ ਖੇਡਾਂ ਯੂ ਕੇ 2026 ਮੌਕੇ ਖਿਡਾਰੀਆਂ ਨਾਲ ਪ੍ਰਬੰਧਕ ਅਤੇ ਪ੍ਰਮੁੱਖ ਸਖਸ਼ੀਅਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਕਰਵਾਈਆਂ ਗਈਆਂ ਤੀਜੀਆਂ ਸਿੱਖ ਖੇਡਾਂ 2026 ਨੇ ਇਸ ਵਾਰ 1,200 ਤੋਂ ਵੱਧ ਖਿਡਾਰੀਆਂ ਦੀ ਸ਼ਮੂਲੀਅਤ ਨਾਲ ਨਵਾਂ ਰਿਕਾਰਡ ਕਾਇਮ ਕੀਤਾ ਹੈ। 31 ਜੁਲਾਈ ਤੋਂ 2 ਅਗਸਤ 2026 ਤੱਕ ਬਰੂਨਲ ਯੂਨੀਵਰਸਿਟੀ ਲੰਡਨ ਅਤੇ ਸਲੋਹ ਕ੍ਰਿਕਟ ਕਲੱਬ ਵਿਖੇ ਹੋਏ ਤਿੰਨ ਦਿਨਾਂ ਖੇਡ ਸਮਾਗਮਾਂ ਦੌਰਾਨ ਹਜ਼ਾਰਾਂ ਦਰਸ਼ਕਾਂ, ਖਿਡਾਰੀਆਂ ਅਤੇ ਪਰਿਵਾਰਾਂ ਨੇ ਖੇਡਾਂ, ਸਿੱਖ ਸੱਭਿਆਚਾਰ ਅਤੇ ਭਾਈਚਾਰਕ ਏਕਤਾ ਦਾ ਜਸ਼ਨ ਮਨਾਇਆ।


ਦੇਸ਼ ਭਰ ਤੋਂ ਸਿੱਖ ਭਾਈਚਾਰੇ ਦੇ ਨਾਲ-ਨਾਲ ਹੋਰ ਭਾਈਚਾਰਿਆਂ ਨਾਲ ਸੰਬੰਧਤ ਪਰਿਵਾਰਾਂ, ਨੌਜਵਾਨਾਂ, ਖੇਡ ਕਲੱਬਾਂ ਅਤੇ ਸਮਰਥਕਾਂ ਨੇ ਇਸ ਵਿਸ਼ਾਲ ਖੇਡ ਮੇਲੇ ਵਿੱਚ ਭਾਗ ਲਿਆ। ਸਿੱਖ ਖੇਡਾਂ ਦੌਰਾਨ ਕ੍ਰਿਕਟ, ਫੁੱਟਬਾਲ, ਬਾਕਸਿੰਗ, ਟੈਨਿਸ, ਸਾਈਕਲਿੰਗ, ਗੋਲਫ, ਨੈਟਬਾਲ, ਕੁਸ਼ਤੀ, ਹਾਕੀ, ਅਥਲੈਟਿਕਸ ਅਤੇ ਬੈਡਮਿੰਟਨ ਸਮੇਤ 11 ਵੱਖ-ਵੱਖ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਪ੍ਰਬੰਧਕਾਂ ਨੇ ਤਜਰਬੇਕਾਰ ਖਿਡਾਰੀਆਂ ਦੇ ਨਾਲ-ਨਾਲ ਨਵੇਂ ਖਿਡਾਰੀਆਂ ਨੂੰ ਵੀ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਦਿੱਤਾ ਅਤੇ ਮਾਹੌਲ ਪੂਰੀ ਤਰ੍ਹਾਂ ਦੋਸਤਾਨਾਂ ਸੀ।

ਮੁਕਾਬਲਿਆਂ ਦੇ ਨਾਲ-ਨਾਲ ਰਾਸ਼ਟਰੀ ਖੇਡ ਸੰਸਥਾਵਾਂ ਅਤੇ ਭਾਈਚਾਰਕ ਭਾਗੀਦਾਰਾਂ ਵੱਲੋਂ ਬੱਚਿਆਂ, ਨੌਜਵਾਨਾਂ ਅਤੇ ਪਰਿਵਾਰਾਂ ਨੂੰ ਵੱਖ-ਵੱਖ ਖੇਡਾਂ ਨਾਲ ਜਾਣੂ ਕਰਵਾਉਣ ਲਈ ਵਿਸ਼ੇਸ਼ ਸ਼ੈਸ਼ਣ ਕਰਵਾਏ ਗਏ ਅਤੇ ਉਨ੍ਹਾਂ ਨੂੰ ਨਵੇਂ ਖੇਡ ਅਨੁਭਵ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਖੇਡ ਸਮਾਗਮਾਂ ਵਿੱਚ ਸੱਭਿਆਚਾਰਕ ਝਲਕੀਆਂ ਪੇਸ਼ ਕੀਤੀਆਂ ਅਤੇ ਤਿੰਨੇ ਦਿਨ ਮੁਫ਼ਤ ਲੰਗਰਾਂ ਦੀ ਸੇਵਾ ਵੀ ਨਿਰੰਤਰ ਜਾਰੀ ਰਹੀ।

ਦ ਸਿੱਖ ਗੇਮਜ਼ ਯੂ ਕੇ ਦੀ ਪ੍ਰਧਾਨ ਮਨਦੀਪ ਕੌਰ ਮੁਰ-ਵਿਰਕ ਨੇ ਕਿਹਾ ਕਿ ਇਸ ਸਾਲ ਦੀਆਂ ਸਿੱਖ ਖੇਡਾਂ ਸਾਡੇ ਲਈ ਹੁਣ ਤੱਕ ਦੀਆਂ ਸਭ ਤੋਂ ਵੱਡੀਆਂ ਅਤੇ ਪ੍ਰੇਰਨਾਦਾਇਕ ਰਹੀਆਂ ਹਨ। ਹਜ਼ਾਰਾਂ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਖੇਡਾਂ, ਆਪਣੀ ਪਛਾਣ ਅਤੇ ਭਾਈਚਾਰਕ ਏਕਤਾ ਦੀ ਭਾਵਨਾ ਨਾਲ ਇਕੱਠੇ ਦੇਖਣਾ ਸਾਡੇ ਲਈ ਮਾਣ ਵਾਲੀ ਗੱਲ ਹੈ। ਸਿੱਖ ਖੇਡਾਂ ਸੇਵਾ, ਸਮਾਵੇਸ਼ ਅਤੇ ਏਕਤਾ ਦੇ ਸਿਧਾਂਤਾਂ 'ਤੇ ਅਧਾਰਿਤ ਹਨ ਅਤੇ ਇਸ ਹਫ਼ਤੇ ਖੇਡਾਂ ਨੇ ਸਾਬਤ ਕਰ ਦਿੱਤਾ ਕਿ ਜਦੋਂ ਭਾਈਚਾਰਾ ਇਕੱਠਾ ਹੁੰਦਾ ਹੈ ਤਾਂ ਉਹ ਕੀ ਕੁਝ ਹਾਸਲ ਕਰ ਸਕਦਾ ਹੈ।

ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਡੈਨੀ ਬੀਲਜ਼, ਗੁਰਦੁਆਰਾ ਏਡ ਦੇ ਜਗਤਾਰ ਸਿੰਘ ਗਿੱਲ, ਖਾਲਸਾ ਏਡ ਦੇ ਰਵੀ ਸਿੰਘ, ਰਾਜਵਿੰਦਰ ਕੌਰ ਗਿੱਲ, ਅਰੁਣ ਕੰਗ, ਅੰਮ੍ਰਿਤ ਸਿੰਘ ਮਾਨ, ਆਸ਼ੋਕ ਦਾਸ ਕਬੱਡੀ ਐਸੋਸੀਏਸ਼ਨ, ਆਦਿ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ।

# ਭਾਰਤੀ ਮੂਲ ਦੇ ਪ੍ਰੋਫ਼ੈਸਰ ਸਵਰਨਪ੍ਰੀਤ ਸਿੰਘ 'ਹਾਊਸ ਆਫ਼ ਲੌਰਡਜ਼' ਦੇ ਮੈਂਬਰ ਨਾਮਜ਼ਦ



ਪ੍ਰੋ: ਸਵਰਨਪ੍ਰੀਤ ਸਿੰਘ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ (ਬਰਤਾਨੀਆ) ਸਰਕਾਰ ਵੱਲੋਂ ਹਾਊਸ ਆਫ ਲਾਡਰਜ਼ ਲਈ ਐਲਾਨੀਆਂ ਗਈਆਂ ਨਵੀਆਂ ਨਾਮਜ਼ਦਗੀਆਂ ਤਹਿਤ ਭਾਰਤੀ ਮੂਲ ਦੇ ਮੰਨੇ-ਪ੍ਰਮੰਨੇ ਸਾਈਕਾਇਟ੍ਰਿਸਟ (ਮਾਨਸਿਕ ਰੋਗਾਂ ਦੇ ਮਾਹਰ) ਅਤੇ ਅਕਾਦਮਿਕ ਪ੍ਰੋਫ਼ੈਸਰ ਸਵਰਨਪ੍ਰੀਤ ਸਿੰਘ ਨੂੰ ਬਰਤਾਨਵੀ ਸੰਸਦ ਦੇ ਉਪਰਲੇ ਸਦਨ 'ਹਾਊਸ ਆਫ਼ ਲਾਰਡਜ਼' ਵਿੱਚ ਜੀਵਨ ਭਰ ਲਈ ਮੈਂਬਰ (ਲਾਈਫ਼ ਪੀਅਰ) ਵਜੋਂ ਨਾਮਜ਼ਦ ਕੀਤਾ ਗਿਆ ਹੈ। ਉਹ ਕੰਜ਼ਰਵੇਟਿਵ ਪਾਰਟੀ ਵੱਲੋਂ ਪਾਰਲੀਮੈਂਟ ਵਿੱਚ ਸ਼ਾਮਲ ਹੋਣਗੇ। ਪਿਛਲੇ 16 ਸਾਲਾਂ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਕਿਸੇ ਅਭਿਆਸ ਕਰ ਰਹੇ ਮਾਨਸਿਕ ਰੋਗਾਂ ਦੇ ਮਾਹਰ ਡਾਕਟਰ ਨੂੰ ਇਹ ਸਨਮਾਨ ਮਿ-ਲਿਆ ਹੈ। ਪ੍ਰੋਫ਼ੈਸਰ ਸਿੰਘ ਨੇ ਆਪਣੀ ਸ਼ੁਰੂਆਤੀ ਡਾਕਟਰੀ ਪੜ੍ਹਾਈ (ਸਰਜਰੀ) ਨਵੀਂ ਦਿੱਲੀ ਤੋਂ ਕੀਤੀ ਸੀ, ਜਿਸ ਤੋਂ ਬਾਅਦ ਉਹ ਮਾਨਸਿਕ ਸਿਹਤ ਦੇ ਖੇਤਰ ਵੱਲ ਆਏ। ਸਾਲ 1991 ਵਿੱਚ ਉਹ ਬਰਤਾਨੀਆ ਆ ਗਏ। ਉਹ ਵਾਰਵਿਕ ਮੈਡੀਕਲ ਯੂਨੀਵਰਸਿਟੀ ਵਿੱਚ ਸੋਸ਼ਲ ਐਂਡ ਕਮਿਊਨਿਟੀ ਸਾਈਕਾਇਟਰੀ ਦੇ ਪ੍ਰੋਫ਼ੈਸਰ ਹਨ ਅਤੇ ਨੌਜਵਾਨਾਂ ਦੀ ਮਾਨਸਿਕ ਸਿਹਤ ਉੱਤੇ ਖੋਜ ਲਈ ਜਾਣੇ ਜਾਂਦੇ ਹਨ। ਪ੍ਰੋਫ਼ੈਸਰ ਸਵਰਨਪ੍ਰੀਤ ਸਿੰਘ ਬਰਤਾਨੀਆ ਦੇ 'ਇਕੁਐਲਿਟੀ ਐਂਡ ਹਿਊਮਨ ਰਾਈਟਸ ਕਮਿਸ਼ਨ' ਦੇ ਕਮਿਸ਼ਨਰ ਵੀ ਰਹਿ ਚੁੱਕੇ ਹਨ। ਇਸ ਤੋਂ ਇਲਾਵਾ ਉਹਨਾਂ ਨੇ ਕੰਜ਼ਰਵੇਟਿਵ ਪਾਰਟੀ ਵਿੱਚ ਵਿਤਕਰੇ ਅਤੇ ਇਸਲਾਮੋਫ਼ੋਬੀਆ ਦੇ ਦੋਸ਼ਾਂ ਦੀ ਜਾਂਚ ਲਈ ਬਣਾਈ ਗਈ ਆਜ਼ਾਦ ਕਮੇਟੀ ਦੀ ਅਗਵਾਈ ਵੀ ਕੀਤੀ ਸੀ।

## ਜੰਗਲ ਨੂੰ ਲੱਗੀ ਭਿਆਨਕ ਅੱਗ 'ਚ 700 ਇਮਾਰਤਾਂ ਤੇ ਹਜਾਰਾਂ ਏਕੜ ਰਕਬਾ ਸੜਿਆ

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਵਸ਼ਿੰਗਟਨ ਦੇ ਸਪੋਕੇਨ ਕਾਉਂਟੀ ਵਂਚ ਜੰਗਲ ਨੂੰ ਅੱਗ ਲੱਗਣ ਕਾਰਨ ਹਾਲਾਤ ਬਹੁਤ ਮਾੜੇ ਬਣੇ ਹੋਏ ਹਨ ਤੇ ਹੁਣ ਤੱਕ ਲਗਭਗ 65000 ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਇਆ ਗਿਆ ਹੈ ਤਿਨਾਂ ਥਾਵਾਂ 'ਤੇ ਅੱਗ ਲੱਗੀ ਹੈ ਜਿਸ ਉਪਰ ਕਾਬੂ ਪਾਉਣ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ । ਅਧਿਕਾਰੀਆਂ ਅਨੁਸਾਰ ਕਿਸੇ ਦੇ ਜ਼ਖਮੀ ਹੋਣ ਜਾਂ ਮੌਤ ਦੀ ਪੁਸ਼ਟੀ ਨਹੀਂ ਹੋਈ ਹੈ, ਪਰੰਤੂ ਅਜੇ ਪੂਰੀ ਤਰ੍ਹਾਂ ਮੁਲਾਂਕਣ ਕਰਨ ਵਿੱਚ ਸਮਾਂ ਲੱਗੇਗਾ। ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਦਰਮਿਆਨ 700 ਤੋਂ ਵੱਧ ਇਮਾਰਤਾਂ ਤਬਾਹ ਹੋ ਗਈਆਂ ਹਨ ਅਤੇ ਸ਼ਨੀਵਾਰ ਨੂੰ ਲੱਗੀ ਅੱਗ 'ਚ 8000 ਏਕੜ ਤੋਂ ਵੱਧ ਰਕਬਾ ਸੜ ਗਿਆ ਹੈ। ਅਧਿਕਾਰੀਆਂ ਅਨੁਸਾਰ ਇਸ ਸਾਲ ਜਲਵਾਯੂ ਸੰਕਟ ਕਾਰਨ ਵਾਸ਼ਿੰਗਟਨ ਵਿੱਚ ਸਤਾਰਾਂ ਵੱਡੀਆਂ ਅੱਗਾਂ ਨੇ 2,60,000 ਏਕੜ ਤੋਂ ਵੱਧ ਜੰਗਲ ਨੂੰ ਸਾੜ ਦਿੱਤਾ ਹੈ। ਓਰਿਗਨ ਵਿੱਚ ਜੰਗਲੀ ਅੱਗਾਂ ਨੇ 20 ਲੱਖ ਏਕੜ ਰਕਬੇ ਨੂੰ ਸਾੜ ਦਿੱਤਾ ਹੈ ਤੇ ਰਾਜ ਦੇ ਪਿਛਲੇ ਜੰਗਲੀ ਅੱਗਾਂ ਦੇ ਰਕਿਾਰਡ ਨੂੰ ਤੋੜ ਦੱਤਿਾ ਹੈ।

# ਕੈਨੇਡਾ ਦੇ ਮਾਂਟਰੀਅਲ ਸਥਿਤ ਗੁਰਦੁਆਰਾ ਸਾਹਿਬ ਵਿੱਚ ਮੀਟਿੰਗ ਦੌਰਾਨ ਵਿਵਾਦ, ਹੱਥੋਪਾਈ ਦੀ ਵੀਡੀਓ ਵਾਇਰਲ



ਮਾਂਟਰੀਅਲ: ਕੈਨੇਡਾ ਦੇ ਮਾਂਟਰੀਅਲ ਸਥਿਤ ਲਾਸਾਲੇ ਗੁਰਦੁਆਰਾ ਸਾਹਿਬ ਵਿੱਚ ਪ੍ਰਬੰਧਕ ਕਮੇਟੀ ਦੀ ਮੀਟਿੰਗ ਦੌਰਾਨ ਹੋਏ ਵਿਵਾਦ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਗੁਰਦੁਆਰੇ ਦੀ ਗੋਲਕ ਦੇ ਹਿਸਾਬ-ਕਿਤਾਬ ਅਤੇ ਕੁਝ ਪ੍ਰਬੰਧਕੀ ਮੁੱਦਿਆਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਤਿੱਖੀ ਬਹਿਸ ਹੋਈ, ਜੋ ਬਾਅਦ ਵਿੱਚ ਹੱਥੋਪਾਈ ਵਿੱਚ ਬਦਲ ਗਈ। ਵਾਇਰਲ ਵੀਡੀਓ ਵਿੱਚ ਮੀਟਿੰਗ ਦੌਰਾਨ ਇੱਕ ਮੈਂਬਰ ਵੱਲੋਂ ਸਵਾਲ ਪੁੱਛੇ ਜਾਣ ਤੋਂ ਬਾਅਦ ਮਾਹੌਲ ਤਣਾਅਪੂਰਨ ਹੁੰਦਾ ਦਿਖਾਈ ਦਿੰਦਾ ਹੈ। ਇਸ ਤੋਂ ਬਾਅਦ ਦੋ ਵਿਅਕਤੀਆਂ ਵਿਚਕਾਰ ਧੱਕਾ-ਮੁੱਕੀ ਅਤੇ ਹੱਥੋਪਾਈ ਹੋ ਜਾਂਦੀ ਹੈ, ਜਿਸ ਕਾਰਨ ਹਾਲ ਵਿੱਚ ਕੁਝ ਸਮੇਂ ਲਈ ਹਫੜਾ-ਦਫੜੀ ਦਾ ਮਾਹੌਲ ਬਣ ਜਾਂਦਾ ਹੈ। ਵੀਡੀਓ ਵਿੱਚ ਇਹ ਵੀ ਦਿਖਾਈ ਦਿੰਦਾ ਹੈ ਕਿ ਝਗੜੇ ਦੌਰਾਨ ਇੱਕ ਵਿਅਕਤੀ ਵੱਲੋਂ ਨੇੜੇ ਪਿਆ ਬਰਛਾ ਚੁੱਕਿਆ ਜਾਂਦਾ ਹੈ, ਪਰ ਮੌਕੇ 'ਤੇ ਮੌਜੂਦ ਹੋਰ ਮੈਂਬਰ ਤੁਰੰਤ ਦਖ਼ਲ ਦੇ ਕੇ ਸਥਿਤੀ ਨੂੰ ਕਾਬੂ ਵਿੱਚ ਲੈ ਆਉਂਦੇ ਹਨ ਅਤੇ ਕਿਸੇ ਵੱਡੀ ਅਣਹੋਣੀ ਨੂੰ ਟਾਲ ਦਿੰਦੇ ਹਨ। ਘਟਨਾ ਤੋਂ ਬਾਅਦ ਦੋਵਾਂ ਧਿਰਾਂ ਦੇ ਸਮਰਥਕਾਂ ਨੇ ਆਪਣੇ-ਆਪਣੇ ਪੱਖ ਰੱਖੇ ਹਨ। ਇੱਕ ਧਿਰ ਦਾ ਦੋਸ਼ ਹੈ ਕਿ ਗੋਲਕ ਦੇ ਹਿਸਾਬ-ਕਿਤਾਬ ਬਾਰੇ ਸਵਾਲ ਪੁੱਛਣ 'ਤੇ ਵਿਵਾਦ ਸ਼ੁਰੂ ਹੋਇਆ, ਜਦਕਿ ਦੂਜੀ ਧਿਰ ਵੱਲੋਂ ਇਸ ਮਾਮਲੇ ਬਾਰੇ ਅਧਿਕਾਰਕ ਤੌਰ 'ਤੇ ਕੋਈ ਵਿਸਥਾਰਪੂਰਵਕ ਬਿਆਨ ਸਾਹਮਣੇ ਨਹੀਂ ਆਇਆ।

ਵੀਡੀਓ ਸਾਹਮਣੇ ਆਉਣ ਤੋਂ ਬਾਅਦ ਸਿੱਖ ਸੰਗਤ ਅਤੇ ਭਾਰਤੀ ਭਾਈਚਾਰੇ ਵਿੱਚ ਚਿੰਤਾ ਪ੍ਰਗਟ ਕੀਤੀ ਜਾ ਰਹੀ ਹੈ। ਕਈ ਸ਼ਰਧਾਲੂਆਂ ਨੇ ਗੁਰਦੁਆਰਾ ਸਾਹਿਬ ਵਰਗੇ ਪਵਿੱਤਰ ਅਸਥਾਨ 'ਤੇ ਹੋਈ ਹੱਥੋਪਾਈ ਦੀ ਨਿੰਦਾ ਕਰਦਿਆਂ ਮਾਮਲੇ ਦੀ ਨਿਰਪੱਖ ਜਾਂਚ, ਵਿੱਤੀ ਰਿਕਾਰਡਾਂ ਦੀ ਪਾਰਦਰਸ਼ੀ ਸਮੀਖਿਆ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਰੋਕਣ ਲਈ ਉਚਿਤ ਕਦਮ ਚੁੱਕਣ ਦੀ ਮੰਗ ਕੀਤੀ ਹੈ।

# 25 ਕਰੋੜ 'ਜੈਨ ਜੀ' ਵੋਟਰ ਲੈਣਗੇ ਫੈਸਲਾਕੁੰਨ ਮੋੜ

## ✪ ਮੋਦੀ ਸਰਕਾਰ ਦੀ ਸੋਸ਼ਲ ਮੀਡੀਆ 'ਤੇ 'ਨੇਰੇਟਿਵ ਕੰਟਰੋਲ' ਕਰਨ ਦੀ ਰਣਨੀਤੀ ਹੋਈ ਨਾਕਾਮ ✪ ਸਕੂਲਾਂ ਤੱਕ ਪਹੁੰਚਿਆ ਮੋਦੀ ਸਰਕਾਰ ਵਿਰੁਧ ਸੰਕਟ ✪ ਬੇਰੋਜ਼ਗਾਰੀ ਅਤੇ ਪੇਪਰ ਲੀਕ ਕਾਰਨ 40 ਕਰੋੜ 'ਮਿਲੇਨੀਅਲ' ਮਾਪਿਆਂ ਵਿੱਚ ਵੀ ਭਾਰੀ ਅਸੰਤੋਸ਼

ਦੇਸ਼ ਦੀ ਰਾਜਨੀਤੀ ਵਿੱਚ ਸਮੇਂ-ਸਮੇਂ 'ਤੇ ਅਜਿਹੇ ਇਤਿਹਾਸਿਕ ਮੋੜ ਆਉਂਦੇ ਹਨ, ਜੋ ਸੱਤਾ ਦੇ ਸਥਾਪਿਤ ਸਮੀਕਰਨਾਂ ਅਤੇ ਅਹੰਕਾਰ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੰਦੇ ਹਨ। ਭਾਰਤ ਦੇ ਵਰਤਮਾਨ ਸਿਆਸੀ ਦ੍ਰਿਸ਼ ਵਿੱਚ 'ਜੈਨ ਜੀ' -ਯਾਨੀ 1997 ਤੋਂ 2012 ਦੇ ਵਿਚਕਾਰ ਜਨਮੀ ਨਵੀਂ ਪੀੜ੍ਹੀ-ਦੁਆਰਾ ਪੇਪਰ ਲੀਕ, ਸਿੱਖਿਆ ਪ੍ਰਣਾਲੀ ਵਿੱਚ ਫੈਲੇ ਭ੍ਰਿਸ਼ਟਾਚਾਰ ਅਤੇ ਡੁੱਬਦੇ ਰੁਜ਼ਗਾਰ ਦੇ ਗੰਭੀਰ ਮੁੱਦਿਆਂ 'ਤੇ ਕੀਤਾ ਗਿਆ ਜੰਤਰ-ਮੰਤਰ ਦਾ ਅੰਦੋਲਨ ਕੋਈ ਰਵਾਇਤੀ ਜਾਂ ਸਾਧਾਰਨ ਵਿਰੋਧ ਪ੍ਰਦਰਸ਼ਨ ਨਹੀਂ ਸੀ। ਇਹ ਅੰਦੋਲਨ ਕਿਸੇ ਸਿਆਸੀ ਪਾਰਟੀ ਦੀ ਸ਼ਹਿ 'ਤੇ ਜਾਂ ਚੋਣ ਲਾਹਾ ਲਾਉਣ ਦੀ ਮਨਸ਼ਾ ਨਾਲ ਨਹੀਂ ਉੱਠਿਆ ਸੀ, ਸਗੋਂ ਇਹ ਲੱਖਾਂ-ਕਰੋੜਾਂ ਨੌਜਵਾਨਾਂ ਦੇ ਭਵਿੱਖ, ਸੁਪਨਿਆਂ ਅਤੇ ਉਨ੍ਹਾਂ ਦੇ ਅਸਤੀਤਵ ਦੀ ਲੜਾਈ ਸੀ।

ਜਦੋਂ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਪ੍ਰੀਖਿਆਵਾਂ ਦੇ ਪਾਰਦਰਸ਼ੀ ਢਾਂਚੇ ਹੀ ਢਹਿ-ਢੇਰੀ ਹੋਣ ਲੱਗਣ, ਪੇਪਰ ਲੀਕ ਦੀਆਂ ਖ਼ਬਰਾਂ ਆਮ ਹੋ ਜਾਣ, ਅਤੇ ਯੋਗਤਾ ਦੀ ਬਜਾਏ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੋ ਜਾਵੇ, ਤਾਂ ਦੇਸ਼ ਦੇ ਨੌਜਵਾਨਾਂ ਦਾ ਸੜਕਾਂ 'ਤੇ ਉੱਤਰਨਾ ਮਜ਼ਬੂਰੀ ਬਣ ਜਾਂਦਾ ਹੈ। ਇਸ ਵਿਰੋਧ ਪ੍ਰਦਰਸ਼ਨ ਦੌਰਾਨ ਸਰਕਾਰੀ ਤੰਤਰ ਅਤੇ ਪੁਲਿਸ ਦੁਆਰਾ ਅਪਣਾਇਆ ਗਿਆ ਸਖ਼ਤ ਰਵੱਈਆ-ਜਿਵੇਂ ਲਾਠੀਚਾਰਜ, ਅੱਥਰੂ ਗੈਸ, ਵਾਟਰ ਕੈਨਨ, ਇੰਟਰਨੈੱਟ ਬੰਦੀ ਅਤੇ ਅੰਦੋਲਨਕਾਰੀਆਂ ਨੂੰ ਡਰਾਉਣ-ਧਮਕਾਉਣ ਦੀਆਂ ਕੋਸ਼ਿਸ਼ਾਂ-ਨੌਜਵਾਨਾਂ ਦੇ ਮਨਾਂ ਵਿੱਚ ਡੂੰਘੇ ਜ਼ਖ਼ਮ ਛੱਡ ਗਈਆਂ ਹਨ। ਸਰਕਾਰ ਵਲੋਂ ਹੱਕ ਮੰਗ ਰਹੇ ਵਿਦਿਆਰਥੀਆਂ ਨੂੰ ਪੀੜਤ ਸਮਝਣ ਦੀ ਬਜਾਏ ਗੁਨਾਹਗਾਰ ਵਜੋਂ ਪੇਸ਼ ਕਰਨ ਦਾ ਇਹ ਵਤੀਰਾ ਉਨ੍ਹਾਂ ਦੀ 'ਡਿਜੀਟਲ ਮੈਮੋਰੀ' ਵਿੱਚ ਹਮੇਸ਼ਾ ਲਈ ਦਰਜ ਹੋ ਗਿਆ ਹੈ, ਜਿਸ ਨੂੰ ਕਿਸੇ ਸਰਕਾਰੀ ਪ੍ਰਚਾਰ ਨਾਲ ਆਸਾਨੀ ਨਾਲ ਮਿਟਾਇਆ ਨਹੀਂ ਜਾ ਸਕਦਾ।

ਇਸ ਪੂਰੇ ਘਟਨਾਕ੍ਰਮ ਦੌਰਾਨ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਲੋਂ ਨੌਜਵਾਨਾਂ ਨੂੰ ਆਪਣੇ ਨਾਲ ਜੋੜਨ ਅਤੇ ਗੁੱਸਾ ਸ਼ਾਂਤ ਕਰਨ ਲਈ ਕੀਤੇ ਗਏ ਯਤਨ ਵੀ ਚਰਚਾ ਦਾ ਵੱਡਾ ਕੇਂਦਰ ਰਹੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਇੰਸਟਾਗ੍ਰਾਮ 'ਤੇ ਰੀਲਾਂ ਪੋਸਟ ਕਰਕੇ ਨੌਜਵਾਨਾਂ ਨੂੰ 'ਫ੍ਰੈਂਡਜ਼' ਕਹਿ ਕੇ ਸੰਬੋਧਨ ਕਰਨਾ, ਜਾਂ ਸੰਸਦ ਅੰਦਰ ਉਨ੍ਹਾਂ ਦੀ ਪਾਰਟੀ ਦੇ ਆਗੂਆਂ ਦੁਆਰਾ ਨਵੀਂ ਪੀੜ੍ਹੀ ਦੀ ਸ਼ਬਦਾਵਲੀ (ਸਲੈਂਗ ਤੇ ਲਿੰਗੋ) ਦੀ ਵਰਤੋਂ ਕਰਕੇ ਆਪਣੇ ਆਪ ਨੂੰ 'ਜੈਨ ਜੀ' ਦੇ ਅਸਲ ਨੁਮਾਇੰਦੇ ਵਜੋਂ ਪੇਸ਼ ਕਰਨਾ, ਇੱਕ ਯੋਜਨਾਬੱਧ ਚੋਣ ਰਣਨੀਤੀ ਦਾ ਹਿੱਸਾ ਤਾਂ ਹੋ ਸਕਦਾ ਹੈ, ਪਰ ਇਸ ਦਾ ਅਸਰ ਉਲਟਾ ਦੇਖਣ ਨੂੰ ਮਿਲਿਆ।

ਸੋਸ਼ਲ ਮੀਡੀਆ 'ਤੇ ਇਨ੍ਹਾਂ ਯਤਨਾਂ ਦਾ ਜਿਸ ਤਰ੍ਹਾਂ ਮਜ਼ਾਕ ਬਣਾਇਆ ਗਿਆ, ਮੀਮਜ਼ ਦੀ ਬਾਰਿਸ਼ ਹੋਈ ਅਤੇ ਸਰਕਾਰੀ ਪਹਿਲਕਦਮੀਆਂ ਨੂੰ ਖਾਰਜ ਕੀਤਾ ਗਿਆ, ਉਹ ਇਸ ਗੱਲ ਦਾ ਸਪੱਸ਼ਟ ਪ੍ਰਮਾਣ ਹੈ ਕਿ ਅਸਲ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਕੇ ਸਿਰਫ਼ ਡਿਜੀਟਲ ਦਿਖਾਵੇ ਜਾਂ ਪਾਰਦਰਸ਼ਤਾ-ਹੀਣ ਨਾਅਰਿਆਂ ਨਾਲ ਇਸ ਪੀੜ੍ਹੀ ਦਾ ਭਰੋਸਾ ਨਹੀਂ ਜਿੱਤਿਆ ਜਾ ਸਕਦਾ। ਨੌਜਵਾਨਾਂ ਨੂੰ ਸਾਫ਼ ਮਹਿਸੂਸ ਹੋ ਰਿਹਾ ਹੈ ਕਿ ਸਰਕਾਰ ਉਨ੍ਹਾਂ ਦੇ ਦਰਦ ਅਤੇ ਰੁਜ਼ਗਾਰ ਦੇ ਅਸਲ ਸੰਕਟ ਨੂੰ ਸਮਝਣ ਦੀ ਬਜਾਏ ਸਿਰਫ਼ 'ਨੇਰੇਟਿਵ ਕੰਟਰੋਲ' (ਬਿਰਤਾਂਤ ਨੂੰ ਆਪਣੇ ਪੱਖ ਵਿੱਚ ਕਰਨ) ਵਿੱਚ ਦਿਲਚਸਪੀ ਰੱਖਦੀ ਹੈ। ਜਦੋਂ ਮੌਜੂਦਾ ਮੁੱਦਿਆਂ ਦਾ ਹੱਲ ਕਰਨ ਦੀ ਬਜਾਏ ਪੁਰਾਣੇ ਇਤਿਹਾਸਿਕ ਬਹਾਨੇ ਬਣਾਏ ਜਾਂਦੇ ਹਨ, ਤਾਂ ਇਹ ਨਵੀਂ ਪੀੜ੍ਹੀ ਉਸ ਤੋਂ ਪੂਰੀ ਤਰ੍ਹਾਂ ਅੱਕ ਚੁੱਕੀ ਨਜ਼ਰ ਆਉਂਦੀ ਹੈ।

### 25 ਕਰੋੜ ਵੋਟਰਾਂ ਦਾ ਵੱਡਾ ਅੰਕੜਾ

ਜੇਕਰ ਅਸੀਂ ਜਨਸੰਖਿਆ ਦੇ ਅੰਕੜਿਆਂ ਦੀ ਗਹਿਰਾਈ ਨਾਲ ਸਮੀਖਿਆ ਕਰੀਏ, ਤਾਂ 'ਜੈਨ ਜੀ' ਦੀ ਆਬਾਦੀ ਦੇਸ਼ ਵਿੱਚ ਲਗਭਗ 35 ਤੋਂ 38 ਕਰੋੜ ਦੇ ਆਸ-ਪਾਸ ਹੈ, ਜੋ ਕਿ ਭਾਰਤ ਦੀ ਕੁੱਲ ਆਬਾਦੀ ਦਾ ਲਗਭਗ 27 ਫੀਸਦੀ ਬਣਦੀ ਹੈ। ਜੇਕਰ ਇਸ ਵਿੱਚੋਂ ਇੱਕ ਚੌਥਾਈ ਅਜਿਹੇ ਨਾਬਾਲਗਾਂ ਨੂੰ ਕੱਢ ਵੀ ਦਿੱਤਾ ਜਾਵੇ ਜੋ ਆਉਣ ਵਾਲੇ ਸਮੇਂ ਵਿੱਚ ਤੁਰੰਤ ਵੋਟ ਦੇਣ ਦੇ ਯੋਗ ਨਹੀਂ ਹੋਣਗੇ, ਤਾਂ ਵੀ ਆਉਣ ਵਾਲੀਆਂ ਆਮ ਚੋਣਾਂ ਵਿੱਚ 25 ਕਰੋੜ ਤੋਂ ਵੱਧ ਵੋਟਰ ਸਿੱਧੇ ਤੌਰ 'ਤੇ ਇਸ ਪੀੜ੍ਹੀ ਦੇ ਹੋਣਗੇ।

ਇਹ 25 ਕਰੋੜ ਦਾ ਅੰਕੜਾ ਕੋਈ ਮਾਮੂਲੀ ਗਿਣਤੀ ਨਹੀਂ ਹੈ; ਇਹ ਇੱਕ ਅਜਿਹਾ ਵਿਸ਼ਾਲ ਵੋਟ ਬੈਂਕ ਹੈ ਜੋ ਕਿਸੇ ਵੀ ਸਿਆਸੀ ਧਿਰ ਦਾ ਤਖ਼ਤ ਹਿਲਾਉਣ ਅਤੇ ਨਵੇਂ ਰਾਜਨੀਤਿਕ ਸਮੀਕਰਨ ਸਿਰਜਣ ਦੀ ਪੂਰੀ ਸਮਰੱਥਾ ਰੱਖਦਾ ਹੈ। ਸਭ ਤੋਂ ਅਹਿਮ ਗੱਲ ਇਹ ਹੈ ਕਿ ਇਹ ਵੋਟਰ ਕਿਸੇ ਪਰੰਪਰਾਗਤ ਜਾਤੀ, ਧਰਮ ਜਾਂ ਪੁਰਾਣੀ ਰਾਜਨੀਤਿਕ ਵਫ਼ਾਦਾਰੀ ਵਿੱਚ ਬੱਝੇ ਹੋਏ ਨਹੀਂ ਹਨ। ਇਹ ਇੱਕ ਸੁਤੰਤਰ, ਸੂਚਿਤ ਅਤੇ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਵੋਟਰ ਵਰਗ ਹੈ, ਜੋ ਸਿਆਸੀ ਬਿਆਨਬਾਜ਼ੀ ਦੀ ਬਜਾਏ ਨਤੀਜਿਆਂ, ਰੁਜ਼ਗਾਰ ਦੇ ਮੌਕਿਆਂ ਅਤੇ ਨਿਆਂ ਦੀ ਬੁਨਿਆਦ 'ਤੇ ਫੈਸਲਾ ਲੈਂਦਾ ਹੈ।

ਇਸ ਅੰਦੋਲਨ ਦਾ ਪ੍ਰਭਾਵ ਸਿਰਫ਼ 18 ਤੋਂ 29 ਸਾਲ ਦੇ ਨੌਜਵਾਨਾਂ ਤੱਕ ਹੀ ਸੀਮਤ ਨਹੀਂ ਰਿਹਾ। ਜੰਤਰ-ਮੰਤਰ ਤੋਂ ਉੱਠੀ ਇਸ ਆਵਾਜ਼ ਨੇ 'ਜੈਨ ਅਲਫ਼ਾ' (2012 ਤੋਂ ਬਾਅਦ ਜਨਮੀ ਪੀੜ੍ਹੀ) ਦੇ 10 ਤੋਂ 14 ਸਾਲ ਦੇ ਬੱਚਿਆਂ ਵਿੱਚ ਵੀ ਆਪਣੇ ਹੱਕਾਂ ਪ੍ਰਤੀ ਇੱਕ ਵਿਸ਼ਾਲ ਜਾਗਰੂਕਤਾ ਪੈਦਾ ਕੀਤੀ ਹੈ। ਮੱਧ ਪ੍ਰਦੇਸ਼ ਦੇ ਸ਼ਹਡੋਲ ਵਿੱਚ ਕੰਨਿਆ ਵਿਦਿਆਲਾ



ਦੀਆਂ ਮਾਸੂਮ ਵਿਦਿਆਰਥਣਾਂ ਦੁਆਰਾ ਬਿਜਲੀ-ਪਾਣੀ ਦੀ ਸਮੱਸਿਆ ਲਈ ਕਲੈਕਟਰ ਦਫ਼ਤਰ ਵੱਲ ਮਾਰਚ ਕਰਨਾ, ਜਾਂ ਉੱਤਰ ਪ੍ਰਦੇਸ਼ ਦੇ ਫਤੇਹਪੁਰ ਵਿੱਚ ਸਕੂਲੀ ਬੱਚਿਆਂ ਦੁਆਰਾ ਬੁਨਿਆਦੀ ਸਹੂਲਤਾਂ ਅਤੇ ਮਨਮਾਨੀਆਂ ਫੀਸਾਂ ਵਿਰੁੱਧ ਪ੍ਰਦਰਸ਼ਨ ਕਰਨਾ ਇਸ ਗੱਲ ਦਾ ਸਪੱਸ਼ਟ ਸਬੂਤ ਹੈ ਕਿ ਵਿਰੋਧ ਦੀ ਇਹ ਲਹਿਰ ਹੁਣ ਛੋਟੇ ਛੋਟੇ ਕਸਬਿਆਂ ਅਤੇ ਸਕੂਲਾਂ ਤੱਕ ਪਹੁੰਚ ਚੁੱਕੀ ਹੈ। ਇਹ ਬੱਚੇ ਭਾਵੇਂ ਅੱਜ ਵੋਟਰ ਨਹੀਂ ਹਨ, ਪਰ ਅਗਲੀਆਂ ਚੋਣਾਂ ਤੱਕ ਇਹ ਨਵੇਂ ਵੋਟਰ ਬਣ ਕੇ ਸਾਹਮਣੇ ਆਉਣਗੇ।

ਇਸ ਤੋਂ ਵੀ ਵੱਡਾ ਪਹਿਲੂ ਇਹ ਹੈ ਕਿ ਇਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਦੇ ਮਾਤਾ-ਪਿਤਾ-ਜਿਨ੍ਹਾਂ ਨੂੰ 'ਮਿਲੇਨੀਅਲਜ਼' (1980-1996 ਵਿਚਕਾਰ ਜਨਮੇ) ਕਿਹਾ ਜਾਂਦਾ ਹੈ-ਦੀ ਆਬਾਦੀ ਵੀ ਦੇਸ਼ ਵਿੱਚ 40 ਕਰੋੜ ਦੇ ਲਗਭਗ ਹੈ। 30 ਤੋਂ 46 ਸਾਲ ਦੀ ਉਮਰ ਦਾ ਇਹ ਵਰਗ ਆਪਣੇ ਬੱਚਿਆਂ ਦੇ ਭਵਿੱਖ, ਸਿੱਖਿਆ 'ਤੇ ਹੋ ਰਹੇ ਖਰਚਿਆਂ ਅਤੇ ਰੁਜ਼ਗਾਰ ਦੀ ਅਨਿਸ਼ਚਿਤਤਾ ਤੋਂ ਬੇਖ਼ਬਰ ਨਹੀਂ ਰਹਿ ਸਕਦਾ। ਜਦੋਂ ਕਿਸੇ ਪਰਿਵਾਰ ਦੇ ਬੱਚੇ ਦਾ ਭਵਿੱਖ ਪੇਪਰ ਲੀਕ ਹੋਣ ਨਾਲ ਧੁੰਦਲਾ ਹੁੰਦਾ ਹੈ ਜਾਂ ਉਸ 'ਤੇ ਪੁਲਿਸ ਦਾ ਲਾਠੀਚਾਰਜ ਹੁੰਦਾ ਹੈ, ਤਾਂ ਉਸ ਦਾ ਸਿੱਧਾ ਅਸਰ ਮਾਤਾ-ਪਿਤਾ ਦੀ ਰਾਜਨੀਤਿਕ ਸੋਚ ਅਤੇ ਵੋਟਿੰਗ ਫੈਸਲੇ 'ਤੇ ਪੈਂਦਾ ਹੈ। ਇਸ ਤਰ੍ਹਾਂ 'ਜੈਨ ਜੀ', 'ਜੈਨ ਅਲਫ਼ਾ' ਅਤੇ 'ਮਿਲੇਨੀਅਲਜ਼' ਨੂੰ ਮਿਲਾ ਕੇ ਕੁੱਲ 120 ਕਰੋੜ ਦੀ ਆਬਾਦੀ ਬਣਦੀ ਹੈ, ਜਿਸ ਵਿੱਚੋਂ 70 ਕਰੋੜ ਤੋਂ ਵੱਧ ਸਿੱਧੇ ਵੋਟਰ ਹਨ। ਇਹ ਆਂਕੜਾ ਦਰਸਾਉਂਦਾ ਹੈ ਕਿ ਸਰਕਾਰ ਅਤੇ ਦੇਸ਼ ਦੀ ਇੱਕ ਬਹੁਤ ਵੱਡੀ ਆਬਾਦੀ ਦੇ ਵਿਚਕਾਰ ਸੰਚਾਰ ਅਤੇ ਭਰੋਸੇ ਦੀਆਂ ਤਾਰਾਂ ਪੂਰੀ ਤਰ੍ਹਾਂ ਟੁੱਟ ਚੁੱਕੀਆਂ ਹਨ।

ਸਿਆਸੀ ਅਤੇ ਆਰਥਿਕ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮੌਜੂਦਾ ਸਰਕਾਰ ਆਪਣੀ ਉਹ 'ਨੈਤਿਕ ਅਥਾਰਟੀ' ਗੁਆ ਰਹੀ ਹੈ, ਜਿਸ ਦੇ ਦਮ 'ਤੇ ਉਹ ਕਦੇ ਚੁਣੌਤੀ-ਹੀਣ ਨਜ਼ਰ ਆਉਂਦੀ ਸੀ। ਹਾਲਾਂਕਿ ਜਨਤਾ ਦੇ ਡਰ ਅਤੇ ਅੰਦੋਲਨ ਦੇ ਦਬਾਅ ਹੇਠ ਸਿੱਖਿਆ ਮੰਤਰੀ ਬਦਲਣ ਵਰਗੇ ਕਦਮ ਚੁੱਕ ਕੇ ਸਰਕਾਰ ਨੇ ਅਸਥਾਈ ਤੌਰ 'ਤੇ ਸੰਕਟ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਹੈ, ਪਰ ਇਹ ਹੱਲ ਬਹੁਤ ਛੋਟੇ ਸਮੇਂ ਲਈ ਹੈ। ਅਸਲ ਸਮੱਸਿਆਵਾਂ ਜਿਵੇਂ ਕਿ ਆਈ.ਟੀ. ਖੇਤਰ ਵਿੱਚ ਛਾਂਟੀ, ਗ੍ਰੈਜੂਏਟ ਨੌਜਵਾਨਾਂ ਵਿੱਚ 40% ਤੱਕ ਪਹੁੰਚ ਰਹੀ ਬੇਰੋਜ਼ਗਾਰੀ, ਵਿਦੇਸ਼ੀ ਰੁਜ਼ਗਾਰ ਦੇ ਘਟਦੇ ਮੌਕੇ ਅਤੇ ਪ੍ਰੀਖਿਆ ਪ੍ਰਣਾਲੀ ਦਾ ਪੂਰੀ ਤਰ੍ਹਾਂ ਢਹਿ-ਢੇਰੀ ਹੋਣਾ ਅਜੇ ਵੀ ਜਿਵੇਂ ਦੇ ਤਿਵੇਂ ਖੜ੍ਹੇ ਹਨ।

ਕੇਵਲ ਜੀ.ਡੀ.ਪੀ.ਵਾਧੇ ਦੇ ਅੰਕੜੇ ਦਿਖਾ ਕੇ ਉਨ੍ਹਾਂ ਨੌਜਵਾਨਾਂ ਨੂੰ ਸ਼ਾਂਤ ਨਹੀਂ ਕੀਤਾ ਜਾ ਸਕਦਾ ਜੋ ਡਿਗਰੀਆਂ ਹੱਥਾਂ ਵਿੱਚ ਲੈ ਕੇ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਜਦੋਂ ਵਿਕਾਸ ਦਾ ਲਾਭ ਆਮ ਨੌਜਵਾਨਾਂ ਤੱਕ ਨਹੀਂ ਪਹੁੰਚਦਾ, ਤਾਂ ਨਾਅਰੇ ਆਪਣੇ ਅਰਥ ਗੁਆ ਬੈਠਦੇ ਹਨ। 'ਕੌਕਰੋਚ ਅੰਦੋਲਨ' ਵਰਗੇ ਅਸੰਗਠਿਤ ਅਤੇ ਨੇਤਾ-ਹੀਣ ਪ੍ਰਦਰਸ਼ਨਾਂ ਨੇ ਇਹ ਦਿਖਾ ਦਿੱਤਾ ਹੈ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ ਸੱਤਾ ਵਿਰੋਧੀ ਲਹਿਰ ਨੂੰ ਬੁਲੰਦ ਕਰਨ ਲਈ ਕਿਸੇ ਰਵਾਇਤੀ ਰਾਜਨੀਤਿਕ ਢਾਂਚੇ ਦੀ ਲੋੜ ਨਹੀਂ ਹੈ। ਇੱਕ ਸਰਗਰਮ ਸੋਸ਼ਲ ਨੈੱਟਵਰਕ ਵੀ ਸੱਤਾ ਨੂੰ ਝੁਕਣ ਲਈ ਮਜ਼ਬੂਰ ਕਰ ਸਕਦਾ ਹੈ

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਰਤ ਦੀ ਨਵੀਂ ਪੀੜ੍ਹੀ ਨੂੰ ਹੁਣ ਸਿਰਫ਼ ਭਾਵਨਾਤਮਕ ਮੁੱਦਿਆਂ, ਪੁਰਾਣੇ ਇਤਿਹਾਸਿਕ ਵਿਵਾਦਾਂ ਜਾਂ ਚੋਣਵੀਂ ਬਿਆਨਬਾਜ਼ੀ ਨਾਲ ਨਹੀਂ ਪ੍ਰਭਾਵਿਤ ਕੀਤਾ ਜਾ ਸਕਦਾ। 'ਜੈਨ ਜੀ' ਆਪਣੇ ਵਰਤਮਾਨ ਵਿੱਚ ਜਵਾਬਦੇਹੀ, ਸਿਸਟਮ ਵਿੱਚ ਪਾਰਦਰਸ਼ਤਾ ਅਤੇ ਸਨਮਾਨਜਨਕ ਰੁਜ਼ਗਾਰ ਦੀ ਮੰਗ ਕਰ ਰਹੀ ਹੈ। ਇਹ ਪੀੜ੍ਹੀ ਡਿਜੀਟਲ ਯੁੱਗ ਦੀ ਪੀੜ੍ਹੀ ਹੈ ਜੋ ਹਰ ਦਾਅਵੇ ਦਾ ਪ੍ਰੀਖਣ ਹਕੀਕਤ ਦੀ ਕਸੌਟੀ 'ਤੇ ਕਰਦੀ ਹੈ।

ਪ੍ਰਸਿਧ ਚਿੰਤਕ ਰਾਮ ਪੁਨਿਆਣੀ ਦਾ ਕਹਿਣਾ ਹੈ ਕਿ ਜੇਕਰ ਸ਼ਾਸਕ ਧਿਰ ਅਤੇ ਭਾਜਪਾ ਨੌਜਵਾਨਾਂ ਨਾਲ ਅਸਲ ਸੰਵਾਦ ਰਚਾਉਣ, ਉਨ੍ਹਾਂ ਦੀਆਂ ਤਕਲੀਫ਼ਾਂ ਨੂੰ ਗੰਭੀਰਤਾ ਨਾਲ ਸੁਣਨ ਅਤੇ ਸਿੱਖਿਆ-ਰੁਜ਼ਗਾਰ ਦੇ ਢਾਂਚੇ ਵਿੱਚ ਬੁਨਿਆਦੀ ਸੁਧਾਰ ਕਰਨ ਵਿੱਚ ਨਾਕਾਮ ਰਹਿੰਦੀ ਹੈ, ਤਾਂ ਆਉਣ ਵਾਲੀਆਂ ਚੋਣਾਂ ਵਿੱਚ ਇਸ ਪੀੜ੍ਹੀ ਦਾ ਗੁੱਸਾ, ਨਿਰਾਸ਼ਾ ਅਤੇ ਡਿਜੀਟਲ ਇੱਕਜੁੱਟਤਾ ਦੇਸ਼ ਦੇ ਸਿਆਸੀ ਨਕਸ਼ੇ ਨੂੰ ਬਦਲਣ ਅਤੇ ਸੱਤਾ ਦੀਆਂ ਬੁਨਿਆਦਾਂ ਨੂੰ ਹਿਲਾਉਣ ਦੀ ਪੂਰੀ ਸਮਰੱਥਾ ਰੱਖਦੀ ਹੈ। ਇਹ ਸੰਕਟ ਟਲਿਆ ਨਹੀਂ ਹੈ, ਸਗੋਂ ਸਰਕਾਰ ਲਈ ਇੱਕ ਵੱਡੀ ਚੇਤਾਵਨੀ ਬਣ ਕੇ ਉੱਭਰਿਆ ਹੈ।

# ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦਾ 65ਵਾਂ ਸਥਾਪਨਾ ਦਿਵਸ ਮਨਾਇਆ ਗਿਆ



ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦੀ 65ਵੀਂ ਵਰ੍ਹੇ ਗੰਢ ਮੌਕੇ ਪ੍ਰਬੰਧਕ ਅਤੇ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰੂ ਨਾਨਕ ਗੁਰਦੁਆਰਾ ਸਮੈਦਿਕ ਦਾ 65ਵਾਂ ਸਥਾਪਨਾ ਦਿਵਸ ਸਮੈਦਿਕ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਬੜੀ ਧੂਮਧਾਮ ਨਾਲ ਮਨਾਇਆ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਗਿਆਨੀ ਅਵਤਾਰ ਸਿੰਘ ਦਲ ਬਾਬਾ ਬਿਦੀ ਚੰਦ ਜੀ, ਭਾਈ ਗੁਰਵਿੰਦਰ ਸਿੰਘ ਬਾਬਾ ਬਕਾਲਾ ਸਾਹਿਬ ਵਾਲੇ, ਭਾਈ ਭਿੰਡਰ ਸਿੰਘ ਦਮਦਮਾ ਸਾਹਿਬ, ਭਾਈ ਤੀਰਥ ਸਿੰਘ ਚਿੱਟੀ, ਭਾਈ ਸੰਦੀਪ ਸਿੰਘ ਟਾਂਡੇ ਵਾਲਿਆਂ ਦੇ ਜੱਥਿਆਂ ਨੇ ਗੁਰਬਾਣੀ ਕੀਰਤਨ ਅਤੇ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ, ਪ੍ਰਮਜੀਤ ਸਿੰਘ ਢਿਲੋਂ, ਤਰਸੇਮ ਸਿੰਘ ਛੋਕਰ, ਹਰਵਿੰਦਰ ਸਿੰਘ ਹੀਰਾ, ਗਿਆਨੀ ਮਹਿਤਾਬ ਸਿੰਘ ਨੇ ਸੰਗਤਾਂ ਨੂੰ ਵਧਾਈ ਦਿੱਤੀ। ਇਸ ਮੌਕੇ ਬੁਲਾਰਿਆਂ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇਹ ਸਾਡੇ ਗੁਰਦੁਆਰਾ ਸਾਹਿਬ ਦੀ ਮਹਾਨ ਵਿਰਾਸਤ ਅਤੇ ਸਮੁੱਚੀ ਸਿੱਖ ਕੌਮ ਦੇ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਅਤੇ ਮਾਣਮੱਤਾ ਮੀਲ ਪੱਥਰ ਹੈ।

ਸਾਲ 1961 ਵਿੱਚ ਸਥਾਪਿਤ ਹੋਇਆ ਗੁਰੂ ਨਾਨਕ ਗੁਰਦੁਆਰਾ ਸਮੈਦਿਕ, ਦੂਰਅੰਦੇਸ਼ੀ ਸੋਚ, ਅਟੱਲ ਸਮਰਪਣ ਅਤੇ ਨਿਰਸੁਆਰਥ ਕੁਰਬਾਨੀਆਂ ਕਰਨ ਵਾਲੇ ਸਿੱਖ ਦੜਿੜਤਾ ਦੇ ਇੱਕ ਛੋਟੇ ਜਿਹੇ ਸਮੂਹ ਦੀ ਇੱਛਾ ਦਾ ਨਤੀਜਾ ਸੀ। ਉਨ੍ਹਾਂ ਦਾ ਸੁਪਨਾ ਇੱਕ ਅਜਿਹਾ ਆਤਮਕ ਕੇਂਦਰ ਸਥਾਪਿਤ ਕਰਨਾ ਸੀ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪਵਿੱਤਰ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਹੋਵੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਸਿੱਖੀ, ਗੁਰਬਾਣੀ ਅਤੇ ਸੇਵਾ ਨਾਲ ਸਦਾ ਜੁੜੀਆਂ ਰਹਿਣ। ਉਨ੍ਹਾਂ ਦੀ ਅਟੱਲ ਸ਼ਰਧਾ, ਅਥਾਹ ਮਿਹਨਤ ਅਤੇ ਨਿਸ਼ਕਾਮ ਸੇਵਾ ਨੇ ਉਸ ਮਜ਼ਬੂਤ ਨੀਂਹ ਨੂੰ ਰੱਖਿਆ ਜਿਸ ਉੱਤੇ ਅੱਜ ਇਹ ਗੁਰਦੁਆਰਾ ਬਰਤਾਨੀਆਂ ਦੇ ਸਭ ਤੋਂ ਵੱਡੇ ਅਤੇ ਸਭ ਤੋਂ ਵੱਧ ਸਤਿਕਾਰੇ ਜਾਂਦੇ ਸਿੱਖ ਧਾਰਮਿਕ ਅਸਥਾਨਾਂ ਵਿੱਚੋਂ ਇੱਕ ਵਜੋਂ ਖੜ੍ਹਾ ਹੈ।

ਪਿਛਲੇ 65 ਸਾਲਾਂ ਦੌਰਾਨ ਗੁਰਦੁਆਰਾ ਸਾਹਿਬ ਸਿਰਫ਼ ਇੱਕ ਇਮਾਰਤ ਨਹੀਂ ਰਿਹਾ। ਇਹ ਨਾਮ ਬਾਣੀ ਨਾਲ ਜੋੜ੍ਹਨ ਵਾਲਾ ਸਿੱਖੀ ਦਾ ਵੱਡਾ ਕੇਂਦਰ ਬਣ ਗਿਆ ਹੈ। ਜਿਸ ਨੇ ਧਾਰਮਿਕ, ਰਾਜਨੀਤਕ ਅਤੇ ਸਿੱਖੀ ਸਭਿਆਚਾਰ, ਸਿੱਖ ਪ੍ਰੰਪਰਾਵਾਂ ਅਨੁਸਾਰ ਸਮਾਜ ਦੀ ਅਗਵਾਈ ਕੀਤੀ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ।

# ਪਿੰਗਲਵਾੜਾ ਚੈਰਟੀਏਬਲ ਸੁਸਾਇਟੀ ਯੂ ਕੇ ਵੱਲੋਂ ਭਗਤ ਪੂਰਨ ਸਿੰਘ ਜੀ ਦੀ 34 ਵੀ ਬਰਸੀ ਸਵੈਨਸੀ ਵਿਖੇ ਮਨਾਈ



ਭਗਤ ਪੂਰਨ ਸਿੰਘ ਦੀ ਬਰਸੀ ਮੌਕੇ ਸੰਬੋਧਨ ਕਰਦੇ ਹੋਏ ਸ: ਜਗਰਾਜ ਸਿੰਘ ਸਰਾਂ ਬੀ ਈ ਐਮ ਅਤੇ ਹੋਰ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿੰਗਲਵਾੜਾ ਚੈਰਟੀਏਬਲ ਸੁਸਾਇਟੀ ਯੂ ਕੇ ਵੱਲੋਂ ਭਗਤ ਪੂਰਨ ਸਿੰਘ ਜੀ ਦੀ 34 ਵੀਂ ਬਰਸੀ ਇਸ ਸਾਲ 2 ਅਗਸਤ ਨੂੰ ਸਵੈਨਸੀ ਵੇਲਜ ਦੇ ਗੁਰਦੁਆਰਾ ਗੁਰੂ ਨਾਨਕ ਸਿੱਖ ਟੈਂਪਲ ਸਵੈਂਸੀ ਵਿਖੇ ਮਨਾਈ ਗਈ। ਸੁਸਾਇਟੀ ਦੇ ਪ੍ਰਧਾਨ ਸ.ਜਗਰਾਜ ਸਿੰਘ ਸਰਾਂ ਬੀ ਈ ਐਮ ਨੇ ਇਸ ਮੌਕੇ ਬੋਲਦਿਆਂ ਸਭ ਤੋ ਪਹਿਲਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਤੇ ਸਵੈਨਸੀ ਦੀਆਂ ਸੰਗਤਾਂ, ਲੰਡਨ ਤੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਹਨਾਂ ਪਿੰਗਲਵਾੜਾ ਸੁਸਾਇਟੀ ਯੂ ਕੇ ਦੇ ਵੱਲੋਂ ਬੀਤੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਭਗਤ ਪੂਰਨ ਸਿੰਘ ਦੇ ਉਪਦੇਸ਼ਾਂ ਨੂੰ ਘਰ ਘਰ ਪਹੁੰਚਾਉਣ ਲਈ ਉਹਨਾਂ ਦਾ ਸਾਥ ਦੇਣ ਵਾਲੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਯੂ ਕੇ ਵਿੱਚ ਹੁਣ ਤੱਕ ਦਾ ਸਫ਼ਰ ਇਹਨਾਂ ਸਾਥੀਆਂ ਤੋਂ ਬਿਨ੍ਹਾ ਸੰਭਵ ਨਹੀਂ ਸੀ ਹੋ ਸਕਦਾ। ਸ: ਸਰਾਂ ਨੇ ਸੰਗਤ ਨੂੰ ਪਿੰਗਲਵਾੜਾ ਸੰਗਤ ਨਾਲ ਜੁੜਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਸਾਨੂੰ ਅੱਜ ਭਗਤ ਪੂਰਨ ਸਿੰਘ ਦੇ ਉਪਦੇਸ਼ਾਂ, ਉਹਨਾਂ ਦੀ ਸਿੱਖਿਆ ਅਤੇ 88 ਸਾਲਾਂ ਦੀ ਤਪੱਸਿਆ ਤੋ ਕੁਝ ਸਿੱਖ ਕੇ ਵੱਧ ਤੋਂ ਵੱਧ ਪ੍ਰਚਾਰ ਕਰਨਾ ਚਾਹੀਦਾ ਹੈ। ਪਿੰਗਲਵਾੜੇ ਦੇ ਕਾਫ਼ਲੇ ਨਾਲ ਜੁੜਾ ਚਾਹੀਦਾ ਹੈ ਤਾਂ ਕਿ ਅਸੀਂ ਸਭ ਮਿਲ ਕੇ ਦੁੱਖਾਂ ਨਾਲ ਜੂਝਦੀ ਮਨੁੱਖਤਾ ਅਤੇ ਕੁਰਲਾਉਂਦੀ ਪਵਨ, ਪਾਣੀ ਅਤੇ ਮਾਤਾ ਧਰਤ ਦੀ ਅਵਾਜ ਕੰਨਾਂ ਤੋਂ ਬੋਲੀਆਂ ਸਰਕਾਰਾ ਤੱਕ ਪਹੁੰਚਾ ਸਕੀਏ। ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ ਦੀ ਪ੍ਰਧਾਨ ਕੁਲਵੰਤ ਕੌਰ ਢਿਲੋਂ ਨੇ ਸਾਰੀਆਂ ਸਾਹਿਤਕ, ਧਾਰਮਿਕ ਅਤੇ ਹੋਰ ਸਭਾਵਾਂ ਨੂੰ ਆਪੋ ਆਪਣੀਆਂ ਸਟੇਜਾਂ ਤੋ ਭਗਤ ਜੀ ਦੀ ਜ਼ਿੰਦਗੀ ਬਾਰੇ ਸੈਮੀਨਾਰ ਕਰਵਾਉਣ ਦੀ ਸਲਾਹ ਦਿੱਤੀ ਤਾਂ ਕਿ ਅਸੀਂ ਸਿੱਖੀ ਦੇ ਸਹੀ ਫਲਸਫੇ ਤੋਂ ਆਪਣੀਆਂ ਅਗਲੀਆਂ ਪੀੜੀਆਂ ਨੂੰ ਜਾਣੂ ਕਰਵਾ ਸਕੀਏ। ਬੁਲਾਰਿਆਂ ਨੇ ਇਹ ਵੀ ਕਿਹਾ ਕਿ ਇਹ ਮਹੀਨਾ ਭਗਤ ਜੀ ਦੀ ਬਰਸੀ ਦਾ ਮਹੀਨਾ ਹੈ ਅਤੇ ਗੁਰੂ ਘਰਾਂ ਵਿਚ ਭਗਤ ਜੀ ਦੀ ਬਰਸੀ ਮਨਾਉਣੀ ਚਾਹੀਦੀ ਹੈ। ਸੁਸਾਇਟੀ ਦੇ ਮੀਤ ਪ੍ਰਧਾਨ ਸੁਖਦੇਵ ਸਿੰਘ ਸੰਧਾਵਾਲੀਆ, ਟਰੱਸਟੀ ਕ੍ਰਿਸ਼ਨ ਜੀਤ ਬਾਜਵਾ ਅਤੇ ਮਨਜੀਤ ਸਿੰਘ ਰਾਏ ਨੇ ਸੰਗਤਾਂ ਦਾ ਧੰਨਵਾਦ ਕੀਤਾ।ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੇਵਾਦਾਰ, ਜਗਬੀਰ ਸਿੰਘ ਜੱਗਾ ਚੱਕਰ, ਕੁਲਦੀਪ ਸਿੰਘ ਪੱਡਾ, ਗਿਆਨੀ ਜਗਜੀਤ ਸਿੰਘ, ਹਰਵੀਰ ਸਿੰਘ ਪੱਡਾ, ਸਤਨਾਮ ਸਿੰਘ ਪੱਟਵਾਰੀ, ਨਵਜੋਤ ਸਿੰਘ ਗਿੱਲ, ਗੁਰਮੀਤ ਸਿੰਘ ਜੋਹਲ, ਰਾਜਬੀਰ ਕੁਲਾਰ, ਬਲਦੇਵ ਸਿੰਘ ਸੋਹਲ, ਜੀਤ ਸਿੰਘ ਅਰੋੜਾ, ਖੁਸ਼ਵੰਤ ਸਿੰਘ ਰੋਧ, ਪਰਮਿੰਦਰ ਸਿੰਘ, ਗੁਰਨਾਮ ਸਿੰਘ, ਰਣਧੀਰ ਸਿੰਘ ਅਤੇ ਰਾਜ ਬਾਜਵਾ ਬੋਗਨ, ਬੋਗਨ ਬ੍ਰਦਰਜ਼ ਅਤੇ ਵੇਲਜ਼ ਕਬੱਡੀ ਕਲੱਬ ਨੇ ਬਰਸੀ ਸਮਾਗਮ ਲਈ ਅਹਿਮ ਯੋਗਦਾਨ ਪਾਇਆ। ਸਮਾਗਮਾਂ ਵਿੱਚ ਇੰਦਰਜੀਤ ਕੌਰ (ਪੀ ਬੀ ਸੀ), ਲੰਡਨ ਤੋਂ ਉੱਘੀ ਸਾਹਿਤਕਾਰ ਮਨਜੀਤ ਕੌਰ ਪੱਡਾ, ਦੇਸੀ ਰੇਡੀਓ ਪੇਸ਼ਕਾਰਾ ਭਿੰਦਰ ਕੌਰ ਜਲਾਲਾਵਾਦੀ, ਕੁਲਦੀਪ ਕੌਰ ਬੱਲ ਅਤੇ ਅਮਰਜੀਤ ਕੌਰ, ਨਸੀਬ ਕੌਰ ਅਤੇ ਸ਼ਿੰਦੋ, ਗੁਰਦਿਆਲ ਸਿੰਘ ਧਾਲੀਵਾਲ, ਬਲਜੀਤ ਸਿੰਘ ਮੰਜ਼ਲ, ਸਰਬਜੀਤ ਸਿੰਘ ਦਿਉਲ, ਸਵਰਨਜੀਤ ਕੌਰ ਜੋਹਲ ਅਤੇ ਰਣਧੀਰ ਸਿੰਘ ਨੇ ਸ਼ਮੂਲੀਅਤ ਕੀਤੀ।

# ਇੰਗਲੈਂਡ ਵਿੱਚ ਪੰਜਾਬੀ ਨੌਜਵਾਨ ਤੇਜਿੰਦਰ ਸਿੰਘ ਜੰਜੂਆਂ ਦੀ ਮੌਤ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਤੋਂ ਤਿੰਨ ਕੁ ਸਾਲ ਪਹਿਲਾਂ ਆਏ 32 ਸਾਲਾ ਨੌਜਵਾਨ ਤੇਜਿੰਦਰ ਸਿੰਘ ਜੰਜੂਆ ਦੀ ਅਚਨ-ਚੇਤ ਮੌਤ ਹੋ ਗਈ। ਪੰਜਾਬ ਦੇ ਫਤਹਿਗੜ੍ਹ ਜ਼ਿਲ੍ਹੇ ਦੇ ਪਿੰਡ ਖਨਿਆਣ ਨਾਲ ਸੰਬੰਧਿਤ ਇਹ ਨੌਜਵਾਨ ਬੈਡਫੋਰਡਸ਼ਾਇਰ ਜਿਲ੍ਹੇ ਦੇ ਲੂਟਨ ਸ਼ਹਿਰ ਵਿੱਚ ਆਪਣੀ ਪਤਨੀ ਕੋਮਲਪ੍ਰੀਤ ਕੌਰ ਨਾਲ ਰਹਿ ਰਿਹਾ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੇਵਾ ਟਰੱਸਟ ਯੂ ਕੇ ਦੇ ਚਰਨਕੰਵਲ ਸਿੰਘ ਸੇਖੋਂ ਅਤੇ ਸੁਮਿੰਦਰ ਸਿੰਘ ਗਰਚਾ ਨੇ ਦੱਸਿਆ ਕਿ ਤੇਜਿੰਦਰ ਅਤੇ ਕੋਮਲਪ੍ਰੀਤ ਦਾ ਇਥੇ ਕੋਈ ਵੀ ਰਿਸ਼ਤੇਦਾਰ ਨਹੀਂ ਸੀ। ਕੋਮਲਪ੍ਰੀਤ ਬਤੌਰ ਨਰਸ ਕੰਮ ਕਰਦੀ ਹੈ ਅਤੇ ਦੋਵਾਂ ਦੀ ਆਮਦਨ ਵੀ ਸੀਮਤ ਸੀ। ਜਿਸ ਕਰਕੇ ਤੇਜਿੰਦਰ ਸਿੰਘ ਦੀ ਮ੍ਰਿਤਕ ਦੇਹ ਨੂੰ ਸੇਵਾ ਟਰੱਸਟ ਵੱਲੋਂ ਪੰਜਾਬ ਭੇਜਣ ਦੇ ਪ੍ਰਬੰਧ ਕੀਤੇ ਗਏ ਹਨ। ਸੇਵਾ ਟਰੱਸਟ ਨੇ ਭਾਰਤੀ ਹਾਈ ਕਮਿਸ਼ਨ ਲੰਡਨ, ਕੌਂਸਲਰ ਗੀਤਾ ਮੋਰਲਾ, ਵਰਿੰਦਰ ਖਹਿਰਾ ਅਤੇ ਸਾਊਥਾਲ ਫਿਊਨਰਲ ਸਰਵਿਸ ਦਾ ਸਹਿਯੋਗ ਲਈ ਧੰਨਵਾਦ ਕੀਤਾ।

# ਭਾਜਪਾ ਦਾ ਸਿਆਸੀ ਦਾਅ: 'ਕਲਸ਼ ਯਾਤਰਾ' ਜ਼ਰੀਏ ਰਵਿਦਾਸੀਆ ਭਾਈਚਾਰੇ ਤੱਕ ਪਹੁੰਚ

## ਨਿਊਜ਼ ਵਿਸ਼ਲੇਸ਼ਣ ✪ ਕੀ ਭਾਜਪਾ ਵਧ ਰਹੀ ਏ ਨਵੇਂ 'ਦਲਿਤ-ਹਿੰਦੂ' ਗਠਜੋੜ ਵਲ ?





ਪੰਜਾਬ ਦੀ ਸਿਆਸਤ ਵਿੱਚ ਦਲਿਤ ਵੋਟ ਬੈਂਕ ਨੂੰ ਆਪਣੇ ਨਾਲ ਜੋੜਨ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਆਪਣੀ ਹੁਣ ਤੱਕ ਦੀ ਸਭ ਤੋਂ ਵੱਡੀ ਅਤੇ ਵਿਆਪਕ ਪਹੁੰਚ ਮੁਹਿੰਮ 'ਕਲਸ਼ ਯਾਤਰਾ' ਦੀ ਸ਼ੁਰੂਆਤ ਕੀਤੀ ਹੈ। ਸੋਮਵਾਰ ਨੂੰ ਜਲੰਧਰ ਦੇ ਚਾਰ ਸ਼ਹਿਰੀ ਅਤੇ ਅਰਧ-ਸ਼ਹਿਰੀ ਵਿਧਾਨ ਸਭਾ ਹਲਕਿਆਂ ਵਿੱਚ ਕੱਢੀ ਗਈ ਇਸ ਯਾਤਰਾ ਦੌਰਾਨ ਰਵਿਦਾਸੀਆ ਅਤੇ ਆਦ-ਧਰਮੀ ਭਾਈਚਾਰੇ ਦੇ ਨਾਲ-ਨਾਲ ਹਿੰਦੂ ਮੰਦਰਾਂ ਦੀਆਂ ਪ੍ਰਬੰਧਕ ਕਮੇਟੀਆਂ ਵੱਲੋਂ ਵੀ ਪਵਿੱਤਰ ਮਿੱਟੀ ਨੂੰ ਸ਼ਰਧਾ ਭੇਂਟ ਕੀਤੀ ਗਈ। ਭਾਜਪਾ ਇਸ ਯਾਤਰਾ ਨੂੰ ਆਪਣੇ 'ਸਮਾਜਿਕ ਸਮਰਸਤਾ' ਮੁਹਿੰਮ ਦੇ ਹਿੱਸੇ ਵਜੋਂ ਪੇਸ਼ ਕਰ ਰਹੀ ਹੈ, ਪਰ ਸਿਆਸੀ ਮਾਹਿਰ ਇਸ ਦੇ ਪਿੱਛੇ ਇੱਕ ਡੂੰਘੀ ਅਤੇ ਯੋਜਨਾਬੱਧ ਰਾਜਨੀਤਕ ਰਣਨੀਤੀ ਦੇਖ ਰਹੇ ਹਨ।

### 'ਕਲਸ਼ ਯਾਤਰਾ' ਦੇ ਪਿੱਛੇ ਮੁੱਖ ਰਾਜਨੀਤਕ ਕਾਰਨ

ਪੰਜਾਬ ਵਿੱਚ ਦਲਿਤ ਭਾਈਚਾਰਾ ਕੁੱਲ ਆਬਾਦੀ ਦਾ ਲਗਭਗ 32% (ਇੱਕ-ਤਿਹਾਈ) ਹਿੱਸਾ ਹੈ। ਇਸ ਵਿੱਚੋਂ ਰਵਿਦਾਸੀਆ/ਆਦ-ਧਰਮੀ ਭਾਈਚਾਰਾ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਤੌਰ 'ਤੇ ਸਭ ਤੋਂ ਵੱਧ ਪ੍ਰਭਾਵਸ਼ਾਲੀ ਮੰਨਿਆ ਜਾਂਦਾ ਹੈ। ਦੋਆਬਾ ਖੇਤਰ ਵਿੱਚ ਇਸ ਭਾਈਚਾਰੇ ਦੀ ਮਜ਼ਬੂਤ ਪਕੜ ਕਾਰਨ ਕੋਈ ਵੀ ਰਾਜਨੀਤਕ ਧਿਰ ਇਹਨਾਂ ਨੂੰ ਅੱਖੋਂ-ਪਰੋਖੇ ਨਹੀਂ ਕਰ ਸਕਦੀ।

### ਬਦਲਦੀ ਧਾਰਮਿਕ ਅਤੇ ਸੱਭਿਆਚਾਰਕ ਸ਼ਬਦਾਵਲੀ

ਇਸ ਮੁਹਿੰਮ ਰਾਹੀਂ ਦਲਿਤ ਧਾਰਮਿਕ ਚਰਚਾ ਵਿੱਚ ਨਵੀਂ ਸ਼ਬਦਾਵਲੀ ਦਾ ਦਾਖਲਾ ਹੋ ਰਿਹਾ ਹੈ। 'ਕਲਸ਼' ਸ਼ਬਦ ਪਹਿਲਾਂ ਪੰਜਾਬ ਦੀ ਦਲਿਤ ਜਾਂ ਆਦਿ-ਧਰਮੀ ਸੱਭਿਆਚਾਰਕ ਸ਼ਬਦਾਵਲੀ ਦਾ ਹਿੱਸਾ ਨਹੀਂ ਰਿਹਾ। ਇਸ ਤੋਂ ਇਲਾਵਾ, ਪਿਛਲੇ ਕੁਝ ਸਾਲਾਂ ਤੋਂ ਭਾਜਪਾ ਆਗੂਆਂ ਵੱਲੋਂ 'ਗੁਰੂ ਪੂਰਨਿਮਾ' ਵਰਗੇ ਮੌਕਿਆਂ 'ਤੇ ਡੇਰਾ ਸੱਚਖੰਡ ਬੱਲਾਂ ਦੇ ਮੁਖੀ ਸੰਤ ਨਿਰੰਜਨ ਦਾਸ ਜੀ ਤੋਂ ਅਸੀਰਵਾਦ ਲੈਣ ਦੀ ਰਵਾਇਤ ਵੀ ਵਧੀ ਹੈ।

ਇਤਿਹਾਸਕ ਤੌਰ 'ਤੇ ਰਵਿਦਾਸੀਆ ਭਾਈਚਾਰਾ ਹਿੰਦੂਤਵ ਰਾਜਨੀਤੀ ਤੋਂ ਦੂਰੀ ਬਣਾ ਕੇ ਰੱਖਦਾ ਆਇਆ ਹੈ। ਭਾਜਪਾ ਅਤੇ ਆਰ.ਐੱਸ.ਐੱਸ. ਦੇ ਵਿਚਾਰਧਾਰਕ ਵਿਰੋਧ ਵਿੱਚ ਸਭ ਤੋਂ ਬੁਲੰਦ ਆਵਾਜ਼ਾਂ ਇਸੇ ਭਾਈਚਾਰੇ ਦੇ ਲੇਖਕਾਂ, ਬੁੱਧੀਜੀਵੀਆਂ ਅਤੇ ਸਮਾਜਿਕ ਕਾਰਕੁਨਾਂ ਵੱਲੋਂ ਉਠਾਈਆਂ ਜਾਂਦੀਆਂ ਰਹੀਆਂ ਹਨ। ਇਸ ਯਾਤਰਾ ਦਾ ਮੁੱਖ ਮਨੋਰਥ ਇਸੇ ਵਿਚਾਰਧਾਰਕ ਦੂਰੀ ਅਤੇ ਵਿਰੋਧ ਨੂੰ ਘਟਾਉਣਾ ਹੈ।

### ਕੀ ਬਣ ਰਿਹਾ ਹੈ 'ਦਲਿਤ-ਹਿੰਦੂ' ਗਠਜੋੜ ?

ਸਿਆਸੀ ਵਿਸ਼ਲੇਸ਼ਕਾਂ ਅਨੁਸਾਰ, ਭਾਜਪਾ ਪੰਜਾਬ ਵਿੱਚ ਇੱਕ ਨਵਾਂ 'ਦਲਿਤ-ਹਿੰਦੂ' ਸਿਆਸੀ ਸਮੀਕਰਨ ਘੜਨ ਦੀ ਕੋਸ਼ਿਸ਼ ਕਰ ਰਹੀ ਹੈ। ਕਲਸ਼ਾਂ ਨੂੰ ਹਿੰਦੂ ਮੰਦਰਾਂ ਦੇ ਨਾਲ-ਨਾਲ ਦਲਿਤ ਵਿਹੜਿਆਂ ਅਤੇ ਡੇਰਿਆਂ ਵਿੱਚ ਲੈ ਕੇ ਜਾਣਾ ਦੋਵਾਂ ਵਰਗਾਂ ਵਿੱਚ ਇੱਕ ਸਾਂਝਾ ਸੱਭਿਆਚਾਰਕ ਪੁਲ ਬਣਾਉਣ ਦੀ ਕੋਸ਼ਿਸ਼ ਹੈ।

ਜਲੰਧਰ ਵਰਗੇ ਸ਼ਹਿਰੀ ਖੇਤਰਾਂ ਵਿੱਚ ਹਿੰਦੂ ਅਤੇ ਦਲਿਤ ਆਬਾਦੀ ਵੱਡੀ ਗਿਣਤੀ ਵਿੱਚ ਹੈ। ਜੇਕਰ ਭਾਜਪਾ ਆਪਣੇ ਪਰੰਪਰਾਗਤ ਹਿੰਦੂ ਵੋਟ ਬੈਂਕ ਦੇ ਨਾਲ-ਨਾਲ ਦਲਿਤ ਵੋਟਾਂ ਦਾ ਇੱਕ ਹਿੱਸਾ ਵੀ ਆਪਣੇ ਨਾਲ ਜੋੜਨ ਵਿੱਚ ਸਫਲ ਹੁੰਦੀ ਹੈ, ਤਾਂ ਇਹ ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਹੋਰਨਾਂ ਰਵਾਇਤੀ ਧਿਰਾਂ ਲਈ ਵੱਡੀ ਚੁਣੌਤੀ ਬਣ ਸਕਦੀ ਹੈ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਹਾਲਾਂਕਿ, ਭਾਜਪਾ ਦਾ ਇਹ ਕਦਮ ਰਵਿਦਾਸੀਆ ਭਾਈਚਾਰੇ ਵਿੱਚ ਆਪਣੀ ਪੈਠ ਬਣਾਉਣ ਦੀ ਇੱਕ ਵੱਡੀ ਕੋਸ਼ਿਸ਼ ਹੈ, ਪਰ ਇਹ ਦੇਖਣਾ ਬਾਕੀ ਹੈ ਕਿ ਕੀ ਭਾਈਚਾਰੇ ਦੇ ਚੇਤੰਨ ਬੁੱਧੀਜੀਵੀ ਅਤੇ ਆਮ ਲੋਕ ਇਸ ਸੱਭਿਆਚਾਰਕ ਤਬਦੀਲੀ ਅਤੇ ਰਾਜਨੀਤਿਕ ਗਠਜੋੜ ਨੂੰ ਪੂਰੀ ਤਰ੍ਹਾਂ ਪ੍ਰਵਾਨ ਕਰਦੇ ਹਨ ਜਾਂ ਆਪਣੀ ਵੱਖਰੀ ਸਿਆਸੀ ਅਤੇ ਵਿਚਾਰਧਾਰਕ ਪਛਾਣ ਨੂੰ ਕਾਇਮ ਰੱਖਦੇ ਹਨ।

## ਭਾਜਪਾ ਪ੍ਰਤੀ ਰਵਿਦਾਸੀਆ ਭਾਈਚਾਰੇ ਦੀ ਸੋਚ ਕੀ ਹੈ ?

ਰਵਿਦਾਸੀਆ ਭਾਈਚਾਰਾ ਕੋਈ ਇੱਕ ਠੋਸ ਵੋਟ ਬੈਂਕ ਨਹੀਂ ਹੈ, ਪਰ ਆਮ ਤੌਰ 'ਤੇ ਇਸ ਭਾਈਚਾਰੇ ਦਾ ਭਾਜਪਾ ਪ੍ਰਤੀ ਦ੍ਰਿਸ਼ਟੀਕੋਣ ਰਲਵਾਂ-ਮਿਲਵਾਂ ਅਤੇ ਮੁੱਖ ਤੌਰ 'ਤੇ ਸੰਦੇਹਪੂਰਨ ਰਿਹਾ ਹੈ।

ਇਤਿਹਾਸਕ ਅਤੇ ਵਿਚਾਰਧਾਰਕ ਤੌਰ 'ਤੇ ਰਵਿਦਾਸੀਆ/ ਆਦ-ਧਰਮੀ ਭਾਈਚਾਰਾ 'ਹਿੰਦੂਤਵ' ਜਾਂ ਕੇਂਦਰੀਕ੍ਰਿਤ ਹਿੰਦੂ ਰਾਜਨੀਤੀ ਤੋਂ ਦੂਰ ਰਿਹਾ ਹੈ। ਭਾਈਚਾਰੇ ਦੇ ਲੇਖਕ, ਕਾਰਕੁਨ ਅਤੇ ਬੁੱਧੀਜੀਵੀ ਡਾ. ਬੀ.ਆਰ. ਅੰਬੇਡਕਰ ਅਤੇ ਸਾਹਿਬ ਕਾਂਸ਼ੀ ਰਾਮ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹਨ, ਜਿਸ ਕਰਕੇ ਉਹ ਭਾਜਪਾ ਦੀਆਂ ਨੀਤੀਆਂ ਪ੍ਰਤੀ ਹਮੇਸ਼ਾ ਚੌਕਸ ਰਹਿੰਦੇ ਹਨ।ਪਿਛਲੇ ਕੁਝ ਸਾਲਾਂ ਵਿੱਚ ਬਨਾਰਸ (ਸੀਰ ਗੋਵਰਧਨਪੁਰ - ਗੁਰੂ ਰਵਿਦਾਸ ਜੀ ਦਾ ਜਨਮ ਅਸਥਾਨ) ਵਿਖੇ ਭਾਜਪਾ ਸਰਕਾਰ ਵੱਲੋਂ ਕੀਤੇ ਗਏ ਵਿਕਾਸ ਕਾਰਜਾਂ ਅਤੇ ਕੇਂਦਰ ਵੱਲੋਂ ਕੀਤੇ ਐਲਾਨਾਂ (ਜਿਵੇਂ ਆਦਮਪੁਰ ਏਅਰਪੋਰਟ ਦਾ ਨਾਮਕਰਨ ਜਾਂ ਵਿਸ਼ੇਸ਼ ਟਰੇਨਾਂ) ਕਾਰਨ ਭਾਈਚਾਰੇ ਦੇ ਇੱਕ ਵਰਗ ਵਿੱਚ ਭਾਜਪਾ ਪ੍ਰਤੀ ਨਰਮੀ ਜ਼ਰੂਰ ਆਈ ਹੈ, ਪਰ ਵੋਟ ਦੇ ਰੂਪ ਵਿੱਚ ਇਹ ਬਦਲਾਅ ਪੂਰੀ ਤਰ੍ਹਾਂ ਅਜੇ ਸਿੱਧ ਨਹੀਂ ਹੋਇਆ।

ਰਵਿਦਾਸ ਭਾਈਚਾਰੇ ਦਾ ਇੱਕ ਵੱਡਾ ਹਿੱਸਾ ਪਰੰਪਰਾਗਤ ਤੌਰ 'ਤੇ ਕਾਂਗਰਸ ਅਤੇ ਬਾਅਦ ਵਿੱਚ ਆਮ ਆਦਮੀ ਪਾਰਟੀ ਜਾਂ ਬਹੁਜਨ ਸਮਾਜ ਪਾਰਟੀ ਵੱਲ ਝੁਕਾਅ ਰੱਖਦਾ ਰਿਹਾ ਹੈ। ਸੱਚ ਇਹ ਵੀ ਹੈ ਕਿ ਡੇਰਾ ਸੱਚਖੰਡ ਬੱਲਾਂ ਆਮ ਤੌਰ 'ਤੇ ਕਿਸੇ ਵੀ ਇੱਕ ਸਿਆਸੀ ਪਾਰਟੀ ਦਾ ਜਨਤਕ ਤੌਰ 'ਤੇ ਜਾਂ ਖੁੱਲ੍ਹ ਕੇ ਸਮਰਥਨ ਨਹੀਂ ਕਰਦਾ।

ਡੇਰਾ ਸੱਚਖੰਡ ਬੱਲਾਂ ਇੱਕ ਪ੍ਰਮੁੱਖ ਧਾਰਮਿਕ ਅਤੇ ਸਮਾਜਿਕ ਕੇਂਦਰ ਹੈ। ਚੋਣਾਂ ਦੌਰਾਨ ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ-ਸਾਰੀਆਂ ਹੀ ਪਾਰਟੀਆਂ ਦੇ ਸੀਨੀਅਰ ਨੇਤਾ (ਚਾਹੇ ਪ੍ਰਧਾਨ ਮੰਤਰੀ ਹੋਣ, ਮੁੱਖ ਮੰਤਰੀ ਜਾਂ ਸੂਬਾ ਪ੍ਰਧਾਨ) ਡੇਰੇ ਵਿੱਚ ਸੀਸ ਨਿਵਾਉਣ ਆਉਂਦੇ ਹਨ। ਡੇਰਾ ਪ੍ਰਬੰਧਕ ਸਾਰੇ ਸਿਆਸੀ ਆਗੂਆਂ ਦਾ ਸਤਿਕਾਰ ਕਰਦੇ ਹਨ ਪਰ ਜਨਤਕ ਤੌਰ 'ਤੇ 'ਫਤਵਾ' ਜਾਰੀ ਕਰਨ ਤੋਂ ਗੁਰੇਜ਼ ਕਰਦੇ ਹਨ।

### ਧਾਰਮਿਕ ਅਤੇ ਸਮਾਜਿਕ ਖੁਦਮੁਖਤਿਆਰੀ

ਡੇਰੇ ਦਾ ਮੁੱਖ ਧਿਆਨ ਭਾਈਚਾਰੇ ਦੀ ਸੱਭਿਆਚਾਰਕ ਪਛਾਣ, ਸਿੱਖਿਆ, ਸਿਹਤ ਅਤੇ ਗੁਰੂ ਰਵਿਦਾਸ ਜੀ ਦੀਆਂ ਸਿੱਖਿਆਵਾਂ ਦੇ ਪ੍ਰਚਾਰ 'ਤੇ ਰਹਿੰਦਾ ਹੈ। ਕਿਸੇ ਇੱਕ ਪਾਰਟੀ ਨਾਲ ਸਿੱਧਾ ਜੁੜਨ ਨਾਲ ਡੇਰੇ ਦੇ ਸਰਬਸਾਂਝੇ ਅਕਸ 'ਤੇ ਅਸਰ ਪੈ ਸਕਦਾ ਹੈ।

ਹਾਲਾਂਕਿ ਡੇਰਾ ਖੁੱਲ੍ਹ ਕੇ ਐਲਾਨ ਨਹੀਂ ਕਰਦਾ, ਪਰ ਚੋਣਾਂ ਸਮੇਂ ਭਾਈਚਾਰੇ ਦੇ ਸ਼ਰਧਾਲੂ ਡੇਰੇ ਦੇ ਰੁੱਖ ਅਤੇ ਆਗੂਆਂ ਦੇ ਡੇਰੇ ਨਾਲ ਸਬੰਧਾਂ ਨੂੰ ਦੇਖ ਕੇ ਆਪਣਾ ਰਾਜਨੀਤਿਕ ਫੈਸਲਾ ਲੈਂਦੇ ਹਨ।

ਸਿਆਸੀ ਮਾਹਿਰਾਂ ਦਾ ਕਹਿਣਾ ਹੈ ਕਿ ਭਾਜਪਾ ਵੱਲੋਂ ਕੀਤੀ ਜਾ ਰਹੀ 'ਕਲਸ਼ ਯਾਤਰਾ' ਜਾਂ 'ਸਮਰਸਤਾ ਅਭਿਆਨ' ਦਾ ਮਨੋਰਥ ਭਾਈਚਾਰੇ ਨਾਲ ਲਗਾਤਾਰ ਸਾਂਝ ਬਣਾਉਣਾ ਹੈ। ਪਰ ਡੇਰਾ ਬੱਲਾਂ ਵੱਲੋਂ ਭਾਜਪਾ ਨੂੰ ਸਿੱਧੇ ਤੌਰ 'ਤੇ ਸਿਆਸੀ ਸਮਰਥਨ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ।

ਰਵਿਦਾਸੀਆ ਭਾਈਚਾਰੇ ਦੀ ਵੋਟ ਪ੍ਰਾਪਤ ਕਰਨ ਲਈ ਭਾਜਪਾ ਨੂੰ ਕੇਵਲ ਧਾਰਮਿਕ ਪਹੁੰਚ ਹੀ ਨਹੀਂ, ਸਗੋਂ ਗਰਾਊਂਡ 'ਤੇ ਦਲਿਤ ਭਾਈਚਾਰੇ ਨਾਲ ਜੁੜੇ ਸਮਾਜਿਕ ਅਤੇ ਆਰਥਿਕ ਮੁੱਦਿਆਂ 'ਤੇ ਠੋਸ ਵਿਸ਼ਵਾਸ ਜਿੱਤਣਾ ਪਵੇਗਾ।

# ਭਾਰਤੀ ਮੂਲ ਦੇ ਵਕੀਲ ਵਿਰੁੱਧ ਸ਼ਰਨ ਮਾਮਲਿਆਂ 'ਚ ਧੋਖਾਧੜੀ ਦੇ ਦੋਸ਼

ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਮੀਗ੍ਰੇਸ਼ਨ ਐਂਡ ਕਸਟਮਜ ਇਨਫੋਰਸਮੈਂਟ (ਆਈ ਸੀ ਈ) ਨੇ ਭਾਰਤੀ ਮੂਲ ਦੇ ਇਕ ਇਮੀਗ੍ਰੇਸ਼ਨ ਵਕੀਲ ਉਪਰ ਦੋਸ਼ ਲਾਇਆ ਹੈ ਕਿ ਉਸ ਨੇ 54 ਇਮੀਗ੍ਰੇਸ਼ਨ ਮਾਮਲਿਆਂ ਵਿੱਚ 118 ਧੋਖਾਧੜੀ ਦਸਤਾਵੇਜ਼ ਤਿਆਰ ਕੀਤੇ ਅਤੇ ਜਮਾਂ ਕਰਵਾਏ। ਆਈ.ਸੀ.ਈ. ਨੇ ਕਾਨੂੰਨ ਦੇ ਤਹਿਤ ਵਕੀਲ ਸੂਰਜ ਰਾਜ ਸਿੰਘ ਕੋਲੋਂ ਵਧ ਤੋਂ ਵਧ ਜੁਰਮਾਨਾ ਵਸੂਲਣ ਲਈ ਨੋਟਿਸ ਜਾਰੀ ਕੀਤਾ ਹੈ।

ਹੋਮਲੈਂਡ ਸਕਿਉਰਿਟੀ ਵਿਭਾਗ (ਡੀ. ਐਚ. ਐਸ.) ਅਨੁਸਾਰ ਆਈ ਸੀ ਈ ਨੇ ਅਟਾਰਨੀ ਨੂੰ ਨੋਟਿਸ ਜਾਰੀ ਕਰਕੇ 470584 ਡਾਲਰ ਜੁਰਮਾਨੇ ਦੀ ਮੰਗ ਕੀਤੀ ਹੈ। ਸੂਰਜ ਰਾਜ ਸਿੰਘ ਵੱਡੀ ਪੱਧਰ 'ਤੇ ਭਾਰਤੀ ਨਾਗਰਿਕਾਂ ਦੇ ਕੇਸ ਲੜਦੇ ਹਨ ਜੋ ਅਮਰੀਕਾ ਵਿਚ ਸ਼ਰਨ ਲੈਣਾ ਚਹੁੰਦੇ ਹਨ। ਆਈ ਸੀ ਈ ਨੇ ਕਿਹਾ ਹੈ ਕਿ ਅਟਾਰਨੀ ਵੱਲੋਂ ਸ਼ਰਨ ਲੈਣ ਸਬੰਧੀ ਸਾਰੇ ਮਾਮਲਿਆਂ 'ਚ ਅਰਜ਼ੀਆਂ ਦੇ ਸਮਰਥਨ ਵਿੱਚ ਦਾਇਰ ਕੀਤੇ ਗਏ ਬਹੁਤ ਸਾਰੇ ਮਾਮਲਿਆਂ ਵਿੱਚ ਬਿਨੈਕਾਰਾਂ ਉਪਰ ਕਥਿਤ ਅਤਿਆਚਾਰ ਦਾ ਵਰਣਨ ਕਰਨ ਵਾਲੀ ਲਗਭਗ ਇੱਕੋ ਜਿਹੀ ਭਾਸ਼ਾ, ਬਿਰਤਾਂਤ ਅਤੇ ਸਹਾਇਕ ਵੇਰਵਿਆਂ ਦੀ ਵਰਤੋਂ ਕੀਤੀ ਗਈ ਹੈ। ਇੱਕ ਬਿਆਨ ਵਿੱਚ, ਡੀ.ਐਚ.ਐਸ. ਦੇ ਵਕੀਲ ਜੇਮਜ਼ ਪਰਸੀਵਲ ਨੇ ਕਿਹਾ ਕਿ ਧੋਖਾਧੜੀ ਵਾਲੇ ਸ਼ਰਨ ਦਾਅਵੇ ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਕਮਜ਼ੋਰ ਕਰਦੇ ਹਨ, ਗੈਰ-ਕਾਨੂੰਨੀ ਅਪਰਾਧੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ 'ਚ ਅੜਿਕਾ ਬਣਦੇ ਹਨ ਅਤੇ ਜਨਤਕ ਸੁਰੱਖਿਆ ਲਈ ਖ਼ਤਰਾ ਪੈਦਾ ਕਰਦੇ ਹਨ। ਉਨਾਂ ਕਿਹਾ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹੋਮਲੈਂਡ ਸਿਕਿਓਰਿਟੀ ਸੈਕਟਰੀ ਮੁਲਿਨ ਦੀ ਅਗਵਾਈ ਹੇਠ ਵਿਭਾਗ ਇਮੀਗ੍ਰੇਸ਼ਨ ਪ੍ਰਣਾਲੀ ਦੀ ਦੁਰਵਰਤੋਂ ਕਰਨ ਦੇ ਦੋਸ਼ੀ ਵਕੀਲਾਂ ਵਿਰੁੱਧ ਪੈਰਵਾਈ ਜਾਰੀ ਰੱਖੇਗਾ। ਸੂਰਜ ਸਿੰਘ ਵਿਰੁੱਧ ਕਾਰਵਾਈ ਮਈ ਵਿੱਚ ਪਰਸੀਵਲ ਦੁਆਰਾ ਜਾਰੀ ਕੀਤੇ ਗਏ ਇੱਕ ਨਿਰਦੇਸ਼ ਤੋਂ ਬਾਅਦ ਕੀਤੀ ਗਈ ਹੈ ਜਿਸ ਵਿੱਚ ਧੋਖਾਧੜੀ ਵਾਲੇ ਸ਼ਰਨ ਦੇ ਦਾਅਵਿਆਂ 'ਤੇ ਕਾਰਵਾਈ ਤੇਜ ਕਰਨ ਲਈ ਕਿਹਾ ਗਿਆ ਸੀ।

ਇਸ ਸਬੰਧੀ ਪਹਿਲਾ ਮਾਮਲਾ ਜੂਨ ਵਿੱਚ ਸਾਹਮਣੇ ਆਇਆ ਸੀ ਜਦੋਂ ਆਈ ਸੀ ਈ ਨੇ ਵਕੀਲ ਵਿਨੋਦ ਡੋਡਾਮਨੀ ਦੇ ਖਿਲਾਫ ਜੁਰਮਾਨੇ ਲਈ ਪੰਜ ਨੋਟਿਸ ਜਾਰੀ ਕੀਤੇ ਸਨ, ਜਿਨਾਂ ਵਿੱਚ ਕੁੱਲ 255,232 ਡਾਲਰ ਜੁਰਮਾਨੇ ਦੀ ਮੰਗ ਕੀਤੀ ਗਈ ਸੀ।

## ਖਾਲਸਾ ਰਾਜ ਦਾ ਸੁਨਿਹਰਾ ਝੰਡਾ




ਦੋ ਦਿਨ ਪਹਿਲਾਂ ਇੰਗਲੈਂਡ ਦੀ ਇੱਕ auciton House ਵਲੋਂ ਬੋਲੀ ਤੇ ਖਾਲਸਾ ਰਾਜ ਦੀਆਂ ਕੁਝ ਵਸਤਾਂ ਨਿਲਾਮ ਕੀਤੀਆਂ ਗਈਆਂ ।ਜਿਸ ਚ ਹੀਰਾ ਸਿੰਘ ਡੋਗਰਾ ਅਤੇ ਲਹਿਣਾ ਸਿੰਘ ਸੰਧਾਵਾਲੀਆਂ ਦੀਆਂ ਢਾਲਾਂ, 8 ਨੇਜ਼ੇ, ਤਲਵਾਰ ਅਤੇ ਟੋਪ ਨਿਲਾਮ ਕੀਤਾ । ਇਸ ਚ ਸਭ ਤੋ ਖਾਸ ਰਿਹਾ ਖਾਲਸਾ ਰਾਜ ਦਾ ਸੁਨਿਹਰੀ ਝੰਡਾ । ਇਹ ਸਾਰੀਆਂ ਵਸਤਾਂ ਲਾਰਡ ਡਲਹੌਜੀ ਦੇ ਨਿੱਜੀ ਸੰਗ੍ਰਿਹ ਦਾ ਹਿੱਸਾ ਹੈ । 1990 ਚ ਡਲਹੌਜੀ ਪਰਿਵਾਰ ਤੋ ਇੱਕ ਗੋਰੇ ਨੇ ਪ੍ਰਾਪਤ ਕੀਤੀਆਂ ਜਿਸ ਨੂੰ ਹਾਲ ਹੀ ਚ ਇੰਗਲੈਂਡ ਦੇ ਇੱਕ ਸਿੱਖ ਵਪਾਰੀ ਨੇ ਖਰੀਦਿਆ ਹੈ ।

## ਗਲਾਸਗੋ ਦੇ ਭਾਰਤੀ ਰੈਸਟੋਰੈਂਟ ਨੇ ਗਲਤ ਭਾਰਤ ਦੇ ਨਕਸ਼ੇ ਲਈ ਮੰਗੀ ਮਾਫ਼ੀ ਦੋ ਹਫ਼ਤਿਆਂ ਅੰਦਰ ਲੋਗੋ ਅਤੇ ਹੋਰ ਸਮੱਗਰੀ ਤੇ ਲਗਾਇਆ ਜਾਵੇਗਾ ਸਹੀ ਨਕਸ਼ਾ




ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਗਲਾਸਗੋ ਦੇ ਪ੍ਰਸਿੱਧ ਭਾਰਤੀ ਰੈਸਟੋਰੈਂਟ ਮਿਸਟਰ ਸਿੰਘਜ ਇੰਡੀਆ ਨੇ ਆਪਣੇ ਲੋਗੋ, ਨੈਪਕਿਨਾਂ ਅਤੇ ਹੋਰ ਪ੍ਰਚਾਰ ਸਮੱਗਰੀ ਤੇ ਭਾਰਤ ਦਾ ਗਲਤ ਨਕਸ਼ਾ ਵਰਤਣ ਦੇ ਮਾਮਲੇ ਵਿੱਚ ਜਨਤਕ ਤੌਰ ਤੇ ਮਾਫ਼ੀ ਮੰਗੀ ਹੈ। ਇਹ ਵਿਵਾਦ ਉਸ ਵੇਲੇ ਸਾਹਮਣੇ ਆਇਆ ਜਦੋਂ ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤ ਦੀ ਮੁੱਕੇਬਾਜ਼ ਅਤੇ ਓਲੰਪਿਕ ਤਮਗਾ ਜੇਤੂ ਲਵਲੀਨਾ ਬੋਰਗੋਹਾਈਂ ਨੇ ਰੈਸਟੋਰੈਂਟ ਵਿੱਚ ਲੱਗੇ ਨਕਸ਼ੇ ਵੱਲ ਧਿਆਨ ਦਿਵਾਇਆ। ਉਨ੍ਹਾਂ ਕਿਹਾ ਕਿ ਨਕਸ਼ੇ ਵਿੱਚ ਭਾਰਤ ਦਾ ਉੱਤਰ-ਪੂਰਬੀ ਖੇਤਰ ਗਾਇਬ ਸੀ ਅਤੇ ਜੰਮੂ-ਕਸ਼ਮੀਰ ਨੂੰ ਵੀ ਸਹੀ ਢੰਗ ਨਾਲ ਨਹੀਂ ਦਰਸਾਇਆ ਗਿਆ ਸੀ। ਇਸ ਤੋਂ ਬਾਅਦ ਇਹ ਮਾਮਲਾ ਸੋਸ਼ਲ ਮੀਡੀਆ ਤੇ ਵਾਇਰਲ ਹੋ ਗਿਆ। ਵਿਸ਼ੇਸ਼ ਗੱਲਬਾਤ ਦੌਰਾਨ ਮਿ: ਸਿੰਘਜ਼ ਇੰਡੀਆ ਦੇ ਮਾਲਕ ਸੱਤੀ ਸਿੰਘ ਨੇ ਕਿਹਾ ਕਿ ਇਹ ਗਲਤੀ ਅਣਜਾਣੇ ਵਿੱਚ ਹੋਈ ਹੈ ਅਤੇ ਇਸ ਲਈ ਉਹ ਦਿਲੋਂ ਮਾਫ਼ੀ ਮੰਗਦੇ ਹਨ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਉਨ੍ਹਾਂ ਨੇ ਸਕਾਟਲੈਂਡ ਦੀ ਰਾਜਧਾਨੀ ਐਡਿਨਬਰਾ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਨਾਲ ਸੰਪਰਕ ਕਰਕੇ ਭਾਰਤ ਦਾ ਸਹੀ ਅਤੇ ਅਧਿਕਾਰਤ ਨਕਸ਼ਾ ਮੁਹੱਈਆ ਕਰਵਾਉਣ ਦੀ ਬੇਨਤੀ ਕੀਤੀ ਹੈ। ਸੱਤੀ ਸਿੰਘ ਨੇ ਕਿਹਾ ਕਿ ਅਗਲੇ ਦੋ ਹਫ਼ਤਿਆਂ ਦੇ ਅੰਦਰ ਰੈਸਟੋਰੈਂਟ ਦੇ ਲੋਗੋ, ਨੈਪਕਿਨਾਂ ਅਤੇ ਹੋਰ ਸਾਰੀ ਪ੍ਰਚਾਰ ਸਮੱਗਰੀ ਤੇ ਮੌਜੂਦ ਗਲਤ ਨਕਸ਼ੇ ਨੂੰ ਹਟਾ ਕੇ ਭਾਰਤ ਦਾ ਸਹੀ ਨਕਸ਼ਾ ਹੀ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਮਿਸਟਰ ਸਿੰਘਜ਼ ਇੰਡੀਆ ਪਿਛਲੇ 32 ਸਾਲਾਂ ਤੋਂ ਗਲਾਸਗੋ ਵਿੱਚ ਭਾਰਤੀ ਭਾਈਚਾਰੇ ਦੀ ਸੇਵਾ ਕਰ ਰਿਹਾ ਹੈ ਅਤੇ ਉਨ੍ਹਾਂ ਦਾ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦਾ ਕੋਈ ਇਰਾਦਾ ਨਹੀਂ ਸੀ। ਭਾਰਤੀ ਮੁੱਕੇਬਾਜ਼ੀ ਫੈਡਰੇਸ਼ਨ ਦੇ ਪ੍ਰਧਾਨ ਅਜੈ ਸਿੰਘ ਨੇ ਵੀ ਕਿਹਾ ਕਿ ਰੈਸਟੋਰੈਂਟ ਪ੍ਰਬੰਧਨ ਨੇ ਆਪਣੀ ਗਲਤੀ ਸਵੀਕਾਰ ਕਰ ਲਈ ਹੈ ਅਤੇ ਭਾਰਤ ਦਾ ਸਹੀ ਨਕਸ਼ਾ ਲਗਾਉਣ ਦਾ ਭਰੋਸਾ ਦਿੱਤਾ ਹੈ। ਭਾਰਤੀ ਅਧਿਕਾਰੀਆਂ ਨੇ ਵੀ ਇਸ ਮਾਮਲੇ ਨੂੰ ਸੁਲਝਾਉਣ ਲਈ ਰੈਸਟੋਰੈਂਟ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਪ੍ਰਬੰਧਨ ਨੇ ਤੁਰੰਤ ਸੁਧਾਰ ਕਰਨ ਦੀ ਗੱਲ ਕਹੀ।

## ਗਲਾਸਗੋ ਰਾਸ਼ਟਰਮੰਡਲ ਖੇਡਾਂ: ਭਾਰਤੀ ਅਥਲੀਟਾਂ ਨੇ ਗੁਰੂ ਘਰ ਟੇਕਿਆ ਮੱਥਾ, ਸਿਰੋਪਾਓ ਨਾਲ ਕੀਤਾ ਗਿਆ ਸਨਮਾਨ




ਗਲਾਸਗੋ (ਹਰਜੀਤ ਸਿੰਘ ਦੁਸਾਂਝ ਪੁਆਦੜਾ) – ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਗ ਲੈ ਰਹੇ ਭਾਰਤੀ ਅਥਲੀਟਾਂ ਨੇ ਆਪਣੇ ਮੁਕਾਬਲਿਆਂ ਤੋਂ ਬਾਅਦ ਗੁਰਦੁਆਰਾ ਗੁਰੂ ਗ੍ਰੰਥ ਸਾਹਿਬ, ਗਲਾਸਗੋ ਵਿਖੇ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਭਾਰਤੀ ਐਥਲੈਟਿਕਸ ਦੇ ਨੈਸ਼ਨਲ ਰਿਕਾਰਡ ਹੋਲਡਰ 100 ਮੀਟਰ ਦੌੜਾਕ ਗੁਰਿੰਦਰਬੀਰ ਸਿੰਘ, ਸ਼ਾਟ ਪੁੱਟ ਦੇ ਸਾਬਕਾ ਏਸ਼ੀਆਈ ਚੈਂਪੀਅਨ ਅਤੇ ਰਾਸ਼ਟਰਮੰਡਲ ਤਮਗਾ ਜੇਤੂ ਤਜਿੰਦਰਪਾਲ ਸਿੰਘ ਤੂਰ, ਲਾਨ ਬੌਲਜ਼ ਦੇ ਖਿਡਾਰੀ ਪੁਤੁਲ ਸੋਨੋਵਾਲ, ਰੂਪਾ ਰਾਣੀ ਤਿਰਕੀ ਅਤੇ ਪਿੰਕੀ ਸਮੇਤ ਹੋਰ ਸਾਥੀ ਖਿਡਾਰੀ ਹਾਜ਼ਰ ਸਨ। ਗੁਰਦੁਆਰਾ ਸਾਹਿਬ ਦੇ ਗਿਆਨੀ ਭਾਈ ਅਮਰੀਕ ਸਿੰਘ ਨੇ ਸਮੂਹ ਖਿਡਾਰੀਆਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਚੰਗੀ ਸਿਹਤ, ਉੱਚੇ ਮਨੋਬਲ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਅਰਦਾਸ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮੱਖਣ ਸਿੰਘ ਅਤੇ ਦਲਜੀਤ ਸਿੰਘ ਦਿਲਬਰ ਨੇ ਭਾਰਤੀ ਖਿਡਾਰੀਆਂ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਇਹ ਅਥਲੀਟ ਦੇਸ਼ ਦਾ ਮਾਣ ਹਨ। ਉਨ੍ਹਾਂ ਕਿਹਾ ਕਿ ਨਵੀਂ ਪੀੜ੍ਹੀ ਅਤੇ ਬੱਚਿਆਂ ਨੂੰ ਇਨ੍ਹਾਂ ਅੰਤਰਰਾਸ਼ਟਰੀ ਖਿਡਾਰੀਆਂ ਤੋਂ ਪ੍ਰੇਰਣਾ ਲੈ ਕੇ ਖੇਡਾਂ ਵਿੱਚ ਅੱਗੇ ਵਧਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਨਾਲ ਹੀ ਵਿਸ਼ਵ ਪੱਧਰ 'ਤੇ ਸਫ਼ਲਤਾ ਹਾਸਲ ਕੀਤੀ ਜਾ ਸਕਦੀ ਹੈ। ਖਿਡਾਰੀਆਂ ਨੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤ ਵੱਲੋਂ ਦਿੱਤੇ ਸਤਿਕਾਰ ਲਈ ਧੰਨਵਾਦ ਪ੍ਰਗਟਾਇਆ। ਉਨ੍ਹਾਂ ਕਿਹਾ ਕਿ ਵਿਦੇਸ਼ ਦੀ ਧਰਤੀ 'ਤੇ ਗੁਰੂ ਘਰ ਆ ਕੇ ਮਿਲਿਆ ਪਿਆਰ ਅਤੇ ਆਸ਼ੀਰਵਾਦ ਉਨ੍ਹਾਂ ਲਈ ਬਹੁਤ ਵੱਡਾ ਹੌਸਲਾ ਹੈ, ਜੋ ਅੰਤਰਰਾਸ਼ਟਰੀ ਮੁਕਾਬਲਿਆਂ ਵਿੱਚ ਹੋਰ ਵੀ ਬਿਹਤਰ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ ਦੌਰਾਨ ਗੁਰਦੁਆਰਾ ਸਾਹਿਬ ਵਿੱਚ ਮੌਜੂਦ ਸੰਗਤ ਨੇ ਵੀ ਭਾਰਤੀ ਖਿਡਾਰੀਆਂ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਗਲਾਸਗੋ ਰਾਸ਼ਟਰਮੰਡਲ ਖੇਡਾਂ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਯਾਦਗਾਰੀ ਤਸਵੀਰਾਂ ਖਿਚਵਾਈਆਂ।

# ਬਰਤਾਨੀਆ ਦੇ ਸੰਸਦ ਮੈਂਬਰਾਂ ਨੂੰ ਜ਼ਿਆਦਾ ਸ਼ਰਾਬ ਪੀਣ ਕਰਕੇ ਪੇਟ ਤੱਕ ਸਾਫ਼ ਕਰਵਾਉਣੇ ਪੈ ਰਹੇ ਹਨ: ਰਿਪੋਰਟ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ਼ਰਾਬ ਦਾ ਨਸ਼ਾ ਭਾਵੇਂ ਸਿਹਤ ਲਈ ਨੁਕਸਾਨਦੇਹ ਹੈ। ਪਰ ਵਿਸ਼ਵ ਭਰ ਵਿੱਚ ਸ਼ਰਾਬ ਪੀਣ ਵਾਲੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਲੇਕਨ ਹੈਰਾਨੀ ਇਸ ਗੱਲ ਦੀ ਹੈ ਕਿ ਜਿਹੜੇ ਲੋਕਾਂ ਨੇ ਨਸ਼ਾਬੰਦੀ ਨੂੰ ਲੈ ਕੇ ਨੀਤੀਆਂ ਬਣਾਉਣੀਆਂ ਹੁੰਦੀਆਂ ਹਨ ਜੇ ਉਹ ਹੀ ਸ਼ਰਾਬ ਦੇ ਵੱਧ ਸ਼ੌਕੀਨ ਹੋਣ ਤਾਂ ਆਮ ਲੋਕਾਂ ਨੂੰ ਕੋਈ ਕੀ ਕਹੂ। ਇੱਕ ਰਿਪੋਰਟ ਅਨੁਸਾਰ ਬ੍ਰਿਟਿਸ਼ ਸੰਸਦ ਦੇ ਕਈ ਸੰਸਦ ਮੈਂਬਰ ਇੰਨੀ ਜ਼ਿਆਦਾ ਸ਼ਰਾਬ ਪੀ ਰਹੇ ਹਨ ਕਿ ਉਨ੍ਹਾਂ ਦੇ ਪੇਟ ਤੱਕ ਸਾਫ਼ ਕਰਵਾਉਣੇ ਪਏ ਹਨ। 'ਇੰਸਟੀਚਿਊਟ ਆਫ਼ ਅਲਕੋਹਲ ਸਟੱਡੀਜ਼' ਦੀ ਇੱਕ ਨਵੀਂ ਰਿਪੋਰਟ ਨੇ ਇਸ ਨੂੰ ਬਹੁਤ ਹੀ ਗੰਭੀਰ ਮਾਮਲਾ ਦੱਸਦਿਆਂ ਚੇਤਾਵਨੀ ਦਿੱਤੀ ਹੈ।*



ਬਰਤਾਨਵੀ ਸੰਸਦ ਦਾ ਬਾਹਰੀ ਦ੍ਰਿਸ਼

ਰਿਪੋਰਟ ਅਨੁਸਾਰ, ਵੈਸਟਮਿੰਸਟਰ ਦੇ ਅੰਦਰ ਦਿਨ ਭਰ ਸ਼ਰਾਬ ਆਸਾਨੀ ਨਾਲ ਮਿਲਦੀ ਹੈ ਅਤੇ ਇੱਥੇ ਸ਼ਰਾਬ ਪੀਣਾ ਇੱਕ ਆਮ ਗੱਲ ਬਣ ਚੁੱਕੀ ਹੈ। 190 ਸੰਸਦ ਮੈਂਬਰਾਂ ਅਤੇ ਉਨ੍ਹਾਂ ਦੇ ਸਟਾਫ਼ 'ਤੇ ਕੀਤੇ ਗਏ ਸਰਵੇਖਣ ਤੋਂ ਬਾਅਦ ਖੋਜਕਰਤਾਵਾਂ ਨੇ ਚੇਤਾਵਨੀ ਦਿੱਤੀ ਕਿ ਇਹ ਪੀਣ ਦਾ ਸੱਭਿਆਚਾਰ ਨੁਕਸਾਨ ਪਹੁੰਚਾ ਰਿਹਾ ਹੈ, ਪਰ ਇਸ ਨੂੰ ਠੱਲ੍ਹ ਪਾਉਣ ਲਈ ਕੋਈ ਸਪੱਸ਼ਟ ਰਸਤਾ ਨਜ਼ਰ ਨਹੀਂ ਆ ਰਿਹਾ।

ਸਰਵੇਖਣ ਵਿੱਚ ਲਗਭਗ 10 ਫ਼ੀਸਦੀ ਉੱਤਰਦਾਤਾਵਾਂ ਨੇ ਦੱਸਿਆ ਕਿ ਕੰਮ ਵਾਲੀ ਥਾਂ 'ਤੇ ਕਿਸੇ ਹੋਰ ਵੱਲੋਂ ਸ਼ਰਾਬ ਪੀਣ ਕਾਰਨ ਉਨ੍ਹਾਂ ਨੂੰ ਮਾੜੇ ਅਨੁਭਵਾਂ ਦਾ ਸਾਹਮਣਾ ਕਰਨਾ ਪਿਆ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸ਼ਕਤੀ ਪ੍ਰਦਰਸ਼ਨ ਜਾਂ ਸ਼ਰਾਬ ਪੀਣ ਦੇ ਵਧਦੇ ਦਬਾਅ ਕਾਰਨ ਨੌਜਵਾਨ ਕਾਮਿਆਂ ਨੂੰ ਜ਼ਿਆਦਾ ਖ਼ਤਰਿਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

42 ਫ਼ੀਸਦੀ ਸੰਸਦ ਮੈਂਬਰਾਂ ਅਤੇ 29 ਫ਼ੀਸਦੀ ਸਟਾਫ਼ ਨੇ ਮੰਨਿਆ ਕਿ ਉਨ੍ਹਾਂ ਨੂੰ ਹਫ਼ਤਾਵਾਰੀ ਅਧਾਰ 'ਤੇ ਕੰਮ ਦੀਆਂ ਮੀਟਿੰਗਾਂ ਜਾਂ ਸਮਾਗਮਾਂ ਵਿੱਚ ਸ਼ਰਾਬ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਇੱਥੋਂ ਤੱਕ ਕਿ ਨਾਸ਼ਤੇ ਵਿੱਚ ਵੀ ਵਾਈਨ ਫੜ੍ਹਾ ਦਿੱਤੀ ਜਾਂਦੀ ਹੈ। ਲਗਭਗ 60 ਫ਼ੀਸਦੀ ਲੋਕਾਂ ਨੇ ਕਿਹਾ ਕਿ ਵੈਸਟਮਿੰਸਟਰ ਵਿੱਚ ਸ਼ਰਾਬ ਹੋਰ ਕੰਮ ਵਾਲੀਆਂ ਥਾਵਾਂ ਦੇ ਮੁਕਾਬਲੇ ਬਹੁਤ ਜ਼ਿਆਦਾ ਆਸਾਨੀ ਨਾਲ ਉਪਲਬਧ ਹੈ। ਇੱਕ ਸਟਾਫ਼ ਮੈਂਬਰ ਨੇ ਦੱਸਿਆ, "ਕਿਸੇ ਹੋਰ ਕੰਮ ਵਾਲੀ ਥਾਂ 'ਤੇ ਆਪਣੀ ਖ਼ੁਦ ਦੀ ਵਾਈਨ ਨਹੀਂ ਬਣਦੀ, ਪਰ ਇੱਥੇ ਅਜਿਹਾ ਹੈ।"

ਇੱਕ ਐਮ ਪੀ ਦੇ ਹਵਾਲੇ ਨਾਲ ਰਿਪੋਰਟ ਵਿੱਚ ਦੱਸਿਆ ਗਿਆ ਕਿ ਕੁਝ ਸਹਿਯੋਗੀਆਂ ਨੂੰ ਜ਼ਿਆਦਾ ਸ਼ਰਾਬ ਪੀਣ ਕਰਕੇ ਹਸਪਤਾਲ ਵਿੱਚ ਪੇਟ ਸਾਫ਼ ਕਰਵਾਉਣਾ ਪਿਆ ਅਤੇ ਉਹ ਅਗਲੇ ਹੀ ਦਿਨ ਫਿਰ ਵੈਸਟਮਿੰਸਟਰ ਵਿੱਚ ਕੰਮ 'ਤੇ ਵਾਪਸ ਆ ਗਏ।

ਗ੍ਰੀਨ ਪਾਰਟੀ ਦੀ ਐਮ ਪੀ ਹਾਨਾਹ ਸਪੈਂਸਰ ਨੇ ਵੈਸਟਮਿੰਸਟਰ ਦੇ ਸ਼ਰਾਬ ਦੇ ਸੱਭਿਆਚਾਰ ਦੀ ਆਲੋਚਨਾ ਕਰਦਿਆਂ ਇਸ ਨੂੰ "ਗ਼ੈਰ-ਪੇਸ਼ੇਵਰ ਅਤੇ ਚਿੰਤਾਜਨਕ" ਕਰਾਰ ਦਿੱਤਾ ਅਤੇ ਦੋਸ਼ ਲਾਇਆ ਕਿ ਕੁਝ ਐਮ ਪੀ ਵੋਟਿੰਗ ਤੋਂ ਪਹਿਲਾਂ ਵੀ ਸ਼ਰਾਬ ਪੀਂਦੇ ਹਨ।

ਇੰਸਟੀਚਿਊਟ ਆਫ਼ ਅਲਕੋਹਲ ਸਟੱਡੀਜ਼ ਦੀ ਸੀ ਈ ਓ ਡਾ. ਕੈਥਰੀਨ ਸੇਵੇਰੀ ਨੇ ਸੁਝਾਅ ਦਿੱਤਾ ਕਿ ਸ਼ਰਾਬ ਦੀ ਉਪਲਬਧਤਾ ਨੂੰ ਸਿਰਫ਼ ਸ਼ਾਮ ਦੇ ਸਮਾਗਮਾਂ ਤੱਕ ਸੀਮਤ ਕੀਤਾ ਜਾਣਾ ਚਾਹੀਦਾ ਹੈ ਅਤੇ ਸ਼ਰਾਬ ਦੀ ਸਮੱਸਿਆ ਨਾਲ ਜੂਝ ਰਹੇ ਲੋਕਾਂ ਲਈ ਮਦਦ ਦੇ ਉਪਾਅ ਵਧਾਏ ਜਾਣੇ ਚਾਹੀਦੇ ਹਨ। ਯੂ ਕੇ ਸੰਸਦ ਦੇ ਬੁਲਾਰੇ ਨੇ ਸਪੱਸ਼ਟ ਕੀਤਾ ਕਿ ਸ਼ਰਾਬ ਦੀ ਉਪਲਬਧਤਾ ਵਿੱਚ ਕੋਈ ਵੀ ਬਦਲਾਅ ਕਰਨਾ ਆਖ਼ਰਕਾਰ ਮੈਂਬਰਾਂ ਦਾ ਆਪਣਾ ਫ਼ੈਸਲਾ ਹੋਵੇਗਾ। ਉਨ੍ਹਾਂ ਕਿਹਾ ਕਿ ਸੰਸਦ ਦਾ ਮਾਹੌਲ ਵੱਖਰਾ ਹੈ ਜਿੱਥੇ ਆਮ ਜਨਤਾ ਦੀ ਪਹੁੰਚ ਹੈ ਅਤੇ ਵੱਡੇ ਸਮਾਗਮ ਹੁੰਦੇ ਹਨ। ਪਰ ਸੰਸਦ, ਸਮਾਗਮਾਂ ਵਿੱਚ ਆਉਣ ਵਾਲਿਆਂ ਨੂੰ ਮੁਫ਼ਤ ਸ਼ਰਾਬ ਨਹੀਂ ਦਿੰਦੀ। ਸ਼ਰਾਬ ਜਾਂ ਤਾਂ ਸਮਾਗਮ ਪ੍ਰਬੰਧਕਾਂ ਵੱਲੋਂ ਖ਼ਰੀਦੀ ਜਾਂਦੀ ਹੈ ਜਾਂ ਪੀਣ ਵਾਲੇ ਆਪ ਖ਼ਰੀਦਦੇ ਹਨ।"

ਬੁਲਾਰੇ ਨੇ ਦੱਸਿਆ ਕਿ ਸਾਰੇ ਮੈਂਬਰਾਂ ਨੂੰ ਜ਼ਿੰਮੇਵਾਰੀ ਨਾਲ ਸ਼ਰਾਬ ਪੀਣ ਦੇ ਨਿਯਮਾਂ ਦੀ ਯਾਦ ਕਰਵਾਈ ਗਈ ਹੈ, ਅਤੇ ਜੋ ਲੋਕ ਜ਼ਿਆਦਾ ਨਸ਼ੇ ਵਿੱਚ ਹੁੰਦੇ ਹਨ, ਉਨ੍ਹਾਂ ਨੂੰ ਸ਼ਰਾਬ ਵੇਚਣ ਤੋਂ ਮਨ੍ਹਾ ਕਰਨ ਦੇ ਅਧਿਕਾਰ ਵੀ ਸਟਾਫ਼ ਕੋਲ ਹਨ।

# ਲੰਡਨ ਮੈਟ ਪੁਲਿਸ ਨੇ ਕੈਟਫੋਰਡ ਇਲਾਕੇ ਚੋਂ 40 ਲੱਖ ਪੌਂਡ ਨਕਦੀ ਅਤੇ 1 ਕਿੱਲੋ ਕੋਕੀਨ ਕੀਤੀ ਜ਼ਬਤ



ਪੁਲਿਸ ਵੱਲੋਂ ਜ਼ਬਤ ਕੀਤੀ ਰਾਸ਼ੀ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੀ ਮੈਟਰੋਪੋਲੀਟਨ ਪੁਲਿਸ ਨੇ ਦੱਖਣ-ਪੂਰਬੀ ਲੰਡਨ ਦੇ ਕੈਟਫੋਰਡ ਇਲਾਕੇ ਵਿੱਚ ਬੀਤੇ ਬੁੱਧਵਾਰ 29 ਜੁਲਾਈ ਦੀ ਸ਼ਾਮ ਨੂੰ ਕੀਤੀ ਇੱਕ ਕਾਰਵਾਈ ਦੌਰਾਨ ਪੁਲਿਸ ਇਤਿਹਾਸ ਦੀ ਸਭ ਤੋਂ ਵੱਡੀਆਂ ਨਕਦ ਜ਼ਬਤੀਆਂ ਵਿੱਚੋਂ ਇੱਕ ਨੂੰ ਅੰਜਾਮ ਦਿੱਤਾ ਹੈ।**

ਪੁਲਿਸ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਕੈਟਫੋਰਡ ਵਿੱਚ ਸਭ ਤੋਂ ਪਹਿਲਾਂ ਇੱਕ ਕਾਰ ਨੂੰ ਰੋਕਿਆ, ਜਿਸ ਵਿੱਚੋਂ ਲਗਭਗ 35 ਹਜ਼ਾਰ ਪੌਂਡ ਨਕਦ ਬਰਾਮਦ ਹੋਏ। ਮੌਕੇ 'ਤੇ ਹੀ ਇੱਕ 54 ਸਾਲਾ ਵਿਅਕਤੀ ਨੂੰ ਅਪਰਾਧਿਕ ਜਾਇਦਾਦ/ਧਨ ਰੱਖਣ ਦੇ ਸ਼ੱਕ ਹੇਠ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਬਾਅਦ ਜਦੋਂ ਉਸ ਨਾਲ ਸਬੰਧਤ ਇੱਕ ਗੁਪਤ ਠਿਕਾਣੇ 'ਤੇ ਛਾਪਾ ਮਾਰਿਆ ਗਿਆ, ਤਾਂ ਦੋ ਬੈੱਡਰੂਮਾਂ ਵਿੱਚੋਂ ਝੋਲਿਆਂ ਵਿੱਚ ਛੁਪਾ ਕੇ ਰੱਖੀ ਲਗਭਗ 40 ਲੱਖ ਪੌਂਡ ਦੀ ਨਕਦੀ ਅਤੇ 1 ਕਿੱਲੋ ਕੋਕੀਨ ਬਰਾਮਦ ਹੋਈ।

ਮੈਟ ਪੁਲਿਸ ਅਨੁਸਾਰ ਇੰਨੀ ਵੱਡੀ ਮਾਤਰਾ ਵਿੱਚ ਗੈਰ-ਕਾਨੂੰਨੀ ਪੈਸਾ ਜ਼ਬਤ ਕਰਨਾ ਸੰਗਠਿਤ ਅਪਰਾਧਿਕ ਗਿਰੋਹਾਂ ਦੇ ਨੈੱਟਵਰਕ ਨੂੰ ਤੋੜਨ ਲਈ ਬੇਹੱਦ ਜ਼ਰੂਰੀ ਹੈ। ਪੁਲਿਸ ਨੇ ਕਿਹਾ ਕਿ ਅਪਰਾਧੀਆਂ ਦੀ ਆਰਥਿਕ ਕਮਰ ਤੋੜਨ ਨਾਲ ਲੰਡਨ ਭਰ ਵਿੱਚ ਹੋਣ ਵਾਲੀ ਗੰਭੀਰ ਹਿੰਸਾ ਨੂੰ ਘਟਾਉਣ ਵਿੱਚ ਵੱਡੀ ਮਦਦ ਮਿਲੀ ਹੈ। ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਨੂੰ ਰਿਮਾਂਡ ਉੱਤੇ ਭੇਜ ਦਿੱਤਾ ਗਿਆ ਹੈ।


VACANCIES
JSR CONTRACTS LTD.

ਮਾਨਚੈਸਟਰ ਦੀਆਂ ਸਾਈਟਾਂ 'ਤੇ ਕਾਰਪੈਂਟਰ ਦਾ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Carpenters required at various sites in Manchester

**Job Descriptions:** In this role as an experienced Carpenter, a diverse set of responsibilities during the job, consist of 37.5 hours of dedicated work per week. You will be responsible for cutting, shaping, and assembling wooden elements for the construction of hoardings and other structures using saws, planes, chisels, and other power or hand tools to cut, shape, and drill according to specifications. Your main duties will include setting up shutters as required, ensuring levels are correctly set, and laying and fixing steel. You will assist with pouring and finishing concrete. You will also be responsible for stripping and cleaning shutters for reuse, as well as cutting and cleaning slabs, maintaining and repairing woodwork and fittings, aligning and fixing prepared wood pieces using screws, nails, glue, and dowels to form frames, and carrying out on-site soft strip demolition.

**Annual pay is - £ 30,960.**
**The required training will be provided.**

Person must have CSCS, Asbestos Awareness and Manual Handling
* Overseas candidates must do UK construction industry standard qualifications on arrival and before joining the job.

Contact Mr. Randhawa via email below:
Email: jsrcontractslimited@gmail.com

# ਯੂ,ਕੇ ਵਿੱਚ ਖਾਲਿਸਤਾਨ ਦੀ ਫੁੱਟਬਾਲ ਟੀਮ ਦਾ ਮੈਚ 15 ਅਗਸਤ ਨੂੰ ਹੋਵੇਗਾ - ਡੱਲੇਵਾਲ

ਲੰਡਨ- ਯੂ,ਕੇ ਦੇ ਸਿੱਖ ਨੌਜਵਾਨਾਂ ਵਲੋਂ ਇੱਕ ਵੱਡਾ ਉਪਰਾਲਾ ਕੀਤਾ ਗਿਆ ਹੈ । ਜਿਸ ਤਹਿਤ ਭਾਰਤ ਦੇ ਅਖੌਤੀ ਅਜਾਦੀ ਦਿਹਾੜੇ ਮੌਕੇ ਖਾਲਿਸਤਾਨ ਫੁੱਟਬਾਲ ਐਸੋਸੀਏਸ਼ਨ ਵਲੋਂ ਖਾਲਿਸਤਾਨ ਟੀਮ ਦਾ ਮੈਚ 15 ਅਗਸਤ ਸ਼ਨਿਚਰਵਾਰ ਸ਼ਾਮ ਨੂੰ ਕਰਵਾਇਆ ਜਾ ਰਿਹਾ ਹੈ । ਯੂ,ਕੇ ਵਿੱਚ ਖਾਲਿਸਤਾਨ ਦੀ ਫੁੱਟਬਾਲ ਟੀਮ ਦਾ ਮੈਚ ਪਹਿਲੀ ਵਾਰ ਹੋ ਰਿਹਾ ਹੈ ਜੋ ਕਿ ਅਜਾਦ ਸਿੱਖ ਰਾਜ ਖਾਲਿਸਤਾਨ ਦੀ ਕਾਇਮੀ ਦੀ ਚਾਹਤ ਰੱਖਣ ਵਾਲਿਆਂ ਵਾਸਤੇ ਖੁਸ਼ੀ ਵਾਲੀ ਗੱਲ ਹੈ। ਸਿੱਖ ਨੌਜਵਾਨਾਂ ਦੇ ਇਸ ਉਪਰਾਲੇ ਦੀ ਪ੍ਰੋੜਤਾ ਅਤੇ ਸ਼ਲਾਘਾ ਕਰਦਿਆਂ ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਵਲੋਂ ਇੱਕ ਵੀਡੀਓ ਜਾਰੀ ਕਰਕੇ ਇਸ ਖਾਲਿਸਤਾਨ ਦੀ ਫੁੱਟਬਾਲ ਟੀਮ ਦੇ ਮੈਚ ਨੂੰ ਦੇਖਣ ਵਾਸਤੇ ਯੂ,ਕੇ ਨਿਵਾਸੀ ਸਿੱਖਾਂ ਨੂੰ ਸਨਿਮਰ ਅਪੀਲ ਕੀਤੀ ਗਈ ਹੈ।



ਜਿਕਰਯੋਗ ਹੈ ਕਿ ਸਿੱਖਾਂ ਦੀਆਂ ਅਣਗਿਣਤ ਕੁਰਬਾਨੀਆਂ ਨਾਲ ਲੰਬਾ ਸਮਾਂ ਸੰਘਰਸ਼ ਕਰਨ ਮਗਰੋਂ ਭਾਰਤ ਅੰਗਰੇਜਾਂ ਦੀ ਗ੍ਰਿਫਤ ਚੋਂ ਭਾਂਵੇ ਆਜ਼ਾਦ ਹੋ ਗਿਆ ਸੀ ਪਰ ਨੱਬੇ ਫੀਸਦੀ ਦੇ ਕਰੀਬ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਇਹ ਆਜ਼ਾਦੀ ਨਸੀਬ ਨਾ ਹੋ ਸਕੀ। ਸਿੱਖ ਕੌਮ ਨਾਲ ਭਾਰਤੀ ਹਾਕਮਾਂ ਵਲੋਂ ਲਗਾਤਾਰ ਵਿਤਕਰਾ, ਧੱਕੇਸ਼ਾਹੀਆਂ ਦਾ ਸਿਲਸਲਾ ਜਾਰੀ ਹੈ। ਪਿਛਲੇ 79 ਸਾਲਾਂ ਦੌਰਾਨ ਜਿੰਨੇ ਜ਼ੁਲਮ ਭਾਰਤੀ ਹਾਕਮਾਂ ਵਲੋਂ ਕੀਤੇ ਗਏ ਉਹਨਾਂ ਨੇ ਹਿਟਲਰਸ਼ਾਹੀ, ਮੀਰ ਮੰਨੂ, ਅਬਦਾਲੀ ਅਤੇ ਜਕਰੀਏ ਖਾਨ ਦੇ ਜ਼ੁਲਮਾਂ ਨੂੰ ਵੀ ਮਾਤ ਪਾ ਦਿੱਤੀ ਹੈ। ਤੇਰਾਂ ਐਪਰੈਲ 1978 ਦਾ ਖੂਨੀ ਸਾਕਾ,ਜੂਨ 1984 ਦਾ ਘੱਲੂਘਾਰਾ, ਨਵੰਬਰ 1984 ਦੌਰਾਨ ਸਿੱਖਾਂ ਦੀ ਯੋਜਨਾਬੱਧ ਤਰੀਕੇ ਸਰਕਾਰੀ ਸਰਪ੍ਰਸਤੀ ਨਾਲ ਕੀਤੀ ਗਈ ਨਸਲਕੁਸ਼ੀ ਅਤੇ ਪੰਜਾਬ ਵਿੱਚ ਸਿੱਖ ਨੌਜਵਾਨਾਂ ਨੂੰ ਵੱਡੀ ਪੱਧਰ ਤੇ ਸ਼ਹੀਦ ਕਰਨਾ ਇਸ ਦਾ ਪ੍ਰਤੱਖ ਮਿਸਾਲਾਂ ਹਨ । ਸਮੂਹ ਸਿੱਖ ਜਥੇਬੰਦੀਆਂ ਨੂੰ ਅਪੀਲ ਹੈ ਕਿ 15 ਅਗਸਤ ਵਾਲੇ ਦਿਨ ਦੁਨੀਆਂ ਭਰ ਵਿੱਚ ਭਾਰਤੀ ਅੰਬੈਸੀਆਂ ਸਾਹਮਣੇ ਰੋਸ ਮੁਜਾਹਰੇ ਕੀਤੇ ਜਾਣ । ਇਸ ਦਿਨ ਮਨਾਏ ਜਾਣ ਵਾਲੇ ਸਰਕਾਰੀ ਅਤੇ ਗੈਰ ਸਰਕਾਰੀ ਜਸ਼ਨਾਂ ਦਾ ਸਿੱਖ ਕੌਮ ਮੁਕੰਮਲ ਬਾਈਕਾਟ ਕਰਦਿਆਂ ਦੂਰੀ ਬਣਾਕੇ ਰੱਖਣ। ਝੂਠੇ ਪੁਲਿਸ ਮੁਕਾਬਲਿਆਂ ਦੀ ਆੜ ਹੇਠ ਪੰਜਾਬ ਪੁਲਿਸ ਵਲੋਂ ਹਰ ਨਹਿਰ,ਹਰ ਡਰੇਨ,ਹਰ ਚੌਰਾਹੇ ਨੂੰ ਸਿੱਖ ਨੌਜਵਾਨਾਂ ਦੇ ਖੂਨ ਨਾਲ ਲੱਥਪੱਥ ਕੀਤਾ ਗਿਆ। ਤਸੀਹਾ ਕੇਂਦਰਾਂ ਵਿੱਚ ਸਿੱਖ ਬਜੁਰਗਾਂ,ਸਿੱਖ ਮਾਤਾਵਾਂ ਅਤੇ ਭੈਣਾਂ ਤੇ ਭਾਰੀ ਤਸ਼ੱਦਦ ਕੀਤਾ ਗਿਆ। ਸਿੱਖ ਕੌਮ ਦਾ ਨਿਸ਼ਾਨਾ ਕੇਵਲ ਖਾਲਿਸਤਾਨ ਹੈ ਅਤੇ ਇਸਦੀ ਪੂਰਤੀ ਲਈ ਸੰਘਰਸ਼ ਜਾਰੀ ਰਹੇਗਾ । ਖਾਲਿਸਤਾਨ ਦੇ ਕੌਮੀ ਨਿਸ਼ਾਨੇ ਪ੍ਰਤੀ ਭੰਬਲਭੂਸੇ ਪੈਦਾ ਕਰਨ ਵਾਲਿਆਂ ਤੋ ਵੀ ਸੁਚੇਤ ਰਹਿਣ ਦੀ ਜਰੂਰਤ ਹੈ।ਭਾਰਤ ਸਰਕਾਰ ਦੀਆਂ ਏਜੰਸੀਆਂ ਸਿੱਖਾਂ ਨੂੰ ਗੁਲਾਮ ਅਤੇ ਦੁਬੇਲ ਬਣਾ ਕੇ ਰੱਖਣ ਲਈ ਕੋਝੇ ਅਤੇ ਕਮੀਨੇ ਢੰਗ ਰਹੀਆਂ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਿੱਖ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ ਕਿ ਖਾਲਿਸਤਾਨ ਦੀ ਜੰਗੇ ਆਜਾਦੀ ਦੇ ਜੁਝਾਰੂ ਆਗੂ ਭਾਈ ਵਧਾਵਾ ਸਿੰਘ ਬੱਬਰ, ਭਾਈ ਰਣਜੀਤ ਸਿੰਘ ਨੀਟਾ ਸਮੇਤ ਲੰਬੇ ਅਰਸੇ ਤੋਂ ਜੇਹਲਾਂ ਵਿੱਚ ਭਾਈ ਜਗਤਾਰ ਸਿੰਘ ਹਾਵਾਰਾ, ਭਾਈ ਜਗਤਾਰ ਸਿੰਘ ਤਾਰਾ, ਭਾਈ ਜਗਤਾਰ ਸਿੰਘ ਜੱਗੀ ਜੌਹਲ, ਭਾਈ ਬਲਵੰਤ ਸਿੰਘ, ਭਾਈ ਪਰਮਜੀਤ ਸਿੰਘ ਭਿਓਰਾ,ਭਾਈ ਰਮਨਦੀਪ ਸਿੰਘ ਬੱਗਾ, ਭਾਈ ਹਰਦੀਪ ਸਿੰਘ ਸ਼ੇਰਾ ਅਤੇ ਭਾਈ ਅੰਮ੍ਰਿਤਪਾਲ ਸਿੰਘ ਸਮੇਤ ਸਮੂਹ ਬੰਦੀ ਸਿੰਘਾਂ ਦੀ ਚੜਦੀ ਕਲਾ ਸਿਹਤਯਾਬੀ ਲਈ ਅਰਦਾਸਾਂ ਕੀਤੀਆਂ ਜਾਣ ।

## ਏਅਰ ਇੰਡੀਆ ਨੇ ਅੰਮ੍ਰਿਤਸਰ ਤੋਂ ਲੰਡਨ ਗੈਟਵਿਕ ਅਤੇ ਬਰਮਿੰਘਮ ਸਿੱਧੀਆਂ ਉਡਾਣਾਂ ਲਈ ਵੱਧ ਸੀਟਾਂ ਵਾਲਾ ਵੱਡਾ ਜਹਾਜ਼ ਲਗਾਇਆ



ਅੰਮ੍ਰਿਤਸਰ-ਅੰਮ੍ਰਿਤਸਰ ਲਈ ਵਧੇਰੇ ਹਵਾਈ ਸੰਪਰਕ ਦੀ ਵਕਾਲਤ ਕਰ ਰਹੀ ਫਲਾਈਅੰਮ੍ਰਿਤਸਰ ਇਨੀਸ਼ੀਏਟਿਵ ਨੇ ਏਅਰ ਇੰਡੀਆ ਵੱਲੋਂ ਅੰਮ੍ਰਿਤਸਰ-ਲੰਡਨ ਗੈਟਵਿਕ ਅਤੇ ਅੰਮ੍ਰਿਤਸਰ-ਬਰਮਿੰਘਮ ਸਿੱਧੀਆਂ ਉਡਾਣਾਂ ’ਤੇ 344 ਸੀਟਾਂ ਵਾਲੇ ਵੱਡੇ ਬੋਇੰਗ ਦੇ ਬੀ777-300 ਈਆਰ ਜਹਾਜ਼ ਦੀ ਤਾਇਨਾਤੀ ਨੂੰ ਪੰਜਾਬ ਅਤੇ ਯੂਕੇ ਵਿਚਕਾਰ ਯਾਤਰਾ ਕਰਨ ਵਾਲੇ ਯਾਤਰੀਆਂ ਲਈ ਇੱਕ ਸਕਾਰਾਤਮਕ ਕਦਮ ਦੱਸਿਆ ਹੈ।ਇਸ ਤੋਂ ਪਹਿਲਾਂ ਏਅਰ ਇੰਡੀਆ ਵੱਲੋਂ ਇਹਨਾਂ ਸਿੱਧੀਆਂ ਉਡਾਣਾਂ ਲਈ 256 ਸੀਟਾਂ (238 ਇਕਾਨਮੀ ਅਤੇ 18 ਬਿਜ਼ਨਸ ਕਲਾਸ) ਵਾਲੇ ਬੋਇੰਗ 787-8 ਡ੍ਰੀਮਲਾਈਨਰ ਦੀ ਵਰਤੋਂ ਕੀਤੀ ਜਾਂਦੀ ਸੀ। ਹੁਣ ਲਗਾਏ ਗਏ ਜਹਾਜ਼ ਵਿੱਚ ਕੁੱਲ 344 ਸੀਟਾਂ ਹਨ, ਜਿਸ ਵਿੱਚ 305 ਇਕਾਨਮੀ, 35 ਬਿਜ਼ਨਸ ਅਤੇ 4 ਫਸਟ ਕਲਾਸ ਸੀਟਾਂ ਹਨ। ਇਸ ਨਾਲ ਹਰ ਉਡਾਣ ’ਤੇ 88 ਸੀਟਾਂ ਦਾ ਵਾਧਾ ਹੋਇਆ ਹੈ ਅਤੇ ਅੰਮ੍ਰਿਤਸਰ - ਯੂਕੇ ਵਿਚਕਾਰ ਪਹਿਲੀ ਵਾਰ ਫਸਟ ਕਲਾਸ ਦੀ ਸਹੂਲਤ ਵੀ ਸ਼ੁਰੂ ਹੋ ਗਈ ਹੈ। ਲੰਡਨ ਅਤੇ ਬਰਮਿੰਘਮ ਤੋਂ ਇਹਨਾਂ ਉਡਾਣਾਂ ਦਾ ਸੰਚਾਲਨ ਹਫਤੇ ਵਿੱਚ ਤਿੰਨ ਦਿਨ ਕੀਤਾ ਜਾਂਦਾ ਹੈ। ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਕਿਹਾ, "ਵੱਧ ਸੀਟਾਂ ਵਾਲੇ ਬੋਇੰਗ ਬੀ777 ਜਹਾਜ਼ ਲਗਾਉਣ ਦੇ ਨਾਲ ਪੰਜਾਬ ਅਤੇ ਯੂਕੇ ਵਿਚਕਾਰ ਸਿੱਧੇ ਹਵਾਈ ਸੰਪਰਕ ਨੂੰ ਹੋਰ ਹੁਲਾਰਾ ਮਿਲੇਗਾ। ਇਹ ਵਾਧਾ ਵਧੇਰੇ ਯਾਤਰੀਆਂ ਨੂੰ ਇਸ ਰੂਟ 'ਤੇ ਸਫ਼ਰ ਕਰਨ ਵਿੱਚ ਮਦਦ ਕਰੇਗਾ। ਆਸ ਹੈ ਕਿ ਵਧੀ ਹੋਈ ਸੀਟ ਸਮਰੱਥਾ ਨਾਲ ਯਾਤਰੀਆਂ ਨੂੰ ਸੀਟਾਂ ਦੀ ਉਪਲਬਧਤਾ ਵਿੱਚ ਰਾਹਤ ਮਿਲੇਗੀ ਅਤੇ ਕਿਰਾਏ 'ਤੇ ਵੀ ਸਕਾਰਾਤਮਕ ਅਸਰ ਪੈ ਸਕਦਾ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਇਨ੍ਹਾਂ ਦੋਨੋਂ ਰੂਟ 'ਤੇ ਯਾਤਰੀਆਂ ਦੀ ਮੰਗ ਵੀ ਜ਼ਿਆਦਾ ਹੈ। ਇਨ੍ਹਾਂ ਵੱਡੀਆਂ ਉਡਾਣਾਂ ਦਾ ਭਰ ਕੇ ਜਾਣਾ ਏਅਰ ਇੰਡੀਆ ਨੂੰ ਆਉਣ ਵਾਲੇ ਸਮੇਂ ਵਿੱਚ ਇਨ੍ਹਾਂ ਰੂਟਾਂ 'ਤੇ ਹੋਰ ਉਡਾਣਾਂ ਸ਼ੁਰੂ ਕਰਨ ਲਈ ਵੀ ਉਤਸ਼ਾਹਿਤ ਕਰੇਗਾ।"

## ਕੈਨੇਡਾ ਨੇ ਗੈਰ-ਕਾਨੂੰਨੀ ਪਰਵਾਸੀਆਂ ਖ਼ਿਲਾਫ਼ ਹੋਰ ਸਖ਼ਤ ਕੀਤੀ ਕਾਰਵਾਈ, ਭਾਰਤੀਆਂ 'ਤੇ ਸਭ ਤੋਂ ਵੱਧ ਅਸਰ

ਕੈਨੇਡਾ ਸਰਕਾਰ ਇਮੀਗ੍ਰੇਸ਼ਨ ਨਿਯਮਾਂ ਨੂੰ ਲਗਾਤਾਰ ਸਖ਼ਤ ਕਰ ਰਹੀ ਹੈ। ਇਸ ਦੇ ਨਾਲ ਹੀ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਵਿਦੇਸ਼ੀ ਨਾਗਰਿਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ਾਂ ਵਿੱਚ ਵਾਪਸ ਭੇਜਣ ਦੀ ਪ੍ਰਕਿਰਿਆ ਵੀ ਪਹਿਲਾਂ ਨਾਲੋਂ ਤੇਜ਼ ਹੋ ਗਈ ਹੈ। ਇਸ ਕਾਰਵਾਈ ਦਾ ਸਭ ਤੋਂ ਵੱਧ ਪ੍ਰਭਾਵ ਭਾਰਤੀ ਮੂਲ ਦੇ ਲੋਕਾਂ 'ਤੇ ਪੈਣ ਦੀ ਗੱਲ ਸਾਹਮਣੇ ਆ ਰਹੀ ਹੈ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਦੇ ਉਪਲਬਧ ਅੰਕੜਿਆਂ ਅਨੁਸਾਰ, 2021 ਤੋਂ ਬਾਅਦ ਹਰ ਸਾਲ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਵਿੱਚ ਵਾਧਾ ਦਰਜ ਕੀਤਾ ਗਿਆ ਹੈ।

## ਭਾਰਤ ਜਾ ਰਹੀ ਉਡਾਣ ਦੌਰਾਨ ਭਿਆਨਕ ਟਰਬੂਲੈਂਸ, ਜਹਾਜ਼ ਦੀ ਛੱਤ ਨਾਲ ਟਕਰਾਏ ਯਾਤਰੀ; 12 ਜ਼ਖ਼ਮੀ





ਨਵੀਂ ਦਿੱਲੀ/ਲੰਡਨ: ਭਾਰਤ ਜਾ ਰਹੀ ਇੱਕ ਯਾਤਰੀ ਉਡਾਣ ਦੌਰਾਨ ਆਏ ਭਿਆਨਕ ਟਰਬੂਲੈਂਸ (ਹਵਾ ਦੇ ਤੇਜ਼ ਝਟਕਿਆਂ) ਕਾਰਨ ਜਹਾਜ਼ ਵਿੱਚ ਹੜਕੰਪ ਮਚ ਗਿਆ। ਅਚਾਨਕ ਲੱਗੇ ਜ਼ੋਰਦਾਰ ਝਟਕਿਆਂ ਨਾਲ ਕਈ ਯਾਤਰੀ ਆਪਣੀਆਂ ਸੀਟਾਂ ਤੋਂ ਉੱਛਲ ਕੇ ਜਹਾਜ਼ ਦੀ ਛੱਤ ਨਾਲ ਟਕਰਾ ਗਏ, ਜਿਸ ਕਾਰਨ ਘੱਟੋ-ਘੱਟ 12 ਲੋਕ ਜ਼ਖ਼ਮੀ ਹੋ ਗਏ।ਰਿਪੋਰਟਾਂ ਮੁਤਾਬਕ, ਜਦੋਂ ਜਹਾਜ਼ ਉੱਚਾਈ 'ਤੇ ਉੱਡ ਰਿਹਾ ਸੀ ਤਾਂ ਅਚਾਨਕ ਤੇਜ਼ ਟਰਬੂਲੈਂਸ ਆ ਗਿਆ। ਜਿਨ੍ਹਾਂ ਯਾਤਰੀਆਂ ਨੇ ਸੀਟ ਬੈਲਟ ਨਹੀਂ ਲਗਾਈ ਹੋਈ ਸੀ, ਉਹ ਜ਼ੋਰਦਾਰ ਝਟਕਿਆਂ ਨਾਲ ਹਵਾ ਵਿੱਚ ਉੱਛਲ ਗਏ ਅਤੇ ਕਈਆਂ ਦੇ ਸਿਰ ਜਹਾਜ਼ ਦੀ ਛੱਤ ਨਾਲ ਟਕਰਾ ਗਏ। ਇਸ ਦੌਰਾਨ ਕੁਝ ਕੈਬਿਨ ਕਰੂ ਮੈਂਬਰਾਂ ਨੂੰ ਵੀ ਸੱਟਾਂ ਲੱਗਣ ਦੀ ਜਾਣਕਾਰੀ ਮਿਲੀ ਹੈ।ਘਟਨਾ ਤੋਂ ਤੁਰੰਤ ਬਾਅਦ ਕਰੂ ਨੇ ਜ਼ਖ਼ਮੀਆਂ ਨੂੰ ਮੁੱਢਲੀ ਡਾਕਟਰੀ ਸਹਾਇਤਾ ਦਿੱਤੀ ਅਤੇ ਜਹਾਜ਼ ਦੇ ਉਤਰਦੇ ਹੀ ਜ਼ਖ਼ਮੀ ਯਾਤਰੀਆਂ ਨੂੰ ਹਸਪਤਾਲ ਪਹੁੰਚਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਆਦਾਤਰ ਜ਼ਖ਼ਮੀਆਂ ਦੀ ਹਾਲਤ ਸਥਿਰ ਹੈ।ਹਵਾਬਾਜ਼ੀ ਮਾਹਿਰਾਂ ਦਾ ਕਹਿਣਾ ਹੈ ਕਿ ਟਰਬੂਲੈਂਸ ਕਈ ਵਾਰ ਬਿਨਾਂ ਕਿਸੇ ਚੇਤਾਵਨੀ ਦੇ ਆ ਸਕਦਾ ਹੈ। ਇਸ ਲਈ ਯਾਤਰੀਆਂ ਨੂੰ ਹਰ ਸਮੇਂ ਆਪਣੀ ਸੀਟ 'ਤੇ ਬੈਠਿਆਂ ਸੀਟ ਬੈਲਟ ਬੰਨ੍ਹ ਕੇ ਰੱਖਣੀ ਚਾਹੀਦੀ ਹੈ, ਭਾਵੇਂ ਸੀਟ ਬੈਲਟ ਦਾ ਸੰਕੇਤ ਬੰਦ ਹੀ ਕਿਉਂ ਨਾ ਹੋਵੇ।ਏਅਰਲਾਈਨ ਨੇ ਘਟਨਾ ਦੀ ਪੁਸ਼ਟੀ ਕਰਦਿਆਂ ਕਿਹਾ ਹੈ ਕਿ ਮਾਮਲੇ ਦੀ ਸਮੀਖਿਆ ਕੀਤੀ ਜਾ ਰਹੀ ਹੈ ਅਤੇ ਪ੍ਰਭਾਵਿਤ ਯਾਤਰੀਆਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ।


## ਸਵਾਨਜ਼ੀ, ਵੇਲਜ਼ ਵਿਖੇ ਇਕ ਸਿੱਖ ਜੋੜੇ ਨੂੰ ਘਰੇਲੂ ਕੰਮ ਲਈ ਸੁਆਣੀ ਦੀ ਲੋੜ

ਵੇਲਜ਼ ਦੇ ਸਵਾਨਜ਼ੀ ਟਾਊਨ ਵਿੱਚ ਇਕ ਸਤਿਕਾਰਯੋਗ ਸਿੱਖ ਜੋੜੇ ਵਾਸਤੇ ਘਰੇਲੂ ਕੰਮ ਕਰਨ ਵਾਲੀ ਔਰਤ (ਸੁਆਣੀ) ਦੀ ਜ਼ਰੂਰਤ ਹੈ । ਔਰਤ ਦੇ ਕੰਮ ਵਿੱਚ ਖਾਣਾ ਬਣਾਉਣਾ ਅਤੇ ਘਰ ਦੀ ਸਾਫ਼ ਸਫ਼ਾਈ ਕਰਨਾ ਸ਼ਾਮਿਲ ਹੈ । ਉਸ ਨੂੰ ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ ।

ਹੋਰ ਜਾਣਕਾਰੀ ਲਈ ਸੰਪਰਕ ਕਰੋ: 07768 834 199

**LIVE IN HOUSE KEEPER REQUIRED FOR A VERY RESPECTFUL SIKH FAMILY IN SWANSEA, Wales**

Punjabi Sikh family required a House keeper to Clean and Cook. The position is in Swansea, Wales Free accommodation and food will be provided.

FOR MORE INFORMATION PLEASE CONTACT ON: Mob: 07768 834 199

# ਫਰਾਂਸ ਤੋਂ ਬਾਅਦ ਹੁਣ ਇਟਲੀ ਵਿੱਚ ਵੀ ਧਾਰਮਿਕ ਕੱਟੜਤਾ ਨੂੰ ਪਛਾੜਦਿਆਂ ਜਲਦ ਲੱਗ ਸਕਦੀ ਹੈ ਬੁਰਕੇ ਉਪੱਰ ਪੂਰਨ ਪਾਬੰਦੀ

## * ਹੁਣ ਸਮਾਂ ਆ ਗਿਆ ਹੈ ਕਿ ਔਰਤਾਂ ਦੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਬੁਰਕੇ ਤੇ ਪਾਬੰਦੀ ਲਗੇ:-ਜੁਸੇਪੇ ਵਾਲਦੀਤਾਰਾ ਸਿੱਖਿਆ ਮੰਤਰੀ

ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਸਕੂਲਾਂ ਵਿੱਚ ਬੁਰਕੇ 'ਤੇ ਪਾਬੰਦੀ ਲਗਾਉਣ ਲਈ ਸੰਭਾਵਿਤ ਸੋਧ ਜਿਸ ਤੇ ਸਿੱਖਿਆ ਮੰਤਰੀ ਜੁਸੇਪੇ ਵਾਲਦੀਤਾਰਾ ਵਿਚਾਰ ਕਰ ਰਹੇ ਹਨ।ਔਰਤਾਂ ਦੇ ਮਾਣ ਅਤੇ ਮਰਦਾਂ ਤੇ ਔਰਤਾਂ ਵਿਚਕਾਰ ਸਮਾਨ-ਤਾ ਦੇ ਮੁੱਲਾਂ ਦੀ ਪੁਸ਼ਟੀ ਕਰਨ ਲਈ ਮਹੱਤਵਪੂਰਨ ਹੈ।

ਇਹ ਮੰਦਭਾਗਾ ਹੈ ਕਿ ਜਦੋਂ ਬੁਕਰੇ ਲਈ ਕੋਈ ਠੋਸ ਕਾਰਵਾਈ ਕਰਨ ਦੀ ਗੱਲ ਆਉਂਦੀ ਹੈ ਤਾਂ ਡੈਮੋਕ੍ਰੇਟਿਕ ਪਾਰਟੀ ਅਤੇ ਸੀ ਜੀ ਆਈ ਐਲ (ਜਨਤਕ ਜੱਥੇਬੰਦੀ) ਹਮੇਸ਼ਾ ਇੱਕ ਕਦਮ ਪਿੱਛੇ ਰਹਿੰਦੇ ਹਨ।ਇਹ ਸੰਵਿਧਾਨਕ ਕਦਰਾਂ-ਕੀਮਤਾਂ ਦੀ ਰੱਖਿਆ ਕਰਨ ਦੀ ਬਜਾਏ ਵਿਵਾਦ ਅਤੇ ਲੋਕ-ਵਿਰੋਧ ਮਸਲੇ ਖੜ੍ਹੇ ਕਰਨ ਨੂੰ ਤਰਜੀਹ ਦਿੰਦੇ ਹਨ।ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਇਟਲੀ ਦੇ ਸਿੱਖਿਆ ਮੰਤਰੀ ਜੁਸੇਪੇ ਵਾਲਦੀਤਾਰਾ ਨੇ ਇਟਲੀ ਦੇ ਪ੍ਰੈੱਸ ਨਾਲ ਕੀਤਾ।ਸਿੱਖਿਆ ਮੰਤਰੀ ਨੇ ਕਿਹਾ ਕਿ ਇਹ ਸੱਚੀ ਏਕਤਾ ਦਾ ਮੁੱਦਾ ਹੈ ਯਾਨੀ ਕਿ ਸਾਡੀਆਂ ਕਦਰਾਂ-ਕੀਮਤਾਂ ਨੂੰ ਸਾਂਝਾ ਕਰਨਾ।ਇਸ ਲਈ ਇਹ ਸਪੱਸ਼ਟ ਹੈ ਕਿ ਜੇਕਰ ਕੋਈ ਕੁੜੀ ਨਕਾਬ ਜਾਂ ਬੁਰਕਾ ਪਾਕੇ ਕਲਾਸ ਵਿੱਚ ਦਾਖਲ ਹੁੰਦੀ ਹੈ ਤਾਂ ਇਸ ਦਾ ਮਤਲਬ ਹੈ ਉਸ ਦੀ ਪਛਾਣ, ਉਸ ਵਿਅਕਤੀ ਨੂੰ ਨਾ ਪਛਾਣਨਾ ਇਹ ਕਾਰਵਾਈ ਆਪਸੀ ਤਾਲਮੇਲ ਨੂੰ ਵੀ ਨੁਕਸਾਨ ਪਹੁੰਚਾਉਂਦਾ ਹੈ।ਇਟਲੀ ਦੇ ਸਿੱਖਿਆ ਮੰਤਰੀ ਜੁਸੇਪੇ ਵਾਲਦੀਤਾਰਾ ਨੇ ਗੰਭੀਰਤਾ ਨਾਲ ਕਿਹਾ ਕਿ ਉਹਨਾਂ ਨੂੰ ਲੱਗਦਾ ਹੈ ਕਿ ਬੁਰਕਾ ਜਾਂ ਨਕਾਬ ਅਜਿਹੇ ਕੱਪੜਿਆਂ ਦੀ



ਵਰਤੋਂ 'ਤੇ ਪਾਬੰਦੀ ਲਗਾਉਣ ਦਾ ਸਮਾਂ ਆ ਗਿਆ ਹੈ ਜੋ ਔਰਤਾਂ ਦੀ ਸ਼ਖ਼ਸੀਅਤ ਅਤੇ ਆਜ਼ਾਦੀ ਨੂੰ ਖਤਮ ਕਰਦੇ ਹਨ।ਇਹ ਪਰਦਾ ਕਰਨਾ ਲਿੰਗ ਸਮਾਨਤਾ ਦੇ ਵੀ ਵਿਰੁੱਧ ਹੈ।ਇਹ ਕਾਰਵਾਈ ਸਕੂਲਾਂ ਤੋਂ ਸ਼ੁਰੂ ਹੋ ਬਹੁਤ ਅੱਗੇ ਤੱਕ ਜਾਂਦੀ ਹੈ ਜਿਸ ਸੰਬਧੀ ਸੁੱਰਖਿਆ ਬਿੱਲ ਵਿੱਚ ਸੋਧ ਕਰਨ ਦੀ ਜਾਣਕਾਰੀ ਉਹਨਾਂ ਪ੍ਰੈੱਸ ਨੂੰ ਦਿੱਤੀ।ਸਿੱਖਿਆ ਮੰਤਰੀ ਜੁਸੇਪੇ ਵਾਲਦੀਤਾਰਾ ਦੇ ਬੁਰਕੇ ਸੰਬਧੀ ਇਹਨਾਂ ਵਿਚਾਰਾਂ ਤੋਂ ਕਿਆਫੇ ਲੱਗ ਰਹੇ ਹਨ ਕਿ ਹੁਣ ਫਰਾਂਸ ਤੋਂ ਬਾਅਦ ਇਟਲੀ ਵੀ ਧਾਰਮਿਕ ਕੱਟੜਤਾ ਨੂੰ ਪਛਾੜਦਿਆਂ ਬੁਰਕੇ ਨੂੰ ਪੂਰਨ ਤੌਰ 'ਤੇ ਜਨਤਕ ਥਾਵਾਂ,ਸਰਕਾਰੇ ਦਰਬਾਰੇ ਤੇ ਸਕੂਲ ਕਾਲਜਾਂ ਵਿੱਚ ਪਾਕੇ



ਆਉਣ 'ਤੇ ਪਾਬੰਦੀ ਲਗਾ ਸਕਦਾ ਹੈ।ਜਿਕਰਯੋਗ ਹੈ ਕਿ ਯੂਰਪ ਦੇ ਕਈ ਦੇਸ਼ਾਂ ਨੇ ਆਪਣੇ ਸੰਸਦ ਵਿੱਚ ਜਨਤਕ ਤੌਰ ਤੇ ਚਿਹਰਾ ਢੱਕਣ 'ਤੇ ਪਾਬੰਦੀ ਲਗਾਉਣ ਵਾਲੇ ਕਾਨੂੰਨ ਪੇਸ਼ ਕੀਤੇ ਜਿਹਨਾਂ ਵਿੱਚ ਫਰਾਂਸ, ਬੈਲਜੀਅਮ, ਨੀਦਰਲੈਂਡ, ਆਸਟਰੀਆ, ਡੈਨਮਾਰਕ ਅਤੇ ਬੁਲਗਾਰੀਆ ਆਦਿ ਅਹਿਮ ਹਨ।

# *ਅਹਿਮਦਾਬਾਦ ਨੂੰ ਸੌਂਪੀ ਗਈ 2030 ਰਾਸ਼ਟਰਮੰਡਲ ਖੇਡਾਂ ਦੀ ਕਮਾਨ



ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) – ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਦਾ ਐਤਵਾਰ ਦੇਰ ਸ਼ਾਮ ਗਲਾਸਗੋ ਦੇ ਓਵੀਓ ਹਾਈਡਰੋ ਵਿੱਚ ਸ਼ਾਨਦਾਰ ਸਮਾਪਤੀ ਸਮਾਰੋਹ ਨਾਲ ਅੰਤ ਹੋ ਗਿਆ। 11 ਦਿਨਾਂ ਤੱਕ ਚੱਲੀਆਂ ਇਨ੍ਹਾਂ ਖੇਡਾਂ ਨੇ ਨਾ ਸਿਰਫ਼ ਵਿਸ਼ਵ ਪੱਧਰੀ ਖੇਡ ਮੁਕਾਬਲਿਆਂ ਦੀਆਂ ਯਾਦਗਾਰ ਝਲਕਾਂ ਦਿੱਤੀਆਂ, ਸਗੋਂ ਇਹ ਵੀ ਸਾਬਤ ਕਰ ਦਿੱਤਾ ਕਿ ਸੀਮਤ ਬਜਟ ਅਤੇ ਮੌਜੂਦਾ ਸਹੂਲਤਾਂ ਨਾਲ ਵੀ ਰਾਸ਼ਟਰਮੰਡਲ ਖੇਡਾਂ ਦਾ ਸਫ਼ਲ ਆਯੋਜਨ ਕੀਤਾ ਜਾ ਸਕਦਾ ਹੈ। ਇਸੇ ਕਾਰਨ ਗਲਾਸਗੋ ਨੂੰ ਰਾਸ਼ਟਰਮੰਡਲ ਖੇਡਾਂ ਨੂੰ ਬਚਾਉਣ ਵਾਲਾ ਸ਼ਹਿਰ ਕਿਹਾ ਜਾ ਰਿਹਾ ਹੈ।ਸਮਾਪਤੀ ਸਮਾਰੋਹ ਵਿੱਚ ਰਾਸ਼ਟਰਮੰਡਲ ਖੇਡਾਂ ਦਾ ਝੰਡਾ ਅਤੇ ਕਿੰਗਜ਼ ਬੈਟਨ ਰਸਮੀ ਤੌਰ ਤੇ ਭਾਰਤ ਨੂੰ ਸੌਂਪਿਆ ਗਿਆ। ਭਾਰਤ ਵੱਲੋਂ ਭਾਰਤੀ ਓਲੰਪਿਕ ਸੰਘ ਦੀ ਪ੍ਰਧਾਨ ਪੀ. ਟੀ. ਊਸ਼ਾ, ਓਲੰਪਿਕ ਚੈਂਪੀਅਨ ਨੀਰਜ ਚੋਪੜਾ ਅਤੇ ਗੁਜਰਾਤ ਦੇ ਉੱਪ ਮੁੱਖ ਮੰਤਰੀ ਹਰਸ਼ ਸੰਘਵੀਂ ਨੇ ਝੰਡਾ ਅਤੇ ਬੈਟਨ ਸਵੀਕਾਰ ਕਰਕੇ 2030 ਵਿੱਚ ਅਹਿਮਦਾਬਾਦ ਵਿੱਚ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ ਦੀ ਉਲਟੀ ਗਿਣਤੀ ਦੀ ਸ਼ੁਰੂਆਤ ਕੀਤੀ। ਸਮਾਰੋਹ ਦੌਰਾਨ ਸਕਾਟਲੈਂਡ ਦੀ ਸੰਸਕ੍ਰਿਤੀ, ਸੰਗੀਤ ਅਤੇ ਨਾਚ ਦੀ ਰੌਣਕ ਦੇ ਨਾਲ-ਨਾਲ ਭਾਰਤ ਦੀ ਰੰਗ-ਬਿਰੰਗੀ ਸੱਭਿਆਚਾਰਕ ਪੇਸ਼ਕਾਰੀ ਨੇ ਵੀ ਦਰਸ਼ਕਾਂ ਦਾ ਮਨ ਮੋਹ ਲਿਆ। ਭਾਰਤੀ ਕਲਾਕਾਰਾਂ ਪ੍ਰਸਿੱਧ ਸਿਤਾਰ ਵਾਦਕ ਰਿਸ਼ਭ ਰਿਖੀਰਾਮ ਸ਼ਰਮਾ ਪ੍ਰਸਿੱਧ ਗਾਇਕ ਸ਼ੰਕਰ ਮਹਾਦੇਵਨ ਆਪਣੇ ਪੁੱਤਰਾਂ ਸਿੱਧਾਰਥ ਮਹਾਦੇਵਨ ਅਤੇ ਸ਼ਿਵਮ ਮਹਾਦੇਵਨ ਨਾਲ, ਮਸ਼ਹੂਰ ਗਾਇਕਾ ਭੂਮੀ ਤ੍ਰਿਵੇਦੀ ਅਤੇ ਮਾਡਲ ਅਭਿਨੇਤਰੀ ਮਾਨੁਸ਼ੀ ਛਿੱਲਰ ਨੇ ਸੰਗੀਤ, ਲੋਕ ਨਾਚ ਅਤੇ ਗੁਜਰਾਤੀ ਸੱਭਿਆਚਾਰ ਦੀ ਝਲਕ ਪੇਸ਼ ਕਰਦਿਆਂ ਦੁਨੀਆ ਨੂੰ 2030 ਦੀਆਂ ਰਾਸ਼ਟਰਮੰਡਲ ਖੇਡਾਂ ਲਈ ਭਾਰਤ ਆਉਣ ਦਾ ਸੱਦਾ ਦਿੱਤਾ। ਸਮਾਪਤੀ ਸਮਾਰੋਹ ਦਾ ਅੰਤ ਸਕਾਟਲੈਂਡ ਦੇ ਮਸ਼ਹੂਰ ਰੌਕ ਬੈਂਡ ਸਿੰਪਲ ਮਾਈਂਡਜ਼ ਦੀ ਪੇਸ਼ਕਾਰੀ ਅਤੇ ਸ਼ਾਨਦਾਰ ਆਤਿਸ਼ਬਾਜ਼ੀ ਨਾਲ ਹੋਇਆ।ਗਲਾਸਗੋ 2026 ਦੇ ਮੁੱਖ ਕਾਰਜਕਾਰੀ ਫ਼ਿਲ ਬੈਟੀ ਨੇ ਕਿਹਾ ਕਿ ਜਦੋਂ ਰਾਸ਼ਟਰਮੰਡਲ ਖੇਡਾਂ ਦਾ ਭਵਿੱਖ ਸੰਕਟ ਵਿੱਚ ਸੀ, ਤਦ ਗਲਾਸਗੋ ਨੇ ਅੱਗੇ ਆ ਕੇ ਇੱਕ ਨਵਾਂ ਅਤੇ ਟਿਕਾਊ ਮਾਡਲ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਹ ਖੇਡਾਂ ਸਾਬਤ ਕਰਦੀਆਂ ਹਨ ਕਿ ਰਾਸ਼ਟਰਮੰਡਲ ਖੇਡਾਂ ਅਗਲੇ 100 ਸਾਲਾਂ ਲਈ ਵੀ ਪ੍ਰਸੰਗਿਕ ਅਤੇ ਵਿੱਤੀ ਪੱਖੋਂ ਸੰਭਵ ਹਨ। ਗਲਾਸਗੋ 2026 ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੇ ਕਰੀਬ 3,000 ਖਿਡਾਰੀਆਂ ਨੇ 10 ਖੇਡਾਂ ਅਤੇ ਪੈਰਾ ਮੁਕਾਬਲਿਆਂ ਵਿੱਚ ਹਿੱਸਾ ਲਿਆ। ਹਜ਼ਾਰਾਂ ਵਾਲੰਟੀਅਰਾਂ, ਲੱਖਾਂ ਦਰਸ਼ਕਾਂ ਅਤੇ ਸ਼ਾਨਦਾਰ ਪ੍ਰਬੰਧਾਂ ਨਾਲ ਇਹ ਐਡੀਸ਼ਨ ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਵਿੱਚ ਇੱਕ ਨਵੇਂ ਅਧਿਆਇ ਵਜੋਂ ਦਰਜ ਹੋ ਗਿਆ। ਹੁਣ ਦੁਨੀਆ ਦੀਆਂ ਨਜ਼ਰਾਂ 2030 ਦੀਆਂ ਸੈਂਟੇਨਰੀ ਰਾਸ਼ਟਰਮੰਡਲ ਖੇਡਾਂ ਤੇ ਹਨ, ਜਿਨ੍ਹਾਂ ਦੀ ਮੇਜ਼ਬਾਨੀ ਭਾਰਤ ਦੇ ਗੁਜਰਾਤ ਦਾ ਅਹਿਮਦਾਬਾਦ ਸ਼ਹਿਰ ਕਰੇਗਾ

# ਪ੍ਰਿੰਸ ਵਿਲੀਅਮ ਅਤੇ ਕੇਟ ਮਿਡਲਟਨ ਬੱਚਿਆਂ ਸਮੇਤ ਗਲਾਸਗੋ ਰਾਸ਼ਟਰਮੰਡਲ ਖੇਡਾਂ ਦੇਖਣ ਪਹੁੰਚੇ





ਗਲਾਸਗੋ-(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਬ੍ਰਿਟੇਨ ਦੇ ਪ੍ਰਿੰਸ ਆਫ਼ ਵੇਲਜ਼ ਪ੍ਰਿੰਸ ਵਿਲੀਅਮ ਅਤੇ ਪ੍ਰਿੰਸੈਸ ਆਫ਼ ਵੇਲਜ਼ ਕੇਟ ਮਿਡਲਟਨ ਆਪਣੇ ਤਿੰਨ ਬੱਚਿਆਂ ਪ੍ਰਿੰਸ ਜਾਰਜ, ਪ੍ਰਿੰਸੈਸ ਸ਼ਾਰਲਟ ਅਤੇ ਪ੍ਰਿੰਸ ਲੂਈਸ ਨਾਲ ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਦਾ ਆਨੰਦ ਮਾਣਣ ਲਈ ਪਹੁੰਚੇ। ਸ਼ਾਹੀ ਪਰਿਵਾਰ ਨੇ ਗਲਾਸਗੋ ਦੇ ਹਾਈਡਰੋ ਅਰੀਨਾ ਵਿੱਚ ਨੈਟਬਾਲ ਦੇ ਸੈਮੀਫਾਈਨਲ ਮੁਕਾ-ਬਲੇ ਨੂੰ ਦਰਸ਼ਕਾਂ ਵਿਚਕਾਰ ਬੈਠ ਕੇ ਦੇਖਿਆ।

ਸ਼ਾਹੀ ਪਰਿਵਾਰ ਦੀ ਮੌਜੂਦਗੀ ਨੇ ਖੇਡ ਪ੍ਰੇਮੀਆਂ ਵਿੱਚ ਖਾਸ ਉਤਸ਼ਾਹ ਪੈਦਾ ਕੀਤਾ।ਦਰਸ਼ਕਾਂ ਨੇ ਤਾਲੀਆਂ ਅਤੇ ਮੁਸਕਰਾਹਟ ਨਾਲ ਉਨ੍ਹਾਂ ਦਾ ਸਵਾਗਤ ਕੀਤਾ, ਜਦਕਿ ਪ੍ਰਿੰਸ ਜਾਰਜ, ਪ੍ਰਿੰਸੈਸ ਸ਼ਾਰਲਟ ਅਤੇ ਪ੍ਰਿੰਸ ਲੂਈਸ ਵੀ ਖੇਡ ਦਾ ਪੂਰਾ ਆਨੰਦ ਲੈਂਦੇ ਅਤੇ ਖਿਡਾਰੀਆਂ ਦਾ ਹੌਸਲਾ ਵਧਾਉਂਦੇ ਨਜ਼ਰ ਆਏ।ਪ੍ਰਿੰਸ ਵਿਲੀਅਮ ਅਤੇ ਕੇਟ ਮਿਡਲਟਨ ਨੇ ਇਸ ਮੌਕੇ 'ਤੇ ਖਿਡਾਰੀਆਂ ਦੇ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਅਤੇ ਰਾਸ਼ਟਰਮੰਡਲ ਖੇਡਾਂ ਦੀ ਏਕਤਾ, ਦੋਸਤੀ ਅਤੇ ਖੇਡ ਭਾਵਨਾ ਦੇ ਸੰਦੇਸ਼ ਨੂੰ ਮਹੱਤਵਪੂਰਨ ਦੱਸਿਆ। ਉਨ੍ਹਾਂ ਦੀ ਇਹ ਪਰਿਵਾਰਕ ਹਾਜ਼ਰੀ ਗਲਾਸਗੋ ਖੇਡਾਂ ਦੇ ਯਾਦਗਾਰ ਪਲਾਂ ਵਿੱਚੋਂ ਇੱਕ ਬਣ ਗਈ। ਗਲਾਸਗੋ ਰਾਸ਼ਟਰਮੰਡਲ ਖੇਡਾਂ ਵਿੱਚ ਵਿਸ਼ਵ ਭਰ ਦੇ ਹਜ਼ਾਰਾਂ ਦਰਸ਼ਕ ਅਤੇ ਵੱਖ-ਵੱਖ ਦੇਸ਼ਾਂ ਦੇ ਖਿਡਾਰੀ ਸ਼ਾਮਲ ਹੋ ਰਹੇ ਹਨ। ਸ਼ਾਹੀ ਪਰਿਵਾਰ ਦੀ ਹਾਜ਼ਰੀ ਨੇ ਖੇਡਾਂ ਦੀ ਰੌਣਕ ਹੋਰ ਵਧਾ ਦਿੱਤੀ ਅਤੇ ਇਹ ਦ੍ਰਿਸ਼ ਦਰਸ਼ਕਾਂ ਲਈ ਖਾਸ ਆਕਰਸ਼ਣ ਦਾ ਕੇਂਦਰ ਰਿਹਾ।

# ਹਾਕੀ ਦਾ ਭਗਵਾਂਕਰਨ ਕਿਉਂ ? ਖੇਡਾਂ ਵਿੱਚ ਸੰਘੀ ਵਿਚਾਰਧਾਰਾ ਦੀ ਘੁਸਪੈਠ 'ਤੇ ਉੱਠੇ ਤਿੱਖੇ ਸਵਾਲ

## ✪ ਕੀ ਨੀਲੀ ਜਰਸੀ ਦੀ ਵਿਰਾਸਤ ਭਾਜਪਾ ਦੇ ਏਜੰਡੇ ਦੀ ਬਲੀ ਚੜ੍ਹ ਗਈ ਏ ?
## ✪ ਪ੍ਰਗਟ ਸਿੰਘ, ਵੀਰੇਨ ਰਸਕਿਨ੍ਹਾ ਤੇ ਵਿਰੋਧੀ ਧਿਰਾਂ ਦਾ ਤਿੱਖਾ ਪ੍ਰਤੀਕਰਮ

### >> ਨਿਊਜ਼ ਸਟੋਰੀ <<

ਭਾਰਤੀ ਖੇਡਾਂ ਦੇ ਇਤਿਹਾਸ ਵਿੱਚ 'ਬਲੀਊ ਬਲੀਡਜ਼' ਸਿਰਫ਼ ਇੱਕ ਮਾਰਕੀਟਿੰਗ ਨਾਅਰਾ ਨਹੀਂ, ਸਗੋਂ ਕਰੋੜਾਂ ਭਾਰਤ ਵਾਸੀਆਂ ਦੇ ਜਜ਼ਬਾਤਾਂ ਅਤੇ ਭਾਰਤੀ ਖੇਡ ਜਗਤ ਦੀ ਇੱਕ ਮਜ਼ਬੂਤ ਅੰਤਰਰਾਸ਼ਟਰੀ ਪਛਾਣ ਰਿਹਾ ਹੈ। ਪਰ ਨੀਦਰਲੈਂਡ ਅਤੇ ਬੈਲਜੀਅਮ 'ਚ ਹੋਣ ਵਾਲੇ ਐੱਫਆਈਐੱਚ ਵਿਸ਼ਵ ਕੱਪ ਤੋਂ ਠੀਕ ਪਹਿਲਾਂ ਭਾਰਤੀ ਹਾਕੀ ਟੀਮ ਦੀ ਦਹਾਕਿਆਂ ਪੁਰਾਣੀ ਨੀਲੀ ਜਰਸੀ ਨੂੰ ਲਾਂਭੇ ਕਰਕੇ ਅਚਾਨਕ ਕੇਸਰੀ (ਭਗਵੇਂ) ਰੰਗ ਦੀ ਨਵੀਂ ਯੂਨੀਫਾਰਮ ਲਾਂਚ ਕਰਨ ਦੇ ਫ਼ੈਸਲੇ ਨੇ ਇੱਕ ਰਾਜਨੀਤਿਕ, ਨੈਤਿਕ ਤੇ ਸਮਾਜਿਕ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ।

ਹਾਕੀ ਇੰਡੀਆ ਵੱਲੋਂ ਇਸ ਬਦਲਾਅ ਨੂੰ 'ਤਕਨੀਕੀ ਲੋੜ' ਦੱਸ ਕੇ ਆਪਣਾ ਬਚਾਅ ਕੀਤਾ ਜਾ ਰਿਹਾ ਹੈ, ਪਰ ਖੇਡ ਪ੍ਰਸ਼ੰਸਕਾਂ, ਸਾਬਕਾ ਖਿਡਾਰੀਆਂ ਅਤੇ ਰਾਜਨੀਤਿਕ ਵਿਸ਼ਲੇਸ਼ਕਾਂ ਨੇ ਤਿੱਖਾ ਪ੍ਰਤੀਕਰਮ ਪ੍ਰਗਟਾਇਆ ਹੈ ਕਿ ਖੇਡਾਂ ਦੇ ਅਦਾਰਿਆਂ ਵਿਚ ਭਾਜਪਾ ਦੇ ਹਿੰਦੂ ਰਾਸ਼ਟਰਵਾਦੀ ਏਜੰਡੇ ਦੀ ਸਿੱਧੀ ਘੁਸਪੈਠ ਹੈ ?

ਹਾਕੀ ਇੰਡੀਆ ਅਤੇ ਖੇਡ ਪ੍ਰਬੰਧਕ ਇਸ ਫ਼ੈਸਲੇ ਦੇ ਬਚਾਅ ਲਈ ਇਹ ਬਹਾਨਾ ਘੜ ਰਹੇ ਹਨ ਕਿ ਅੰਤਰਰਾਸ਼ਟਰੀ ਹਾਕੀ ਮੈਦਾਨਾਂ ਵਿਚ ਵਰਤੀ ਜਾਂਦੀ 'ਨੀਲੀ ਐਸਟ੍ਰੋਟਰਫ (ਸਿੰਥੈਟਿਕ ਪਿੱਚ)' ਉੱਤੇ ਨੀਲੀ ਜਰਸੀ ਖਿਡਾਰੀਆਂ ਦੀ ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਦੀ ਸੀ। ਪਰ ਇਹ ਸਵਾਲ ਸਿੱਧਾ ਸਰਕਾਰ ਅਤੇ ਹਾਕੀ ਪ੍ਰਬੰਧਕਾਂ ਦੇ ਮੂੰਹ 'ਤੇ ਵੱਜਦਾ ਹੈ ਕਿ ਜੇਕਰ ਮੈਦਾਨ 'ਤੇ ਸਪਸ਼ਟਤਾ ਹੀ ਮੁੱਖ ਸਮੱਸਿਆ ਸੀ, ਤਾਂ ਤਿਰੰਗੇ ਝੰਡੇ ਵਿੱਚ ਮੌਜੂਦ ਚਿੱਟਾ ਜਾਂ ਹਰਾ ਰੰਗ ਕਿਉਂ ਨਹੀਂ ਚੁਣਿਆ ਗਿਆ ? ਸਿਰਫ਼ ਕੇਸਰੀ ਰੰਗ ਨੂੰ ਹੀ ਪ੍ਰਮੁੱਖ ਬਣਾਉਣਾ ਇਸ ਗੱਲ ਦਾ ਅੱਖਾਂ ਸਾਹਮਣੇ ਸਬੂਤ ਹੈ ਕਿ ਤਕਨੀਕੀ ਕਾਰਨ ਸਿਰਫ਼ ਇੱਕ ਬਹਾਨਾ ਹਨ, ਜਦਕਿ ਅਸਲ ਮਕਸਦ ਦੇਸ਼ ਦੀਆਂ ਰਾਸ਼ਟਰੀ ਖੇਡ ਸੰਸਥਾਵਾਂ ਦਾ ਸੰਘੀਕਰਨ ਅਤੇ ਭਗਵਾਂਕਰਨ ਕਰਨਾ ਹੈ।

ਯਾਦ ਰਹੇ ਕਿ ਪਿਛਲੇ ਡੇਢ ਦਹਾਕੇ ਤੋਂ ਮੋਦੀ ਸਰਕਾਰ ਹਰ ਸਰਕਾਰੀ ਅਤੇ ਅਰਧ-ਸਰਕਾਰੀ ਖੇਤਰ ਵਿੱਚ ਕੇਸਰੀ ਰੰਗ ਦੀ ਪ੍ਰਮੁੱਖਤਾ ਵਧਾ ਰਹੀ ਹੋਵੇ, ਤਾਂ ਖੇਡ ਟੀਮ ਦੀ ਜਰਸੀ ਦਾ ਭਗਵਾਂਕਰਨ ਲੋਕਾਂ ਦੀਆਂ ਨਜ਼ਰਾਂ ਵਿੱਚ ਸਿੱਧਾ ਸਿਆਸੀ ਏਜੰਡਾ ਬਣ ਕੇ ਉੱਭਰਦਾ ਹੈ।

### ਸਾਬਕਾ ਕਪਤਾਨਾਂ ਨੇ ਇਸ ਨੂੰ 'ਸ਼ਰਮਨਾਕ' ਕਿਉਂ ਦੱਸਿਆ ?

ਓਲੰਪੀਅਨ ਅਤੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਵੀਰੇਨ ਰਸਕਿਨ੍ਹਾ ਨੇ ਬਿਨਾਂ ਕਿਸੇ ਝਿਜਕ ਦੇ ਹਾਕੀ ਇੰਡੀਆ ਦੇ ਇਸ ਕਦਮ ਨੂੰ 'ਸ਼ਰਮਨਾਕ' ਗਰਦਾਨਿਆ ਹੈ। ਉਨ੍ਹਾਂ ਕਿਹਾ ਕਿ ਨੀਲਾ ਰੰਗ ਭਾਰਤੀ ਖੇਡਾਂ ਦੀ ਰੂਹ ਅਤੇ ਪਛਾਣ ਹੈ। ਭਾਰਤੀ ਖਿਡਾਰੀਆਂ ਨੇ ਇਸ ਨੀਲੀ ਜਰਸੀ ਨੂੰ ਪਹਿਨ ਕੇ ਵਿਸ਼ਵ ਮੰਚਾਂ 'ਤੇ ਮਾਣ ਹਾਸਲ ਕੀਤਾ ਹੈ। ਦੇਸ ਦੇ ਕਰੋੜਾਂ ਪ੍ਰਸ਼ੰਸਕ ਟੀਮ ਨੂੰ ਇਸੇ ਰੰਗ ਵਿਚ ਦੇਖਣਾ ਚਾਹੁੰਦੇ ਹਨ। ਰਸਕਿਨ੍ਹਾ ਨੇ ਸਿੱਧਾ ਪੁੱਛਿਆ ਕਿ





ਪ੍ਰਗਟ ਸਿੰਘ




ਦਹਾਕਿਆਂ ਪੁਰਾਣੀ ਪਰੰਪਰਾ ਨੂੰ ਤੋੜ ਕੇ ਕੇਸਰੀ ਰੰਗ ਅਪਣਾਉਣ ਦਾ ਆਖ਼ਿਰ ਕੀ ਤਰਕ ਹੈ ? ਇਸੇ ਤਰ੍ਹਾਂ, ਟੀਮ ਦੇ ਇੱਕ ਹੋਰ ਸਾਬਕਾ ਕਪਤਾਨ, ਪਦਮਸ਼੍ਰੀ ਅਤੇ ਅਰਜੁਨ ਪੁਰਸਕਾਰ ਨਾਲ ਸਨਮਾਨਿਤ ਪਰਗਟ ਸਿੰਘ ਨੇ ਖੇਡਾਂ 'ਤੇ ਵਿਚਾਰਧਾਰਾ ਥੋਪਣ ਦਾ ਗੰਭੀਰ ਦੋਸ਼ ਲਗਾਇਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਖੇਡ ਦਾ ਕੋਈ ਧਰਮ ਜਾਂ ਜਾਤ ਨਹੀਂ ਹੁੰਦੀ, ਸਿਰਫ਼ ਖੇਡ ਭਾਵਨਾ ਹੁੰਦੀ ਹੈ। ਸਰਕਾਰ ਨੂੰ ਖੇਡਾਂ ਦਾ ਰਾਜਨੀਤੀਕਰਨ ਕਰਨ ਦੀ ਬਜਾਏ ਵਿਸ਼ਵ ਪੱਧਰੀ ਬੁਨਿਆਦੀ ਢਾਂਚਾ ਅਤੇ ਖਿਡਾਰੀਆਂ ਦੀ ਟ੍ਰੇਨਿੰਗ 'ਤੇ ਧਿਆਨ ਦੇਣਾ ਚਾਹੀਦਾ ਹੈ।

### ਰਾਜਨੀਤਿਕ ਨੇਤਾ ਅਤੇ ਵਿਦਵਾਨ ਕੀ ਕਹਿੰਦੇ ਹਨ ?

ਇਸ ਮੁੱਦੇ 'ਤੇ ਰਾਜਨੀਤਿਕ ਗਲਿਆਰਿਆਂ ਵਿੱਚ ਵੀ ਤਿੱਖੀ ਬਹਿਸ ਛਿੜ ਗਈ ਹੈ: ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਨੇ ਇਸ ਨੂੰ ਇਤਿਹਾਸ ਨੂੰ ਦੁਬਾਰਾ ਲਿਖਣ ਅਤੇ ਆਰਐੱਸਐੱਸ/ਭਾਜਪਾ ਦੀ ਸੋਚ ਥੋਪਣ ਦੀ ਸਾਜ਼ਿਸ਼ ਕਰਾਰ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਚਾਹੇ ਯੂਨੀਫਾਰਮ ਬਦਲੀ ਜਾਵੇ ਜਾਂ ਸਿੱਖਿਆ ਨੀਤੀ, ਇਹ ਸਰਕਾਰ ਦੇਸ਼ ਦੇ ਅਸਲ ਮੁੱਖ ਮੁੱਦਿਆਂ ਤੋਂ ਧਿਆਨ ਭਟਕਾ ਕੇ ਆਪਣਾ ਏਜੰਡਾ ਚਲਾ ਰਹੀ ਹੈ। ਸਮਾਜਿਕ ਤੇ ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਕਿਸੇ ਰਾਸ਼ਟਰੀ ਖੇਡ ਟੀਮ ਦੀ ਪਛਾਣ ਨੂੰ ਅਚਾਨਕ ਅਜਿਹੇ ਰੰਗ ਵਿੱਚ ਢਾਲਣਾ, ਜੋ ਇੱਕ ਖ਼ਾਸ ਸਿਆਸੀ ਪਾਰਟੀ ਦੇ ਝੰਡੇ ਅਤੇ ਵਿਚਾਰਧਾਰਾ ਨਾਲ ਮੇਲ ਖਾਂਦਾ ਹੋਵੇ, ਖੇਡ ਅਦਾਰਿਆਂ ਦੀ ਨਿਰਪੱਖਤਾ 'ਤੇ ਵੱਡਾ ਸਵਾਲੀਆ ਨਿਸ਼ਾਨ ਲਗਾਉਂਦਾ ਹੈ।

### ਕੀ ਹੈ ਸਰਕਾਰ/ਹਾਕੀ ਇੰਡੀਆ ਦਾ ਪਖ

ਦੂਜੇ ਪਾਸੇ, ਹਾਕੀ ਇੰਡੀਆ ਦੇ ਪ੍ਰਧਾਨ ਦਿਲੀਪ ਤਿਰਕੀ ਅਤੇ ਸਰਕਾਰੀ ਪੱਖ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੇਸਰੀ ਸਾਡੇ ਰਾਸ਼ਟਰੀ ਝੰਡੇ ਦਾ ਹਿੱਸਾ ਹੈ ਅਤੇ ਇਹ ਹਿੰਮਤ ਤੇ ਬਲਿਦਾਨ ਦਾ ਪ੍ਰਤੀਕ ਹੈ। ਉਹ ਦਾਅਵਾ ਕਰਦੇ ਹਨ ਕਿ ਇਹ ਫ਼ੈਸਲਾ ਪੂਰੀ ਤਰ੍ਹਾਂ ਤਕਨੀਕੀ ਸੀ, ਕਿਉਂਕਿ ਨੀਲੀ ਜਰਸੀ ਨੀਲੀ ਐਸਟ੍ਰੋਟਰਫ (ਪਿੱਚ) ਨਾਲ ਰਲ ਜਾਂਦੀ ਸੀ, ਜਿਸ ਨਾਲ ਖਿਡਾਰੀਆਂ ਦੀ ਦ੍ਰਿਸ਼ਟੀ ਪ੍ਰਭਾਵਿਤ ਹੁੰਦੀ ਸੀ।

## ਕੀ ਇਹ ਭਾਜਪਾ ਦਾ ਹਿੰਦੂ ਰਾਸ਼ਟਰਵਾਦ ਦਾ ਏਜੰਡਾ ਹੈ ?

ਜੇਕਰ ਅਸੀਂ ਪਿਛਲੇ ਕੁਝ ਸਾਲਾਂ ਦੇ ਘਟਨਾਕ੍ਰਮ ਦਾ ਲੇਖਾ-ਜੋਖਾ ਕਰੀਏ, ਤਾਂ ਇਹ ਦਾਅਵਾ ਨਿਰਧਾਰਤ ਤੌਰ 'ਤੇ ਨਕਾਰਿਆ ਨਹੀਂ ਜਾ ਸਕਦਾ। ਭਾਜਪਾ ਸਰਕਾਰ ਦੇ ਸ਼ਾਸਨਕਾਲ ਦੌਰਾਨ ਸਰਕਾਰੀ ਯੋਜਨਾਵਾਂ ਦੇ ਲੋਗੋ, ਇਮਾਰਤਾਂ ਦੀਆਂ ਰੰਗਤਾਂ, ਕ੍ਰਿਕਟ ਟੀਮ ਦੀ ਪ੍ਰੈਕਟਿਸ ਕਿੱਟ (2019 'ਚ ਇੰਗਲੈਂਡ ਵਿਸ਼ਵ ਕੱਪ ਦੌਰਾਨ ਸੰਤਰੀ ਅਵੇ-ਜਰਸੀ), ਅਤੇ ਹੁਣ ਹਾਕੀ ਦੀ ਮੁੱਖ ਜਰਸੀ ਵਿੱਚ ਕੇਸਰੀ ਰੰਗ ਦੀ ਲਗਾਤਾਰ ਵਰਤੋਂ ਇੱਕ ਖ਼ਾਸ ਰਣਨੀਤੀ ਵੱਲ ਇਸ਼ਾਰਾ ਕਰਦੀ ਹੈ।

ਹਾਕੀ ਇੰਡੀਆ ਦੇ ਪ੍ਰਚਾਰ ਵੀਡੀਓ ਵਿੱਚ "ਏਕ ਭਾਰਤ, ਸ਼੍ਰੇਸ਼ਠ ਭਾਰਤ" ਵਰਗੇ ਸਰਕਾਰੀ ਨਾਅਰਿਆਂ ਦੀ ਵਰਤੋਂ ਅਤੇ ਦੇਵਨਾਗਰੀ ਲਿਪੀ ਦੇ ਗ੍ਰਾਫਿਕਸ ਇਹ ਸਾਬਤ ਕਰਦੇ ਹਨ ਕਿ ਖੇਡ ਸੰਸਥਾਵਾਂ ਹੁਣ ਸੁਤੰਤਰ ਨਹੀਂ ਰਹੀਆਂ, ਸਗੋਂ ਸੱਤਾਧਾਰੀ ਧਿਰ ਦੇ ਨੈਰੇਟਿਵ ਨੂੰ ਅੱਗੇ ਵਧਾਉਣ ਦਾ ਜ਼ਰੀਆ ਬਣ ਚੁੱਕੀਆਂ ਹਨ।

ਜੇਕਰ ਸਮੱਸਿਆ ਸਿਰਫ਼ ਨੀਲੀ ਪਿੱਚ 'ਤੇ ਦਿੱਖ ਦੀ ਹੁੰਦੀ, ਤਾਂ ਭਾਰਤ ਕੋਲ ਰਾਸ਼ਟਰੀ ਝੰਡੇ ਦੇ ਹੋਰ ਰੰਗ - ਜਿਵੇਂ ਕਿ ਚਿੱਟਾ ਜਾਂ ਹਰਾ ਵੀ ਮੌਜੂਦ ਸਨ। ਪਰ ਕੇਸਰੀ ਰੰਗ ਦੀ ਹੀ ਚੋਣ ਕਰਨਾ ਇਹ ਸਪਸ਼ਟ ਕਰਦਾ ਹੈ ਕਿ ਤਕਨੀਕੀ ਕਾਰਨ ਸਿਰਫ਼ ਇੱਕ ਬਹਾਨਾ ਹੈ, ਅਸਲ ਮਕਸਦ ਖੇਡਾਂ ਦਾ ਭਗਵਾਂਕਰਨ ਕਰਨਾ ਹੈ।

ਖੇਡ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕੀ ਜਦੋਂ ਸਰਕਾਰਾਂ ਆਪਣੀਆਂ ਵੋਟ-ਬੈਂਕ ਦੀਆਂ ਨੀਤੀਆਂ ਅਤੇ ਵਿਚਾਰਧਾਰਕ ਏਜੰਡਿਆਂ ਨੂੰ ਖੇਡ ਮੈਦਾਨਾਂ ਵਿਚ ਥੋਪਣ ਲੱਗ ਜਾਣ, ਤਾਂ ਖੇਡ ਭਾਵਨਾ ਦਾ ਘਾਣ ਹੁੰਦਾ ਹੈ।

ਭਾਰਤੀ ਹਾਕੀ ਟੀਮ ਦੀ ਨੀਲੀ ਜਰਸੀ ਸਿਰਫ਼ ਕੱਪੜੇ ਦਾ ਟੁਕੜਾ ਨਹੀਂ ਸੀ, ਉਹ ਸਾਡੇ ਸੋਨੇ ਦੇ ਤਗਮਿਆਂ, ਓਲੰਪਿਕਸ ਦੇ ਸੰਘਰਸ਼ਾਂ ਅਤੇ ਭਾਰਤੀ ਖੇਡ ਪਛਾਣ ਦੀ ਪ੍ਰਤੀਕ ਸੀ। ਹਾਕੀ ਇੰਡੀਆ ਅਤੇ ਭਾਜਪਾ ਸਰਕਾਰ ਨੂੰ ਇਹ ਸਮਝਣਾ ਪਵੇਗਾ ਕਿ ਰਾਸ਼ਟਰਵਾਦ ਖਿਡਾਰੀਆਂ ਦੀਆਂ ਸੁਵਿਧਾਵਾਂ, ਮਜ਼ਬੂਤ ਅਕਾਦਮੀਆਂ ਅਤੇ ਪਾਰਦਰਸ਼ੀ ਪ੍ਰਬੰਧਨ ਨਾਲ ਮਜ਼ਬੂਤ ਹੁੰਦਾ ਹੈ, ਜਰਸੀ ਦੇ ਰੰਗਾਂ ਨੂੰ ਆਪਣੀ ਰਾਜਨੀਤਿਕ ਪਾਰਟੀ ਦੇ ਰੰਗ ਵਿੱਚ ਰੰਗਣ ਨਾਲ ਨਹੀਂ।

ਹਾਕੀ ਇੰਡੀਆ ਨੂੰ ਸਾਬਕਾ ਓਲੰਪੀਅਨਾਂ ਅਤੇ ਪ੍ਰਸ਼ੰਸਕਾਂ ਦੀ ਆਵਾਜ਼ ਸੁਣਨੀ ਚਾਹੀਦੀ ਹੈ ਅਤੇ ਇਸ 'ਸ਼ਰਮਨਾਕ' ਫ਼ੈਸਲੇ ਨੂੰ ਤੁਰੰਤ ਵਾਪਸ ਲੈ ਕੇ ਹਾਕੀ ਦੇ ਮਾਣ ਅਤੇ ਨੀਲੀ ਵਿਰਾਸਤ ਨੂੰ ਬਹਾਲ ਕਰਨਾ ਚਾਹੀਦਾ ਹੈ।


## ਮਾਮਲਾ ਬੀ.ਬੀ.ਐੱਮ.ਬੀ. ਹਿੱਸੇਦਾਰੀ ਵਿਵਾਦ ਦਾ

# ਕੇਂਦਰ ਦੇ 'ਕੈਸ਼ਲੈੱਸ' ਫਾਰਮੂਲੇ 'ਤੇ ਪੰਜਾਬ ਦਾ ਇਤਰਾਜ਼

ਖਾਸ ਖ਼ਬਰ

✪ ਬਿਜਲੀ ਬਕਾਏ ਦੀ ਵੰਡ 'ਤੇ ਪੰਜਾਬ, ਹਰਿਆਣਾ ਤੇ ਹਿਮਾਚਲ ਵਿਚਾਲੇ ਤਕਰਾਰ ਵਧੀ

✪ ਸੁਪਰੀਮ ਕੋਰਟ ਵੱਲੋਂ ਪੰਜਾਬ ਦੀ ਖਿਚਾਈ, ਪੰਜਾਬ ਨੂੰ ਦਿੱਤਾ 2 ਹਫ਼ਤਿਆਂ ਦਾ ਸਮਾਂ



### ਪੰਜਾਬ ਨਾਲ ਧੋਖਾ ਕਿਉਂ ਅਤੇ ਕਿਵੇਂ ਹੋਇਆ ?

**ਰਿਪੇਰੀਅਨ ਨਿਯਮਾਂ ਦੀ ਉਲੰਘਣਾ:** ਅੰਤਰਰਾਸ਼ਟਰੀ ਕਾਨੂੰਨ ਅਨੁਸਾਰ ਜਿਸ ਰਾਜ ਵਿੱਚੋਂ ਧਰਤੀ ਉੱਪਰ ਨਦੀਆਂ ਲੰਘਦੀਆਂ ਹਨ, ਉਹ ਰਾਜ ਹੀ ਉਸ ਦਾ ਮਾਲਕ ਹੁੰਦਾ ਹੈ। ਨਾਨ-ਰਿਪੇਰੀਅਨ ਰਾਜਾਂ (ਜਿਵੇਂ ਹਰਿਆਣਾ, ਰਾਜਸਥਾਨ, ਦਿੱਲੀ) ਨੂੰ ਪੰਜਾਬ ਦੇ ਪਾਣੀਆਂ ਅਤੇ ਬਿਜਲੀ ਵਿੱਚੋਂ ਵੱਡਾ ਹਿੱਸਾ ਦੇਣਾ ਪੰਜਾਬ ਨਾਲ ਸਭ ਤੋਂ ਵੱਡਾ ਧੋਖਾ ਹੈ।

**ਪੁਨਰਗਠਨ ਐਕਟ ਦੀਆਂ ਇੱਕਪਾਸੜ ਧਾਰਾਵਾਂ:** 1966 ਵਿੱਚ ਪੰਜਾਬ ਦੀ ਵੰਡ ਵੇਲੇ ਕੇਂਦਰ ਨੇ ਅਜਿਹੀਆਂ ਧਾਰਾਵਾਂ ਬਣਾਈਆਂ ਜਿਸ ਨਾਲ ਬੀ.ਬੀ.ਐੱਮ.ਬੀ. ਦਾ ਕੰਟਰੋਲ ਪੰਜਾਬ ਤੋਂ ਲੈ ਕੇ ਕੇਂਦਰ ਦੇ ਹੱਥਾਂ ਵਿੱਚ ਦੇ ਦਿੱਤਾ ਗਿਆ।

**ਪੁਰਾਣੇ ਬਕਾਏ ਦਾ ਬੋਝ:** ਹਿਮਾਚਲ ਪ੍ਰਦੇਸ਼ ਨੂੰ 1966 ਤੋਂ 13,066 ਮਿਲੀਅਨ ਯੂਨਿਟ ਬਿਜਲੀ ਦਾ ਬਕਾਇਆ ਦੇਣ ਦਾ ਫਾਰਮੂਲਾ ਪੰਜਾਬ ਸਿਰ ਮੜ੍ਹਨਾ ਅਨਿਆਂ ਹੈ, ਕਿਉਂਕਿ ਪੰਜਾਬ ਨੇ ਭਾਖੜਾ ਤੇ ਬਿਆਸ ਪ੍ਰਾਜੈਕਟਾਂ ਦੀ ਉਸਾਰੀ ਵਿੱਚ ਸਭ ਤੋਂ ਵੱਧ ਜ਼ਮੀਨ, ਪੈਸਾ ਅਤੇ ਕੁਰਬਾਨੀ ਦਿੱਤੀ ਸੀ।

ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਭਭੰਬ) ਦੇ ਪ੍ਰਾਜੈਕਟਾਂ ਵਿੱਚੋਂ ਹਿਮਾਚਲ ਪ੍ਰਦੇਸ਼ ਦੇ ਹਿੱਸੇ ਦਾ ਲੰਬੇ ਸਮੇਂ ਤੋਂ ਲਟਕਦਾ ਮਸਲਾ ਹੁਣ ਇੱਕ ਅਹਿਮ ਮੋੜ 'ਤੇ ਪਹੁੰਚ ਗਿਆ ਹੈ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਇੱਕ ਨਵੇਂ 'ਕੈਸ਼ਲੈੱਸ' (ਨਕਦੀ ਰਹਿਤ) ਫਾਰਮੂਲੇ ਦਾ ਸੁਝਾਅ ਦਿੱਤਾ ਹੈ, ਜਿਸ ਤਹਿਤ ਹਿਮਾਚਲ ਪ੍ਰਦੇਸ਼ ਨੂੰ 1966 ਤੋਂ ਲਟਕਦੇ ਬਕਾਏ ਦੀ ਅਦਾਇਗੀ ਬਿਜਲੀ (ਊਰਜਾ) ਦੇ ਰੂਪ ਵਿੱਚ ਕੀਤੀ ਜਾਣੀ ਹੈ। ਜ਼ਿਕਰਯੋਗ ਹੈ ਕਿ 1 ਨਵੰਬਰ 2011 ਤੋਂ ਬਾਅਦ ਹਿਮਾਚਲ ਨੂੰ ਬੀ.ਬੀ.ਐੱਮ.ਬੀ. ਵਿੱਚੋਂ 7.19 ਫ਼ੀਸਦੀ ਬਿਜਲੀ ਦਾ ਹਿੱਸਾ ਤਾਂ ਮਿਲ ਰਿਹਾ ਹੈ, ਪਰ ਪਿਛਲੇ ਸਮੇਂ ਦਾ 13,066 ਮਿਲੀਅਨ ਯੂਨਿਟ ਬਿਜਲੀ ਦਾ ਬਕਾਇਆ ਅਜੇ ਵੀ ਪੰਜਾਬ ਅਤੇ ਹਰਿਆਣਾ ਵੱਲ ਬਾਕੀ ਹੈ। ਪੈਸਿਆਂ ਦੀ ਦਰ 'ਤੇ ਸਹਿਮਤੀ ਨਾ ਬਣਨ ਕਰਕੇ ਕੇਂਦਰ ਨੇ 420 ਕਰੋੜ ਰੁਪਏ ਦੀ ਰਕਮ ਨੂੰ ਇਸੇ ਬਿਜਲੀ ਦੇ ਬਕਾਏ ਵਿੱਚ ਐਡਜਸਟ ਕਰਨ ਦਾ ਪ੍ਰਸਤਾਵ ਰੱਖਿਆ ਹੈ।

#### ਪੰਜਾਬ ਸਰਕਾਰ ਦਾ ਇਤਰਾਜ਼ ਅਤੇ ਰਾਜ ਦੇ ਵਿੱਤੀ ਤੇ ਜਲ ਹਿੱਤ

ਕੇਂਦਰ ਦੇ ਇਸ ਪ੍ਰਸਤਾਵ 'ਤੇ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਤਾਂ ਸਿਧਾਂਤਕ ਸਹਿਮਤੀ ਜਤਾਈ ਹੈ, ਪਰ ਪੰਜਾਬ ਸਰਕਾਰ ਨੇ ਇਸ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਪੰਜਾਬ ਦਾ ਮੰਨਣਾ ਹੈ ਕਿ ਰਾਜ ਪਹਿਲਾਂ ਹੀ ਗੰਭੀਰ ਵਿੱਤੀ ਸੰਕਟ ਅਤੇ ਪਾਣੀਆਂ ਦੀ ਘਾਟ ਨਾਲ ਜੂਝ ਰਿਹਾ ਹੈ। ਅਜਿਹੇ ਵਿੱਚ ਪੰਜਾਬ ਸਿਰ ਬਿਜਲੀ ਦੇ ਰੂਪ ਵਿੱਚ ਇੰਨਾ ਵੱਡਾ ਬੋਝ ਪਾਉਣਾ ਰਾਜ ਦੇ ਆਰਥਿਕ ਅਤੇ ਜਲ-ਊਰਜਾ ਹਿੱਤਾਂ ਦੇ ਨਾਲ ਅਨਿਆਏ ਹੈ। ਪੰਜਾਬ ਦੀ ਦਲੀਲ ਹੈ ਕਿ ਪੁਰਾਣੇ ਸਮਝੌਤਿਆਂ ਅਤੇ ਰਾਜਾਂ ਦੇ ਪੁਨਰਗਠਨ ਸਮੇਂ ਦੀਆਂ ਭੂਗੋਲਿਕ ਤੇ ਰਾਜਨੀਤਿਕ ਸਥਿਤੀਆਂ ਨੂੰ ਧਿਆਨ ਵਿੱਚ ਰੱਖ ਕੇ ਹੀ ਕਿਸੇ ਅੰਤਿਮ ਫ਼ੈਸਲੇ 'ਤੇ ਪਹੁੰਚਿਆ ਜਾਣਾ ਚਾਹੀਦਾ ਹੈ, ਨਾ ਕਿ ਇੱਕਪਾਸੜ



ਪ੍ਰੋ. ਪ੍ਰੀਤਮ ਸਿੰਘ

ਫਾਰਮੂਲੇ ਠੋਸ ਕੇ।

#### ਸੁਪਰੀਮ ਕੋਰਟ ਦੀ ਟਿੱਪਣੀ ਅਤੇ ਅਦਾਲਤੀ ਫ਼ੈਸਲੇ ਦਾ ਵਿਸ਼ਲੇਸ਼ਣ

ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਪੰਜਾਬ ਸਰਕਾਰ ਦੇ ਇਸ ਰਵੱਈਏ 'ਤੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਟਿੱਪਣੀ ਕੀਤੀ ਹੈ ਕਿ ਪੰਜਾਬ ਨੂੰ ਅਦਾਲਤੀ ਹੁਕਮਾਂ ਦੀ ਪਾਲਣਾ ਨਾ ਕਰਨ ਦੀ ਆਦਤ ਪੈ ਚੁੱਕੀ ਹੈ। ਹਾਲਾਂਕਿ, ਅਦਾਲਤ ਦਾ ਮਕਸਦ ਲੰਬੇ ਸਮੇਂ ਤੋਂ ਲਟਕਦੇ ਇਸ ਵਿਵਾਦ ਨੂੰ ਜਲਦ ਸੁਲਝਾਉਣਾ ਹੈ, ਪਰ ਪੰਜਾਬ ਦੇ ਵਿਸ਼ੇਸ਼ ਸੰਦਰਭ ਨੂੰ ਦੇਖਦੇ ਹੋਏ ਅਦਾਲਤੀ ਫ਼ੈਸਲਿਆਂ ਵਿੱਚ ਸਿਰਫ਼ ਕਾਨੂੰਨੀ ਪਹਿਲੂਆਂ ਦੀ ਪਾਲਣਾ ਹੀ ਨਹੀਂ, ਬਲਕਿ ਸੂਬੇ ਦੀਆਂ ਵਿਹਾਰਕ ਮੁਸ਼ਕਲਾਂ ਦਾ ਸਮਾਧਾਨ ਵੀ ਸ਼ਾਮਲ ਹੋਣਾ ਚਾਹੀਦਾ ਹੈ। ਸੁਪਰੀਮ ਕੋਰਟ ਵੱਲੋਂ ਦਿੱਤਾ ਗਿਆ ਦੋ ਹਫ਼ਤਿਆਂ ਦਾ ਸਮਾਂ (ਅਗਲੀ ਸੁਣਵਾਈ 12 ਅਗਸਤ) ਸਾਰੇ ਪੱਖਾਂ ਲਈ ਆਪਸੀ ਰਜ਼ਾਮੰਦੀ ਬਣਾਉਣ ਦਾ ਇੱਕ ਮੌਕਾ ਹੈ।

#### ਕੀ ਕਹਿੰਦਾ ਰਿਪੇਰੀਅਨ ਕਾਨੂੰਨ

'ਰਿਪੇਰੀਅਨ ਕਾਨੂੰਨ' ਸਪਸ਼ਟ ਤੌਰ 'ਤੇ ਮੰਨਦਾ ਹੈ ਕਿ ਜਿਸ ਖੇਤਰ/ਰਾਜ ਵਿੱਚੋਂ ਨਦੀ ਲੰਘਦੀ ਹੈ, ਉਸ ਰਾਜ ਦਾ ਉਸ ਦੇ ਪਾਣੀ ਅਤੇ ਉਸ ਤੋਂ ਬਣਨ ਵਾਲੇ ਸੰਸਾਧਨਾਂ 'ਤੇ ਪਹਿਲਾ ਅਧਿਕਾਰ ਹੁੰਦਾ ਹੈ। ਇਸ ਅਸੂਲ ਮੁਤਾਬਕ ਪੰਜਾਬ ਦੇ ਨਦੀ-ਜਲ ਸੰਸਾਧਨਾਂ 'ਤੇ ਪੰਜਾਬ ਦਾ ਕੁਦਰਤੀ ਹੱਕ ਬਣਦਾ ਹੈ। ਅਜਿਹੇ ਵਿੱਚ ਅੰਤਰ-ਰਾਜੀ ਪ੍ਰਾਜੈਕਟਾਂ ਦੇ ਬਕਾਏ ਤੈਅ ਕਰਦੇ ਸਮੇਂ ਅੰਤਰਰਾਸ਼ਟਰੀ ਤੇ ਰਾਸ਼ਟਰੀ ਰਿਪੇਰੀਅਨ ਨਿਯਮਾਂ ਨੂੰ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ।

ਪ੍ਰੋ. ਪ੍ਰੀਤਮ ਸਿੰਘ (ਜਾਣੇ-ਪਛਾਣੇ ਅਰਥਸ਼ਾਸਤਰੀ ਅਤੇ ਆਕਸਫੋਰਡ ਬਰੂਕਸ ਯੂਨੀਵਰਸਿਟੀ ਦੇ ਪ੍ਰੋਫੈਸਰ):

ਪ੍ਰੋ. ਪ੍ਰੀਤਮ ਸਿੰਘ ਦਾ ਮੰਨਣਾ ਹੈ ਕਿ ਪੰਜਾਬ ਨਾਲ ਪਾਣੀਆਂ ਅਤੇ ਬੀ.ਬੀ.ਐੱਮ.ਬੀ. ਦੇ ਮਾਮਲੇ ਵਿੱਚ ਲਗਾਤਾਰ 'ਕੇਂਦਰੀਕਰਨ' ਨੀਤੀ ਤਹਿਤ ਧੱਕਾ ਹੁੰਦਾ ਆਇਆ ਹੈ। ਉਨ੍ਹਾਂ ਅਨੁਸਾਰ ਅੰਤਰਰਾਸ਼ਟਰੀ 'ਰਿਪੇਰੀਅਨ ਸਿਧਾਂਤ' ਮੁਤਾਬਕ ਨਦੀਆਂ ਦੇ ਪਾਣੀ ਅਤੇ ਉਸ ਤੋਂ ਪੈਦਾ ਹੁੰਦੀ ਬਿਜਲੀ 'ਤੇ ਪਹਿਲਾ ਹੱਕ ਪੰਜਾਬ ਦਾ ਹੈ, ਪਰ ਕੇਂਦਰ ਸਰਕਾਰਾਂ ਨੇ ਸਿਆਸੀ ਲਾਹੇ ਲਈ ਪੰਜਾਬ ਦੇ ਕੁਦਰਤੀ ਸੰਸਾਧਨਾਂ ਨੂੰ ਹੋਰਨਾਂ ਸੂਬਿਆਂ ਵਿੱਚ ਵੰਡ ਕੇ ਪੰਜਾਬ ਨੂੰ ਆਰਥਿਕ ਅਤੇ ਵਾਤਾਵਰਨਕ ਤੌਰ 'ਤੇ ਕੰਗਾਲੀ ਦੇ ਕੰਢੇ ਲਿਆ ਖੜ੍ਹਾ ਕੀਤਾ ਹੈ।

ਸੀਨੀਅਰ ਐਡਵੋਕੇਟ ਹਰਭਗਵਾਨ ਸਿੰਘ ਦਾ ਕਹਿਣਾ ਹੈ ਕਿ ਜਲ-ਮਾਮਲਿਆਂ ਦੇ ਕਾਨੂੰਨੀ ਮਾਹਿਰਾਂ ਅਨੁਸਾਰ 1966 ਦੇ ਪੰਜਾਬ ਪੁਨਰਗਠਨ ਐਕਟ 1966) ਦੀਆਂ ਧਾਰਾਵਾਂ (ਵਿਸ਼ੇਸ਼ ਕਰਕੇ ਧਾਰਾ 78, 79, ਅਤੇ 80) ਆਰਟੀਕਲ 246 ਅਤੇ ਭਾਰਤੀ ਸੰਵਿਧਾਨ ਦੇ ਰਿਪੇਰੀਅਨ ਨਿਯਮਾਂ ਦੀ ਉਲੰਘਣਾ ਕਰਦੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਬੀ.ਬੀ.ਐੱਮ.ਬੀ. ਵਿੱਚ ਪੰਜਾਬ ਦੀ ਪੱਕੀ ਨੁਮਾਇੰਦਗੀ (ਮੈਂਬਰ ਪਾਵਰ ਅਤੇ ਮੈਂਬਰ ਸਿੰਚਾਈ) ਨੂੰ ਖ਼ਤਮ ਕਰਨਾ ਜਾਂ ਘਟਾਉਣਾ ਪੰਜਾਬ ਦੇ ਸੰਵਿਧਾਨਕ ਹੱਕਾਂ 'ਤੇ ਸਿੱਧਾ ਡਾਕਾ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਅਤੇ ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਉਹ ਕੇਵਲ ਇੱਕ ਰਾਜ ਦੇ ਹਿੱਤਾਂ ਨੂੰ ਦੇਖਣ ਦੀ ਬਜਾਏ, ਪੰਜਾਬ ਦੇ ਰਿਪੇਰੀਅਨ ਅਧਿਕਾਰਾਂ ਅਤੇ ਵਿੱਤੀ ਹਾਲਾਤਾਂ ਦਾ ਸਤਿਕਾਰ ਕਰਦੇ ਹੋਏ ਅਜਿਹਾ ਸਰਬ-ਪ੍ਰਵਾਨਿਤ ਸਮਾਧਾਨ ਕੱਢਣ ਜੋ ਸਾਰੀਆਂ ਧਿਰਾਂ ਲਈ ਨਿਆਂਪੂਰਨ ਹੋਵੇ।

### ਇਹ ਮਸਲਾ ਕਿਵੇਂ ਸੁਲਝ ਸਕਦਾ ਹੈ ?

**ਕੇਂਦਰ ਦੁਆਰਾ ਵਿੱਤੀ ਭਰਪਾਈ :** ਕਿਉਂਕਿ ਬੀ.ਬੀ.ਐੱਮ.ਬੀ. ਦੇ ਫ਼ੈਸਲੇ ਅਤੇ ਪ੍ਰਬੰਧਨ ਵਿੱਚ ਕੇਂਦਰ ਸਰਕਾਰ ਦੀ ਮੁੱਖ ਭੂਮਿਕਾ ਰਹੀ ਹੈ, ਇਸ ਲਈ ਹਿਮਾਚਲ ਪ੍ਰਦੇਸ਼ ਦੇ 420 ਕਰੋੜ ਜਾਂ ਬਿਜਲੀ ਦੇ ਬਕਾਏ ਦਾ ਭੁਗਤਾਨ ਕੇਂਦਰ ਸਰਕਾਰ ਆਪਣੇ ਖਜ਼ਾਨੇ ਵਿੱਚੋਂ ਕਰੇ, ਨਾ ਕਿ ਪੰਜਾਬ ਅਤੇ ਹਰਿਆਣਾ 'ਤੇ ਇਸ ਦਾ ਬੋਝ ਪਾਵੇ।

**ਬੀ.ਬੀ.ਐੱਮ.ਬੀ. ਵਿੱਚ ਪੰਜਾਬ ਦਾ ਸਥਾਈ ਅਹੁਦਾ ਬਹਾਲ ਹੋਵੇ:** ਬੋਰਡ ਵਿੱਚ ਪੰਜਾਬ ਦੇ 'ਮੈਂਬਰ ਪਾਵਰ' ਦੇ ਪੁਰਾਣੇ ਰਵਾਇਤੀ ਅਹੁਦੇ ਨੂੰ ਪੂਰਨ ਤੌਰ 'ਤੇ ਸੁਰੱਖਿਅਤ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਹਿੱਤਾਂ ਦੀ ਰਾਖੀ ਹੋ ਸਕੇ।

1966 ਦੇ ਪੰਜਾਬ ਪੁਨਰਗਠਨ ਐਕਟ ਦੀ ਧਾਰਾ 78 ਦੀ ਸੰਵਿਧਾਨਕ ਤੌਰ 'ਤੇ ਮੁੜ ਸਮੀਖਿਆ ਕੀਤੀ ਜਾਵੇ ਅਤੇ ਪਾਣੀਆਂ ਤੇ ਬਿਜਲੀ ਦੀ ਵੰਡ 'ਰਿਪੇਰੀਅਨ ਸਿਧਾਂਤ' ਦੇ ਆਧਾਰ 'ਤੇ ਹੀ ਕੀਤੀ ਜਾਵੇ।

ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਵਿੱਚ ਆਪਣਾ ਪੱਖ ਮਜ਼ਬੂਤੀ ਨਾਲ ਰੱਖਣ ਲਈ ਹਾਈ-ਪਾਵਰਡ ਲੀਗਲ ਅਤੇ ਹਾਈਡ੍ਰੋ-ਟੈਕਨੀਕਲ ਟੀਮ ਤਾਇਨਾਤ ਕਰਨੀ ਚਾਹੀਦੀ ਹੈ, ਜੋ 12 ਅਗਸਤ ਦੀ ਸੁਣਵਾਈ ਤੋਂ ਪਹਿਲਾਂ ਠੋਸ ਅੰਕੜੇ ਪੇਸ਼ ਕਰ ਸਕੇ।

# ਮਹਾਰਾਜਾ ਦਲੀਪ ਸਿੰਘ ਦੀ ਪਛਾਣ ਨਾਲ ਛੇੜਛਾੜ

✪ ਬੀਬੀਸੀ ਦੇ 'ਅੜੀਅਲ ਜਵਾਬ' ਨੇ ਬਲਦੀ 'ਤੇ ਪਾਇਆ ਤੇਲ ✪ ਇਤਿਹਾਸ 'ਤੇ ਡਾਕਾ ਬਰਦਾਸ਼ਤ ਨਹੀਂ : ਬੀਬੀਸੀ ਖ਼ਿਲਾਫ਼ ਪੰਥਕ ਜਥੇਬੰਦੀਆਂ ਵੱਲੋਂ ਵਿਰੋਧ ✪ ਸਿੱਖ ਐਮਪੀਜ ਨੂੰ 'ਹਾਊਸ ਆਫ਼ ਕਾਮਨਜ਼' ਵਿੱਚ ਘੇਰਨ ਦੀ ਅਪੀਲ ✪ ਬੀਬੀਸੀ ਬਰਾਡਕਾਸਟਿੰਗ ਹਾਊਸ ਦਾ ਘੇਰਾਓ ਕਰਨਗੇ ਸਿੱਖ



## ਪੰਥਕ ਜਥੇਬੰਦੀਆਂ ਕੀ ਕਨੂੰਨੀ ਕਾਰਵਾਈ ਕਰ ਸਕਦੀਆਂ ਹਨ ?

ਪੰਥਕ ਜਥੇਬੰਦੀਆਂ ਕੋਲ ਅਦਾਲਤ ਵਿੱਚ ਜਾਣ ਦਾ ਰਾਹ ਖੁੱਲ੍ਹਾ ਹੈ, ਪਰ ਯੂਕੇ ਦੇ ਕਾਨੂੰਨੀ ਢਾਂਚੇ ਮੁਤਾਬਕ ਸਿੱਧਾ ਕਲਾਸ-ਐਕਸ਼ਨ ਜਾਂ ਮਾਣਹਾਨੀ ਦਾ ਕੇਸ ਦਰਜ ਕਰਨਾ ਕਾਫ਼ੀ ਜਟਿਲ ਅਤੇ ਚੁਣੌਤੀਪੂਰਨ ਪ੍ਰਕਿਰਿਆ ਹੈ।

ਯੂਕੇ ਵਿੱਚ ਬੀਬੀਸੀ ਵਰਗੇ ਜਨਤਕ ਪ੍ਰਸਾਰਕਾਂ 'ਤੇ ਨਿਗਰਾਨੀ ਰੱਖਣ ਲਈ ਸਰਕਾਰੀ ਰੈਗੂਲੇਟਰ ਆਫ ਕਾਮ (ਆਫਿਸ ਆਫ ਕਮਿਊਨੀਕੇਸ਼ਨ) ਹੁੰਦਾ ਹੈ। ਜੇਕਰ ਬੀਬੀਸੀ ਦੇ ਜਵਾਬ ਤੋਂ ਸ਼ਿਕਾਇਤਕਰਤਾ ਸੰਤੁਸ਼ਟ ਨਹੀਂ ਹੁੰਦੇ, ਤਾਂ ਅਗਲਾ ਕਾਨੂੰਨੀ ਕਦਮ ਆਫਕਾਮ ਕੋਲ ਰਸਮੀ ਅਪੀਲ ਕਰਨਾ ਹੁੰਦਾ ਹੈ। ਜੇਕਰ ਔਫਕੌਮ ਜਾਂ ਬੀਬੀਸੀ ਆਪਣੇ ਹੀ ਪ੍ਰਸਾਰਣ ਕੋਡ ਜਾਂ 'ਜਨਤਕ ਜਵਾਬਦੇਹੀ' ਦੇ ਨਿਯਮਾਂ ਦੀ ਉਲੰਘਣਾ ਕਰਦੇ ਹਨ, ਤਾਂ ਜਥੇਬੰਦੀਆਂ ਯੂਕੇ ਦੀ ਹਾਈ ਕੋਰਟ ਵਿੱਚ ਬੀਬੀਸੀ/ ਔਫਕੌਮ ਦੇ ਫ਼ੈਸਲੇ ਵਿਰੁੱਧ ਅਦਾਲਤੀ ਰਿਵਿਊ ਦੀ ਪਟੀਸ਼ਨ ਪਾ ਸਕਦੀਆਂ ਹਨ।

ਕਾਨੂੰਨੀ ਤੌਰ 'ਤੇ ਮਾਣਹਾਨੀ ਦਾ ਕੇਸ ਦਾਇਰ ਕਰਨ ਵਿੱਚ ਕੁਝ ਅੜਚਨਾਂ ਹਨ:

ਯੂਕੇ ਦੇ ਮਾਣਹਾਨੀ ਕਾਨੂੰਨ 2013 ਮੁਤਾਬਕ ਕੇਸ ਸਿਰਫ਼ ਕਿਸੇ ਜੀਵਤ ਵਿਅਕਤੀ ਜਾਂ ਮੌਜੂਦਾ ਕੰਪਨੀ/ਸੰਸਥਾ ਦੇ ਨੁਕਸਾਨ ਲਈ ਚਲਾਇਆ ਜਾ ਸਕਦਾ ਹੈ।

ਮਹਾਰਾਜਾ ਦਲੀਪ ਸਿੰਘ ਇੱਕ ਇਤਿਹਾਸਕ ਸ਼ਖ਼ਸੀਅਤ ਹਨ, ਇਸ ਲਈ ਇਤਿਹਾਸਕ ਵਿਅਕਤੀ ਦੀ ਮਾਣਹਾਨੀ ਦਾ ਕੇਸ ਤਕਨੀਕੀ ਤੌਰ 'ਤੇ ਅਦਾਲਤ ਵਿੱਚ ਬਹੁਤ ਕਮਜ਼ੋਰ ਪੈ ਜਾਂਦਾ ਹੈ।

ਜਥੇਬੰਦੀਆਂ ਬੀਬੀਸੀ 'ਤੇ ਇਕੁਐਲਟੀ ਐਕਟ 2010 ਤਹਿਤ 'ਜਨਤਕ ਖੇਤਰ ਸਮਾਨਤਾ ਡਿਊਟੀ' ਦੀ ਉਲੰਘਣਾ ਦਾ ਦੋਸ਼ ਲਗਾ ਕੇ ਅਦਾਲਤ ਦਾ ਰੁੱਖ ਕਰ ਸਕਦੀਆਂ ਹਨ। ਇਸ ਵਿੱਚ ਇਹ ਦਲੀਲ ਦਿੱਤੀ ਜਾ ਸਕਦੀ ਹੈ ਕਿ ਬੀਬੀਸੀ ਇੱਕ ਜਨਤਕ ਟੈਕਸ/ਲਾਇਸੈਂਸ ਫ਼ੀਸ ਨਾਲ ਚੱਲਣ ਵਾਲਾ ਅਦਾਰਾ ਹੋਣ ਦੇ ਨਾਤੇ ਘੱਟ ਗਿਣਤੀ ਸਿੱਖ ਭਾਈਚਾਰੇ ਦੇ ਇਤਿਹਾਸ ਨੂੰ ਗਲਤ ਢੰਗ ਨਾਲ ਪੇਸ਼ ਕਰਕੇ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਪਛਾਣ ਨੂੰ ਠੇਸ ਪਹੁੰਚਾ ਰਿਹਾ ਹੈ।

### ਅਦਾਲਤ ਜਾਣ ਤੋਂ ਪਹਿਲਾਂ ਦੇ ਜ਼ਰੂਰੀ ਕਦਮ

ਕਾਨੂੰਨੀ ਮਾਹਿਰਾਂ ਅਨੁਸਾਰ ਅਦਾਲਤ ਜਾਣ ਤੋਂ ਪਹਿਲਾਂ ਜਥੇਬੰਦੀਆਂ ਹੇਠ ਲਿਖੇ ਰਸਤੇ ਅਪਣਾ ਸਕਦੀਆਂ ਹਨ, ਜਿਨ੍ਹਾਂ ਦਾ ਅਦਾਲਤੀ ਕੇਸ ਵਿੱਚ ਮਜ਼ਬੂਤੀ ਲਈ ਹੋਣਾ ਜ਼ਰੂਰੀ ਹੈ:

ਬੀਬੀਸੀ ਦੇ ਆਖ਼ਰੀ ਜਵਾਬ ਵਿਰੁੱਧ ਆਫ ਕਾਮ ਕੋਲ ਪਹੁੰਚ ਕਰਨਾ। ਯੂਕੇ ਦੇ ਸੰਸਦ ਮੈਂਬਰਾਂ ਰਾਹੀਂ ਬੀਬੀਸੀ ਦੀ ਸੰਸਦੀ ਕਮੇਟੀ ਕੋਲ ਸ਼ਿਕਾਇਤ ਭੇਜਣਾ।

ਬਰਤਾਨਵੀ ਰਾਸ਼ਟਰੀ ਪ੍ਰਸਾਰਕ 'ਬੀਬੀਸੀ' ਵੱਲੋਂ ਸਿੱਖ ਸਾਮਰਾਜ ਦੇ ਆਖ਼ਰੀ ਪ੍ਰਭੂਸੱਤਾ ਸੰਪੰਨ ਸ਼ਾਸਕ ਮਹਾਰਾਜਾ ਦਲੀਪ ਸਿੰਘ ਬਾਰੇ ਪ੍ਰਕਾਸ਼ਿਤ ਕੀਤੀ ਗਈ ਇੱਕ ਰਿਪੋਰਟ ਨੇ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਨਵੇਂ ਵਿਚਾਰਧਾਰਕ ਅਤੇ ਇਤਿਹਾਸਕ ਵਿਵਾਦ ਨੂੰ ਜਨਮ ਦਿੱਤਾ ਹੈ। ਬੀਬੀਸੀ ਦੀ ਵੈੱਬਸਾਈਟ 'ਤੇ ਛਾਪੀ ਗਈ ਰਿਪੋਰਟ ਦੇ ਸਿਰਲੇਖ ਵਿੱਚ ਮਹਾਰਾਜਾ ਦਲੀਪ ਸਿੰਘ ਲਈ "Indian King" (ਭਾਰਤੀ ਰਾਜਾ) ਸ਼ਬਦ ਦੀ ਵਰਤੋਂ ਕੀਤੀ ਗਈ। ਇਸ ਸ਼ਬਦਾਵਲੀ 'ਤੇ ਯੂਕੇ, ਪੰਜਾਬ ਅਤੇ ਦੁਨੀਆ ਭਰ ਵਿੱਚ ਵੱਸਦੇ ਸਿੱਖ ਭਾਈਚਾਰੇ, ਇਤਿਹਾਸਕਾਰਾਂ ਅਤੇ ਪੰਥਕ ਜਥੇਬੰਦੀਆਂ ਵੱਲੋਂ ਤਿੱਖੀ ਪ੍ਰਤੀਕਿਰਿਆ ਦਿੱਤੀ ਜਾ ਰਹੀ ਹੈ। ਪਰ ਇਹ ਵਿਵਾਦ ਇਤਿਹਾਸ ਦੇ ਵਿਗਾੜ, ਸਾਮਰਾਜਵਾਦੀ ਨਜ਼ਰੀਏ ਅਤੇ ਕਿਸੇ ਕੌਮ ਦੀ ਵੱਖਰੀ ਰਾਜਨੀਤਿਕ ਪਛਾਣ ਨੂੰ ਮੁੱਖ ਧਾਰਾ ਵਿੱਚ ਸਮਾਉਣ ਦੀਆਂ ਕੋਸ਼ਿਸ਼ਾਂ ਵਿਰੁੱਧ ਸਾਜ਼ਿਸ਼ ਸਮਝੀ ਜਾ ਰਹੀ ਹੈ।

ਸਿੱਖ ਜਥੇਬੰਦੀਆਂ, ਵਿਸ਼ੇਸ਼ ਤੌਰ 'ਤੇ 'ਦਲ ਖਾਲਸਾ ਇੰਟਰਨੈਸ਼ਨਲ' ਅਤੇ ਖੋਜੀ ਇਤਿਹਾਸਕਾਰਾਂ ਦਾ ਤਰਕ ਹੈ ਕਿ ਮਹਾਰਾਜਾ ਦਲੀਪ ਸਿੰਘ ਨੂੰ "ਭਾਰਤੀ ਰਾਜਾ" ਕਹਿਣਾ ਨਾ ਕੇਵਲ ਤੱਥਾਂ ਦੇ ਉਲਟ ਹੈ, ਸਗੋਂ ਇਹ ਸਿੱਖ ਸਾਮਰਾਜ ਦੇ ਸੁਤੰਤਰ ਇਤਿਹਾਸ ਨੂੰ ਧੁੰਦਲਾ ਕਰਨ ਦੇ ਬਰਾਬਰ ਹੈ।

19ਵੀਂ ਸਦੀ ਦੇ ਅੱਧ ਤੱਕ, ਈਸਟ ਇੰਡੀਆ ਕੰਪਨੀ ਦੇ ਭਾਰਤ ਵਿੱਚ ਪਸਾਰ ਦੇ ਬਾਵਜੂਦ, ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਕੀਤਾ ਗਿਆ ਸਿੱਖ ਸਾਮਰਾਜ ਇੱਕ ਪੂਰਨ ਸੁਤੰਤਰ, ਪ੍ਰਭੂਸੱਤਾ ਸੰਪੰਨ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਦੇਸ਼ ਸੀ। ਉਸ ਦੌਰ ਵਿੱਚ ਅੱਜ ਦੇ ਪਰਿਭਾਸ਼ਿਤ 'ਭਾਰਤ' ਵਜੋਂ ਕੋਈ ਇੱਕ ਸਿਆਸੀ ਇਕਾਈ ਮੌਜੂਦ ਨਹੀਂ ਸੀ ਅਤੇ ਪੰਜਾਬ ਦਾ ਆਪਣਾ ਵੱਖਰਾ ਰਾਜਨੀਤਿਕ ਅਸਤਿਤਵ ਸੀ।

1849 ਵਿੱਚ ਦੂਜੀ ਐਂਗਲੋ-ਸਿੱਖ ਜੰਗ ਤੋਂ ਬਾਅਦ ਹੀ ਅੰਗਰੇਜ਼ਾਂ ਨੇ ਪੰਜਾਬ 'ਤੇ ਕਬਜ਼ਾ ਕਰਕੇ ਇਸ ਨੂੰ ਆਪਣੇ ਸਾਮਰਾਜ ਵਿੱਚ ਮਿਲਾਇਆ ਸੀ। ਅਜਿਹੇ ਵਿੱਚ ਮਹਾਰਾਜਾ ਦਲੀਪ ਸਿੰਘ ਨੂੰ ਸਿਰਫ਼ "ਭਾਰਤੀ ਰਾਜਾ" ਲਿਖ ਦੇਣ ਨਾਲ ਸਿੱਖ ਰਾਜ ਦੀ ਉਹ ਵਿਸ਼ੇਸ਼ ਭੂਗੋਲਿਕ, ਸੱਭਿਆਚਾਰਕ ਅਤੇ ਰਾਜਨੀਤਿਕ ਪਛਾਣ ਖ਼ਤਮ ਹੋ ਜਾਂਦੀ ਹੈ।

ਜਦੋਂ ਸਿੱਖ ਭਾਈਚਾਰੇ ਵੱਲੋਂ ਬੀਬੀਸੀ ਕੋਲ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ, ਤਾਂ ਸੰਸਥਾ ਤੋਂ ਇਹ ਉਮੀਦ ਸੀ ਕਿ ਉਹ ਆਪਣੀ ਗਲਤੀ ਮੰਨ ਕੇ ਇਸ ਵਿੱਚ ਸੋਧ ਕਰੇਗੀ। ਪਰ ਬੀਬੀਸੀ ਨਿਊਜ਼ ਦੇ ਪੱਤਰਕਾਰ ਜੈਰੇਮੀ ਹਾਵੇਲ ਵੱਲੋਂ ਭੇਜੇ ਗਏ ਜਵਾਬ ਵਿੱਚ ਦਾਅਵਾ ਕੀਤਾ ਗਿਆ ਕਿ ਸਿਰਲੇਖ ਸਿਰਫ਼ ਸੰਖੇਪ ਜਾਣਕਾਰੀ ਲਈ ਹੁੰਦੇ ਹਨ ਅਤੇ "ਭਾਰਤੀ ਰਾਜੇ" ਤੋਂ ਭਾਵ ਭਾਰਤੀ ਉਪ-ਮਹਾਂਦੀਪ ਦੇ ਰਾਜੇ ਤੋਂ ਸੀ। ਨਾਲ ਹੀ ਬੀਬੀਸੀ ਨੇ ਇਹ ਵੀ ਤਰਕ ਦਿੱਤਾ ਕਿ ਰਿਪੋਰਟ ਦੇ ਅੰਦਰੂਨੀ ਪੈਰੇ ਵਿੱਚ ਉਨ੍ਹਾਂ ਨੂੰ "ਸਿੱਖ ਮਹਾਰਾਜਾ" ਲਿਖਿਆ ਗਿਆ ਹੈ। ਪਰ ਪੰਥਕ ਜਥੇਬੰਦੀਆਂ ਦਾ ਕਹਿਣਾ ਹੈ ਕਿ ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਲੱਖਾਂ ਪਾਠਕ ਸਿਰਫ਼ ਸਿਰਲੇਖ ਪੜ੍ਹ ਕੇ ਹੀ ਆਪਣੀ ਧਾਰਨਾ ਬਣਾਉਂਦੇ ਹਨ, ਉੱਥੇ ਸਿਰਲੇਖ ਵਿੱਚ ਕੀਤੀ ਗਈ ਗਲਤੀ ਨੂੰ ਸੰਖੇਪਤਾ ਦੇ ਨਾਂ 'ਤੇ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਕਿਸੇ ਅੰਤਰਰਾਸ਼ਟਰੀ ਅਦਾਰੇ ਵੱਲੋਂ ਇਤਿਹਾਸਕ ਸੱਚਾਈ ਦੀ ਬਲੀ ਦੇ ਕੇ ਅਜਿਹਾ ਅੜੀਅਲ ਰਵੱਈਆ ਅਪਣਾਉਣਾ ਨੈਤਿਕ ਤੌਰ 'ਤੇ ਗਲਤ ਹੈ।

### ਕੌਣ ਹਨ ਮਹਾਰਾਜਾ ਦਲੀਪ ਸਿੰਘ

ਮਹਾਰਾਜਾ ਦਲੀਪ ਸਿੰਘ ਦਾ ਜੀਵਨ ਸਿਖ ਇਤਿਹਾਸ ਦਾ ਇੱਕ ਅਤਿਅੰਤ ਦੁਖਦ ਅਤੇ ਸੰਵੇਦਨਸ਼ੀਲ ਅਧਿਆਏ ਹੈ। 1843 ਵਿੱਚ ਮਾਤਰ 5 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ ਗੱਦੀ ਸੰਭਾਲੀ ਸੀ, ਪਰ 1849 ਵਿੱਚ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਗੱਦੀਓਂ ਲਾਹ ਕੇ ਉਨ੍ਹਾਂ ਦੀ ਮਾਂ ਮਹਾਰਾਣੀ ਜਿੰਦਾਂ ਤੋਂ ਵੱਖ ਕਰ ਦਿੱਤਾ। ਉਨ੍ਹਾਂ ਨੂੰ ਈਸਾਈ ਬਣਾ ਕੇ ਇੰਗਲੈਂਡ ਭੇਜ ਦਿੱਤਾ ਗਿਆ ਅਤੇ ਕੋਹਿਨੂਰ ਹੀਰੇ ਸਮੇਤ ਉਨ੍ਹਾਂ ਦਾ ਰਾਜ-ਭਾਗ ਖੋਹ ਲਿਆ ਗਿਆ।

ਆਪਣੀ ਜ਼ਿੰਦਗੀ ਦੇ ਆਖ਼ਰੀ ਸਾਲਾਂ ਵਿੱਚ ਜਦੋਂ ਉਨ੍ਹਾਂ ਨੇ ਮੁੜ ਸਿੱਖ ਧਰਮ ਅਪਣਾਇਆ ਅਤੇ ਪੰਜਾਬ ਵਾਪਸ ਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ, ਤਾਂ ਬ੍ਰਿਟਿਸ਼ ਹਕੂਮਤ ਨੇ ਉਨ੍ਹਾਂ ਨੂੰ ਕਦੇ ਵਤਨ ਪੈਰ ਨਹੀਂ ਪਾਉਣ ਦਿੱਤਾ। 1893 ਵਿੱਚ ਪੈਰਿਸ ਦੇ ਇੱਕ ਹੋਟਲ ਵਿੱਚ ਵਤਨ ਦੇ ਵਿਛੋੜੇ ਵਿੱਚ ਉਨ੍ਹਾਂ ਦਾ ਦਿਹਾਂਤ ਹੋ ਗਿਆ। ਇੰਨੇ ਵੱਡੇ ਇਤਿਹਾਸਕ ਸੰਘਰਸ਼ ਨਾਲ ਜੁੜੀ ਸ਼ਖ਼ਸੀਅਤ ਨੂੰ ਜਦੋਂ ਬ੍ਰਿਟਿਸ਼ ਮੀਡੀਆ ਸਿਰਫ਼ "ਇੰਡੀਅਨ ਕਿੰਗ" ਦੀ ਇੱਕ ਸਧਾਰਨ ਸ਼੍ਰੇਣੀ ਵਿੱਚ ਰੱਖਦਾ ਹੈ, ਤਾਂ ਇਹ ਸਿੱਖਾਂ ਦੀਆਂ ਇਤਿਹਾਸਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਾ ਹੈ। ਬੀਬੀਸੀ ਵੱਲੋਂ ਆਪਣੀ ਗਲਤੀ ਸੁਧਾਰਨ ਤੋਂ ਇਨਕਾਰ ਕਰਨ ਤੋਂ ਬਾਅਦ ਯੂਕੇ ਦੀਆਂ ਸਿੱਖ ਜਥੇਬੰਦੀਆਂ ਨੇ ਇਸ ਮੁੱਦੇ ਨੂੰ ਅੰਤਰਰਾਸ਼ਟਰੀ ਅਤੇ ਸੰਸਦੀ ਪੱਧਰ 'ਤੇ ਚੁੱਕਣ ਦਾ ਫ਼ੈਸਲਾ ਕੀਤਾ ਹੈ।

ਦਲ ਖਾਲਸਾ ਇੰਟਰਨੈਸ਼ਨਲ (ਯੂਕੇ) ਦੇ ਆਗੂਆਂ ਵੱਲੋਂ 15 ਅਗਸਤ ਨੂੰ ਲੰਡਨ ਸਥਿਤ ਬੀਬੀਸੀ ਦੇ ਮੁੱਖ ਦਫ਼ਤਰ 'ਬਰਾਡਕਾਸਟਿੰਗ ਹਾਊਸ' ਦੇ ਬਾਹਰ ਵਿਸ਼ਾਲ ਸ਼ਾਂਤਮਈ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਬਰਤਾਨੀਆ ਦੇ ਸਿੱਖ ਅਤੇ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਇਸ ਮੁੱਦੇ ਨੂੰ 'ਹਾਊਸ ਆਫ਼ ਕਾਮਨਜ਼' ਵਿੱਚ ਉਠਾਉਣ। ਸੋਸ਼ਲ ਮੀਡੀਆ 'ਤੇ ਵੀ ਵੱਖ-ਵੱਖ ਹੈਸ਼ਟੈਗਾਂ ਰਾਹੀਂ ਵਿਸ਼ਵ ਭਰ ਦੇ ਇਤਿਹਾਸਕਾਰਾਂ, ਵਿਦਿਆਰਥੀਆਂ ਅਤੇ ਬੁੱਧੀਜੀਵੀਆਂ ਨੂੰ ਇਸ ਮੁਹਿੰਮ ਨਾਲ ਜੋੜਿਆ ਜਾ ਰਿਹਾ ਹੈ।

ਮੀਡੀਆ ਅਦਾਰਿਆਂ, ਵਿਸ਼ੇਸ਼ ਕਰਕੇ ਬੀਬੀਸੀ ਵਰਗੇ ਵਿਸ਼ਵ-ਪੱਧਰੀ ਅਦਾਰਿਆਂ ਦੀ ਇਹ ਨੈਤਿਕ ਅਤੇ ਪੱਤਰਕਾਰਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਿਸੇ ਵੀ ਕੌਮ ਦੇ ਇਤਿਹਾਸਕ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਨਾ ਕਰਨ।

ਸੰਖੇਪਤਾ ਦੇ ਨਾਂ 'ਤੇ ਇਤਿਹਾਸਕ ਸ਼ਖ਼ਸੀਅਤਾਂ ਦੀ ਅਸਲ ਪਛਾਣ ਨਾਲ ਸਮਝੌਤਾ ਕਰਨਾ ਵਾਜਬ ਨਹੀਂ ਹੈ। ਮਨਪ੍ਰੀਤ ਸਿੰਘ ਯੂਕੇ ਦਾ ਕਹਿਣਾ ਹੈ ਕਿ ਬੀਬੀਸੀ ਨੂੰ ਚਾਹੀਦਾ ਹੈ ਕਿ ਉਹ ਸਿੱਖ ਭਾਈਚਾਰੇ ਦੀਆਂ ਵਾਜਬ ਭਾਵਨਾਵਾਂ ਅਤੇ ਇਤਿਹਾਸਕ ਸੱਚਾਈ ਨੂੰ ਸਮਝਦੇ ਹੋਏ ਆਪਣੀ ਸ਼ਬਦਾਵਲੀ ਵਿੱਚ ਤੁਰੰਤ ਸੁਧਾਰ ਕਰੇ।

# ਗਲੋਬਲ ਸਿੱਖ ਕੌਂਸਲ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਮੀਰੀ-ਪੀਰੀ ਦੇ ਸਿਧਾਂਤ ਹੇਠ ਪੰਥਕ ਏਕਤਾ ਲਈ ਜਥੇਦਾਰ ਨੂੰ ਅਪੀਲ

***ਚੰਡੀਗੜ੍ਹ- ਸਿੱਖਾਂ ਦੀ ਵੱਡੀ ਵਸੋਂ ਵਾਲੇ ਦੁਨੀਆ ਦੇ ਕਰੀਬ 30 ਦੇਸ਼ਾਂ ਦੀਆਂ ਕੌਮੀ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰਨ ਵਾਲੀ ਗਲੋਬਲ ਸਿੱਖ ਕੌਂਸਲ (ਜੀ. ਐਸ. ਸੀ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਰਸਮੀ ਅਪੀਲ ਕਰਦਿਆਂ ਕਿਹਾ ਹੈ ਕਿ ਪੰਜਾਬ ਦੇ ਸਿਆਸੀ ਅਤੇ ਸਮਾਜਿਕ ਜੀਵਨ ਦੇ ਇਸ ਗੰਭੀਰ ਅਤੇ ਨਾਜ਼ੁਕ ਮੋੜ 'ਤੇ ਉਹ ਸਿੱਖ ਪੰਥ ਦੀ ਸਿੱਧੀ ਅਗਵਾਈ ਆਪਣੇ ਹੱਥਾਂ ਵਿੱਚ ਲੈਣ।***



ਹਾਲ ਹੀ ਵਿੱਚ ਹੋਈ ਗਲੋਬਲ ਸਿੱਖ ਕੌਂਸਲ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦੌਰਾਨ ਵਿਸਥਾਰਤ ਵਿਚਾਰ-ਵਟਾਂਦਰੇ ਉਪਰੰਤ ਪ੍ਰਵਾਨ ਕੀਤੀ ਗਈ ਇਸ ਅਪੀਲ ਵਿੱਚ ਸਿੱਖ ਰਾਜਨੀਤਕ ਵਿਵਸਥਾ ਦੇ ਸਿਧਾਂਤਕ ਆਧਾਰ 'ਮੀਰੀ-ਪੀਰੀ', ਭਾਵ ਸੰਸਾਰਕ ਜ਼ਿੰਮੇਵਾਰੀ ਅਤੇ ਅਧਿਆਤਮਿਕ ਅਧਿਕਾਰ ਦੇ ਅਟੁੱਟ ਸੁਮੇਲ, ਅਤੇ 'ਗੁਰੂ ਗ੍ਰੰਥ-ਗੁਰੂ ਪੰਥ' ਦੇ ਸਿਧਾਂਤ ਦਾ ਹਵਾਲਾ ਦਿੱਤਾ ਗਿਆ ਹੈ। ਇਸ ਸਿਧਾਂਤ ਅਨੁਸਾਰ ਸਿਧਾਂਤਕ ਮਾਮਲਿਆਂ ਵਿੱਚ ਅੰਤਿਮ ਅਧਿਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਕੋਲ ਹੈ, ਜਦਕਿ ਸਮੂਹਿਕ ਫ਼ੈਸਲੇ ਲੈਣ ਦਾ ਅਧਿਕਾਰ ਗੁਰੂ ਪੰਥ ਨੂੰ ਸੌਂਪਿਆ ਗਿਆ ਹੈ।

ਕੌਂਸਲ ਨੇ ਕਿਹਾ ਕਿ ਜਦੋਂ ਵੀ ਸਿੱਖ ਪੰਥ ਦੀ ਹੋਂਦ ਨੂੰ ਗੰਭੀਰ ਖ਼ਤਰਾ ਦਰਪੇਸ਼ ਹੋਇਆ ਹੈ ਤਾਂ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਇਤਿਹਾਸਕ ਤੌਰ 'ਤੇ ਪੰਥ ਦੀ ਅਗਵਾਈ ਦੀ ਇਹ ਭੂਮਿਕਾ ਨਿਭਾਈ ਹੈ। ਇਹ ਅਧਿਕਾਰ ਸਰਵਉੱਚ ਸੰਸਾਰਕ ਤਖ਼ਤ ਦੇ ਜਥੇਦਾਰ ਵੱਲੋਂ ਗੁਰੂ ਪੰਥ ਦੇ ਬੁਲਾਰੇ ਵਜੋਂ ਵਰਤਿਆ ਜਾਂਦਾ ਰਿਹਾ ਹੈ।

ਪੰਜਾਬ ਅਤੇ ਵਿਦੇਸ਼ਾਂ ਵਿੱਚ ਪੰਥਕ ਧਿਰਾਂ ਵੱਲੋਂ ਪ੍ਰਗਟਾਈ ਜਾ ਰਹੀ ਵਧਦੀ ਚਿੰਤਾ ਦਾ ਹਵਾਲਾ ਦਿੰਦਿਆਂ, ਜਿਸ ਵਿੱਚ ਵੱਖ-ਵੱਖ ਹਲਕਿਆਂ ਵੱਲੋਂ ਹਾਲ ਹੀ ਵਿੱਚ ਪੰਥਕ ਏਕਤਾ ਲਈ ਦਿੱਤੇ ਗਏ ਸੱਦੇ ਵੀ ਸ਼ਾਮਲ ਹਨ, ਖ਼ਾਸ ਤੌਰ 'ਤੇ ਪੰਥਕ ਕੌਂਸਲ ਦੀ ਚੇਅਰਪਰਸਨ ਬੀਬੀ ਸਤਵੰਤ ਕੌਰ ਅਤੇ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਕੀਤੀ ਗਈ ਏਕਤਾ ਦੀ ਅਪੀਲ ਦੇ ਹਵਾਲੇ ਨਾਲ ਗਲੋਬਲ ਸਿੱਖ ਕੌਂਸਲ ਨੇ ਪੰਜਾਬ ਵਿੱਚ ਅਕਾਲੀ ਸਿਆਸਤ ਦੇ ਵੱਡੇ ਪੱਧਰ 'ਤੇ ਹੋਏ ਖਿੰਡਾਅ ਵੱਲ ਧਿਆਨ ਦਿਵਾਇਆ ਹੈ।

ਕੌਂਸਲ ਨੇ ਕਿਹਾ ਕਿ 'ਅਕਾਲੀ ਦਲ' ਨਾਮ ਵਾਲੀਆਂ 11 ਰਜਿਸਟਰਡ ਸਿਆਸੀ ਪਾਰਟੀਆਂ ਵਿੱਚੋਂ ਸਿਰਫ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਹੀ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਕੋਈ ਸੀਟ ਜਿੱਤ ਸਕਿਆ ਸੀ ਅਤੇ ਉਸ ਨੇ ਕੁੱਲ 117 ਵਿਧਾਨ ਸਭਾ ਸੀਟਾਂ ਵਿੱਚੋਂ ਸਿਰਫ਼ ਤਿੰਨ ਸੀਟਾਂ ਹੀ ਹਾਸਲ ਕੀਤੀਆਂ ਸਨ।

ਗਲੋਬਲ ਸਿੱਖ ਕੌਂਸਲ ਦਾ ਕਹਿਣਾ ਹੈ ਕਿ ਅਕਾਲੀ ਸਿਆਸਤ ਦੀ ਇਸ ਵੰਡ ਨੇ ਪੰਥ ਨੂੰ ਅਜਿਹੇ ਸਮੇਂ ਪ੍ਰਭਾਵਸ਼ਾਲੀ ਸਿਆਸੀ ਨੁਮਾਇੰਦਗੀ ਤੋਂ ਵਾਂਝਾ ਕਰ ਦਿੱਤਾ ਹੈ, ਜਦੋਂ ਪੰਜਾਬ ਨੂੰ ਲਗਾਤਾਰ ਵਧ ਰਹੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿੱਚ ਅਮਨ-ਕਾਨੂੰਨ ਨਾਲ ਸਬੰਧਤ ਚਿੰਤਾਵਾਂ, ਨੌਜਵਾਨਾਂ ਵਿੱਚ ਨਸ਼ਿਆਂ ਦੀ ਵਧ ਰਹੀ ਵਰਤੋਂ, ਦਰਿਆਈ ਪਾਣੀਆਂ ਦਾ ਮਸਲਾ, ਲਗਾਤਾਰ ਵਧ ਰਿਹਾ ਕਰਜ਼ਾ ਅਤੇ ਬਾਹਰਲੇ ਰਾਜਾਂ ਤੋਂ ਸੂਬੇ ਵਿੱਚ ਵੱਡੇ ਪੱਧਰ 'ਤੇ ਹੋ ਰਹੀ ਜਨਸੰਖਿਆ ਤਬਦੀਲੀ ਸ਼ਾਮਲ ਹੈ, ਜਿਸ ਨੂੰ ਕੌਂਸਲ ਨੇ ਸਮੂਹ ਪੰਜਾਬੀਆਂ ਲਈ 'ਬੇਨਿਯਮ ਜਨਸੰਖਿਆ ਤਬਦੀਲੀ' ਕਰਾਰ ਦਿੱਤਾ ਹੈ।

ਇਸ ਲਿਖਤੀ ਅਪੀਲ ਉੱਪਰ ਪ੍ਰਧਾਨ ਡਾ. ਕੰਵਲਜੀਤ ਕੌਰ, ਯੂ.ਕੇ., ਉਪ ਪ੍ਰਧਾਨ ਪਰਮਜੀਤ ਸਿੰਘ ਬੇਦੀ, ਯੂ.ਐਸ.ਏ., ਸਕੱਤਰ ਐਡਵੋਕੇਟ ਹਰਜੀਤ ਸਿੰਘ ਗਰੇਵਾਲ ਤੇ ਖਜ਼ਾਨਚੀ ਹਰਸਰਨ ਸਿੰਘ, ਦੋਵੇਂ ਭਾਰਤ ਤੋਂ, ਅਤੇ ਐਡਵੋਕੇਟ ਜਗੀਰ ਸਿੰਘ, ਮਲੇਸ਼ੀਆ, ਨੇ ਦਸਤਖਤ ਕੀਤੇ ਹਨ। ਉਨ੍ਹਾਂ ਨੇ ਗਲੋਬਲ ਸਿੱਖ ਕੌਂਸਲ ਵੱਲੋਂ ਜਥੇਦਾਰ ਸਾਹਿਬ ਦੇ ਵਿਚਾਰ ਲਈ ਕਈ ਠੋਸ ਕਦਮਾਂ ਦੀ ਤਜਵੀਜ਼ ਵੀ ਪੇਸ਼ ਕੀਤੀ ਹੈ। ਕੌਂਸਲ ਨੇ ਸੁਝਾਅ ਦਿੱਤਾ ਹੈ ਕਿ ਜਥੇਦਾਰ ਸਾਹਿਬ 'ਆਦੇਸ਼' ਜਾਰੀ ਕਰਕੇ ਸਾਰੀਆਂ ਸਰਗਰਮ ਅਕਾਲੀ ਦਲ ਧਿਰਾਂ ਨੂੰ ਇਕਜੁੱਟ ਹੋਣ ਲਈ ਰਸਮੀ ਸੱਦਾ ਦੇਣ। ਇਨ੍ਹਾਂ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ, ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਨਵ-ਗਠਿਤ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ, ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਤੇ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਵਾਲਾ ਅਕਾਲੀ ਦਲ (ਵਾਰਿਸ ਪੰਜਾਬ ਦੇ) ਸ਼ਾਮਲ ਕੀਤੇ ਜਾਣ।

ਕੌਂਸਲ ਨੇ ਤਜਵੀਜ਼ ਦਿੱਤੀ ਹੈ ਕਿ ਇਹ ਸਾਰੀਆਂ ਅਕਾਲੀ ਧਿਰਾਂ ਆਪਸੀ ਸਹਿਮਤੀ ਨਾਲ ਸੀਟਾਂ ਦੀ ਵੰਡ ਦਾ ਫ਼ਾਰਮੂਲਾ ਤੈਅ ਕਰਕੇ ਇੱਕ ਸਾਂਝੇ ਮੰਚ ਤੋਂ ਆਉਣ ਵਾਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਲੜਨ। ਇਸ ਦੇ ਨਾਲ ਹੀ ਬੋਰਡਾਂ ਅਤੇ ਕਾਰਪੋਰੇਸ਼ਨਾਂ ਵਿੱਚ ਹੋਣ ਵਾਲੀਆਂ ਨਾਮਜ਼ਦਗੀਆਂ ਬਾਰੇ ਵੀ ਅਗਾਊਂ ਹੀ ਆਪਸੀ ਸਹਿਮਤੀ ਨਾਲ ਵਿਵਸਥਾ ਤੈਅ ਕੀਤੀ ਜਾਵੇ।

ਜੇਕਰ ਸਾਂਝੀ ਲੀਡਰਸ਼ਿਪ ਬਾਰੇ ਸਹਿਮਤੀ ਬਣਾਉਣ ਵਿੱਚ ਮੁਸ਼ਕਲ ਪੇਸ਼ ਆਵੇ ਤਾਂ ਕੌਂਸਲ ਨੇ ਪੰਜ ਮੈਂਬਰੀ ਪ੍ਰਧਾਨਗੀ ਕਮੇਟੀ (ਪ੍ਰੀਜ਼ੀਡੀਅਮ) ਕਾਇਮ ਕਰਨ ਦਾ ਸੁਝਾਅ ਦਿੱਤਾ ਹੈ। ਇਸ ਦੇ ਬਦਲ ਵਜੋਂ ਸਰਗਰਮ ਸਿਆਸਤ ਤੋਂ ਬਾਹਰ ਕਿਸੇ ਸਤਿਕਾਰਤ ਅਤੇ ਯੋਗ ਪੇਸ਼ੇਵਰ ਸ਼ਖ਼ਸੀਅਤ ਨੂੰ ਇਸ ਸਾਂਝੇ ਗੱਠਜੋੜ ਦੀ ਅਗਵਾਈ ਸੌਂਪਣ ਦੀ ਤਜਵੀਜ਼ ਵੀ ਦਿੱਤੀ ਗਈ ਹੈ।

ਕੌਂਸਲ ਨੇ ਇਸ ਮਾਡਲ ਦੀ ਤੁਲਨਾ ਡਾ. ਮਨਮੋਹਨ ਸਿੰਘ ਜੀ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤੇ ਜਾਣ ਨਾਲ ਕੀਤੀ ਹੈ ਜਿਨ੍ਹਾਂ ਨੇ ਆਪਣੇ ਕਾਰਜਕਾਲ ਨੂੰ ਬਿਹਤਰੀਨ ਢੰਗ ਨਾਲ ਸੰਭਾਲਿਆ।

ਕੌਂਸਲ ਨੇ ਜਥੇਦਾਰ ਸਾਹਿਬ ਨੂੰ ਅਪੀਲ ਕੀਤੀ ਹੈ ਕਿ ਪੰਥਕ ਏਕਤਾ ਲਈ ਇਹ ਸੱਦਾ ਸਿਰਫ਼ ਵੱਖ-ਵੱਖ ਅਕਾਲੀ ਦਲ ਧਿਰਾਂ ਤੱਕ ਹੀ ਸੀਮਤ ਨਾ ਰੱਖਿਆ ਜਾਵੇ, ਸਗੋਂ ਦਲਿਤਾਂ ਅਤੇ ਹੋਰ ਸਿੱਖ ਸਿਆਸੀ ਧਿਰਾਂ ਨੂੰ ਵੀ ਇਸ ਏਕਤਾ ਮੁਹਿੰਮ ਵਿੱਚ ਸ਼ਾਮਲ ਕੀਤਾ ਜਾਵੇ। ਕੌਂਸਲ ਅਨੁਸਾਰ ਇਸ ਪਹਿਲ ਦਾ ਉਦੇਸ਼ ਵੱਧ ਤੋਂ ਵੱਧ ਵਿਆਪਕ ਅਤੇ ਮਜ਼ਬੂਤ ਸਿਆਸੀ ਗੱਠਜੋੜ ਕਾਇਮ ਕਰਨਾ ਹੋਣਾ ਚਾਹੀਦਾ ਹੈ, ਜੋ ਪੰਜਾਬ ਦੇ ਹਿੱਤਾਂ ਪ੍ਰਤੀ ਜਵਾਬਦੇਹ ਸਰਕਾਰ ਬਣਾਉਣ ਦੇ ਸਮਰੱਥ ਹੋਵੇ।

ਗਲੋਬਲ ਸਿੱਖ ਕੌਂਸਲ ਨੇ ਵੋਟਰ ਸੂਚੀਆਂ ਵਿੱਚ ਕਥਿਤ ਬੇਨਿਯਮੀਆਂ ਦੀ ਪੜਚੋਲ ਕਰਨ ਲਈ ਸੀਨੀਅਰ ਵਕੀਲਾਂ ਦੀ ਇੱਕ ਕਮੇਟੀ ਕਾਇਮ ਕਰਨ ਦੀ ਵੀ ਤਜਵੀਜ਼ ਦਿੱਤੀ ਹੈ। ਇਹ ਕਮੇਟੀ ਰਾਜ ਚੋਣ ਕਮਿਸ਼ਨ ਨਾਲ ਤਾਲਮੇਲ ਕਰਕੇ ਕੰਮ ਕਰੇ ਅਤੇ ਨਾਲ ਹੀ ਸੂਬੇ ਭਰ ਦੇ ਪਿੰਡਾਂ ਵਿੱਚ ਇਸ ਮਸਲੇ 'ਤੇ ਪਹਿਲਾਂ ਤੋਂ ਕੰਮ ਕਰ ਰਹੇ ਜ਼ਮੀਨੀ ਪੱਧਰ ਦੇ ਸਮੂਹਾਂ ਅਤੇ ਜਥੇਬੰਦੀਆਂ ਨਾਲ ਵੀ ਸਹਿਯੋਗ ਕਰੇ।

ਕੌਂਸਲ ਨੇ ਪੰਜਾਬ ਵਿੱਚ ਹਾਲ ਹੀ ਦੌਰਾਨ ਆ ਕੇ ਵੱਸੇ ਪਰਵਾਸੀਆਂ ਦੇ ਵੋਟ ਦੇ ਅਧਿਕਾਰ, ਵਾਹੀਯੋਗ ਜ਼ਮੀਨਾਂ ਦੀ ਖ਼ਰੀਦ ਅਤੇ ਪੰਜਾਬੀਆਂ ਲਈ ਸਰਕਾਰੀ ਨੌਕਰੀਆਂ ਲਈ ਯੋਗਤਾ ਸਬੰਧੀ ਵਿਧਾਨਕ ਸੁਰੱਖਿਆ ਉਪਾਅ ਕੀਤੇ ਜਾਣ ਦੀ ਵੀ ਮੰਗ ਕੀਤੀ ਹੈ।

ਗਲੋਬਲ ਸਿੱਖ ਕੌਂਸਲ ਨੇ ਇਨ੍ਹਾਂ ਤਜਵੀਜ਼ਾਂ ਨੂੰ ਪੰਜਾਬ ਵਿੱਚ ਜਨਮੇ ਮੂਲ ਵਸਨੀਕਾਂ ਦੇ ਅਧਿਕਾਰਾਂ ਅਤੇ ਹਿੱਤਾਂ ਦੀ ਰਾਖੀ ਲਈ ਲੋੜੀਂਦੇ ਸੁਰੱਖਿਆ ਉਪਾਵਾਂ ਵਜੋਂ ਪੇਸ਼ ਕੀਤਾ ਹੈ।


ਗਲੋਬਲ ਸਿੱਖ ਕੌਂਸਲ ਨੇ ਦੁਨੀਆ ਭਰ ਦੀਆਂ ਸਿੱਖ ਸੰਸਥਾਵਾਂ, ਸੁਸਾਇਟੀਆਂ ਅਤੇ ਗੈਰ-ਸਰਕਾਰੀ ਜਥੇਬੰਦੀਆਂ ਨੂੰ ਵੀ ਇਸ ਅਪੀਲ ਨਾਲ ਜੁੜਨ ਦਾ ਸੱਦਾ ਦਿੱਤਾ ਹੈ। ਇਸ ਦੇ ਨਾਲ ਹੀ ਧਾਰਮਿਕ ਸਬੰਧਾਂ ਜਾਂ ਪਛਾਣ ਤੋਂ ਉੱਪਰ ਉੱਠ ਕੇ ਪੰਜਾਬ ਦੇ ਹਿੱਤਾਂ ਲਈ ਕੰਮ ਕਰ ਰਹੀਆਂ ਹੋਰ ਸੰਸਥਾਵਾਂ, ਜਥੇਬੰਦੀਆਂ ਅਤੇ ਸਮੂਹਾਂ ਨੂੰ ਵੀ ਇਸ ਪਹਿਲ ਦਾ ਸਮਰਥਨ ਕਰਨ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਇਸੇ ਤਰ੍ਹਾਂ ਦੀਆਂ ਅਪੀਲਾਂ ਭੇਜਣ ਲਈ ਕਿਹਾ ਗਿਆ ਹੈ।

ਗਲੋਬਲ ਸਿੱਖ ਕੌਂਸਲ ਨੇ ਕਿਹਾ ਹੈ ਕਿ ਕੌਮ ਇਸ ਮਾਮਲੇ ਵਿੱਚ ਜਥੇਦਾਰ ਸਾਹਿਬ ਦੇ ਮਾਰਗਦਰਸ਼ਨ ਦੀ ਉਡੀਕ ਕਰ ਰਹੀ ਹੈ। ਕੌਂਸਲ ਨੇ ਸਿੱਖ ਪੰਥ ਅੰਦਰ ਮੁੜ ਏਕਤਾ ਕਾਇਮ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਪਹਿਲ ਨੂੰ ਪੂਰਨ ਸਹਿਯੋਗ ਦੇਣ ਦੀ ਆਪਣੀ ਵਚਨਬੱਧਤਾ ਵੀ ਦੁਹਰਾਈ ਹੈ।

ਹੋਰ ਜਾਣਕਾਰੀ ਜਾਂ ਲੋੜੀਂਦੀ ਸਹਾਇਤਾ ਲਈ ਸੰਪਰਕ:

ਲੇਡੀ ਸਿੰਘ ਆਫ਼ ਵਿੰਬਲਡਨ
ਡਾ. ਕੰਵਲਜੀਤ ਕੌਰ, ਓ.ਬੀ.ਈ.
ਐਜੁਕੇਸ਼ਨ ਇੰਸਪੈਕਟਰ ਅਤੇ ਕੰਸਲਟੈਂਟ
ਪ੍ਰਧਾਨ, ਗਲੋਬਲ ਸਿੱਖ ਕੌਂਸਲ
ਡਿਪਟੀ ਡਾਇਰੈਕਟਰ, ਨੈੱਟਵਰਕ ਆਫ਼
ਸਿੱਖ ਆਰਗੇਨਾਈਜ਼ੇਸ਼ਨਜ਼
ਵਟਸਐਪ: +44 7716497376

## ਐਡੀਲੇਡ ਗੁਰਦੁਆਰਾ ਅੱਗ ਕਾਂਡ ਮਗਰੋਂ ਬੱਬੂ ਮਾਨ ਨੇ ਸੰਗੀਤਕ ਸਮਾਗਮ ਕੀਤਾ ਮੁਲਤਵੀ



ਐਡੀਲੇਡ (ਆਸਟਰੇਲੀਆ): ਆਸਟਰੇਲੀਆ ਦੇ ਐਡੀਲੇਡ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਦਸਮੇਸ਼ ਦਰਬਾਰ ਸਾਹਿਬ ਵਿੱਚ ਲੱਗੀ ਭਿਆਨਕ ਅੱਗ ਦੀ ਘਟਨਾ ਤੋਂ ਬਾਅਦ ਪੰਜਾਬੀ ਗਾਇਕ ਬੱਬੂ ਮਾਨ ਨੇ ਆਪਣਾ ਐਡੀਲੇਡ ਵਿੱਚ ਹੋਣ ਵਾਲਾ ਸੰਗੀਤਕ ਸਮਾਗਮ ਅਗਲੇ ਹੁਕਮਾਂ ਤੱਕ ਮੁਲਤਵੀ ਕਰਨ ਦਾ ਫ਼ੈਸਲਾ ਕੀਤਾ ਹੈ।ਗੁਰਦੁਆਰੇ ਵਿੱਚ ਲੱਗੀ ਅੱਗ ਕਾਰਨ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਿਆ, ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਵੀ ਅਗਨ ਭੇਟ ਹੋ ਗਏ। ਇਸ ਦੁਖਦਾਈ ਘਟਨਾ ਨੇ ਆਸਟਰੇਲੀਆ ਦੇ ਸਿੱਖ ਭਾਈਚਾਰੇ ਵਿੱਚ ਡੂੰਘਾ ਸੋਗ ਪੈਦਾ ਕਰ ਦਿੱਤਾ ਹੈ।ਵਿਕਟੋਰੀਆ ਗੁਰਦੁਆਰਾ ਕੌਂਸਲ ਦੇ ਰਵੀ ਇੰਦਰ ਸਿੰਘ ਨੇ ਕਿਹਾ ਕਿ ਇਹ ਘਟਨਾ ਸਮੁੱਚੇ ਆਸਟਰੇਲੀਆਈ ਸਿੱਖ ਭਾਈਚਾਰੇ ਲਈ ਬਹੁਤ ਹੀ ਦੁਖਦਾਈ ਹੈ। ਉਨ੍ਹਾਂ ਦੱਸਿਆ ਕਿ ਅਗਨ ਭੇਟ ਹੋਏ ਪਾਵਨ ਸਰੂਪਾਂ ਦੇ ਬਚੇ ਹੋਏ ਪਵਿੱਤਰ ਅੰਗਾਂ, ਜਿਲਦਾਂ ਅਤੇ ਰੁਮਾਲਿਆਂ ਦਾ ਪੂਰੇ ਧਾਰਮਿਕ ਮਰਿਆਦਾ ਅਤੇ ਸਤਿਕਾਰ ਨਾਲ ਅੰਤਿਮ ਸੰਸਕਾਰ ਕੀਤਾ ਗਿਆ ਹੈ।ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਇਸ ਮੌਕੇ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ ਹੈ, ਜਿਸ ਦਾ ਭੋਗ ਐਤਵਾਰ ਨੂੰ ਐਡੀਲੇਡ ਦੇ ਟੂ ਵੈੱਲਜ਼ ਵਿਖੇ ਸਥਿਤ ਗੁਰਦੁਆਰਾ ਸਾਹਿਬ ਦਲ ਬਾਬਾ ਬਿਧੀ ਚੰਦ ਜੀ ਖਾਲਸਾ ਛਾਉਣੀ ਵਿੱਚ ਪਵੇਗਾ।ਬੱਬੂ ਮਾਨ ਵੱਲੋਂ ਕੰਸਰਟ ਮੁਲਤਵੀ ਕਰਨ ਦੇ ਫ਼ੈਸਲੇ ਨੂੰ ਸਿੱਖ ਭਾਈਚਾਰੇ ਦੇ ਦੁੱਖ ਵਿੱਚ ਸਾਂਝ ਪਾਉਣ ਅਤੇ ਧਾਰਮਿਕ ਭਾਵਨਾਵਾਂ ਦਾ ਸਤਿਕਾਰ ਕਰਨ ਵਜੋਂ ਦੇਖਿਆ ਜਾ ਰਿਹਾ ਹੈ।

# ‘ਗੁਰ ਸਿੱਖੀ ਐਡਟੈੱਕ’ ਵੱਲੋਂ ਗੁਰਬਾਣੀ, ਨਿਤਨੇਮ ਅਤੇ ਲਾਈਵ ਹੁਕਮਨਾਮੇ ਲਈ ਲਾਂਚ ਹੋਈ ‘ਸਿੱਖ ਪਰੋ-’ ਐਪ

## ✪ ਏਆਈ ਦੀ ਮਦਦ ਨਾਲ ਹੁਣ ਗੁਰਬਾਣੀ ਅਤੇ ਸਿੱਖ ਇਤਿਹਾਸ ਦੇ ਮਿਲਣਗੇ ਪ੍ਰਮਾਣਿਤ ਜਵਾਬ

**ਦਰਪਣ ਝੂਠ ਨਹੀ ਬੋਲਦਾ**
**ਪੰਜਾਬ ਟਾਈਮਜ਼ ਮੀਡੀਆ**




ਅੱਜ ਦਾ ਯੁੱਗ ਬਿਨਾਂ ਸ਼ੱਕ ਡਿਜੀਟਲ ਤਕਨਾਲੋਜੀ ਦਾ ਯੁੱਗ ਹੈ, ਜਿਸ ਨੇ ਮਨੁੱਖੀ ਜੀਵਨ ਦੇ ਹਰ ਛੋਟੇ-ਵੱਡੇ ਪਹਿਲੂ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ। ਸਿੱਖਿਆ, ਵਪਾਰ, ਸੰਚਾਰ ਅਤੇ ਮਨੋਰੰਜਨ ਤੋਂ ਇਲਾਵਾ ਹੁਣ ਧਾਰਮਿਕ, ਰੂਹਾਨੀ ਅਤੇ ਅਧਿਆਤਮਿਕ ਖੇਤਰ ਵੀ ਇਸ ਤਕਨਾਲੋਜੀ ਤੋਂ ਅਣਛੂਹੇ ਨਹੀਂ ਰਹੇ। ਹਾਲ ਹੀ ਵਿੱਚ ਬੈਂਗਲੁਰੂ ਸਥਿਤ ਭਾਰਤ ਸਰਕਾਰ ਦੇ ਡੀਪੀਆਈਆਈਟੀ ਤੋਂ ਮਾਨਤਾ ਪ੍ਰਾਪਤ ਸਟਾਰਟਅੱਪ ‘ਗੁਰ ਸਿੱਖੀ ਐਡਟੈੱਕ’ ਵੱਲੋਂ ਗੂਗਲ ਪਲੇਅ ਸਟੋਰ ’ਤੇ ਲਾਂਚ ਕੀਤੀ ਗਈ ‘ਸਿੱਖ-ਪਰੋ’ ਐਪਲੀਕੇਸ਼ਨ ਇਸ ਗੱਲ ਦੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਸ਼ਲਾਘਾਯੋਗ ਮਿਸਾਲ ਹੈ। ਇਹ ਉਪਰਾਲਾ ਦਰਸਾਉਂਦਾ ਹੈ ਕਿ ਜੇਕਰ ਨੀਅਤ ਸਾਫ਼ ਹੋਵੇ, ਤਾਂ ਆਧੁਨਿਕ ਤਕਨਾਲੋਜੀ ਦੀ ਵਰਤੋਂ ਸਿੱਖੀ ਮਰਿਆਦਾ ਦੀਆਂ ਸਰਹੱਦਾਂ ਅੰਦਰ ਰਹਿ ਕੇ ਗੁਰਬਾਣੀ, ਨਿਤਨੇਮ ਅਤੇ ਸਿੱਖੀ ਸਿਧਾਂਤਾਂ ਦੇ ਵਿਸ਼ਵ-ਵਿਆਪੀ ਪ੍ਰਚਾਰ-ਪਸਾਰ ਲਈ ਇੱਕ ਬੇਹੱਦ ਪ੍ਰਭਾਵਸ਼ਾਲੀ ਮਾਧਿਅਮ ਵਜੋਂ ਕੀਤੀ ਜਾ ਸਕਦੀ ਹੈ।

?ਅੱਜ ਦੁਨੀਆ ਭਰ ਵਿੱਚ 3 ਕਰੋੜ ਤੋਂ ਵੱਧ ਸਿੱਖ ਭਾਈਚਾਰਾ ਫੈਲਿਆ ਹੋਇਆ ਹੈ। ਭਾਰਤ ਤੋਂ ਇਲਾਵਾ ਕੈਨੇਡਾ, ਅਮਰੀਕਾ, ਗ੍ਰੇਟ ਬ੍ਰਿਟੇਨ (ਯੂ.ਕੇ.), ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੱਡੀ ਗਿਣਤੀ ਵਿੱਚ ਵੱਸਦੇ ਸਿੱਖਾਂ-ਵਿਸ਼ੇਸ਼ ਤੌਰ ’ਤੇ ਉੱਥੇ ਪਲ ਰਹੀ ਨਵੀਂ ਪੀੜ੍ਹੀ-ਲਈ ਆਪਣੀ ਮਾਂ-ਬੋਲੀ, ਗੁਰਮੁਖੀ ਲਿਪੀ, ਰੋਜ਼ਾਨਾ ਦੇ ਨਿਤਨੇਮ ਅਤੇ ਰੂਹਾਨੀ ਜੜ੍ਹਾਂ ਨਾਲ ਨਿਰੰਤਰ ਜੁੜੇ ਰਹਿਣਾ ਇੱਕ ਵੱਡੀ ਚੁਣੌਤੀ ਬਣਦਾ ਜਾ ਰਿਹਾ ਹੈ। ਵਿਦੇਸ਼ਾਂ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਹਰ ਵੇਲੇ ਪੋਥੀ ਸਾਹਿਬ ਨਾਲ ਰੱਖਣਾ ਜਾਂ ਰੋਜ਼ਾਨਾ ਗੁਰਦੁਆਰਾ ਸਾਹਿਬ ਪਹੁੰਚਣਾ ਹਰ ਕਿਸੇ ਲਈ ਸੰਭਵ ਨਹੀਂ ਹੁੰਦਾ।

ਅਜਿਹੇ ਸਮੇਂ ਵਿੱਚ ਇੱਕੋ ਇੱਕ ਪਲੇਟਫਾਰਮ ’ਤੇ ਸ੍ਰੀ ਦਰਬਾਰ ਸਾਹਿਬ ਤੋਂ ਰੋਜ਼ਾਨਾ ਦਾ ਲਾਈਵ ਹੁਕਮਨਾਮਾ, ਸੰਪੂਰਨ ਨਿਤਨੇਮ ਦੀਆਂ ਬਾਣੀਆਂ (ਗੁਰਮੁਖੀ, ਅੰਗਰੇਜ਼ੀ ਉੱਚਾਰਨ ਅਤੇ ਅਨੁਵਾਦ ਸਮੇਤ), ਅਤੇ ਸਮਾਜਿਕ ਸੇਵਾ ਦੇ ਮੌਕਿਆਂ ਦਾ ਬਿਨਾਂ ਕਿਸੇ ਇਸ਼ਤਿਹਾਰ ਜਾਂ ਵਪਾਰਕ ਰੁਕਾਵਟ ਦੇ ਬਿਲਕੁਲ ਮੁਫ਼ਤ ਉਪਲਬਧ ਹੋਣਾ ਇੱਕ ਵੱਡੀ ਰਾਹਤ ਹੈ। ਇਹ ਐਪ ਵਿਦੇਸ਼ਾਂ ਵਿੱਚ ਬੈਠੇ ਸ਼ਰਧਾਲੂਆਂ ਨੂੰ ਆਪਣੇ ਰੋਜ਼ਾਨਾ ਦੇ ਅਧਿਆਤਮਿਕ ਨੇਮ ਨਾਲ ਜੋੜੀ ਰੱਖਣ ਵਿੱਚ ਇੱਕ ਮਜ਼ਬੂਤ ਪੁਲ ਦਾ ਕੰਮ ਕਰੇਗੀ।

ਇਸ ਪਲੇਟਫਾਰਮ ਦੀ ਸਭ ਤੋਂ ਵੱਡੀ ਅਤੇ ਵੱਖਰੀ ਖ਼ਾਸੀਅਤ ਇਸ ਵਿੱਚ ਏਆਈ ਦਾ ਸੁਚੱਜਾ ਪ੍ਰਯੋਗ ਹੈ। ਅੱਜ ਇੰਟਰਨੈੱਟ ਅਤੇ ਸੋਸ਼ਲ ਮੀਡੀਆ ’ਤੇ ਧਰਮ, ਇਤਿਹਾਸ ਅਤੇ ਗੁਰਬਾਣੀ ਬਾਰੇ ਅਧੂਰੀ, ਗਲਤ ਅਤੇ ਤੋੜ-ਮਰੋੜ ਕੇ ਪੇਸ਼ ਕੀਤੀ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ, ਜਿਸ ਨਾਲ ਅਕਸਰ ਸੰਗਤ ਵਿੱਚ ਭੁਲੇਖੇ ਪੈਦਾ ਹੁੰਦੇ ਹਨ।

ਅਜਿਹੇ ਸਮੇਂ ਵਿੱਚ ਇਸ ਐਪ ਦੇ ਨਿਰਮਾਤਾਵਾਂ ਵੱਲੋਂ ਇਹ ਦਾਅਵਾ ਕਰਨਾ ਕਿ ਉਨ੍ਹਾਂ ਦਾ ਏਆਈ ਸਹਾਇਕ ਸਿਰਫ਼ ‘ਪ੍ਰਮਾਣਿਤ ਗੁਰਬਾਣੀ’ ਅਤੇ ‘ਪ੍ਰਮਾਣਿਤ ਸਿੱਖ ਇਤਿਹਾਸਕ ਸਰੋਤਾਂ’ ਤੋਂ ਹੀ ਜਵਾਬ ਦੇਵੇਗਾ, ਇੱਕ ਬਹੁਤ ਹੀ ਗੰਭੀਰ ਅਤੇ ਜ਼ਿੰਮੇਵਾਰਾਨਾ ਕਦਮ ਹੈ। ਇਹ ਸੁਨਿਸ਼ਚਿਤ ਕਰਦਾ ਹੈ ਕਿ ਤਕਨਾਲੋਜੀ ਸਿੱਖੀ ਦੀਆਂ ਮੂਲ ਰਵਾਇਤਾਂ ਅਤੇ ਮਰਿਆਦਾ ਨੂੰ ਢਾਹ ਲਾਉਣ ਦੀ ਬਜਾਏ ਉਸ ਦੀ ਸੇਵਾਦਾਰ ਬਣ ਕੇ ਕੰਮ ਕਰੇ। ਹਾਲਾਂਕਿ, ਇਸ ਏਆਈ ਮਾਡਲ ਨੂੰ ਸਮੇਂ-ਸਮੇਂ ’ਤੇ ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਦੀ ਦੇਖ-ਰੇਖ ਹੇਠ ਨਿਰੰਤਰ ਪਰਖਦੇ ਰਹਿਣਾ ਵੀ ਉੱਨਾ ਹੀ ਜ਼ਰੂਰੀ ਹੋਵੇਗਾ ਤਾਂ ਜੋ ਕਿਸੇ ਵੀ ਤਰ੍ਹਾਂ ਦੀ ਤਕਨੀਕੀ ਜਾਂ ਭਾਸ਼ਾਈ ਭੁੱਲ ਤੋਂ ਬਚਿਆ ਜਾ ਸਕੇ।

ਇਸ ਉਪਰਾਲੇ ਦਾ ਇੱਕ ਹੋਰ ਸਾਰਥਕ ਪਹਿਲੂ ਇਹ ਹੈ ਕਿ ਇਸ ਦੇ ਨਿਰਮਾਤਾਵਾਂ ਨੇ ਖੁਦ ਇਸ ਗੱਲ ਨੂੰ ਪ੍ਰਵਾਨ ਕੀਤਾ ਹੈ ਕਿ ਇਹ ਤਕਨਾਲੋਜੀ ਕਿਸੇ ਵੀ ਹਾਲਤ ਵਿੱਚ ਸੰਗਤ, ਗੁਰਦੁਆਰਾ ਸਾਹਿਬ ਅਤੇ ਪ੍ਰਤੱਖ ਸੇਵਾ ਦਾ ਬਦਲ ਨਹੀਂ ਹੋ ਸਕਦੀ। ਸਿੱਖ ਧਰਮ ਵਿੱਚ ‘ਸੰਗਤ’ ਅਤੇ ‘ਪ੍ਰਤੱਖ ਸੇਵਾ’ ਦਾ ਅਧਿਆਤਮਿਕ ਮਹੱਤਵ ਸਭ ਤੋਂ ਉੱਚਾ ਹੈ।

ਡਿਜੀਟਲ ਸਾਧਨ ਸਿਰਫ਼ ਇੱਕ ‘ਸਹਿਯੋਗੀ’ ਜਾਂ ‘ਰੋਜ਼ਾਨਾ ਦੇ ਸਾਥੀ’ ਦੀ ਭੂਮਿਕਾ ਹੀ ਨਿਭਾ ਸਕਦੇ ਹਨ, ਜੋ ਮਨੁੱਖ ਨੂੰ ਉਸ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਗੁਰਬਾਣੀ ਦੇ ਨਾਲ ਜੋੜੀ ਰੱਖਦੇ ਹਨ। ਇਸ ਲਈ, ਤਕਨਾਲੋਜੀ ਦਾ ਲਾਹਾ ਲੈਂਦਿਆਂ ਵੀ ਨਵੀਂ ਪੀੜ੍ਹੀ ਨੂੰ ਗੁਰਦੁਆਰਾ ਸਾਹਿਬ ਜਾਣ, ਸਾਧ-ਸੰਗਤ ਵਿੱਚ ਬੈਠਣ ਅਤੇ ਹੱਥੀਂ ਸੇਵਾ ਕਰਨ ਦੀ ਪਰੰਪਰਾ ਨੂੰ ਜਿਊਂਦਾ ਰੱਖਣਾ ਪਵੇਗਾ।

ਸਿਖ ਪਰੋ’ ਵਰਗੇ ਨਿਵੇਕਲੇ ਅਤੇ ਮੁਫ਼ਤ ਡਿਜੀਟਲ ਉਪਰਾਲੇ ਇਹ ਸਾਬਤ ਕਰਦੇ ਹਨ ਕਿ ਜੇਕਰ ਨੀਅਤ ਸਾਫ਼ ਹੋਵੇ ਅਤੇ ਵਿਗਿਆਨਿਕ ਸਾਧਨਾਂ ਦੀ ਵਰਤੋਂ ਸੰਜਮ, ਨਿੰਮਰਤਾ ਤੇ ਮਰਿਆਦਾ ਨਾਲ ਕੀਤੀ ਜਾਵੇ, ਤਾਂ ਤਕਨਾਲੋਜੀ ਗਲੋਬਲ ਪੱਧਰ ’ਤੇ ਅਧਿਆਤਮਿਕਤਾ, ਭਾਈਚਾਰਕ ਸਾਂਝ ਅਤੇ ਸੇਵਾ ਦੀ ਭਾਵਨਾ ਨੂੰ ਮਜ਼ਬੂਤ ਕਰਨ ਦਾ ਇੱਕ ਬਹੁਤ ਵੱਡਾ ਜ਼ਰੀਆ ਬਣ ਸਕਦੀ ਹੈ। ਅਜਿਹੇ ਗੈਰ-ਵਪਾਰਕ ਅਤੇ ਸਮਰਪਿਤ ਯਤਨਾਂ ਦੀ ਭਾਈਚਾਰਕ ਪੱਧਰ ’ਤੇ ਹੌਸਲਾ-ਅਫ਼ਜ਼ਾਈ ਹੋਣੀ ਚਾਹੀਦੀ ਹੈ।

## ਬੇਅਦਬੀ ਮਾਮਲੇ ਵਿਚ ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਮਾਨਸਾ ਵਿਖੇ ਪ੍ਰਦਰਸ਼ਨ ਅਤੇ ਹਾਈਵੇਅ ਜਾਮ

ਮਾਨਸਾ-ਮਾਨਸਾ ਦੇ ਹਲਕਾ ਸਰਦੂਲਗੜ੍ਹ ਅਧੀਨ ਪੈਂਦੇ ਪਿੰਡ ਬੀਰੇਵਾਲਾ ਜੱਟਾਂ ਦੇ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗਾਂ ’ਤੇ ਇਤਰਾਜ਼ਯੋਗ ਸ਼ਬਦ ਲਿਖੇ ਹੋਣ ਦਾ ਬੇਅਦਬੀ ਮਾਮਲਾ ਸਾਹਮਣੇ ਆਇਆ ਸੀ, ਜਿਸ ’ਚ ਇਨਸਾਫ਼ ਨਾ ਮਿਲਣ ਕਾਰਨ ਰੋਸ ਫੈਲਿਆ ਹੋਇਆ ਹੈ। ਇਨਸਾਫ਼ ਦੀ ਮੰਗ ਨੂੰ ਲੈ ਕੇ ਨਿਹੰਗ ਸਿੰਘ ਜਥੇਬੰਦੀਆਂ ਨੇ ਮਾਨਸਾ-ਸਿਰਸਾ ਰੋਡ ਸਥਿਤ ਤਿੰਨ ਕੌਲੀ ਚੌਂਕ ਵਿਚ ਮੋਰਚਾ ਲਗਾ ਕੇ ਹਾਈਵੇਅ ਜਾਮ ਕੀਤਾ ਅਤੇ ਪੰਜਾਬ ਸਰਕਾਰ ਵੈ ਅਧਿਕਾਰੀਆਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।



ਆਗੂਆਂ ਨੇ ਦੋਸ਼ ਲਾਇਆ ਕਿ ਮਾਮਲਾ ਉਜਾਗਰ ਕਰਨ ਵਾਲੇ ਗ੍ਰੰਥੀ ਬਲਵਿੰਦਰ ਸਿੰਘ ’ਤੇ ਪਿੰਡ ਕਮੇਟੀ ਮੈਂਬਰ ਮੇਵਾ ਸਿੰਘ ਵੱਲੋਂ ਦਬਾਅ ਪਾਇਆ ਗਿਆ, ਜਿਸ ਕਾਰਨ ਉਨ੍ਹਾਂ ਨੇ ਖ਼ੁਦਕੁਸ਼ੀ ਕਰ ਲਈ। ਥਾਣਾ ਇੰਚਾਰਜ ਬਲਵੀਰ ਸਿੰਘ ਮੁਤਾਬਕ ਗ੍ਰੰਥੀ ਸਿੰਘ ਨੂੰ ਖ਼ੁਦਕੁਸ਼ੀ ਲਈ ਮਜਬੂਰ ਕਰਨ ਦੇ ਦੋਸ਼ ’ਚ ਮੇਵਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜਿਆ ਜਾ ਚੁੱਕਾ ਹੈ। ਬੇਅਦਬੀ ਮਾਮਲੇ ਦੀ ਜਾਂਚ ਪੁਲਿਸ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਵੱਖਰੇ ਤੌਰ ’ਤੇ ਜਾਰੀ ਹੈ। ਨਿਹੰਗ ਸਿੰਘ ਜਥੇਬੰਦੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਅਸਲ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕਰਕੇ ਇਨਸਾਫ਼ ਨਾ ਦਿੱਤਾ ਗਿਆ ਤਾਂ ਸੰਘਰਸ਼ ਹੋਰ ਤੇਜ਼ ਕੀਤਾ ਜਾਵੇਗਾ।

## ਨਸ਼ਾ ਛੱਡਣ ਦੀ ਖ਼ੁਸ਼ੀ ਮਨਾ ਰਹੇ ਨੌਜਵਾਨਾਂ ’ਤੇ ਪੈਟਰੋਲ ਬੰਬ ਨਾਲ ਹਮਲਾ

ਹੁਸ਼ਿਆਰਪੁਰ-30 ਜੁਲਾਈ ਦੀ ਰਾਤ ਨੂੰ ਗੜ੍ਹਸ਼ੰਕਰ (ਹੁਸ਼ਿਆਰਪੁਰ) ਦੇ ਪਿੰਡ ਸਮੁੰਦੜਾ ਸਥਿਤ ‘ਨਿਊ ਕਰਮਾ ਸੋਸ਼ਲ ਵੈਲਫੇਅਰ ਸੁਸਾਇਟੀ’ ਵਿੱਚ ਨਸ਼ਾ ਛੱਡਣ ਵਾਲੇ ਇੱਕ ਨੌਜਵਾਨ ਦੇ 2 ਸਾਲ ਪੂਰੇ ਹੋਣ ’ਤੇ ਰਿਕਵਰੀ ਪਾਰਟੀ ਕੀਤੀ ਜਾ ਰਹੀ ਸੀ।

ਪਾਰਟੀ ਦੌਰਾਨ ਇੱਕ ਅਣਪਛਾਤੇ ਨੌਜਵਾਨ ਨੇ ਸਕੂਟਰੀ ’ਤੇ ਆ ਕੇ ਅੱਗ ਲੱਗੀ ਪੈਟਰੋਲ ਬੰਬ ਦੀ ਬੋਤਲ ਅੰਦਰ ਮੌਜੂਦ ਨੌਜਵਾਨਾਂ ਵੱਲ ਸੁੱਟ ਦਿੱਤੀ। ਹਾਲਾਂਕਿ, ਉੱਥੇ ਮੌਜੂਦ ਲਗਭਗ ਦੋ ਦਰਜਨ ਨੌਜਵਾਨਾਂ ਦਾ ਵਾਲ-ਵਾਲ ਬਚਾਅ ਹੋ ਗਿਆ।

ਹਮਲੇ ਤੋਂ ਬਾਅਦ ਮੁਲਜ਼ਮ ਸਕੂਟਰੀ ਛੱਡ ਕੇ ਆਪਣੇ ਪਿੰਡ ਫ਼ਰਾਰ ਹੋ ਗਿਆ। ਜਦੋਂ ਪੀੜਤਾਂ ਨੇ ਉਸ ਦਾ ਪਿੱਛਾ ਕੀਤਾ, ਤਾਂ ਉਸ ਨੇ ਬਚਣ ਲਈ ਆਪਣੇ ਘਰ ਦੇ ਬਾਹਰ ਲੱਗੀਆਂ ਤਾਰਾਂ ’ਚ ਕਰੰਟ ਛੱਡਿਆ ਹੋਇਆ ਸੀ।

ਥਾਣਾ ਗੜ੍ਹਸ਼ੰਕਰ ਦੀ ਪੁਲਿਸ ਨੇ ਸ਼ਿਕਾਇਤ ਦੇ ਆਧਾਰ ’ਤੇ ਕਾਰਵਾਈ ਕਰਦਿਆਂ ਮੁਲਜ਼ਮ ਕੁਲਦੀਪ ਸਿੰਘ (ਵਾਸੀ ਪਿੰਡ ਪਨਿਆਲੀ ਕਲਾਂ, ਥਾਣਾ ਕਾਠਗੜ੍ਹ) ਨੂੰ ਕਾਬੂ ਕਰ ਕੇ ਮਾਮਲਾ ਦਰਜ ਕਰ ਲਿਆ ਹੈ।

# ਕੁਦਰਤ ਦੇ ਕਹਿਰ ਵਿਚਾਲੇ 'ਸਰਬੱਤ ਦੇ ਭਲੇ' ਦੀ ਮੁਹਿੰਮ

## ✪ 50 ਸਿੱਖ ਪਰਿਵਾਰਾਂ ਨੇ ਖੋਲ੍ਹੇ ਗੁਰਦੁਆਰੇ ਦੇ ਦਰਵਾਜ਼ੇ, ਰੋਜ਼ ਲੱਗ ਰਿਹਾ 2000 ਲੋਕਾਂ ਦਾ ਲੰਗਰ

### ਵਿਸ਼ੇਸ਼ ਰਿਪੋਟ

ਅਸਾਮ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਨੇ ਇੱਕ ਵਾਰ ਫਿਰ ਕੁਦਰਤ ਦੇ ਕਹਿਰ ਅਤੇ ਇਸ ਨਾਲ ਹੋਣ ਵਾਲੀ ਭਿਆਨਕ ਤਬਾਹੀ ਦੀ ਦਰਦਨਾਕ ਤਸਵੀਰ ਦੇਸ਼ ਦੇ ਸਾਹਮਣੇ ਲਿਆ ਖੜ੍ਹੀ ਕੀਤੀ ਹੈ। ਲਗਾਤਾਰ ਪੈ ਰਹੇ ਮੂਸਲਾਧਾਰ ਮੀਂਹ ਅਤੇ ਨਦੀਆਂ ਦੇ ਉਛਾਲ ਕਾਰਨ ਸੂਬੇ ਦੇ ਕਈ ਜ਼ਿਲ੍ਹੇ ਪੂਰੀ ਤਰ੍ਹਾਂ ਜਲ-ਥਲ ਹੋ ਚੁੱਕੇ ਹਨ। ਸਰਕਾਰੀ ਅੰਕੜਿਆਂ ਮੁਤਾਬਕ ਹੁਣ ਤੱਕ 75 ਤੋਂ ਵੱਧ ਕੀਮਤੀ ਜਾਨਾਂ ਜਾ ਚੁੱਕੀਆਂ ਹਨ ਅਤੇ 3.32 ਲੱਖ ਤੋਂ ਵੱਧ ਲੋਕ ਬੇਘਰ ਹੋ ਕੇ ਆਪਣੀਆਂ ਛੱਤਾਂ ਅਤੇ ਬੁਨਿਆਦੀ ਲੋੜਾਂ ਤੋਂ ਵਾਂਝੇ ਹੋ ਗਏ ਹਨ। ਲਗਭਗ 622 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬੇ ਹੋਏ ਹਨ। ਅਜਿਹੇ ਗੰਭੀਰ ਸੰਕਟ ਦੇ ਸਮੇਂ ਜਦੋਂ ਪ੍ਰਸ਼ਾਸਨਿਕ ਮਦਦ ਵਿਸ਼ਾਲ ਖੇਤਰਾਂ ਤੱਕ ਪਹੁੰਚਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰ ਰਹੀ ਹੈ, ਉੱਥੇ ਹੀ ਸਿਵਾਸਾਗਰ ਦੇ 'ਗੁਰਦੁਆਰਾ ਸਾਹਿਬ' ਅਤੇ 'ਸਿੱਖ ਰਾਈਡਰਜ਼' ਵੱਲੋਂ ਨਿਭਾਈ ਜਾ ਰਹੀ ਭੂਮਿਕਾ ਆਸ ਅਤੇ ਇਨਸਾਨੀਅਤ ਦੀ ਇੱਕ ਬੇਮਿਸਾਲ ਕਿਰਨ ਬਣ ਕੇ ਸਾਹਮਣੇ ਆਈ ਹੈ।



#### ਸੇਵਾ ਭਾਵਨਾ ਅਤੇ ਭਾਈਚਾਰਕ ਸਾਂਝ ਦੀ ਮਿਸਾਲ

ਸਿਵਾਸਾਗਰ ਵਿੱਚ ਰਹਿਣ ਵਾਲੇ ਮਾਤਰ 50 ਸਿੱਖ ਪਰਿਵਾਰਾਂ ਦੁਆਰਾ ਪ੍ਰਬੰਧਿਤ 'ਸਿਵਾਸਾਗਰ ਗੁਰਦੁਆਰਾ ਸਾਹਿਬ' ਨੇ ਇਸ ਬਿਪਤਾ ਦੀ ਘੜੀ ਵਿੱਚ ਆਪਣੇ ਦਰਵਾਜ਼ੇ ਸਭ ਲਈ ਖੋਲ੍ਹ ਦਿੱਤੇ ਹਨ। ਕਿਸੇ ਵੀ ਧਰਮ, ਜਾਤ ਜਾਂ ਭਾਈਚਾਰੇ ਦੇ ਭੇਦਭਾਵ ਤੋਂ ਉੱਪਰ ਉੱਠ ਕੇ ਗੁਰਦੁਆਰਾ ਸਾਹਿਬ ਨੇ ਲਗਭਗ 200 ਪੀੜਤ ਪਰਿਵਾਰਾਂ ਨੂੰ ਸ਼ਰਨ ਦਿੱਤੀ ਹੈ ਅਤੇ ਰੋਜ਼ਾਨਾ 1,500 ਤੋਂ 2,000 ਤੱਕ ਜ਼ਰੂਰਤਮੰਦਾਂ ਨੂੰ ਤਾਜ਼ਾ ਲੰਗਰ ਛਕਾਇਆ ਜਾ ਰਿਹਾ ਹੈ। ਸਿਰਫ਼ ਭੋਜਨ ਹੀ ਨਹੀਂ, ਸਗੋਂ ਬਿਜਲੀ ਦਾ ਪ੍ਰਬੰਧ ਠੱਪ ਹੋਣ 'ਤੇ ਜਨਰੇਟਰ, ਮੋਬਾਈਲ ਚਾਰਜਿੰਗ ਅਤੇ ਪੱਖਿਆਂ ਦੀ ਸੁਵਿਧਾ ਮੁਹੱਈਆ ਕਰਵਾ ਕੇ ਪ੍ਰਬੰਧਕਾਂ ਨੇ ਇਹ ਸਾਬਤ ਕਰ ਦਿੱਤਾ ਹੈ ਕਿ 'ਸਰਬੱਤ ਦੇ ਭਲੇ' ਦੀ ਅਰਦਾਸ ਸਿਰਫ਼ ਸ਼ਬਦਾਂ ਤੱਕ ਸੀਮਤ ਨਹੀਂ, ਸਗੋਂ ਇਸ ਨੂੰ ਅਮਲੀ ਜਾਮਾ ਪਹਿਨਾਉਣਾ ਹੀ ਅਸਲ ਧਰਮ ਹੈ। ਇਸ ਸਰਬੱਤ ਦੇ ਭਲੇ ਦੀ ਰਾਹਤ ਮੁਹਿੰਮ ਦੀ ਸਭ ਤੋਂ ਸੁੰਦਰ ਗੱਲ ਇਹ ਹੈ ਕਿ ਇਸ ਵਿੱਚ ਸਥਾਨਕ ਮਾਰਵਾੜੀ ਭਾਈਚਾਰਾ, ਹੋਰ ਸਮਾਜਿਕ ਸੰਸਥਾਵਾਂ ਅਤੇ ਆਮ ਨਾਗਰਿਕ ਵੀ ਰਾਸ਼ਨ ਤੇ ਜ਼ਰੂਰੀ ਸਾਮਾਨ ਦੇ ਕੇ ਪੂਰਾ ਸਹਿਯੋਗ ਪਾ ਰਹੇ ਹਨ। ਇਹ ਸਾਂਝ ਸਾਡੇ ਸਿਖ ਪੰਥ ਦੀ 'ਸਾਂਝੀਵਾਲਤਾ' ਅਤੇ ਮੁਸੀਬਤ ਸਮੇਂ ਇੱਕ-ਦੂਜੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਨ ਦੀ ਪਰੰਪਰਾ ਨੂੰ ਮਜ਼ਬੂਤ ਕਰਦੀ ਹੈ।

#### ਪ੍ਰਸ਼ਾਸਨਿਕ ਢਾਂਚੇ 'ਤੇ ਉੱਠਦੇ ਗੰਭੀਰ ਸਵਾਲ

ਹਾਲਾਂਕਿ, ਇਹ ਸਥਿਤੀ ਜਿੱਥੇ ਸਮਾਜਿਕ ਸੇਵਾ ਦਾ ਉੱਤਮ ਨਮੂਨਾ ਹੈ, ਉੱਥੇ ਹੀ ਇਹ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਦੇ ਇੰਤਜ਼ਾਮਾਂ 'ਤੇ ਵੀ ਗੰਭੀਰ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਕਾਰ ਤੋਂ ਸਿਰਫ਼ ਡਾਕਟਰਾਂ ਦੀ ਟੀਮ ਭੇਜਣ ਦੀ ਮੰਗ ਕਰਨਾ-ਅਤੇ ਦਵਾਈਆਂ ਦਾ ਖ਼ਰਚਾ ਵੀ ਆਪ ਚੁੱਕਣ ਦੀ ਪੇਸ਼ਕਸ਼ ਕਰਨਾ- ਇਹ ਦਰਸਾਉਂਦਾ ਹੈ ਕਿ ਸਰਕਾਰੀ ਸਿਹਤ ਤੰਤਰ ਜ਼ਮੀਨੀ ਪੱਧਰ 'ਤੇ ਕਿੰਨਾ ਸੁਸਤ ਹੈ। ਜਦੋਂ ਇੱਕ ਛੋਟਾ ਜਿਹਾ ਭਾਈਚਾਰਾ ਸੈਂਕੜੇ ਲੋਕਾਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਜ਼ਿੰਮਾ ਚੁੱਕ ਸਕਦਾ ਹੈ, ਤਾਂ ਸਰਕਾਰੀ ਮਸ਼ੀਨਰੀ ਡਾਕਟਰੀ ਸਹੂਲਤਾਂ ਪਹੁੰਚਾਉਣ ਵਿੱਚ ਦੇਰੀ ਕਿਉਂ ਕਰ ਰਹੀ ਹੈ?

ਜਿਵੇਂ-ਜਿਵੇਂ ਹੜ੍ਹ ਦਾ ਪਾਣੀ ਲਹਿ ਰਿਹਾ ਹੈ, ਤਿਉਂ-ਤਿਉਂ ਇੱਕ ਨਵੀਂ ਵੰਗਾਰ ਸਾਹਮਣੇ ਆ ਰਹੀ ਹੈ-ਬੀਮਾਰੀਆਂ ਦਾ ਖ਼ਤਰਾ। ਖੜ੍ਹੇ ਪਾਣੀ, ਗਾਰੇ, ਅਤੇ ਮਰੇ ਹੋਏ ਪਸ਼ੂਆਂ ਕਾਰਨ ਪਾਣੀ ਤੋਂ ਫੈਲਣ ਵਾਲੀਆਂ ਗੰਭੀਰ ਬੀਮਾਰੀਆਂ ਦਾ ਖ਼ਦਸ਼ਾ ਵਧ ਗਿਆ ਹੈ। ਅਜਿਹੇ ਵਿੱਚ ਸਿਰਫ਼ ਮੁਆਵਜ਼ੇ ਦੀਆਂ ਘੋਸ਼ਣਾਵਾਂ (ਜਿਵੇਂ ਕਿ ਮ੍ਰਿਤਕਾਂ ਦੇ ਪਰਿਵਾਰਾਂ ਲਈ 9 ਲੱਖ ਰੁਪਏ) ਕਰਨਾ ਹੀ ਕਾਫ਼ੀ ਨਹੀਂ ਹੈ। ਸਰਕਾਰ ਨੂੰ ਤੁਰੰਤ ਮੈਡੀਕਲ ਕੈਂਪ ਲਗਾਉਣੇ ਚਾਹੀਦੇ ਹਨ, ਪੀਣ ਵਾਲੇ ਸਾਫ਼ ਪਾਣੀ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਅਤੇ ਪੁਨਰਵਾਸ ਦੇ ਕੰਮਾਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ।

#### ਅੱਗੇ ਦਾ ਰਾਹ

ਕੁਦਰਤੀ ਆਫ਼ਤਾਂ ਨੂੰ ਰੋਕਣਾ ਇਨਸਾਨ ਦੇ ਵੱਸ ਵਿੱਚ ਨਹੀਂ ਹੈ, ਪਰ ਪੂਰਵ-ਤਿਆਰੀ ਅਤੇ ਸਮੇਂ ਸਿਰ ਕੀਤੇ ਗਏ ਰਾਹਤ ਕਾਰਜਾਂ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਘੱਟ ਜ਼ਰੂਰ ਕੀਤਾ ਜਾ ਸਕਦਾ ਹੈ। ਅਸਾਮ ਵਿੱਚ ਹਰ ਸਾਲ ਆਉਂਦੇ ਹੜ੍ਹਾਂ ਲਈ ਇੱਕ ਪੁਖ਼ਤਾ ਅਤੇ ਡਾਇਰੈਕਟ ਨੀਤੀ ਬਣਾਉਣ ਦੀ ਲੋੜ ਹੈ। ਸਿਵਾਸਾਗਰ ਦੇ ਗੁਰਦੁਆਰੇ ਅਤੇ 'ਸਿੱਖ ਰਾਈਡਰਜ਼' ਦਾ ਇਹ ਉਪਰਾਲਾ ਪੂਰੇ ਦੇਸ਼ ਲਈ ਪ੍ਰੇਰਨਾ ਦਾ ਸਰੋਤ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਆਤਮ-ਨਿਰਭਰ ਅਤੇ ਸੇਵਾ-ਭਾਵੀ ਸਮਾਜਿਕ ਸੰਗਠਨਾਂ ਨਾਲ ਮਿਲ ਕੇ ਕੰਮ ਕਰੇ, ਤਾਂ ਜੋ ਰਾਹਤ ਕਾਰਜਾਂ ਦਾ ਲਾਭ ਬਿਨਾਂ ਕਿਸੇ ਦੇਰੀ ਦੇ ਹਰ ਪੀੜਤ ਤੱਕ ਪਹੁੰਚਾਇਆ ਜਾ ਸਕੇ। ਆਫ਼ਤ ਦੇ ਇਸ ਦੌਰ ਵਿੱਚ ਮਾਨਵਤਾ ਦੀ ਸੇਵਾ ਹੀ ਸਭ ਤੋਂ ਵੱਡਾ ਧਰਮ ਹੈ, ਅਤੇ ਇਸ ਨੂੰ ਬਣਾਏ ਰੱਖਣਾ ਸਾਡੇ ਸਾਰਿਆਂ ਦਾ ਫ਼ਰਜ਼ ਹੈ।

## 'ਸਤਲੁਜ' ਫ਼ਿਲਮ ਤੋਂ ਪ੍ਰਭਾਵਿਤ ਹੋ ਕੇ ਹਰਿਆਣਾ ਦਾ ਸੁਨੀਲ ਪਾਣੀਪਤ ਤੋਂ ਪੈਦਲ ਯਾਤਰਾ ਕਰਕੇ ਪਹੁੰਚਿਆ ਪਿੰਡ ਖਾਲੜਾ, ਸ਼ਹੀਦ ਜਸਵੰਤ ਸਿੰਘ ਖਾਲੜਾ ਨੂੰ ਦਿੱਤੀ ਸ਼ਰਧਾਂਜਲੀ

ਭਿੱਖੀਵਿੰਡ/ਖਾਲੜਾ-ਮਨੁੱਖੀ ਅਧਿਕਾਰਾਂ ਦੇ ਅਲੰਬਰਦਾਰ ਅਤੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਸੰਘਰਸ਼ ਤੋਂ ਪ੍ਰਭਾਵਿਤ ਹੋ ਕੇ ਇੱਕ ਹਰਿਆਣਵੀ ਨੌਜਵਾਨ ਨੇ ਸ਼ਰਧਾ ਅਤੇ ਇਨਸਾਨੀਅਤ ਦੀ ਅਨੋਖੀ ਮਿਸਾਲ ਪੇਸ਼ ਕੀਤੀ ਹੈ। ਹਰਿਆਣਾ ਦੇ ਪਾਣੀਪਤ ਨੇੜਲੇ ਪਿੰਡ ਸਮਾਲਖਾ ਦਾ ਰਹਿਣ ਵਾਲਾ ਨੌਜਵਾਨ ਸੁਨੀਲ ਕੁਮਾਰ ਰਾਠੌਰ ਪਾਣੀਪਤ ਤੋਂ ਲਗਭਗ 18 ਦਿਨਾਂ ਦੀ ਪੈਦਲ ਯਾਤਰਾ ਕਰਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੱਦੀ ਪਿੰਡ ਖਾਲੜਾ ਪਹੁੰਚਿਆ। ਪਿੰਡ ਪਹੁੰਚਣ 'ਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੱਲੋਂ ਉਸ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ।



ਫ਼ਿਲਮ 'ਸਤਲੁਜ' ਨੇ ਬਦਲੀ ਸੋਚ-ਮਿਹਨਤ-ਮਜ਼ਦੂਰੀ ਕਰਕੇ ਆਪਣੇ ਪਰਿਵਾਰ ਦਾ ਪਾਲਣ-ਪੋਸ਼ਣ ਕਰਨ ਵਾਲੇ ਸੁਨੀਲ ਕੁਮਾਰ ਰਾਠੌਰ ਨੇ ਦੱਸਿਆ ਕਿ ਉਸ ਨੇ ਹਾਲ ਹੀ ਵਿੱਚ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਦੀ ਜੀਵਨੀ 'ਤੇ ਆਧਾਰਿਤ ਫ਼ਿਲਮ 'ਸਤਲੁਜ' ਦੇਖੀ ਸੀ। ਫ਼ਿਲਮ ਦੇਖਣ ਤੋਂ ਬਾਅਦ ਉਹ ਜਸਵੰਤ ਸਿੰਘ ਖਾਲੜਾ ਦੁਆਰਾ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੀ ਗਈ ਮਹਾਨ ਕੁਰਬਾਨੀ, ਉਨ੍ਹਾਂ ਦੇ ਜੀਵਨ ਅਤੇ ਸੰਘਰਸ਼ ਤੋਂ ਬਹੁਤ ਗੰਭੀਰਤਾ ਨਾਲ ਪ੍ਰਭਾਵਿਤ ਹੋਇਆ। ਇਸ ਤੋਂ ਬਾਅਦ ਉਸ ਦੇ ਮਨ ਵਿੱਚ ਆਪਣੇ ਮਹਾਨ ਨਾਇਕ ਦੇ ਜੱਦੀ ਪਿੰਡ ਜਾ ਕੇ ਨਤਮਸਤਕ ਹੋਣ ਦੀ ਇੱਛਾ ਜਾਗੀ।

18 ਦਿਨਾਂ ਦਾ ਸਫ਼ਰ ਤੈਅ ਕਰਕੇ ਪਹੁੰਚਿਆ ਖਾਲੜਾ-ਸੁਨੀਲ ਕੁਮਾਰ ਨੇ ਆਪਣੇ ਇਸ ਸ਼ਰਧਾ ਦੇ ਸਫ਼ਰ ਦੀ ਸ਼ੁਰੂਆਤ 12 ਜੁਲਾਈ ਨੂੰ ਪਾਣੀਪਤ ਤੋਂ ਕੀਤੀ ਸੀ। ਵੱਖ-ਵੱਖ ਪੜਾਵਾਂ ਅਤੇ ਸ਼ਹਿਰਾਂ ਵਿੱਚੋਂ ਲੰਘਦੇ ਹੋਏ, ਕਰੀਬ 18 ਦਿਨਾਂ ਦੀ ਨਿਰੰਤਰ ਪੈਦਲ ਯਾਤਰਾ ਤੋਂ ਬਾਅਦ ਉਹ ਅੱਜ ਪਿੰਡ ਖਾਲੜਾ ਵਿਖੇ ਪਹੁੰਚਿਆ।

ਖਾਲੜਾ ਪਹੁੰਚ ਕੇ ਸੁਨੀਲ ਕੁਮਾਰ ਨੇ ਸਭ ਤੋਂ ਪਹਿਲਾਂ 'ਸ਼ਹੀਦ ਜਸਵੰਤ ਸਿੰਘ ਖਾਲੜਾ ਸਟੇਡੀਅਮ' ਵਿੱਚ ਸਥਾਪਤ ਬੁੱਤ ਅੱਗੇ ਝੁਕ ਕੇ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਉਪਰੰਤ ਉਹ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੱਦੀ ਘਰ ਵੀ ਗਿਆ ਅਤੇ ਪਰਿਵਾਰਕ ਯਾਦਾਂ ਨੂੰ ਸਤਿਕਾਰ ਦਿੱਤਾ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਅਗਸਤ ਮਹੀਨਾ 2026

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਮਹੀਨੇ ਦੇ ਸ਼ੁਰੂ ਵਿੱਚ ਨਵੇਂ ਕੰਮ ਦੀ ਯੋਜਨਾ ਬਣੇਗੀ। ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਪਰਿਵਾਰ ਵਿੱਚ ਸ਼ੁਭ ਕੰਮਾਂ 'ਤੇ ਖਰਚਾ ਹੋਵੇਗਾ। ਸਰੀਰਕ ਕਸ਼ਟ ਦੇ ਵੀ ਯੋਗ ਹਨ। ਆਪਣੇ ਚਹੇਤਿਆਂ ਦੇ ਸਾਥ ਸਦਕਾ ਨਵੇਂ ਪ੍ਰੋਗਰਾਮ ਸਿਰੇ ਚੜ੍ਹਨਗੇ। ਇਸਤਰੀ ਅਤੇ ਸੰਤਾਨ ਸੰਬੰਧੀ ਸ਼ੁਭ ਸੂਚਨਾ ਮਿਲੇਗੀ। ਵਿੱਦਿਆਰਥੀਆਂ ਨੂੰ ਸੁਖਾਵੇਂ ਘਰੇਲੂ ਮਾਹੌਲ ਕਾਰਨ ਖੁਸ਼ੀ ਮਿਲੇਗੀ। ਇਸਤਰੀਆਂ ਨੂੰ ਸੰਤਾਨ ਸਬੰਧੀ ਸੁੱਖ ਮਿਲੇ-ਗਾ, ਪਰ ਗੁਪਤ ਚਿੰਤਾ ਕਾਰਨ ਮਨ ਪ੍ਰੇਸ਼ਾਨ ਰਹੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਖਾਸ ਵਿਅਕਤੀਆਂ ਦੀ ਸਹਾਇਤਾ ਨਾਲ ਕਿਸੇ ਮਹੱਤਵਪੂਰਨ ਕੰਮ ਹੋਣ ਦੇ ਯੋਗ ਬਣਨਗੇ। ਨੌਕਰੀ ਵਿੱਚ ਤਰੱਕੀ ਹੋਵੇਗੀ, ਪਰ ਫਜ਼ੂਲ ਦਾ ਤਣਾਅ ਰਹੇਗਾ। ਨਵੇਂ ਸੰਬੰਧੀਆਂ ਨਾਲ ਮੁਲਾਕਾਤ ਹੋਵੇਗੀ। ਮਿਹਨਤ ਕਰਨ 'ਤੇ ਹੀ ਆਮਦਨ ਦੇ ਸਾਧਨਾਂ ਵਿੱਚ ਵਾਧਾ ਹੋਵੇਗਾ। ਵਿੱਦਿਆਰਥੀ ਵਰਗ ਨੂੰ ਸੰਘਰਸ਼ ਅਤੇ ਮਿਹਨਤ ਕਰਨੀ ਪਵੇਗੀ। ਫਜ਼ੂਲ ਦੇ ਵਾਦ-ਵਿਵਾਦ ਤੋਂ ਬਚਣ ਦੀ ਲੋੜ ਹੈ। ਆਪਣੇ ਮਾਤਾ-ਪਿਤਾ ਕੋਲ ਬੈਠ ਕੇ ਪਰਿ-ਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤਿਆਂ ਵਿੱਚ ਤਾਜ਼ਗੀ ਬਣੀ ਰਹੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਇਸ ਸਮੇਂ ਦੌਰਾਨ ਘਰੇਲੂ ਸਹਿਯੋਗ ਅਤੇ ਉੱਚ-ਪੱਧਰੀ ਦੋਸਤਾਂ ਦੇ ਮੇਲ-ਜੋਲ ਨਾਲ ਧਨ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਸਵਾਰੀ ਆਦਿ ਸੁੱਖ-ਸਾਧਨਾਂ 'ਤੇ ਖਰਚ ਹੋਵੇਗਾ। ਪਰ ਮਾਨਸਿਕ ਤਣਾਅ ਅਤੇ ਕਾਰੋਬਾਰੀ ਰੁਕਾਵਟਾਂ ਵੱਧਣਗੀਆਂ। ਧਾਰਮਿਕ ਕੰਮਾਂ ਵੱਲ ਰੁਝਾਨ ਹੋਵੇਗਾ। ਦੇਸ਼-ਵਿਦੇਸ਼ ਸੰਬੰਧੀ ਕੰਮ ਵਿੱਚ ਤਰੱਕੀ ਅਤੇ ਯਾਤਰਾ ਦਾ ਵੀ ਯੋਗ ਹੈ। ਨਵੇਂ ਕੰਮ ਦੀ ਯੋਜਨਾ ਵਿੱਚ ਰੁਕਾਵਟਾਂ ਦੇ ਬਾਵਜੂਦ ਸਫਲਤਾ ਦੇ ਆਸਾਰ ਵੱਧਣਗੇ। ਫਜ਼ੂਲ ਦੇ ਵਾਦ-ਵਿਵਾਦ ਤੋਂ ਬਚਣ ਦੀ ਲੋੜ ਹੈ। ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਭ ਰਹੇਗਾ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਇਸ ਸਮੇਂ ਮਨੋਰੰਜਨ ਆਦਿ ਕੰਮਾਂ 'ਤੇ ਖਰਚ ਜ਼ਿਆਦਾ ਹੋਵੇਗਾ। ਲਾਭ ਘੱਟ ਅਤੇ ਘਰੇਲੂ ਉਲਝਣਾਂ ਕਰਕੇ ਮਾਨਸਿਕ ਤਣਾਅ ਰਹੇਗਾ। ਨੌਕਰੀ ਅਤੇ ਵਪਾਰ ਵਿੱਚ ਰੁਕਾਵਟਾਂ ਦੇ ਹੁੰਦੇ ਹੋਏ ਲਾਭ ਦੇ ਘੱਟ ਮੌਕੇ ਮਿਲਣਗੇ। ਕਿਸੇ ਖਾਸ ਆਦਮੀ ਨਾਲ ਮੁਲਾਕਾਤ ਫਾਇਦੇਮੰਦ ਰਹੇਗੀ। ਸ਼ੁਭ ਕੰਮ 'ਤੇ ਵਧੇਰੇ ਖਰਚ ਹੋਵੇਗਾ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ, ਇਸ ਲਈ ਹਰ ਕਦਮ 'ਤੇ ਧਿਆਨ ਦੇਣ ਦੀ ਲੋੜ ਹੈ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ, ਚੰਗਾ ਸੋਚੋ ਅਤੇ ਚੰਗਾ ਕਰੋ। ਕਾਮਯਾਬੀ ਅਵੱਸ਼ ਮਿਲੇਗੀ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਵਪਾਰ ਅਤੇ ਨੌਕਰੀ ਵਿੱਚ ਤਰੱਕੀ ਦੇ ਵਸੀਲੇ ਵੱਧਣਗੇ। ਇਸ ਸਮੇਂ ਵਿਲਾਸ ਆਦਿ ਕੰਮਾਂ 'ਤੇ ਜ਼ਿਆਦਾ ਖਰਚ ਹੋਵੇਗਾ। ਵਿਦੇਸ਼ ਵਿੱਚ ਪੱਤਰ ਵਿਹਾਰ ਹੋਵੇਗਾ ਅਤੇ ਸ਼ੁਭ ਸਮਾਚਾਰ ਵੀ ਮਿਲੇਗਾ। ਘਰ ਵਿੱਚ ਆਰਥਿਕ ਉਤਸਵ ਹੋਵੇਗਾ। ਸਵਾਰੀ ਆਦਿ ਖਰੀਦਣ ਦਾ ਸਾਧਨ ਬਣੇਗਾ। ਆਮਦਨੀ ਵਿੱਚ ਵਾਧਾ ਹੋਵੇਗਾ ਅਤੇ ਅਚਾਨਕ ਯਾਤਰਾ ਦੇ ਵੀ ਯੋਗ ਹਨ। ਇਸ ਸਭ ਦੇ ਬਾਵਜੂਦ ਫਜ਼ੂਲ ਦੇ ਵਾਦ-ਵਿਵਾਦ ਤੋਂ ਬਚਣ ਵਿੱਚ ਹੀ ਭਲਾਈ ਹੈ। ਚੰਗੇ ਕਰਮ ਕਰੋ ਅਤੇ ਚੰਗੇ ਲੋਕਾਂ ਦੀ ਸੰਗਤ ਵਿੱਚ ਬੈਠੋ, ਮਨ ਨੂੰ ਸ਼ਾਂਤੀ ਮਿਲੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਇਸ ਸਮੇਂ ਵਿਦੇਸ਼ ਸਬੰਧੀ ਕੰਮਾਂ ਵਿੱਚ ਹਿੱਲ-ਡੁੱਲ ਹੋਵੇਗੀ। ਧਨ ਲਾਭ ਦੇ ਸਾਧਨ ਬਣਨਗੇ। ਬਹੁਤ ਸਖਤ ਮਿਹਨਤ ਤੋਂ ਬਾਅਦ ਸਰਕਾਰ ਵੱਲੋਂ ਲਾਭ ਅਤੇ ਤਰੱਕੀ ਦੇ ਮੌਕੇ ਮਿਲਣਗੇ। ਇਸਤਰੀ ਸੁੱਖ ਅਤੇ ਸਵਾਰੀ ਸੁੱਖ ਦੀ ਪ੍ਰਾਪਤੀ ਹੋਵੇਗੀ। ਵਿੱਦਿਆਰਥੀ ਵਰਗ ਨੂੰ ਭਵਿੱਖ ਵਿੱਚ ਅੱਗੇ ਵਧਣ ਲਈ ਰੁਕਾਵਟਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਸਮਤ ਨਾਲ ਹੀ ਲਾਭ ਪ੍ਰਾਪਤ ਹੋਵੇਗਾ। ਇਸ ਸਮੇਂ ਧੋਖਾ ਵੀ ਮਿਲਣ ਦੇ ਯੋਗ ਹਨ, ਸਾਵਧਾਨੀ ਵਰਤੋ। ਗੁਰੂ ਘਰ ਜਾ ਕੇ ਲੰਗਰ ਆਦਿ ਵਿੱਚ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਸੰਘਰਸ਼ ਦੇ ਬਾਵਜੂਦ ਧਨ ਲਾਭ ਦੇ ਸਾਧਨ ਬਣਦੇ ਰਹਿਣਗੇ। ਜ਼ਮੀਨ-ਜਾਇਦਾਦ ਅਤੇ ਸਵਾਰੀ ਆਦਿ 'ਤੇ ਜ਼ਿਆਦਾ ਖਰਚ ਹੋਵੇਗਾ। ਇਸਤਰੀ ਸੁੱਖ ਅਤੇ ਪਰਿਵਾਰ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ। ਇਸ ਸਮੇਂ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਧਨ ਦਾ ਨੁਕਸਾਨ, ਘਰੇਲੂ ਅਤੇ ਕਾਰੋਬਾਰੀ ਉਲਝਣਾਂ ਕਾਰਨ ਮਨ ਪ੍ਰੇਸ਼ਾਨ ਰਹੇਗਾ। ਫਜ਼ੂਲ ਖਰਚੀ ਵਧੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦੇ ਯੋਗ ਹਨ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਇਸ ਸਮੇਂ ਦੌਰਾਨ ਕਿਸੇ ਨਤੀਜੇ ਦੇ ਸਬੰਧ ਵਿੱਚ ਬੇਚੈਨੀ ਰਹੇਗੀ। ਸਿਹਤ ਪੱਖੋਂ ਫਿਕਰ ਅਤੇ ਨਜ਼ਦੀਕੀ ਬੰਧੂਆਂ ਦੇ ਸਹਿਯੋਗ ਵਿੱਚ ਕਮੀ ਹੋਵੇਗੀ। ਆਪਣੇ ਵੀ ਪਰਾਇਆਂ ਵਰਗਾ ਬਰਤਾਵ ਕਰਨਗੇ। ਉਦਯੋਗ ਧੰਦੇ ਦੀ ਹਾਲਤ ਵਿੱਚ ਸੁਧਾਰ ਹੋਵੇਗਾ। ਧਨ ਲਾਭ ਦੇ ਰਸਤੇ ਖੁੱਲਣਗੇ। ਪਰਿਵਾਰ ਵਿੱਚ ਸ਼ੁਭ ਚਾਹੁਨ ਵਾਲਿਆਂ ਦੇ ਵਿਹਾਰ ਵਿੱਚ ਤਬਦੀਲੀ ਆਵੇਗੀ। ਪਰਿਵਾਰਕ ਮਾਹੌਲ ਸੁਖਦ ਬਣੇਗਾ। ਅਚਾਨਕ ਯਾਤਰਾ ਦੇ ਵੀ ਯੋਗ ਬਣ ਸਕਦੇ ਹਨ। ਵਿੱਦਿਆਰਥੀਆਂ ਨੂੰ ਕੁਝ ਪ੍ਰੇਸ਼ਾਨੀ ਹੋ ਸਕਦੀ ਹੈ। ਰੋਜ਼ਾਨਾ ਨਿੱਤਨੇਮ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਸਿਹਤ ਢਿੱਲੀ ਅਤੇ ਖਰਚਾ ਜ਼ਿਆਦਾ ਹੋਵੇਗਾ। ਕਾਫੀ ਗੁੰਝਲਦਾਰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਣਗੀਆਂ। ਇਸਤਰੀ ਵਰਗ ਆਪਣੀ ਸਿਹਤ ਦਾ ਖਾਸ ਧਿਆਨ ਰੱਖਣ। ਪਰ ਪੁਰਸ਼/ਔਰਤ ਨਾਲ ਸੰਬੰਧ ਕਾਰਨ ਪ੍ਰੇਸ਼ਾਨੀ ਹੋਵੇਗੀ। ਗੁੱਸੇ ਨੂੰ ਕਾਬੂ ਵਿੱਚ ਰੱਖੋ। ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਵਿਦੇਸ਼ੀ ਸਬੰਧੀ ਕੰਮਾਂ ਵਿੱਚ ਤਰੱਕੀ ਹੋਵੇਗੀ। ਸੈਰ-ਸਪਾਟਾ ਹੋਣ ਦੇ ਵੀ ਯੋਗ ਬਣਨਗੇ। ਪਰਿਵਾਰ ਦੀਆਂ ਗੱਲਾਂ ਬਾਤਾਂ ਸਾਂਝੀਆਂ ਕਰੋ, ਰਿਸ਼ਤਿਆਂ ਵਿੱਚ ਮਜ਼ਬੂਤੀ ਆਵੇਗੀ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਵਧੇਰੇ ਮੁਸ਼ਕਿਲ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਧਨ ਲਾਭ ਦੇ ਰਸਤੇ ਖੁੱਲਣਗੇ। ਖਾਸ ਰਿਸ਼ਤੇਦਾਰ ਨਾਲ ਮੇਲ ਹੋਵੇਗਾ। ਕਿਸੇ ਦੋਸਤ ਨਾਲ ਅਣਬਣ ਹੋ ਸਕਦੀ ਹੈ। ਅਚਾਨਕ ਪਰਿਵਾਰ ਨਾਲ ਯਾਤਰਾ ਕਰਨੀ ਪੈ ਸਕਦੀ ਹੈ। ਫਜ਼ੂਲ ਦੀ ਦੌੜ-ਭੱਜ ਹੋਵੇਗੀ ਅਤੇ ਖਰਚ ਵੀ ਜ਼ਿਆਦਾ ਰਹਿਣਗੇ। ਸਾਂਝੇਦਾਰੀ ਦੇ ਕੰਮ ਵਿੱਚ ਲਾਭ ਮਿਲ ਸਕਦਾ ਹੈ, ਪਰ ਸਾਵਧਾਨੀ ਵਰਤਣ ਵਿੱਚ ਹੀ ਸਮਝਦਾਰੀ ਹੈ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਇਹ ਸਮਾਂ ਸ਼ੁਭ ਫਲ ਦੇਣ ਵਾਲਾ ਰਹੇਗਾ। ਤਰੱਕੀ ਅਤੇ ਧਨ ਲਾਭ ਦੇ ਮੌਕੇ ਮਿਲਣਗੇ। ਘਰੇਲੂ ਜੀਵਨ ਸੁਖੀ ਰਹੇਗਾ। ਰੁਕੇ ਹੋਏ ਕੰਮ ਪੂਰੇ ਹੋਣਗੇ। ਉੱਚ ਅਧਿਕਾਰੀਆਂ ਨਾਲ ਮੇਲ-ਜੋਲ ਵਧੇਗਾ। ਪਰਿਵਾਰ ਵਿੱਚ ਖੁਸ਼ੀ ਦੇ ਮੌਕੇ ਮਿਲਣਗੇ। ਸੁੱਖ ਦੇ ਸਾਧਨ ਵੱਧਣਗੇ। ਇੱਜ਼ਤ ਮਾਣ ਵਧੇਗਾ। ਧਰਮ-ਕਰਮ ਵੱਲ ਰੁਚੀ ਰਹੇਗੀ। ਆਮਦਨ ਘੱਟ ਅਤੇ ਖਰਚ ਜ਼ਿਆਦਾ ਹੋਣਗੇ। ਨਸ਼ਿਆਂ ਦੇ ਕੋਹੜ ਤੋਂ ਆਪਣੇ ਆਪ ਨੂੰ ਦੂਰ ਰੱਖੋ ਅਤੇ ਆਪਣੇ ਪਰਿਵਾਰ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਿਤ ਕਰੋ, ਸਮਾਜ ਵਿੱਚ ਮਾਣ-ਇੱਜ਼ਤ ਵਧੇਗਾ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਬਹੁਤ ਜ਼ਿਆਦਾ ਭੱਜ-ਦੌੜ ਅਤੇ ਮਿਹਨਤ ਕਰਨ 'ਤੇ ਹੀ ਆਮਦਨ ਦੇ ਵਸੀਲੇ ਬਣਨਗੇ। ਕਿਸੇ ਸ਼ੁਭ ਕਾਰਜ 'ਤੇ ਵਧੇਰੇ ਧਨ ਖਰਚ ਹੋਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਕਿਸੇ ਰੁਕੇ ਹੋਏ ਕੰਮ ਵਿੱਚ ਤੇਜ਼ੀ ਆਵੇਗੀ। ਜਲਦਬਾਜ਼ੀ ਵਿੱਚ ਕੀਤੇ ਗਏ ਕੰਮ ਨੁਕਸਾਨਦੇਹ ਹੋ ਸਕਦੇ ਹਨ। ਵਿੱਦਿਆਰਥੀ ਵਰਗ ਨੂੰ ਭਵਿੱਖ ਲਈ ਸੋਚ-ਵਿਚਾਰ ਕਰਕੇ ਸਮੇਂ ਦਾ ਉਪਯੋਗ ਕਰਨਾ ਸ਼ੁਭ ਰਹੇਗਾ। ਪ੍ਰਮਾਤਮਾ ਸਾਡੇ ਅੰਗ-ਸੰਗ ਹੈ ਅਤੇ ਉਸ ਕੋਲੋਂ ਕੁਝ ਵੀ ਲੁਕਿਆ-ਛਿਪਿਆ ਨਹੀਂ।


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਉਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com



ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: M: 07966 388 388

# ਭਾਰਤ ਦੀ ਆਜ਼ਾਦੀ ਦੀ ਸ਼ੇਰਨੀ: ਮਹਾਰਾਣੀ ਜਿੰਦ ਕੌਰ

**ਇਕਬਾਲ ਸਿੰਘ ਲਾਲਪੁਰਾ**



ਭਾਰਤ ਦੇ ਆਜ਼ਾਦੀ ਸੰਘਰਸ਼ ਦੇ ਇਤਿਹਾਸ ਵਿੱਚ ਇੱਕ ਅਜਿਹਾ ਨਾਮ ਹੈ ਜਿਸ ਤੋਂ ਬ੍ਰਿਟਿਸ਼ ਸਾਮਰਾਜ ਆਪਣੀ ਜਿੱਤ ਤੋਂ ਬਾਅਦ ਵੀ ਡਰਦਾ ਰਿਹਾ, ਪਰ ਜਿਸ ਨੂੰ ਆਜ਼ਾਦ ਭਾਰਤ ਨੇ ਉਹ ਸਥਾਨ ਨਹੀਂ ਦਿੱਤਾ ਜਿਸ ਦੀ ਉਹ ਹੱਕਦਾਰ ਸੀ। ਉਹ ਨਾਮ ਹੈ ਮਹਾਰਾਣੀ ਜਿੰਦ ਕੌਰ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਸਭ ਤੋਂ ਛੋਟੀ ਰਾਣੀ, ਮਹਾਰਾਜਾ ਦਲੀਪ ਸਿੰਘ ਦੀ ਮਾਤਾ ਅਤੇ ਸਿੱਖ ਸਾਮਰਾਜ ਦੀ ਆਖ਼ਰੀ ਅਸਲ ਸਰਪ੍ਰਸਤ ਸੀ। ਬ੍ਰਿਟਿਸ਼ ਸਰਕਾਰ ਦੇ ਆਪਣੇ ਗੁਪਤ ਦਸਤਾਵੇਜ਼, ਪ੍ਰਸ਼ਾਸਕੀ ਰਿਪੋਰਟਾਂ ਅਤੇ ਗਵਰਨਰ ਜਨਰਲ ਲਾਰਡ ਡਲਹੌਜ਼ੀ ਦੇ ਪੱਤਰ ਇਹ ਸਾਬਤ ਕਰਦੇ ਹਨ ਕਿ ਭਾਰਤ ਵਿੱਚ ਕਿਸੇ ਵੀ ਔਰਤ ਤੋਂ ਜੇਕਰ ਬ੍ਰਿਟਿਸ਼ ਸਭ ਤੋਂ ਵੱਧ ਡਰਦੇ ਸਨ ਤਾਂ ਉਹ ਮਹਾਰਾਣੀ ਜਿੰਦ ਕੌਰ ਸੀ। ਡਲਹੌਜ਼ੀ ਨੇ ਉਸ ਬਾਰੇ ਲਿਖਿਆ

"She has the only manly understanding in the Punjab."

ਇਹ ਪ੍ਰਸ਼ੰਸਾ ਨਹੀਂ ਸੀ, ਇਹ ਇੱਕ ਸਾਮਰਾਜ ਦੇ ਡਰ ਦੀ ਮਨੋਦਸ਼ਾ ਸੀ।

1840 ਦੇ ਦਹਾਕੇ ਵਿੱਚ ਜਦੋਂ ਸਿੱਖ ਸਾਮਰਾਜ ਅੰਦਰੂਨੀ ਸਾਜ਼ਿਸ਼ਾਂ ਅਤੇ ਬਾਹਰੀ ਬ੍ਰਿਟਿਸ਼ ਦਖ਼ਲਅੰਦਾਜ਼ੀ ਨਾਲ ਘਿਰਿਆ ਹੋਇਆ ਸੀ, ਮਹਾਰਾਣੀ ਜਿੰਦ ਕੌਰ ਨੇ ਸਰਦਾਰਾਂ ਨੂੰ ਇਕੱਠਾ ਕਰਕੇ ਖ਼ਾਲਸਾ ਰਾਜ ਨੂੰ ਬਚਾਉਣ ਦਾ ਯਤਨ ਕੀਤਾ। ਹੈਨਰੀ ਲਾਰੈਂਸ ਨੇ ਆਪਣੀਆਂ ਰਿਪੋਰਟਾਂ ਵਿੱਚ ਲਿਖਿਆ ਕਿ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਇੱਕ ਸੁਤੰਤਰ ਸਰਕਾਰ ਨੂੰ ਮੁੜ ਸਥਾਪਿਤ ਕਰਨ ਲਈ ਸਨ। ਸਰ ਫਰੈਡਰਿਕ ਕਰੀ ਨੇ ਉਸਨੂੰ "the rallying point of rebellion" ਕਿਹਾ, ਜਦਕਿ ਹੋਰ ਅਧਿਕਾਰੀਆਂ ਨੇ ਉਸਨੂੰ "a serious obstacle to British rule in India" ਅਤੇ "a threat to their power" ਕਰਾਰ ਦਿੱਤਾ।

1849 ਵਿੱਚ ਦੂਜੇ ਅੰਗਰੇਜ਼-ਸਿੱਖ ਯੁੱਧ ਤੋਂ ਬਾਅਦ ਪੰਜਾਬ ਬ੍ਰਿਟਿਸ਼ ਸਾਮਰਾਜ ਵਿੱਚ ਮਿਲਾ ਦਿੱਤਾ ਗਿਆ। ਪਰ ਜਿੱਤਣ ਤੋਂ ਬਾਅਦ ਵੀ ਬ੍ਰਿਟਿਸ਼ਾਂ ਨੂੰ ਇਹ ਵਿਸ਼ਵਾਸ ਨਹੀਂ ਸੀ ਕਿ ਉਹ ਪੰਜਾਬ ਨੂੰ ਸੁਰੱਖਿਅਤ ਰੱਖ ਸਕਣਗੇ ਜੇ ਮਹਾਰਾਣੀ ਜਿੰਦ ਕੌਰ ਆਜ਼ਾਦ ਰਹੀ। ਲਾਰਡ ਡਲਹੌਜ਼ੀ ਨੇ ਲਿਖਿਆ ਕਿ ਜੇ ਉਹ ਪੰਜਾਬ ਵਾਪਸ ਆ ਗਈ ਤਾਂ ਬ੍ਰਿਟਿਸ਼ ਰਾਜ ਲਈ ਸਭ ਤੋਂ ਵੱਡਾ ਖ਼ਤਰਾ ਪੈਦਾ ਹੋ ਜਾਵੇਗਾ।

ਇਸੇ ਡਰ ਕਾਰਨ ਪਹਿਲਾਂ ਉਸਨੂੰ ਸ਼ੇਖੂਪੁਰਾ ਅਤੇ ਫਿਰ ਚੁਨਾਰ ਦੇ ਅਭੇਦ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ। ਕੈਪਟਨ ਲਿਮਸਡਨ, ਲੈਫਟੀਨੈਂਟ ਹਡਸਨ ਅਤੇ ਹੋਰ ਅਧਿਕਾਰੀ ਦਿਨ-ਰਾਤ ਉਸ ਦੀ ਨਿਗਰਾਨੀ ਕਰਦੇ ਸਨ। ਬ੍ਰਿਟਿਸ਼ ਰਿਕਾਰਡਾਂ ਵਿੱਚ ਸਾਫ਼ ਦਰਜ ਹੈ ਕਿ ਉਸ ਦੀ ਹਰ ਹਰਕਤ 'ਤੇ ਨਜ਼ਰ ਰੱਖੀ ਜਾਂਦੀ ਸੀ, ਕਿਉਂਕਿ ਉਹ ਮੰਨਦੇ ਸਨ ਕਿ ਉਹ ਪੰਜਾਬ ਵਿੱਚ ਬਗਾਵਤ ਦੀ ਚਿੰਗਾਰੀ ਨੂੰ ਮੁੜ ਭੜਕਾ ਸਕਦੀ ਹੈ। ਪਰ ਇਤਿਹਾਸ ਨੇ 19 ਅਪ੍ਰੈਲ 1849 ਦੀ ਰਾਤ ਇੱਕ ਅਜਿਹਾ ਅਧਿਆਇ ਲਿਖਿਆ ਜਿਸ ਨੇ ਬ੍ਰਿਟਿਸ਼ ਸਾਮਰਾਜ ਦੀ ਸ਼ਾਨ ਨੂੰ ਝੰਜੋੜ ਦਿੱਤਾ। ਮਹਾਰਾਣੀ ਜਿੰਦ ਕੌਰ, ਜਿਸ ਨੂੰ ਸਭ ਤੋਂ ਸੁਰੱਖਿਅਤ ਕਿਲ੍ਹੇ ਵਿੱਚ ਕੈਦ ਕੀਤਾ ਗਿਆ ਸੀ, ਸਖ਼ਤ ਪਹਿਰੇ ਦੇ ਬਾਵਜੂਦ ਚੁਨਾਰ ਤੋਂ ਨਿਕਲ ਗਈ। ਕਰੀਬ ਇਕ ਮਹੀਨੇ ਵਿੱਚ ਲਗਭਗ ਪੰਜ ਸੌ ਕਿਲੋਮੀਟਰ ਦਾ ਕਠਿਨ ਸਫ਼ਰ ਕਰਕੇ ਉਹ ਨੇਪਾਲ ਦੀ ਰਾਜਧਾਨੀ ਕਾਠਮੰਡੂ ਪਹੁੰਚ ਗਈ।

ਜਦੋਂ ਬ੍ਰਿਟਿਸ਼ ਅਧਿਕਾਰੀ ਉਸਦੇ ਕਮਰੇ ਵਿੱਚ ਪਹੁੰਚੇ ਤਾਂ ਉੱਥੇ ਸਭ ਕੁਝ ਸਲੀਕੇ ਨਾਲ ਸੀ। ਚਾਰਪਾਈ ਉੱਤੇ ਇੱਕ ਚਿੱਠੀ ਪਈ ਸੀ ਅਤੇ ਕੁਝ ਸਿੱਕੇ ਫਰਸ਼ ਉੱਤੇ ਰੱਖੇ ਸਨ। ਇਤਿਹਾਸਕਾਰ ਕ੍ਰਿਸਟੀ ਕੈਂਪਬੈਲ ਲਿਖਦਾ ਹੈ ਕਿ ਮਹਾਰਾਣੀ ਨੇ ਉਹ ਸਿੱਕੇ ਇਹ ਕਹਿ ਕੇ ਛੱਡੇ ਸਨ ਕਿ ਇਹ ਉਸ ਦੀ ਕੈਦ ਦੌਰਾਨ ਮਿਲੀ "ਮਹਿਮਾਨ-ਨਿਵਾਜ਼ੀ" ਦੀ ਕੀਮਤ ਹੈ। ਇਹ ਸਿਰਫ਼ ਤਨਜ਼ ਨਹੀਂ ਸੀ; ਇਹ ਜਿੱਤ ਦਾ ਐਲਾਨ ਸੀ।

ਆਪਣੀ ਫ਼ਾਰਸੀ ਵਿੱਚ ਲਿਖੀ ਚਿੱਠੀ ਵਿੱਚ ਮਹਾਰਾਣੀ ਨੇ ਬ੍ਰਿਟਿਸ਼ਾਂ ਨੂੰ ਚੁਣੌਤੀ ਦਿੰਦਿਆਂ ਲਿਖਿਆ-"ਇਹ ਨਾ ਸਮਝਣਾ ਕਿ ਮੈਂ ਭੱਜ ਗਈ ਹਾਂ। ਚੰਗੀ ਤਰ੍ਹਾਂ ਜਾਣ ਲਵੋ ਕਿ ਮੈਂ ਆਪਣੇ ਬਲਬੂਤੇ 'ਤੇ ਨਿਕਲੀ ਹਾਂ; ਕਿਸੇ ਦੀ ਮਦਦ ਨਾਲ ਨਹੀਂ।"

ਇਹ ਸ਼ਬਦ ਇੱਕ ਕੈਦੀ ਦੇ ਨਹੀਂ, ਸਗੋਂ ਇੱਕ ਖ਼ੁਦਮੁਖ਼ਤਿਆਰ ਸ਼ਾਸਕ ਦੇ ਸਨ।

ਮਹਾਰਾਣੀ ਦੇ ਨੇਪਾਲ ਪਹੁੰਚਣ ਨਾਲ ਬ੍ਰਿਟਿਸ਼ ਸਰਕਾਰ ਵਿੱਚ ਹੜਕੰਪ ਮਚ ਗਿਆ। ਤੁਰੰਤ ਜਾਂਚ ਕਮੇਟੀ ਬਣਾਈ ਗਈ। ਰਿਪੋਰਟਾਂ ਵਿੱਚ ਮੰਨਿਆ ਗਿਆ ਕਿ ਕਿਲ੍ਹੇ ਦੇ ਕਰਮਚਾਰੀ ਉਸਦੇ ਵਿਅਕਤੀਤਵ ਤੋਂ ਪ੍ਰਭਾਵਿਤ ਸਨ ਅਤੇ ਸਥਾਨਕ ਲੋਕ ਉਸ ਪ੍ਰਤੀ ਅਸਾਧਾਰਣ ਸਤਿਕਾਰ ਰੱਖਦੇ ਸਨ।


ਕਾਠਮੰਡੂ ਪਹੁੰਚ ਕੇ ਮਹਾਰਾਣੀ ਜਿੰਦ ਕੌਰ ਨੇ ਨੇਪਾਲ ਦੇ ਮਹਾਰਾਜਾ ਰਾਜੇਂਦਰ ਵਿਕ੍ਰਮ ਸ਼ਾਹ ਅਤੇ ਦੇਸ਼ ਦੇ ਪ੍ਰਭਾਵਸ਼ਾਲੀ ਪ੍ਰਧਾਨ ਮੰਤਰੀ ਜੰਗ ਬਹਾਦਰ ਰਾਣਾ ਨਾਲ ਮੁਲਾਕਾਤ ਕੀਤੀ। ਸ਼ੁਰੂ ਵਿੱਚ ਬ੍ਰਿਟਿਸ਼ ਦਬਾਅ ਕਾਰਨ ਨੇਪਾਲ ਸਰਕਾਰ ਦੁਵਿਧਾ ਵਿੱਚ ਸੀ, ਪਰ ਅੰਤ ਵਿੱਚ ਮਹਾਰਾਣੀ ਨੂੰ ਰਾਜਨੀਤਿਕ ਸ਼ਰਨ ਦਿੱਤੀ ਗਈ। ਬ੍ਰਿਟਿਸ਼ ਸਰਕਾਰ ਨੇ ਨੇਪਾਲ ਦਰਬਾਰ 'ਤੇ ਲਗਾਤਾਰ ਦਬਾਅ ਬਣਾਇਆ ਕਿ ਮਹਾਰਾਣੀ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ, ਪਰ ਇਹ ਯਤਨ ਸਫ਼ਲ ਨਾ ਹੋ ਸਕੇ।

ਨੇਪਾਲ ਵਿੱਚ ਲਗਭਗ ਗਿਆਰਾਂ ਸਾਲ ਦੇ ਜਲਾਵਤਨ ਜੀਵਨ ਨੇ ਮਹਾਰਾਣੀ ਦੀ ਸਿਹਤ ਨੂੰ ਬਹੁਤ ਪ੍ਰਭਾਵਿਤ ਕੀਤਾ। ਲਗਾਤਾਰ ਕੈਦ, ਵਿਛੋੜਾ, ਦੁੱਖ ਅਤੇ ਸੰਘਰਸ਼ ਕਾਰਨ ਉਸਦੀ ਨਜ਼ਰ ਹੌਲੀ-ਹੌਲੀ ਜਾਂਦੀ ਰਹੀ। ਜਦੋਂ 1861 ਵਿੱਚ ਉਸਦੀ ਆਪਣੇ ਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਕਲਕੱਤਾ ਵਿੱਚ ਮੁਲਾਕਾਤ ਹੋਈ ਤਾਂ ਉਹ ਲਗਭਗ ਪੂਰੀ ਤਰ੍ਹਾਂ ਨੇਤਰਹੀਣ ਹੋ ਚੁੱਕੀ ਸੀ। ਦਲੀਪ ਸਿੰਘ ਨੇ ਕਈ ਸਾਲਾਂ ਬਾਅਦ ਆਪਣੀ ਮਾਂ ਨੂੰ ਪਛਾਣਿਆ ਅਤੇ ਮਾਂ ਨੇ ਆਪਣੇ ਪੁੱਤਰ ਨੂੰ ਛੂਹ ਕੇ ਪਛਾਣਿਆ। ਮਹਾਰਾਜਾ ਦਲੀਪ ਸਿੰਘ ਦੇ ਸਿਰ ਨਾ ਵੇਖ ਕਿ ਆਖਿਆ ਸੀ ਮੇਨੂ, ਸ਼ੇਰੇ ਪੰਜਾਬ ਵਰਗੇ ਪਤੀ ਤੇ ਆਜ਼ਾਦ ਦੇਸ਼ ਜਾਣ ਦਾ ਦੁੱਖ ਇਨ੍ਹਾਂ ਨਹੀਂ ਸੀ, ਜਿੰਨਾ ਤੇਰੇ ਕੇਸ ਕਤਲ ਕਰਵਾਉਣ ਦਾ ਹੋਇਆ ਹੈ, ਤੂੰ ਮੇਰਾ ਪੁੱਤਰ ਨਹੀਂ ਹੋ ਸਕਦਾ। ਇਹ ਸਿੱਖ ਇਤਿਹਾਸ ਦੇ ਸਭ ਤੋਂ ਦੁੱਖੀ ਪਲਾਂ ਵਿੱਚੋਂ ਇੱਕ ਹੈ।

ਇਸ ਤੋਂ ਬਾਅਦ ਦੋਵੇਂ ਇੰਗਲੈਂਡ ਚਲੇ ਗਏ। ਸਰੀਰਕ ਤੌਰ 'ਤੇ ਕਮਜ਼ੋਰ ਹੋ ਚੁੱਕੀ, ਪਰ ਆਤਮਿਕ ਤੌਰ 'ਤੇ ਅਜੇ ਵੀ ਅਡੋਲ ਮਹਾਰਾਣੀ ਜਿੰਦ ਕੌਰ ਨੇ 1 ਅਗਸਤ 1863 ਨੂੰ ਇਸ ਸੰਸਾਰ ਨੂੰ ਅਲਵਿਦਾ ਕਿਹਾ। ਉਹ ਲਗਭਗ ਨੇਤਰਹੀਣ ਸੀ, ਪਰ ਉਸਦੀ ਦੂਰਦ੍ਰਿਸ਼ਟੀ ਨੇ ਇੱਕ ਅਜਿਹੀ ਚੇਤਨਾ ਨੂੰ ਜਨਮ ਦਿੱਤਾ ਜਿਸ ਤੋਂ ਬ੍ਰਿਟਿਸ਼ ਸਾਮਰਾਜ ਆਪਣੀ ਜਿੱਤ ਤੋਂ ਬਾਅਦ ਵੀ ਡਰਦਾ ਰਿਹਾ।

ਬ੍ਰਿਟਿਸ਼ ਪ੍ਰੈੱਸ ਨੇ ਉਸਨੂੰ "Messalina of the Punjab", "The Rebel Queen" ਅਤੇ "the woman who terrified the British Empire" ਵਰਗੇ ਨਾਂ ਦੇ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ। ਪਰ ਇਤਿਹਾਸ ਦਾ ਫ਼ੈਸਲਾ ਪ੍ਰਚਾਰ ਨਾਲ ਨਹੀਂ, ਦਸਤਾਵੇਜ਼ਾਂ ਨਾਲ ਹੁੰਦਾ ਹੈ। ਬ੍ਰਿਟਿਸ਼ਾਂ ਦੇ ਆਪਣੇ ਰਿਕਾਰਡ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਮਹਾਰਾਣੀ ਜਿੰਦ ਕੌਰ ਸਿਰਫ਼ ਸਿੱਖ ਰਾਜ ਦੀ ਰਾਣੀ ਨਹੀਂ ਸੀ; ਉਹ ਭਾਰਤ ਵਿੱਚ ਬ੍ਰਿਟਿਸ਼ ਸਾਮਰਾਜ ਵਿਰੁੱਧ ਸੁਤੰਤਰਤਾ ਦੀ ਸਭ ਤੋਂ ਸ਼ਕਤੀਸ਼ਾਲੀ ਆਵਾਜ਼ਾਂ ਵਿੱਚੋਂ ਇੱਕ ਸੀ। 1 ਅਗਸਤ ਨੂੰ, ਉਸਦੀ ਬਰਸੀ ਮੌਕੇ ਅਸੀਂ ਉਸ ਮਹਾਨ ਸ਼ੇਰਨੀ ਨੂੰ ਯਾਦ ਕਰਨਾ ਵੀ ਭੁੱਲ ਚੁੱਕੇ ਹਾਂ ਜਿਸਨੇ ਕੈਦ, ਜਲਾਵਤਨੀ ਤੇ ਆਪਣੀ ਨਜ਼ਰ ਗੁਆ ਦਿੱਤੀ, ਪਰ ਆਪਣੀ ਆਜ਼ਾਦੀ ਦੀ ਚੇਤਨਾ ਕਦੇ ਨਹੀਂ ਗੁਆਈ। ਮਹਾਰਾਣੀ ਜਿੰਦ ਕੌਰ ਕੇਵਲ ਸਿੱਖ ਇਤਿਹਾਸ ਦੀ ਨਹੀਂ, ਸਗੋਂ ਭਾਰਤ ਦੇ ਆਜ਼ਾਦੀ ਸੰਘਰਸ਼ ਦੀ ਪਹਿਲੀ ਮਹਾਨ ਸ਼ੇਰਨੀ ਸੀ, ਉਹ ਔਰਤ ਜਿਸ ਤੋਂ ਬ੍ਰਿਟਿਸ਼ ਸਾਮਰਾਜ ਡਰਦਾ ਸੀ। ਅੱਜ ਉਸ ਦੀਆਂ ਵਾਰਿਸ ਸਿੱਖ ਬੀਬੀਆਂ ਲਈ ਇਕ ਪੁਕਾਰ ਹੈ, ਸ਼ਾਇਦ ਕੌਮ ਨੂੰ ਮਹਾਰਾਣੀ ਦੇ ਸੰਘਰਸ਼ ਦੀ ਵਿਰਾਸਤ, ਸਿੱਖ ਪੰਥ ਵਿੱਚ ਸਮਰਪਣ ਨੂੰ ਮੁੜ ਸੁਰਜੀਤ ਉਸ ਵਰਗੀਆਂ ਮਾਤਾਵਾਂ ਹੀ ਕਰ ਸਕਦੀਆਂ ਹਨ।

*ਸਾਬਕਾ ਚੇਅਰਮੈਨ*
*ਕੌਮੀ ਘੱਟ ਗਿਣਤੀਆਂ ਕਮਿਸ਼ਨ*
*ਭਾਰਤ ਸਰਕਾਰ*



1840 ਦੇ ਦਹਾਕੇ ਵਿੱਚ ਜਦੋਂ ਸਿੱਖ ਸਾਮਰਾਜ ਅੰਦਰੂਨੀ ਸਾਜ਼ਿਸ਼ਾਂ ਅਤੇ ਬਾਹਰੀ ਬ੍ਰਿਟਿਸ਼ ਦਖ਼ਲਅੰਦਾਜ਼ੀ ਨਾਲ ਘਿਰਿਆ ਹੋਇਆ ਸੀ, ਮਹਾਰਾਣੀ ਜਿੰਦ ਕੌਰ ਨੇ ਸਰਦਾਰਾਂ ਨੂੰ ਇਕੱਠਾ ਕਰਕੇ ਖ਼ਾਲਸਾ ਰਾਜ ਨੂੰ ਬਚਾਉਣ ਦਾ ਯਤਨ ਕੀਤਾ। ਹੈਨਰੀ ਲਾਰੈਂਸ ਨੇ ਆਪਣੀਆਂ ਰਿਪੋਰਟਾਂ ਵਿੱਚ ਲਿਖਿਆ ਕਿ ਉਸ ਦੀਆਂ ਸਾਰੀਆਂ ਕੋਸ਼ਿਸ਼ਾਂ ਇੱਕ ਸੁਤੰਤਰ ਸਰਕਾਰ ਨੂੰ ਮੁੜ ਸਥਾਪਿਤ ਕਰਨ ਲਈ ਸਨ। ਸਰ ਫਰੈਡਰਿਕ ਕਰੀ ਨੇ ਉਸਨੂੰ "the rallying point of rebellion" ਕਿਹਾ, ਜਦਕਿ ਹੋਰ ਅਧਿਕਾਰੀਆਂ ਨੇ ਉਸਨੂੰ "a serious obstacle to British rule in India" ਅਤੇ "a threat to their power" ਕਰਾਰ ਦਿੱਤਾ।

ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 29 'ਤੇ ਪੜ੍ਹੋ

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**731. ਭਰਮ ਤੇ ਭਉ ਕਿੰਦਾਂ ਦੂਰ ਹੁੰਦਾ ਹੈ?**

"ਤੁਮਰੀ ਕ੍ਰਿਪਾ ਤੇ ਭ੍ਰਮੁ ਭਉ ਭਾਗੈ ॥2॥ ਅੰਗ 192" । ਅਤੇ, "ਹਰਿ ਸੰਗਿ ਰਾਤੇ ਭ੍ਰਮੁ ਭਉ ਨਸੈ ॥3॥ ਅੰਗ 201" । ਗੁਰੂ ਦੇ ਮਿਲਾਪ ਨਾਲ (ਮੈਂ ਆਪਣਾ) ਭਰਮ ਤੇ ਭਉ ਦੂਰ ਕਰ ਲਿਆ ਹੈ । "ਗੁਰ ਭੇਟਤ ਭ੍ਰਮੁ ਭਉ ਖੋਇਆ ॥3॥ ਅੰਗ 210" । ਅਤੇ, "ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ ॥ ਅੰਗ 387" । ਸਤਿਗੁਰੂ ਦੀ ਸੇਵਾ (ਗੁਰ ਸ਼ਬਦ ਦੀ ਵਿਚਾਰ) ਕਰਨ ਨਾਲ ਨਾਮ ਮਨ 'ਚ ਵਸ ਜਾਂਦਾ ਹੈ ਤੇ ਅੰਦਰੋਂ ਭਰਮ ਤੇ ਡਰ ਦੂਰ ਹੋ ਜਾਂਦੇ ਹਨ । "ਸਤਿਗੁਰਿ ਸੇਵਿਐ ਨਾਮੁ ਮਨਿ ਵਸੈ ਵਿਚਹੁ ਭ੍ਰਮੁ ਭਉ ਭਾਗੈ ॥ ਅੰਗ 590" । ਜੋ ਸਰੀਰ ਸਦਾ ਥਿਰ ਪ੍ਰਭੂ ਦੇ ਨਾਮ ਦੀ ਰਾਹੀਂ ਸੱਚੇ ਪ੍ਰਭੂ ਨਾਲ ਲੱਗਿਆ ਹੋਇਆ ਹੈ, ਉਹ ਸੋਨੇ ਵਰਗਾ ਸ਼ੁੱਧ ਹੈ; ਉਸ ਨੂੰ ਨਿਰਮਲ ਜੋਤਿ ਮਾਇਆ ਤੋਂ ਰਹਿਤ ਪ੍ਰਭੂ ਦੀ ਪ੍ਰਾਪਤੀ ਹੋ ਜਾਂਦੀ ਹੈ ਤੇ ਗੁਰੂ ਅਨੁਸਾਰੀ ਹੋ ਕੇ ਉਸ ਦਾ ਭਰਮ ਤੇ ਡਰ ਦੂਰ ਹੋ ਜਾਂਦਾ ਹੈ । "ਕੰਚਨ ਕਾਇਆ ਨਿਰਮਲੀ ਜੋ ਸਚਿ ਨਾਮਿ ਸਚਿ ਲਾਗੀ ॥ ਨਿਰਮਲ ਜੋਤਿ ਨਿਰੰਜਨੁ ਪਾਇਆ ਗੁਰਮੁਖਿ ਭ੍ਰਮੁ ਭਉ ਭਾਗੀ ॥ ਅੰਗ 590", "ਕਰਮੀ ਸਤਿਗੁਰੁ ਭੇਟੀਐ ਤਾ ਸਚਿ ਨਾਮਿ ਲਿਵ ਲਾਗੈ ॥ ਨਾਨਕ ਸਹਜੇ ਸੁਖੁ ਹੋਇ ਅੰਦਰਹੁ ਭ੍ਰਮੁ ਭਉ ਭਾਗੈ ॥1॥ ਅੰਗ 851" । ਅਤੇ, "ਗੁਰ ਪਰਸਾਦੀ ਭ੍ਰਮੁ ਭਉ ਭਾਗੈ ਏਕ ਨਾਮਿ ਲਿਵ ਲਾਈ ॥2॥ ਅੰਗ 1260" । ਹੇ ਭਾਈ! ਸਦਾ-ਥਿਰ ਪ੍ਰਭੂ ਦੇ ਚਰਨਾਂ ਦੀ ਸੇਵਾ ਕਰਨ (ਭਾਵ ਨਾਮ ਜਪਣ)/ਪ੍ਰੀਤੀ ਨਾਲ ਭਰਮ ਤੇ ਡਰ ਦਾ ਨਾਸ ਹੋ ਜਾਂਦਾ ਹੈ ਤੇ ਬੰਦਾ ਰਸਨਾ ਨਾਲ਼ ਪ੍ਰਭੂ ਦੇ ਨਾਮ ਦਾ ਉਚਾਰਨ ਕਰਦਾ ਹੈ। "ਸਚੇ ਚਰਣ ਸਰੇਵੀਅਹਿ ਭਾਈ ਭ੍ਰਮੁ ਭਉ ਹੋਵੈ ਨਾਸੁ ॥ ਅੰਗ 639", "ਹਰਿ ਚਰਣ ਲਾਗਾ ਭ੍ਰਮੁ ਭਉ ਭਾਗਾ ਹਰਿ ਨਾਮੁ ਰਸਨਾ ਭਾਖਿਆ ॥ ਅੰਗ 925" । ਅਤੇ "ਲਗਾ ਰੰਗੁ ਚਰਣਾਰਬਿੰਦ ਸਭੁ ਭ੍ਰਮੁ ਭਉ ਭਾਗਾ ॥ ਅੰਗ 964" । ਸਦਾ-ਥਿਰ ਪ੍ਰਭੂ ਦੇ ਨਾਮ ਵਿਚ ਜੁੜਿਆਂ (ਮਨ ਨੂੰ ਹਉਮੈ/ਵਿਕਾਰਾਂ ਦੀ) ਮੈਲ ਨਹੀਂ ਲੱਗਦੀ, ਤੇ ਮਨ ਅੰਦਰੋਂ ਭਰਮ ਤੇ ਡਰ ਦੂਰ ਹੋ ਜਾਂਦੇ ਹਨ । "ਸਚਿ ਮੈਲੁ ਨ ਲਾਗੈ ਭ੍ਰਮੁ ਭਉ ਭਾਗੈ ॥ ਅੰਗ 840" । ਪ੍ਰਭੂ ਦੇ ਵਾਰ ਵਾਰ ਗੁਣ ਗਾਉਣ ਨਾਲ ਜੰਮਣਾ, ਮਰਨਾ, ਭਰਮ ਤੇ ਡਰ ਦੂਰ ਹੋ ਜਾਂਦੇ ਹਨ । "ਆਵਣ ਜਾਣਾ ਭ੍ਰਮੁ ਭਉ ਭਾਗਾ ਹਰਿ ਹਰਿ ਹਰਿ ਗੁਣ ਗਾਇਆ ॥ ਅੰਗ 445" । ਸਾਧ (ਗੁਰੂ) ਦੀ ਸੰਗਤ ਵਿਚ ਸਦਾ ਹੀ ਹਰੀ ਦੇ ਗੁਣ ਗਾਉਣ ਨਾਲ ਭਰਮ, ਡਰ, (ਜਨਮ ਮਰਨ ਦਾ) ਦੁਖ ਤੇ ਦਰਦ ਸਭ ਦੂਰ ਹੋ ਜਾਂਦੇ ਹਨ । "ਭ੍ਰਮੁ ਭਉ ਦੂਖੁ ਦਰਦੁ ਸਭੁ ਜਾਇ ॥ ਸਾਧ ਸੰਗਿ ਸਦ ਹਰਿ ਗੁਣ ਗਾਇ ॥1॥ ਅੰਗ 1271" । ਜਿਹੜਾ ਪ੍ਰਭੂ ਬਕਰੀ (ਨਿਮ੍ਰਤਾ) ਤੇ ਸ਼ੇਰ ਨੂੰ ਇਕ ਥਾਂ ਰੱਖਦਾ ਹੈ (ਭਾਵ ਹੰਕਾਰ ਨਿਮ੍ਰਤਾ ਨੂੰ ਨਹੀਂ ਖਾਂਦਾ), ਉਸ ਪ੍ਰਭੂ ਦਾ ਜਾਪ ਕਰਨ ਨਾਲ ਭਰਮ ਤੇ ਡਰ ਦੂਰ ਕਰ! "ਬਕਰੀ ਸਿੰਘੁ ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ ॥3॥ ਅੰਗ 735" । ਅਤੇ, "ਨਾਮ ਜਪਤ ਸਭੁ ਭਰਮੁ ਭਉ ਖੋਤ॥5॥ ਅੰਗ 914" । ਮੇਰਾ ਮਨ ਪ੍ਰਭੂ ਦੇ ਨਾਮ ਰਸ ਨਾਲ ਚਿੰਬੜਿਆ ਰਹਿੰਦਾ ਹੈ। ਗੁਰੂ ਦੀ ਪ੍ਰਾਪਤੀ ਨਾਲ ਮੇਰਾ ਹਿਰਦਾ ਕੌਲ ਫੁੱਲ ਖਿੜ ਗਿਆ ਹੈ, ਤੇ ਪ੍ਰਭੂ ਦਾ ਨਾਮ ਜਪਣ ਨਾਲ ਮੇਰਾ ਭਰਮ ਤੇ ਡਰ ਦੂਰ ਹੋ ਗਿਆ ਹੈ ।1।ਰਹਾਉ। "ਮੇਰਾ ਮਨੁ ਰਾਮ-ਨਾਮਿ ਰਸਿ ਲਾਗਾ ॥ ਕਮਲ ਪ੍ਰਗਾਸੁ ਭਇਆ ਗੁਰੁ ਪਾਇਆ ਹਰਿ ਜਪਿਓ ਭ੍ਰਮੁ ਭਉ ਭਾਗਾ ॥1॥ ਰਹਾਉ ॥ ਅੰਗ 985"। ਅਨਹਦ ਸ਼ਬਦ ਵੱਜਣ ਨਾਲ਼ ਭਰਮ ਤੇ ਡਰ ਦੂਰ ਹੋ ਜਾਂਦੇ ਹਨ । "ਅਨਹਦੁ ਵਾਜੈ ਭ੍ਰਮੁ ਭਉ ਭਾਜੈ ॥ ਅੰਗ 1034" । ਹਰ ਹਿਰਦੇ ਵਿਚ ਜਗਤ ਨੂੰ ਜੀਵਨ ਦੇਣ ਵਾਲ਼ਾ ਪ੍ਰਭੂ ਵਸ ਰਹਿਆ ਹੈ । ਕਿਸੇ ਥਾਂ ਉਹ ਲੁਕਿਆ ਹੋਇਆ ਲੱਗਦਾ ਹੈ, ਕਿਸੇ ਥਾਂ ਉਹ ਪਰਤੱਖ ਦਿਸ ਰਿਹਾ ਹੈ; ਗੁਰੂ ਅਨੁਸਾਰੀ ਦਾ ਭਰਮ ਤੇ ਡਰ ਦੂਰ ਹੋ ਜਾਂਦਾ ਹੈ । "ਘਟਿ ਘਟਿ ਵਸਿ ਰਹਿਆ ਜਗਜੀਵਨੁ ਦਾਤਾ ॥ ਇਕਥੈ ਗੁਪਤੁ ਪਰਗਟੁ ਹੈ ਆਪੇ ਗੁਰਮੁਖਿ ਭ੍ਰਮੁ ਭਉ ਜਾਈ ਹੇ ॥15॥ ਅੰਗ 1048" । ਸਤਿਗੁਰੂ ਅਰਜਨ ਦੇਵ ਜੀ ਸਾਨੂੰ ਪ੍ਰਭੂ ਅੱਗੇ ਅਰਦਾਸ ਕਰਨਾ ਦੱਸਦੇ ਹਨ ਕਿ ਹੇ ਪ੍ਰਭੂ! ਮੇਰਾ ਭਰਮ, ਡਰ ਤੇ ਮੋਹ ਗੁਰੂ ਦੇ ਬਚਨਾਂ ਰਾਹੀਂ ਕੱਟ ਦਿਉ ਤੇ ਮੈਨੂੰ ਆਪਣਾ ਦਰਸ਼ਨ ਦਿਉ। "ਭ੍ਰਮੁ ਭਉ ਮੋਹੁ ਕਟਿਓ ਗੁਰ ਬਚਨੀ ਅਪਨਾ ਦਰਸੁ ਦਿਖਾਵਹੁ ॥1॥ ਅੰਗ 1120" ।

**732. ਭਰਮ ਤੇ ਭਉ (ਡਰ) ਦੂਰ ਕਰਨ ਨਾਲ ਕੀ ਹੁੰਦਾ ਹੈ?**

ਭਰਮ ਤੇ ਭਉ ਦੂਰ ਕਰਕੇ (ਗੁਰੂ) ਨੇ ਮੈਨੂੰ ਨਿਰਵੈਰ ਕਰ ਦਿੱਤਾ ਹੈ ਜੀ! "ਭ੍ਰਮੁ ਭਉ ਕਾਟਿ ਕੀਏ ਨਿਰਵੈਰੇ ਜੀਉ ॥ ਅੰਗ 217" । ਹੇ ਪ੍ਰਭੂ! ਜਿਹਦਾ ਮਾਲਕ ਤੂੰ ਹੈਂ ਉਸਦੇ ਵੱਡੇ ਭਾਗ ਹਨ । ਉਸਦਾ ਸਭ ਭਰਮ ਤੇ ਡਰ ਦੂਰ ਹੋ ਜਾਂਦੇ ਹਨ ਤੇ ਉਹ ਸ਼ਾਂਤਮਈ ਹੁੰਦਾ ਹੈ ਤੇ ਸਦਾ ਸੁਖੀ ਰਹਿੰਦਾ ਹੈ । "ਜਾ ਕਾ ਠਾਕੁਰੁ ਤੁਹੀ ਪ੍ਰਭ ਤਾ ਕੇ ਵਡਭਾਗਾ ॥ ਓਹੁ ਸੁਹੇਲਾ ਸਦ ਸੁਖੀ ਸਭੁ ਭ੍ਰਮੁ ਭਉ ਭਾਗਾ ॥1॥ ਅੰਗ 399"। ਜਦੋਂ ਮੈਂ ਆਪਣੇ ਖਸਮ-ਪ੍ਰਭੂ ਨੂੰ ਦੇਖ ਲੈਂਦਾ ਹਾਂ ਤਦੋਂ ਮੈਂ ਕਿਸੇ ਹੋਰ ਨੂੰ ਆਪਣੇ ਚਿੱਤ ਵਿਚ ਨਹੀਂ ਲਿਆਉਂਦਾ । ਜਦੋਂ ਤੋਂ ਪ੍ਰਭੂ ਨੇ ਆਪਣੇ ਦਾਸ ਨਾਨਕ ਨੂੰ ਆਪ ਨਿਵਾਜਿਆ ਹੈ, ਤਦੋਂ ਤੋਂ ਮੈਂ ਆਪਣੇ ਅੰਦਰੋਂ ਡਰ ਤੇ ਭਰਮ ਦੂਰ ਕਰ ਕੇ ਆਪਣੇ ਹਿਰਦੇ ਵਿਚ ਸਿਰਫ਼ ਪਰਮਾਤਮਾ ਦਾ ਲੇਖ (ਨਾਮ/ਸਿਫਤ ਸਲਾਹ) ਲਿਖਦਾ ਹਾਂ । "ਜਬ ਦੇਖਉ ਪ੍ਰਭੁ ਅਪੁਨਾ ਸੁਆਮੀ ਤਉ ਅਵਰਹਿ ਚੀਤਿ ਨ ਪਾਵਉ ਰੇ ॥ ਨਾਨਕੁ ਦਾਸੁ ਪ੍ਰਭਿ ਆਪਿ ਪਹਿਰਾਇਆ ਭ੍ਰਮੁ ਭਉ ਮੇਟਿ ਲਿਖਾਵਉ ਰੇ॥2॥2॥131॥ ਅੰਗ 404" । ਸਾਧ (ਗੁਰੂ) ਦੀ ਸੰਗਤ ਨਾਲ ਮਨੁੱਖ ਦਾ ਭਰਮ ਤੇ ਡਰ ਮਿਟ ਜਾਂਦਾ ਹੈ ਤੇ ਦੁਖ/ਗਰੀਬੀ ਉਸਨੂੰ ਦਬਾ ਨਹੀਂ ਸਕਦੀ । "ਭ੍ਰਮੁ ਭਉ ਮਿਟਿਆ ਸਾਧ ਸੰਗ ਤੇ ਦਾਲਿਦ ਨ ਕੋਈ ਘਾਲਕਾ॥6॥ ਅੰਗ 1085" । ਆਪਾ ਭਾਵ (ਹਉਮੈ) ਖਤਮ ਹੋਣ ਨਾਲ ਭਰਮ, ਡਰ ਤੇ ਜੰਮਣ ਮਰਨ ਦੇ ਦੁਖ ਦੂਰ ਹੋ ਜਾਂਦੇ ਹਨ। "ਆਪੁ ਗਇਆ ਭ੍ਰਮੁ ਭਉ ਗਇਆ ਜਨਮ ਮਰਨ ਦੁਖ ਜਾਹਿ ॥ ਅੰਗ 1093" । ਗੁਰੂ ਦੀ ਕਿਰਪਾ ਨਾਲ ਮੈਂ ਪ੍ਰਭੂ ਦਾ ਨਾਮ ਜਪਿਆ ਤੇ ਮੇਰੇ ਮਨ ਦਾ ਭਰਮ ਅਤੇ ਡਰ ਦੂਰ ਹੋ ਗਿਆ ਹੈ । ਜਿਸ ਕਰਕੇ ਮੇਰੇ ਮਨ ਵਿਚ ਰਾਤ ਦਿਨ ਆਨੰਦ ਬਣਿਆ ਰਹਿੰਦਾ ਹੈ । "ਮੇਰੈ ਮਨਿ ਅਨਦਿਨੁ ਅਨਦੁ ਭਇਆ ॥ ਗੁਰ ਪਰਸਾਦਿ ਨਾਮੁ ਹਰਿ ਜਪਿਆ ਮੇਰੇ ਮਨ ਕਾ ਭ੍ਰਮੁ ਭਉ ਗਇਆ॥1॥ ਰਹਾਉ ॥ ਅੰਗ 1264" । ਮੇਰੇ ਮਾਲਕ ਪ੍ਰਭੂ ਨੇ ਮੈਨੂੰ ਆਪਣੇ ਲੜ ਲਾ ਕੇ ਮੇਰਾ ਭਰਮ ਤੇ ਡਰ ਮੇਟ ਕੇ ਮੈਨੂੰ ਸੁਖ (ਆਨੰਦ) ਬਖਸ਼ਿਆ ਹੈ । "ਅੰਗੀਕਾਰੁ ਕੀਓ ਮੇਰੇ ਸੁਆਮੀ ਭ੍ਰਮੁ ਭਉ ਮੇਟਿ ਸੁਖਾਇਓ ॥ ਅੰਗ 1270" ।

ਚਲਦਾ...


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME.......................................................................................
ADDRESS................................................................................
..........................................................POST CODE................................
TEL.........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***

PANJAB TIMES BRIDLE GATE LANE, ALVASTON, DERBY, DE24 0QW, U.K.

or call on / WHATSAPP NO : 07966 388 388

*www.panjabtimes.uk Email: Panjabtimes@aol.com*


# ਅਮਰੀਕਾ ਨੇ ਈਰਾਨ ਦੀ ਮਦਦ ਦੇ ਦੋਸ਼ ਹੇਠ ਭਾਰਤ ਸਮੇਤ ਕਈ ਦੇਸ਼ਾਂ ਦੀਆਂ ਸੰਸਥਾਵਾਂ 'ਤੇ ਲਗਾਈਆਂ ਪਾਬੰਦੀਆਂ

ਵਾਸ਼ਿੰਗਟਨ- ਅਮਰੀਕਾ ਨੇ ਈਰਾਨ ਦੇ ਇਸਲਾਮਿਕ ਰਿਵੋਲਯੂਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਦੀ ਮਦਦ ਕਰਨ ਦੇ ਦੋਸ਼ ਵਿਚ ਚੀਨ, ਭਾਰਤ, ਰੂਸ ਅਤੇ ਈਰਾਨ ਦੀਆਂ 6 ਸੰਸਥਾਵਾਂ ਅਤੇ ਵਿਅਕਤੀਆਂ ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਹਨ। ਇੱਕ ਅਧਿਕਾਰਤ ਪ੍ਰੈੱਸ ਬਿਆਨ ਅਨੁਸਾਰ, ਇਹ ਪਾਬੰਦੀਆਂ ਈਰਾਨੀ ਸ਼ਾਸਨ ਦੀ ਫੌਜੀ ਸ਼ਕਤੀ ਨੂੰ ਮਜ਼ਬੂਤ ਕਰਨ ਵਾਲੇ ਨੈੱਟਵਰਕ ਨੂੰ ਤੋੜਨ ਲਈ ਲਗਾਈਆਂ ਗਈਆਂ ਹਨ।ਪਾਬੰਦੀਆਂ ਦੇ ਘੇਰੇ ਵਿਚ ਉਹ ਸੰਸਥਾਵਾਂ ਸ਼ਾਮਲ ਹਨ, ਜੋ ਮਹਾਨ ਏਅਰ ਦੀ ਸਹਾਇਤਾ ਕਰ ਰਹੀਆਂ ਹਨ। ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਆਈ.ਆਰ.ਜੀ.ਸੀ. ਇਸ ਏਅਰਲਾਈਨ ਦੀ ਵਰਤੋਂ ਹਥਿਆਰਾਂ, ਫੌਜੀ ਕਰਮਚਾਰੀਆਂ ਅਤੇ ਹੋਰ ਸਾਜ਼ੋ-ਸਾਮਾਨ ਨੂੰ ਇੱਧਰ-ਉੱਧਰ ਲਿਜਾਣ ਲਈ ਕਰਦਾ ਹੈ।ਇਸ ਕਾਰਵਾਈ ਵਿਚ ਦਾਦੇਨੇਗਰ ਸਟਾਰਟਅਪ ਸਟੂਡੀਓ ਨਾਮਕ ਇੱਕ ਕੰਪਨੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ। ਦੋਸ਼ ਹੈ ਕਿ ਇਹ ਆਈ. ਆਰ. ਜੀ. ਸੀ. ਨਾਲ ਜੁੜੀ ਇੱਕ ਫਰੰਟ ਕੰਪਨੀ ਹੈ, ਜੋ ਮੱਧ ਪੂਰਬ ਵਿਚ ਅਮਰੀਕੀ ਅਤੇ ਇਜ਼ਰਾਈਲੀ ਫੌਜੀ ਉਪਕਰਣਾਂ ਦੀਆਂ ਲੋਕੇਸ਼ਨਾਂ ਬਾਰੇ ਜਾਣਕਾਰੀ ਇਕੱਠੀ ਕਰਕੇ ਈਰਾਨੀ ਫੌਜ ਦੀ ਮਦਦ ਕਰ ਰਹੀ ਸੀ।

ਅਮਰੀਕਾ ਨੇ ਅੰਤਰਰਾਸ਼ਟਰੀ ਭਾਈਚਾਰੇ ਅਤੇ ਖਾਸ ਤੌਰ ਤੇ ਉਨ੍ਹਾਂ ਕੰਪਨੀਆਂ ਨੂੰ ਚੇਤਾਵਨੀ ਦਿੱਤੀ ਹੈ, ਜੋ ਮਹਾਨ ਏਅਰ ਜਾਂ ਕਿਸੇ ਹੋਰ ਪਾਬੰਦੀਸ਼ੁਦਾ ਈਰਾਨੀ ਕੈਰੀਅਰ ਨਾਲ ਵਪਾਰ ਕਰ ਰਹੀਆਂ ਹਨ। ਅਮਰੀਕਾ ਨੇ ਕਿਹਾ ਹੈ ਕਿ ਉਹ ਅਜਿਹੀਆਂ ਸੰਸਥਾਵਾਂ ਦਾ ਪਰਦਾਫਾਸ਼ ਕਰਨਾ ਜਾਰੀ ਰੱਖੇਗਾ, ਜੋ ਆਈ. ਆਰ. ਜੀ. ਸੀ. ਨੂੰ ਅਜਿਹੇ ਸਾਧਨ ਅਤੇ ਜਾਣਕਾਰੀ ਪ੍ਰਦਾਨ ਕਰਦੀਆਂ ਹਨ, ਜਿਨ੍ਹਾਂ ਦੀ ਵਰਤੋਂ ਅਮਰੀਕੀ ਕਰਮਚਾਰੀਆਂ ਅਤੇ ਖੇਤਰੀ ਸਥਿਰਤਾ ਨੂੰ ਖਤਰਾ ਪਹੁੰਚਾਉਣ ਲਈ ਕੀਤੀ ਜਾਂਦੀ ਹੈ।

**ਲੜੀਵਾਰ ਨਾਵਲ**




ਲੇਖਕ
ਗੁਰਨਾਮ ਬਾਵਾ
ਮ +91 83073 6430


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**
**ਕਿਸ਼ਤ-19**

# ਬੰਦੂਕ ਤੋਂ ਕਲਮ ਤੱਕ

**ਹਰੀਸ਼ ਨੇ ਦੱਸਿਆ, ਜੱਸਾ ਫਗਵਾੜਾ ਬੱਸ ਅੱਡੇ 'ਤੇ ਬੱਸ ਵਿੱਚੋਂ ਉਤਰ ਕੇ ਬੰਗਾ ਰੋਡ ਵੱਲ ਜਾ ਰਿਹਾ ਸੀ। ਅੱਗੇ ਕਾਲੇ ਸ਼ੀਸ਼ਿਆਂ ਵਾਲੀ ਵੈਨ ਵਿੱਚ ਢਿੱਲੋਂ ਕੈਟ ਬੈਠਾ ਸੀ। ਉਸ ਨੇ ਜੱਸੇ ਨੂੰ ਦੇਖ ਲਿਆ ਤੇ ਵੈਨ ਦੀ ਪਿਛਲੀ ਬਾਰੀ ਖੋਲ੍ਹ ਕੇ ਉਸ ਦੇ ਮਗਰ ਲਾ ਲਈ, ਜੱਸੇ 'ਤੇ ਚਾਰ ਸਿਪਾਹੀ ਝਪਟ ਪਏ ਤੇ ਉਸ ਨੂੰ ਚੁੱਕ ਕੇ ਸੀ ਏ ਸਟਾਫ ਲੈ ਗਏ। ਜੱਸਾ ਪੂਰੇ ਰਾਹ ਢਿੱਲੋਂ ਨੂੰ ਗਾਲ੍ਹਾਂ ਕੱਢਦਾ ਰਿਹਾ। ਜਦੋਂ ਉਸ ਨੂੰ ਥਾਣੇ ਲਿਜਾ ਕੇ ਵੈਨ ਵਿੱਚੋਂ ਲਾਹਿਆ ਤਾਂ ਉਸ ਨੇ ਕੋਲ ਖੜ੍ਹੇ ਢਿੱਲੋਂ ਦੀਆਂ ਖੁੱਚਾਂ ਵਿੱਚ ਜ਼ੋਰ ਨਾਲ ਠੁੱਡ ਮਾਰਿਆ। ਢਿੱਲੋਂ ਨੇ ਪੀੜ ਨਾਲ ਕੁਰਲਾਉਂਦੇ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਡੱਬ ਵਿੱਚੋਂ ਪਿਸਟਲ ਕੱਢ ਕੇ ਜੱਸੇ ਦੇ ਸਿਰ ਵਿੱਚ ਚਾਰ ਪੰਜ ਗੋਲੀਆਂ ਮਾਰ ਦਿੱਤੀਆਂ। ਜੱਸਾ ਉਥੇ ਹੀ ਦਮ ਤੋੜ ਗਿਆ।**




## ਭਾਗ 22

ਨਿਰਮਲ ਨੂੰ ਵਾਪਸ ਆਇਆ ਦੇਖ ਸੋਨੂੰ ਹੈਰਾਨ ਹੁੰਦਾ ਬੋਲਿਆ, ਕੀ ਗੱਲ ਬਾਈ ਸਭ ਠੀਕ-ਠਾਕ ਹੈ?

ਨਿਰਮਲ ਨੇ ਹੱਸ ਕੇ ਕਿਹਾ, ਸਭ ਠੀਕ ਹੈ, ਤੂੰ ਕਿਉਂ ਘਬਰਾ ਗਿਆ ਮੈਨੂੰ ਦੇਖ ਕੇ?

ਦੋਵਾਂ ਦੇ ਗੱਲ ਕਰਦਿਆਂ ਕੁਲਵਿੰਦਰ ਵੀ ਆ ਗਿਆ। ਬਹਾਦਰ ਉਨ੍ਹਾਂ ਲਈ ਪਾਣੀ ਦੇ ਗਿਲਾਸ ਲੈ ਆਇਆ। ਪਾਣੀ ਦਾ ਗਿਲਾਸ ਚੁੱਕਦਿਆਂ ਨਿਰਮਲ ਨੇ ਕਿਹਾ, ਬਹਾਦਰ ਚਾਹ ਦਾ ਕੱਪ ਪਿਲਾ ਦੇ।

ਬਹਾਦਰ ਨੇ ਸੋਨੂੰ ਤੇ ਕੁਲਵਿੰਦਰ ਨੂੰ ਵੀ ਪੁੱਛਿਆ, ਤੁਸੀਂ ਵੀ ਚਾਹ ਪੀਓਗੇ? ਦੋਵਾਂ ਨੇ ਵੀ ਹਾਂ ਕਰ ਦਿੱਤੀ ਤਾਂ ਬਹਾਦਰ ਚਾਹ ਬਣਾਉਣ ਲਈ ਰਸੋਈ ਵਿੱਚ ਚਲਾ ਗਿਆ। ਉਸ ਦੇ ਜਾਣ ਮਗਰੋਂ ਨਿਰਮਲ ਨੇ ਕੁਲਵਿੰਦਰ ਨੂੰ ਪੁੱਛਿਆ, ਆਪਾਂ ਅੰਦਰ ਚੱਲ ਕੇ ਬੈਠੀਏ?

ਕੁਲਵਿੰਦਰ ਨੇ ਕਿਹਾ, ਹਾਂ, ਅੰਦਰ ਹੀ ਬੈਠਦੇ ਹਾਂ।

ਤਿੰਨੋਂ ਕਮਰੇ ਅੰਦਰ ਚਲੇ ਗਏ। ਬੈਠਦਿਆਂ ਹੀ ਨਿਰਮਲ ਨੇ ਗੱਲ ਸ਼ੁਰੂ ਕੀਤੀ ਤੇ ਕੁਲਵਿੰਦਰ ਨੂੰ ਆਪਣੇ ਮਾਲਕ-ਮਕਾਨ ਨਾਲ ਹੋਈ ਸਾਰੀ ਗੱਲ-ਬਾਤ ਦੱਸੀ ਕਿ ਹਰੀਸ਼ ਪੁਲਸ ਵਿੱਚ ਆਮ ਸਿਪਾਹੀ ਹੀ ਨਹੀਂ ਸਗੋਂ ਸੀ.ਆਈ.ਡੀ. ਜਲੰਧਰ ਵਿੱਚ ਡੀ. ਐਸ. ਪੀ. ਲੱਗਾ ਹੋਇਆ ਹੈ। ਨਿਰਮਲ ਦੀ ਸਾਰੀ ਗੱਲ ਧਿਆਨ ਨਾਲ ਸੁਣ ਕੇ ਕੁਲਵਿੰਦਰ ਨੇ ਕਿਹਾ, ਨਿਰਮਲ ਤੇਰੀ ਸਾਰੀ ਗੱਲ ਠੀਕ ਹੈ ਪਰ ਇਸ ਦੀ ਕੀ ਗਰੰਟੀ ਹੈ ਕਿ ਉਹ ਸਭ ਠੀਕ ਤਰੀਕੇ ਨਾਲ ਕਰੇਗਾ?

ਨਿਰਮਲ ਨੇ ਦੱਸਿਆ, ਉਹ ਪਹਿਲਾਂ ਸੋਨੂੰ ਨੂੰ ਮਿਲਣਾ ਚਾਹੁੰਦਾ ਹੈ, ਇਸ ਦੀ ਸਾਰੀ ਗੱਲ ਸੁਣ ਕੇ ਉਹ ਅੱਗੇ ਕਿਸੇ ਵੱਡੇ ਅਫ਼ਸਰ ਨਾਲ ਗੱਲ ਕਰ ਕੇ ਇਸ ਨੂੰ ਪੇਸ਼ ਕਰਵਾ ਦਵੇਗਾ।

ਗੱਲਬਾਤ ਇਕ ਵਾਰ ਰੁਕ ਗਈ ਕਿਉਂਕਿ ਬਹਾਦਰ ਚਾਹ ਦੇ ਕੱਪ ਟਰੇਅ ਵਿੱਚ ਰੱਖੀ ਅੰਦਰ ਆ ਗਿਆ ਸੀ। ਕੱਪ ਫੜਾ ਕੇ ਉਹ ਬਾਹਰ ਚਲਾ ਗਿਆ। ਚਾਹ ਦਾ ਘੁੱਟ ਭਰਦਿਆਂ ਕੁਲਵਿੰਦਰ ਨੇ ਸੋਨੂੰ ਵੱਲ ਦੇਖ ਕੇ ਪੁੱਛਿਆ, ਤੂੰ ਤਿਆਰ ਹੈਂ, ਇਸ ਸਭ ਲਈ... ਦੇਖੀਂ ਕਿਧਰੇ ਡੋਲ ਨਾ ਜਾਈਂ?

ਸੋਨੂੰ ਨੇ ਹੱਸ ਕੇ ਕਿਹਾ, ਖਰਬੂਜਾ ਛੁਰੀ 'ਤੇ ਡਿੱਗੇ ਜਾਂ ਛੁਰੀ ਉਸ 'ਤੇ, ਕੱਟਿਆ ਤਾਂ ਖਰਬੂਜੇ ਨੇ ਹੀ ਜਾਣਾ ਹੈ। ਮੈਂ ਪੇਸ਼ ਹੋਵਾਂ ਜਾਂ ਨਾ ਹੋਵਾਂ, ਫੜ ਤਾਂ ਇਕ ਦਿਨ ਉਨ੍ਹਾਂ ਲੈਣਾ ਹੀ ਹੈ। ਹੋਰ ਕਿੰਨੀ ਦੇਰ ਲੁੱਕ-ਛਿਪ ਸਕਦਾ ਹਾਂ, ਆਖਿਰ ਤਾਂ ਇਕ ਦਿਨ ਇਹੋ ਕੁਝ ਹੀ ਹੋਣਾ ਹੈ।

ਉਸ ਦੀ ਇਹ ਗੱਲ ਸੁਣ ਕੇ ਕੁਲਵਿੰਦਰ ਨੇ ਨਿਰਮਲ ਨੂੰ ਕਿਹਾ, ਆਪਣੇ ਮਾਲਕ ਮਕਾਨ ਨੂੰ ਕਹਿ ਦੇ ਕਿ ਕੱਲ੍ਹ ਸਵੇਰੇ ਗਿਆਰਾਂ ਵਜੇ ਸ਼ੇਰਪੁਰ ਚੌਕ 'ਤੇ ਹੋਟਲ ਹੋਲਮਾਰਕ ਵਿੱਚ ਮਿਲ ਲਵੇ। ਮੈਂ ਵੱਖਰਾ ਬੈਠਾ ਹੋਵਾਂਗਾ ਇਕ ਵੱਖਰੇ ਮੇਜ਼ 'ਤੇ। ਤੁਸੀਂ ਤਿੰਨੋਂ ਇਕ ਮੇਜ਼ 'ਤੇ ਬੈਠ ਜਾਣਾ ਤਾਂ ਕਿ ਮੈਂ ਉਸ 'ਤੇ ਨਜ਼ਰ ਰੱਖ ਸਕਾਂ ਕਿ ਉਹ ਕੋਈ ਚਲਾਕੀ ਨਾ ਕਰੇ।

ਤਿੰਨਾਂ ਦੀ ਇਸ ਗੱਲ 'ਤੇ ਸਹਿਮਤੀ ਬਣ ਗਈ। ਫਿਰ ਨਿਰਮਲ ਇਹ ਕਹਿ ਕੇ ਚਲਾ ਗਿਆ, ਮੈਂ ਜਾ ਕੇ ਉਸ ਨਾਲ ਗੱਲ ਕਰਦਾ ਹਾਂ।

ਇਸ ਸਾਰੀ ਗੱਲਬਾਤ ਦੌਰਾਨ ਨਿਰਮਲ ਨੂੰ ਰਾਤ ਪੈ ਗਈ। ਨਿਰਮਲ ਨੇ ਕਮਰੇ ਵਿੱਚ ਆ ਕੇ ਹਰੀਸ਼ ਨੂੰ ਸਾਰੀ ਗੱਲ ਦੱਸੀ ਤਾਂ ਹਰੀਸ਼ ਨੇ ਹੱਸ ਕੇ ਕਿਹਾ, ਕੋਈ ਗੱਲ ਨਹੀਂ ਸਰਦਾਰ ਜੀ ਤੁਸੀਂ ਵੀ ਆਰਾਮ ਕਰੋ, ਸਵੇਰੇ ਹੋਟਲ ਵਿੱਚ ਮਿਲਦੇ ਹਾਂ।

ਅਗਲੇ ਦਿਨ ਕੁਲਵਿੰਦਰ ਪੰਦਰਾਂ ਮਿੰਟ ਪਹਿਲਾਂ ਕਾਰ ਲੈ ਕੇ ਹੋਟਲ ਵਿੱਚ ਇਸ ਲਈ ਪਹੁੰਚ ਗਿਆ ਜੇਕਰ ਹਰੀਸ਼ ਕੋਈ ਪੁਲਸ ਦਾ ਸਾਦੇ ਕੱਪੜਿਆਂ ਵਿੱਚ ਪ੍ਰਬੰਧ ਕਰ ਕੇ ਆਵੇ ਤਾ ਉਹ ਕੰਵਲ ਨੂੰ ਐਥੇ ਆਉਣ ਤੋਂ ਰੋਕ ਸਕੇ। ਠੀਕ ਗਿਆਰਾਂ ਵਜੇ ਹਰੀਸ਼ ਨੇ ਆ ਆਪਣੀ ਕਾਰ ਪਾਰਕਿੰਗ ਵਿੱਚ ਖੜ੍ਹੀ ਕੀਤੀ ਤੇ ਹੋਟਲ ਦੇ ਅੰਦਰ ਜਾ ਕੇ ਇਕ ਪਾਸੇ ਕੁਰਸੀ 'ਤੇ ਜਾ ਕੇ ਬੈਠ ਗਿਆ।

ਦੱਸ ਕੁ ਮਿੰਟ ਬਾਅਦ ਕੰਵਲ ਤੇ ਨਿਰਮਲ ਵੀ ਆ ਗਏ। ਉਨ੍ਹਾਂ ਪਹਿਲਾਂ ਕੁਲਵਿੰਦਰ ਵੱਲ ਦੇਖਿਆ ਤਾਂ ਉਸ ਨੇ ਮੁਸਕਰਾ ਕੇ ਅੰਦਰ ਜਾਣ ਲਈ ਕਹਿ ਦਿੱਤਾ। ਉਹ ਵੀ ਹੋਟਲ ਅੰਦਰ ਦਾਖਲ ਹੋ ਗਏ। ਨਿਰਮਲ ਨੇ ਜਦ ਸੱਜੇ ਪਾਸੇ ਸਿਰ ਘੁੰਮਾ ਕੇ ਦੇਖਿਆ ਤਾਂ ਹਰੀਸ਼ ਨੇ ਉਨ੍ਹਾਂ ਵੱਲ ਦੇਖ ਕੇ ਆਪਣਾ ਹੱਥ ਉਪਰ ਕੀਤਾ ਤਾਂ ਦੋਵੇਂ ਉਸ ਕੋਲ ਜਾ ਕੇ ਹੱਥ ਮਿਲਾ ਕੇ ਬੈਠ ਗਏ। ਬਹਿਰਾ ਆ ਕੇ ਤਿੰਨ ਗਿਲਾਸ ਤੇ ਪਾਣੀ ਦਾ ਜੱਗ ਰੱਖ ਕੇ ਬੋਲਿਆ, ਹਾਂ ਜੀ, ਸਰ ਕੀ ਸੇਵਾ ਕਰਾਂ ਜੀ?

ਹਰੀਸ਼ ਨੇ ਦੋਵਾਂ ਤੋਂ ਬਿਨਾਂ ਪੁੱਛਿਆਂ ਪਹਿਲਾਂ ਤਿੰਨ ਕੌਫ਼ੀ ਦੇ ਕੱਪ ਲਿਆਉਣ ਲਈ ਕਿਹਾ। ਬਹਿਰਾ ਆਰਡਰ ਲੈ ਕੇ ਚਲਾ ਗਿਆ। ਹਰੀਸ਼ ਨੇ ਕੰਵਲ ਨੂੰ ਪੁੱਛਿਆ, ਹੋਰ ਠੀਕ ਹੈਂ, ਮੈਨੂੰ ਪਛਾਣ ਲਿਆ?

ਕੰਵਲ ਨੇ ਜਵਾਬ ਦਿੰਦੇ ਕਿਹਾ, ਸਭ ਠੀਕ ਹੀ ਹੈ ਜੀ, ਹਾਂ ਜੀ ਪਹਿਚਾਣ ਲਿਆ।

ਬਹਿਰਾ ਕੌਫ਼ੀ ਦੇ ਕੱਪ ਰੱਖ ਕੇ ਚਲਾ ਗਿਆ। ਹਰੀਸ਼ ਨੇ ਕੌਫ਼ੀ ਦਾ ਕੱਪ ਚੁੱਕ ਕੇ ਨਿਰਮਲ ਤੇ ਕੰਵਲ ਨੂੰ ਵੀ ਕਿਹਾ, ਲਓ, ਪੀਓ। ਫਿਰ ਹਰੀਸ਼ ਨੇ ਕੰਵਲ ਨੂੰ ਪੁੱਛਿਆ, ਤੁਸੀਂ ਹੁਣ ਪੱਕਾ ਮਨ ਬਣਾ ਲਿਆ ਹੈ ਪੇਸ਼ ਹੋਣ ਦਾ ਤਾਂ ਚੰਗੀ ਗੱਲ ਹੈ, ਬਾਕੀ ਤੁਹਾਡਾ ਉਸਤਾਦ ਵਰਿੰਦਰ ਵੀ ਸਰਕਾਰੀ ਮਾਸਟਰ ਲੱਗ ਗਿਆ ਹੈ, ਮਿਲੇ ਹੋ ਤੁਸੀਂ ਉਸ ਨੂੰ ਕਿ ਨਹੀਂ?

ਹਰੀਸ਼ ਵੱਲੋਂ ਵੀ ਜਦ ਨਿਰਮਲ ਦੇ ਮਾਸਟਰ ਲੱਗਣ ਦੀ ਤਸਦੀਕ ਹੋ ਗਈ ਤਾਂ ਕੰਵਲ ਨੇ ਉਸ ਨੂੰ ਪੁੱਛਿਆ, ਜਨਾਬ ਜੇਕਰ ਤੁਸੀਂ ਸਾਰੀ ਖ਼ਬਰ ਰੱਖ ਹੀ ਰਹੇ ਹੋ ਤਾਂ ਇਹ ਵੀ ਦੱਸ ਦਿਉ ਕਿ ਜੱਸੇ ਨੂੰ ਕਿਸ ਨੇ ਫੜਾਇਆ ਸੀ?

ਹਰੀਸ਼ ਨੇ ਦੱਸਿਆ, ਜੱਸਾ ਫਗਵਾੜਾ ਬੱਸ ਅੱਡੇ 'ਤੇ ਬੱਸ ਵਿੱਚੋਂ ਉਤਰ ਕੇ ਬੰਗਾ ਰੋਡ ਵੱਲ ਜਾ ਰਿਹਾ ਸੀ। ਅੱਗੇ ਕਾਲੇ ਸ਼ੀਸ਼ਿਆਂ ਵਾਲੀ ਵੈਨ ਵਿੱਚ ਢਿੱਲੋਂ ਕੈਟ ਬੈਠਾ ਸੀ। ਉਸ ਨੇ ਜੱਸੇ ਨੂੰ ਦੇਖ ਲਿਆ ਤੇ ਵੈਨ ਦੀ ਪਿਛਲੀ ਬਾਰੀ ਖੋਲ੍ਹ ਕੇ ਉਸ ਦੇ ਮਗਰ ਲਾ ਲਈ, ਜੱਸੇ 'ਤੇ ਚਾਰ ਸਿਪਾਹੀ ਝਪਟ ਪਏ ਤੇ ਉਸ ਨੂੰ ਚੁੱਕ ਕੇ ਸੀ.ਏ. ਸਟਾਫ ਲੈ ਗਏ। ਜੱਸਾ ਪੂਰੇ ਰਾਹ ਢਿੱਲੋਂ ਨੂੰ ਗਾਲ੍ਹਾਂ ਕੱਢਦਾ ਰਿਹਾ। ਜਦੋਂ ਉਸ ਨੂੰ ਥਾਣੇ ਲਿਜਾ ਕੇ ਵੈਨ ਵਿੱਚੋਂ ਲਾਹਿਆ ਤਾਂ ਉਸ ਨੇ ਕੋਲ ਖੜ੍ਹੇ ਢਿੱਲੋਂ ਦੀਆਂ ਖੁੱਚਾਂ ਵਿੱਚ ਜ਼ੋਰ ਨਾਲ ਠੁੱਡ ਮਾਰਿਆ। ਢਿੱਲੋਂ ਨੇ ਪੀੜ ਨਾਲ ਕੁਰਲਾਉਂਦੇ ਨੇ ਆਪਣੇ ਆਪ ਨੂੰ ਸੰਭਾਲਿਆ ਤੇ ਡੱਬ ਵਿੱਚੋਂ ਪਿਸਟਲ ਕੱਢ ਕੇ ਜੱਸੇ ਦੇ ਸਿਰ ਵਿੱਚ ਚਾਰ ਪੰਜ ਗੋਲੀਆਂ ਮਾਰ ਦਿੱਤੀਆਂ। ਜੱਸਾ ਉਥੇ ਹੀ ਦਮ ਤੋੜ ਗਿਆ। ਫਿਰ ਰਾਤ ਨੂੰ ਲਿਜਾ ਕੇ ਉਸ ਦਾ ਮੁਕਾਬਲਾ ਸ਼ੋਅ ਕਰ ਦਿੱਤਾ ਸੀ।

ਕੰਵਲ ਨੇ ਅੱਖਾਂ ਵਿੱਚ ਆਏ ਹੰਝੂ ਸਾਫ਼ ਕਰਦਿਆਂ ਕਿਹਾ, ਉਸ ਢਿੱਲੋਂ ਦਾ ਕੀ ਬਣਿਆ? ਉਸ ਨੂੰ ਤਾਂ ਤਰੱਕੀ ਮਿਲ ਗਈ ਹੋਣੀ।

ਹਰੀਸ਼ ਨੇ ਬੜੇ ਠਰੰਮੇ ਨਾਲ ਕਿਹਾ, ਦੇਖ ਛੋਟੇ ਵੀਰ, ਜੇਕਰ ਕਾਨੂੰਨ ਆਪਣਾ ਕੰਮ ਇਮਾਨਦਾਰੀ ਨਾਲ ਕਰਨ 'ਤੇ ਆ ਜਾਵੇ ਤਾਂ ਵੱਡਿਆਂ-ਵੱਡਿਆਂ ਦੀਆਂ ਲਕੀਰਾਂ ਕਢਵਾ ਦੇਂਦਾ ਹੈ। ਢਿੱਲੋਂ ਨੇ ਚੜ੍ਹ ਵਿੱਚ ਮੱਚੇ-ਮੱਚੇ ਨੇ ਇਕ ਦਿਨ ਸ਼ਰਾਬ ਪੀ ਕੇ ਆਪਣੇ ਹੀ ਗੰਨਮੈਨ ਦੇ ਥੱਪੜ ਮਾਰ ਦਿੱਤਾ ਸੀ। ਉਸ ਹੌਲਦਾਰ ਨੇ ਸਿੱਧੀ ਸ਼ਿਕਾਇਤ ਡੀ.ਜੀ.ਪੀ. ਸਾਹਿਬ ਨੂੰ ਜਾ ਕੇ ਕਰ ਦਿੱਤੀ। ਬੱਸ ਫਿਰ ਕੀ ਸੀ। ਪਹਿਲਾਂ ਤਾਂ ਉਸ ਦੀ ਗ੍ਰਿਫ਼ਤਾਰੀ ਪਾਈ ਗਈ। ਫਿਰ ਜੇਲ੍ਹ ਯਾਤਰਾ ਤੇ ਫਿਰ ਕਾਫੀ ਸਮਾਂ ਕਚਹਿਰੀਆਂ ਦੇ ਚੱਕਰ ਮਾਰਦਾ ਫਿਰਦਾ ਰਿਹਾ ਤੇ ਪਿਛਲੇ ਹਫ਼ਤੇ ਕਹਿੰਦੇ ਆ ਬਿਮਾਰੀ ਨਾਲ ਕੀੜੇ ਪੈ ਕੇ ਮਰਿਆ ਉਹ।

ਕੰਵਲ ਦੇ ਮੂੰਹੋਂ ਆਪ ਮੁਹਾਰੇ ਨਿਕਲਿ-ਆ, ਇਹੋ ਜਿਹੇ ਪਾਪੀ ਨਾਲ ਇਹੋ ਹੀ ਹੋਣਾ ਚਾਹੀਦਾ ਸੀ, ਪਾਪੀ ਕੋ ਮਾਰਨੇ ਕੋ ਪਾਪ ਮਹਾਂਬਲੀ ਹੈ।

ਫਿਰ ਕੰਵਲ ਨੇ ਪੁੱਛਿਆ, ਪੱਪੀ ਦਾ ਪਤਾ ਕੁਝ ਉਹ ਕਿਥੇ ਹੈ?

**ਬਾਕੀ ਹਿਸਾ ਅਗਲੇ ਸਫ਼ੇ 28 ਤੇ ਪੜ੍ਹੋ**

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

### ਅਗਲਾ ਨਾਵਲ ਸ਼ਿਵਚਰਨ ਜੱਗੀ ਕੁੱਸਾ ਦਾ 'ਕੱਲਾ ਨਾ ਹੋਵੇ ਪੁੱਤ ਜੱਟ ਦਾ...

ਪੰਜਾਬ ਟਾਈਮਜ਼ ਵਿੱਚ ਛਪ ਰਹੇ ਹਥਲੇ ਨਾਵਲ ਬੰਦੂਕ ਤੋਂ ਕਲਮ ਤੱਕ ਦੀ ਅਗਲੇ ਹਫ਼ਤੇ ਆਖਰੀ ਕਿਸ਼ਤ ਹੋਵੇਗੀ। ਅਦਾਰਾ ਪੰਜਾਬ ਟਾਈਮਜ਼ ਵੱਲੋਂ ਗੁਰਨਾਮ ਬਾਵਾ ਦੇ ਸਹਿਯੋਗ ਲਈ ਹਾਰਦਿਕ ਧੰਨਵਾਦ ਕਰਦੇ ਹਾਂ ਇਸ ਨਾਵਲ ਪਿੱਛੋਂ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਦਾ ਨਵਾਂ ਨਾਵਲ 'ਕੱਲਾ ਨਾ ਹੋਵੇ ਪੁੱਤ ਜੱਟ ਦਾ" ਲੜੀਵਾਰ ਛਾਪਿਆ ਜਾਵੇਗਾ। ਉਮੀਦ ਕਰਦੇ ਹਾਂ ਗੁਰਨਾਮ ਬਾਵਾ ਦਾ ਇਹ ਹਥਲਾ ਨਾਵਲ ਪਾਠਕਾਂ ਨੇ ਪਸੰਦ ਕੀਤਾ ਹੋਵੇਗਾ। ਐਤਕੀਂ ਅਦਾਰਾ ਪੰਜਾਬ ਟਾਈਮਜ਼ ਨੇ ਸ਼ਿਵਚਰਨ ਜੱਗੀ ਕੁੱਸਾ ਦਾ ਨਾਵਲ 'ਕੱਲਾ ਨਾ ਹੋਵੇ ਪੁੱਤ ਜੱਟ ਦਾ' ਚੁਣਿਆ ਹੈ, ਜੋ ਹਥਲੇ ਨਾਵਲ ਤੋਂ ਬਾਅਦ ਲੜੀਵਾਰ ਸ਼ੁਰੂ ਕੀਤਾ ਜਾਵੇਗਾ। -ਸੰਪਾਦਕ

# “ਸੌਲੀਹੁਲ ਦੇ ਪਹਿਲੇ ਸਿੱਖ ਮੇਅਰ ਸਰਦੂਲ ਸਿੰਘ ਮਰਵਾ ਦਾ ਸਨਮਾਨ”





**ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿੱਚ ਰਾਮਗੜ੍ਹੀਆ ਸਿੱਖ ਗੁਰਦੁਆਰਾ ਗਰਾਹਮ ਸਟ੍ਰੀਟ ਵਿਖੇ ਵਿਸ਼ੇਸ਼ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੌਲੀਹੁਲ ਨਗਰ ਕੌਂਸਲ ਦੇ ਪਹਿਲੇ ਸਿੱਖ ਮੇਅਰ ਸਰਦੂਲ ਸਿੰਘ ਮਰਵਾ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਿਆਰਾ ਸਿੰਘ ਭੋਗਲ ਅਤੇ ਦੂਸਰੇ ਅਹੁਦੇਦਾਰਾਂ ਵਲੋਂ ਸਿਰੀ ਸਾਹਿਬ ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਇੰਗਲੈਂਡ ਵਿੱਚ 38 ਸਾਲ ਮੈਜਿਸਟ੍ਰੇਟ ਦੀਆਂ ਸੇਵਾਵਾਂ ਨਿਭਾਉਣ ਵਾਲੇ ਸ੍ਰੀਮਤੀ ਸਤਨਾਮ ਕੌਰ ਮਰਵਾ ਨੂੰ ਵੀ ਵਿਸ਼ੇਸ਼ ਸਨਮਾਨ ਦੇ ਕੇ ਸਨਮਾਨਿਤ ਕੀਤਾ ਗਿਆ। ਅਜਿਹੀਆਂ ਸੇਵਾਵਾਂ ਨਿਭਾਉਣ ਵਾਲੀ ਉਹ ਪਹਿਲੀ ਏਸ਼ੀਅਨ ਮਹਿਲਾ ਹਨ। ਸ੍ਰੀ ਮਰਵਾ ਸਰਬਸੰਮਤੀ ਨਾਲ ਸਾਲ 2026-27 ਲਈ ਸੌਲੀਹੁਲ ਦੇ 73ਵੇ ਮੇਅਰ ਚੁਣੇ ਗਏ ਹਨ। ਸਮਾਗਮ ਨੂੰ ਸੰਬੋਧਨ ਕਰਦਿਆਂ ਮੇਅਰ ਸ੍ਰੀ ਮਰਵਾ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ 1960 ਵਿੱਚ ਪੰਜਾਬ ਤੋਂ ਇੰਗਲੈਂਡ ਵਿੱਚ ਨਵੇਂ ਮੌਕਿਆਂ ਦੀ ਤਲਾਸ਼ ਵਿੱਚ ਆ ਗਿਆਂ ਸੀ। ਉਨ੍ਹਾਂ ਦੱਸਿਆ ਕਿ ਉਹ 1978 ਵਿੱਚ ਰਾਜਨੀਤੀ ਵਿੱਚ ਆ ਗਏ ਸਨ। ਉਨ੍ਹਾਂ ਕਈ ਦਹਾਕੇ ਸਥਾਨਕ ਸਰਕਾਰਾਂ ਅਤੇ ਕਮਿਊਨਿਟੀ ਸਰਵਿਸਿਜ਼ ਨੂੰ ਸਮਰਪਿਤ ਕੀਤੇ ਅਤੇ ਅਜੇ ਇਹ ਸਫ਼ਰ ਜਾਰੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 1982 ਤੋ 1988 ਤੱਕ ਬਰਮਿੰਘਮ ਕੌਂਸਲ ਦੇ ਕੌਂਸਲਰ ਵਜੋਂ ਸੇਵਾਵਾਂ ਨਿਭਾਈਆਂ। ਇਸ ਦੌਰਾਨ ਬੜੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣ ਦਾ ਮੌਕਾ ਮਿਲਿਆ। ਉਨ੍ਹਾਂ ਆਪਣੀਆਂ ਜਨਤਕ ਸੇਵਾਵਾਂ ਸੌਲੀਹੁਲ ਵਿੱਚ ਵੀ ਜਾਰੀ ਰੱਖੀਆਂ। ਉਨ੍ਹਾਂ ਕਿਹਾ ਕਿ ਉਹ 2023 ਵਿੱਚ ਸੌਲੀਹੁਲ ਮੈਟਰੋਪੌਲੀਟਨ ਬੋਰਾ ਦੇ ਕੌਂਸਲਰ ਚੁਣੇ ਗਏ ਸਨ। ਹੁਣ 2026-27 ਲਈ ਸੌਲੀਹੁਲ ਦੇ ਮੇਅਰ ਵਜੋਂ ਸੇਵਾ ਨਿਭਾਅ ਰਹੇ ਹਨ। ਉਨ੍ਹਾਂ ਆਖਿਆ ਕਿ ਉਹ ਆਪਣੇ ਖੇਤਰ ਅਤੇ ਲੋਕਾਂ ਦੇ ਹਿੱਤਾਂ ਦੀ ਰਾਖੀ, ਜਨਤਕ ਭਲਾਈ ਅਤੇ ਭਾਈਚਾਰਕ ਸਾਂਝ-ਸਦਭਾਵਨਾ ਕਾਇਮ ਰੱਖਣ ਵਾਸਤੇ ਕੰਮ ਕਰਦੇ ਰਹਿਣਗੇ।**

**ਗੁਰਦੁਆਰਾ ਕਮੇਟੀ ਦੇ ਉਪ-ਪ੍ਰਧਾਨ ਜਸਪਾਲ ਸਿੰਘ ਵਿਰਦੀ ਨੇ ਸਨਮਾਨ ਪੱਤਰ ਪੜਿਆ ਅੰਤ ਸ੍ਰੀ ਮਰਵਾ ਦੀਆਂ ਅਹਿਮ ਪ੍ਰਾਪਤੀਆਂ ਦਾ ਜ਼ਿਕਰ ਕੀਤਾ। ਇਕੱਠ ਨੂੰ ਸ੍ਰੀ ਕੁਲਵਿੰਦਰ ਸਿੰਘ ਸੂਰਾ ਨੇ ਵੀ ਸੰਬੋਧਨ ਕੀਤਾ। ਇਸੇ ਮੌਕੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟਸ ਯੂਨੀਅਨ ਦੇ ਚੇਅਰਮੈਨ ਬਲਬੀਰ ਸਿੰਘ ਜੰਡੂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਲਾਲ ਚੰਦ ਯਮਲਾ ਜੱਟ ਕਲਚਰ ਟਰੱਸਟ ਦੇ ਪ੍ਰਧਾਨ ਕਰਨੈਲ ਸਿੰਘ ਚੀਮਾ, ਇੰਡੀਅਨ ਓਵਰਸੀਜ਼ ਕਾਂਗਰਸ ਦੇ ਉੱਘੇ ਆਗੂ ਕੁਲਵਿੰਦਰ ਸਿੰਘ ਫੁੱਲ, ਗੁਰਦੁਆਰਾ ਕਮੇਟੀ ਦੇ ਅਸਿਸਟੈਂਟ ਜਨਰਲ ਸਕੱਤਰ ਪਵਿੱਤਰ ਸਿੰਘ ਦਿਬੜਾ ਅਤੇ ਲੰਗਰ ਦੇ ਜਥੇਦਾਰ ਜਸਵੰਤ ਸਿੰਘ ਵਿਸ਼ੇਸ਼ ਤੌਰ ਉੱਤੇ ਸ਼ਾਮਲ ਹੋਏ।**

**27 ਸਫ਼ੇ ਦੀ ਬਾਕੀ**

ਹਰੀਸ਼ ਨੇ ਹੱਸ ਕੇ ਜਵਾਬ ਦਿੱਤਾ, ਉਹ ਤਾਂ ਵਿਦੇਸ਼ ਚਲਾ ਗਿਆ ਸੀ।

ਹਰੀਸ਼ ਹੁਣ ਮੁੱਦੇ ਦੀ ਗੱਲ ‘ਤੇ ਸਿੱਧਾ ਆ ਗਿਆ ਤੇ ਕੰਵਲ ਨੂੰ ਪੁੱਛਿਆ, ਹੁਣ ਤੁਸੀਂ ਆਪਣਾ ਫੈਸਲਾ ਦੱਸੋ, ਮੈਂ ਕਰਾਂ ਸਾਬ੍ਹ ਨਾਲ ਗੱਲ ?

ਨਿਰਮਲ, ਕੰਵਲ ਦੇ ਬੋਲਣ ਤੋਂ ਪਹਿਲਾਂ ਹੀ ਬੋਲ ਪਿਆ, ਪਰ ਜਨਾਬ ਇਸ ਦਾ ਉਸ ਤੋਂ ਬਾਅਦ ਕੀ ਬਣੇਗਾ ?

ਹਰੀਸ਼ ਨੇ ਕਿਹਾ, ਦੇਖੋ, ਇਸ ਨੂੰ ਕੁਝ ਸਮੇਂ ਲਈ ਤਾਂ ਜੇਲ੍ਹ ਵੀ ਜਾਣਾ ਪੈ ਸਕਦਾ ਹੈ। ਜੋ ਕੇਸ ਇਸ ਉਪਰ ਨੇ, ਉਹ ਸਾਰੇ ਕੇਸ ਅਸੀਂ ਕਮਜ਼ੋਰ ਬਣਾਵਾਂਗੇ ਤੇ ਸਾਲ ਕੁ ਵਿੱਚ ਜ਼ਮਾਨਤ ਕਰਵਾ ਦਿਆਂਗੇ ਤੇ ਬਾਕੀ ਹੋਰ ਦੋ ਸਾਲ ਬਾਅਦ ਕੇਸ ਵੀ ਖ਼ਤਮ ਹੋ ਜਾਣਗੇ।

ਰਹੀ ਇਸ ਨੂੰ ਕੰਮ-ਧੰਦੇ ‘ਤੇ ਲਾਉਣ ਦੀ ਗੱਲ ਜੋ ਇਹ ਕੰਮ ਕਰਨਾ ਚਾਹੇਗਾ ਉਸ ਵਿੱਚ ਵੀ ਇਸ ਦੀ ਮਦਦ ਕਰਾਂਗੇ।

ਕੰਵਲ ਨੇ ਬਿਨਾਂ ਕੋਈ ਭੂਮਿਕਾ ਤੋਂ ਸਾਫ਼-ਸਾਫ਼ ਕਿਹਾ, ਤੁਸੀਂ ਕਰ ਲਵੋ ਗੱਲ ਮੈਂ ਤਿਆਰ ਹਾਂ।

ਹਰੀਸ਼ ਉਠ ਕੇ ਹੋਟਲ ਦੀ ਰਿਸੈਪਸ਼ਨ ‘ਤੇ ਖੜ੍ਹੇ ਮੈਨੇਜਰ ਕੋਲ ਚਲਾ ਗਿਆ ਤੇ ਉਸ ਨੂੰ ਆਪਣਾ ਪੁਲਸ ਵਾਲਾ ਪਹਿਚਾਣ ਪੱਤਰ ਦਿਖਾ ਕੇ ਬੇਨਤੀ ਕੀਤੀ ਕਿ ਇਕ ਫੋਨ ਕਰਨ ਦਿੱਤਾ ਜਾਵੇ। ਮੈਨੇਜਰ ਨੇ ਵੀ ਹਾਂ ਕਰਦਿਆਂ ਕਿਹਾ, ਕੋਈ ਨਹੀਂ ਸਰ, ਕਰ ਲਵੋ ਜੀ।

ਅੱਗੋਂ ਕਿਸੇ ਨੇ ਜਦ ਫ਼ੋਨ ਚੁੱਕਿਆ ਤਾਂ ਹਰੀਸ਼ ਨੇ ਜੈ ਹਿੰਦ ਕਹਿ ਕੇ ਕਹਿਣਾ ਸ਼ੁਰੂ ਕੀਤਾ, ਸਰ ਜੀ ਮੈਂ ਪੰਜ ਕੁ ਮਿੰਟ ਜ਼ਰੂਰੀ ਗੱਲ ਕਰਨੀ ਹੈ।

ਅੱਗੋਂ ਅਵਾਜ਼ ਆਈ, ਕਰੋ ਜੀ, ਜੋ ਗੱਲ ਕਰਨੀ ਹੈ।

ਹਰੀਸ਼ ਨੇ ਕਿਹਾ, ਸਰ, ਕਮਲਜੀਤ ਸਿੰਘ ਉਰਫ਼ ਕੰਵਲ ਸਰੈਂਡਰ ਕਰਨਾ ਚਾਹੁੰਦਾ ਹੈ, ਦੱਸੋ ਕਿਵੇਂ ਕਰਨੀ ਹੈ ? ਮੈਂ ਉਸ ਨੂੰ ਵਿਸ਼ਵਾਸ ਦੁਆਇਆ ਹੈ ਕਿ ਉਸ ਨੂੰ ਉਂਗਲ ਵੀ ਨਹੀਂ ਲੱਗਣ ਦਿਆਂਗਾ।

ਅੱਗੋਂ ਅਵਾਜ਼ ਆਈ, ਠੀਕ ਹੈ ਪਰ ਮੈਂ ਇਕ ਹਫ਼ਤੇ ਲਈ ਬਾਹਰ ਜਾ ਰਿਹਾ ਹਾਂ, ਉਨੀਂ ਦੇਰ ਆਪਣੇ ਕੋਲ ਰੱਖ, ਹੋਰ ਕਿਸੇ ਨਾਲ ਇਸ ਬਾਰੇ ਗੱਲ ਨਹੀਂ ਕਰਨੀਂ।

ਹਰੀਸ਼ ਜੈ ਹਿੰਦ ਕਹਿ ਕੇ ਫ਼ੋਨ ਬੰਦ ਕਰਨ ਲੱਗਾ ਤਾਂ ਅੱਗੋਂ ਅਵਾਜ਼ ਆਈ, ਚੱਲ ਇਸ ਤਰ੍ਹਾਂ ਕਰ ਅੱਜ ਮੰਗਲਵਾਰ ਹੈ, ਤੂੰ ਇਹ ਨੂੰ ਸ਼ਨੀਵਾਰ ਨੂੰ ਲੈ ਕੇ ਚੰਡੀਗੜ੍ਹ ਆ ਜਾਈਂ ਪਤਾ ਹੈ ਨਾ ਕਿਥੇ ਆਉਣਾ ?

ਹਰੀਸ਼ ਨੇ ਜੀ ਸਰ ਕਹਿ ਕੇ ਫ਼ੋਨ ਬੰਦ ਕਰ ਦਿੱਤਾ। ਫਿਰ ਉਨ੍ਹਾਂ ਕੋਲ ਆ ਕੇ ਬੈਠ ਗਿਆ। ਇਕ ਵਾਰ ਚਾਹ ਫਿਰ ਆ ਗਈ ਸੀ। ਚਾਹ ਦਾ ਕੱਪ ਚੁੱਕਦਿਆਂ ਹਰੀਸ਼ ਨੇ ਕਿਹਾ, ਤੈਨੂੰ ਅੱਜ ਤੋਂ ਬਾਅਦ ਮੇਰੇ ਨਾਲ ਰਹਿਣਾ ਪੈਣਾ। ਸਾਬ੍ਹ ਬਾਹਰ ਚੱਲੇ ਆ, ਉਹ ਆਪਾਂ ਨੂੰ ਸ਼ਨੀਵਾਰ ਨੂੰ ਮਿਲਣਗੇ।

ਹਰੀਸ਼ ਦੀ ਇਹ ਗੱਲ ਸੁਣ ਕੇ ਨਿਰਮਲ ਨੇ ਪੁੱਛਿਆ, ਸ਼ਨੀਵਾਰ ਤੱਕ ਇਹ ਜਿਥੇ ਰਹਿ ਰਿਹਾ ਉਥੇ ਰਹੀ ਜਾਵੇ ਤਾਂ ਕੀ ਫ਼ਰਕ ਪੈਂਦਾ ਹੈ ? ਮੈਂ ਇਹ ਨੂੰ ਸ਼ਨੀਵਾਰ ਨੂੰ ਸਵੇਰੇ ਤੁਹਾਡੇ ਕੋਲ ਲੈ ਕੇ ਆ ਜਾਵਾਂਗਾ।

ਹਰੀਸ਼ ਨੇ ਸਹਿਜ ਵਿੱਚ ਹੋ ਕੇ ਨਿਰਮਲ ਨੂੰ ਅੰਦਰ ਦੀ ਗੱਲ ਦੱਸਦਿਆਂ ਕਿਹਾ, ਤੁਸੀਂ ਕੀ ਸੋਚਦੇ ਹੋ, ਕਿਸੇ ਨੂੰ ਪਤਾ ਨਹੀਂ, ਇਹ ਲੁਧਿਆਣਾ ਵਿੱਚ ਰਹਿ ਰਿਹਾ ਹੈ ? ਮੈਨੂੰ ਤਿੰਨ ਦਿਨ ਪਹਿਲਾਂ ਹੀ ਪਤਾ ਚੱਲ ਗਿਆ ਸੀ। ਇਸ ਦੇ ਐਥੇ ਹੋਣ ਦੀ ਭਿਣਕ ਲੋਕਲ ਪੁਲਸ ਨੂੰ ਪੈ ਚੁੱਕੀ ਹੈ। ਮੈਂ ਇਹ ਨੂੰ ਜਲੰਧਰ ਆਪਣੇ ਕੋਲ ਰੱਖਾਂਗਾ। ਜੇਕਰ ਕਿਸੇ ਨੂੰ ਪਤਾ ਲੱਗ ਵੀ ਗਿਆ ਤਾਂ ਇਸ ਨੂੰ ਕੋਈ ਹੱਥ ਨਹੀਂ ਪਾ ਸਕਦਾ, ਸਮਝ ਗਏ? ਤੁਹਾਨੂੰ ਮੇਰੇ ਨਾਲ ਸਹਿਯੋਗ ਕਰਨ ਵਿੱਚ ਹੀ ਫਾਇਦਾ ਹੈ।

ਫਿਰ ਕੰਵਲ ਬੋਲਿਆ, ਮੈਨੂੰ ਦੋ ਘੰਟੇ ਦਾ ਸਮਾਂ ਦੇ ਦਿਉ, ਮੈਂ ਬਾਈ ਨਾਲ ਜਿਥੇ ਕਹੋਗੇ ਆ ਜਾਵਾਂਗਾ।

ਹਰੀਸ਼ ਨੇ ਕੁਝ ਸੋਚ ਕੇ ਕਿਹਾ, ਠੀਕ ਹੈ, ਨਿਰਮਲ ਕੋਲ ਮੇਰੇ ਘਰ ਦਾ ਨੰਬਰ ਹੈ, ਉਸ ‘ਤੇ ਮੈਨੂੰ ਫੋਨ ਕਰ ਦੇਣਾ, ਮੈਂ ਆਪ ਜਿਥੋਂ ਕਹੋਗੇ, ਉਥੋਂ ਤੁਹਾਨੂੰ ਲੈ ਲਵਾਂਗਾ।

ਨਿਰਮਲ ਤੇ ਕੰਵਲ ਨੇ ਸਹਿਮਤੀ ਦੇ ਦਿੱਤੀ। ਹਰੀਸ਼ ਉਨ੍ਹਾਂ ਨਾਲ ਹੱਥ ਮਿਲਾ ਕੇ ਤੇ ਹੋਟਲ ਦਾ ਬਿਲ ਦੇ ਕੇ ਚਲਾ ਗਿਆ।

ਉਸ ਦੇ ਜਾਣ ਮਗਰੋਂ ਨਿਰਮਲ ਤੇ ਕੰਵਲ ਬਾਹਰ ਸੜਕ ‘ਤੇ ਆਏ ਤਾਂ ਕੁਲਵਿੰਦਰ ਨੇ ਕਾਰ ਉਨ੍ਹਾਂ ਅੱਗੇ ਲਿਆ ਖੜ੍ਹੀ ਕੀਤੀ। ਦੋਵੇਂ ਉਸ ਵਿੱਚ ਬੈਠ ਕੁਲਵਿੰਦਰ ਦੇ ਘਰ ਵੱਲ ਚੱਲ ਪਏ। ਰਸਤੇ ਵਿੱਚ ਹੀ ਨਿਰਮਲ ਨੇ ਹਰੀਸ਼ ਨਾਲ ਹੋਈ ਸਾਰੀ ਗੱਲਬਾਤ ਦੱਸੀ ਤੇ ਕਿਹਾ, ਹੁਣ ਦੱਸ ਕਿਵੇਂ ਕਰਨੀ ਹੈ ?

ਕੁਲਵਿੰਦਰ ਨੇ ਕਿਹਾ, ਕੋਈ ਘਬਰਾਉਣ ਦੀ ਲੋੜ ਨਹੀਂ, ਤੇਰਾ ਹਰੀਸ਼ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ, ਮੈਂ ਵੀ ਬਾਅਦ ਵਿੱਚ ਉਸ ਨਾਲ ਗੱਲ ਕਰ ਲਵਾਂਗਾ।

ਘਰ ਆ ਕੇ ਕੰਵਲ ਨੇ ਆਪਣੇ ਕੱਪੜੇ ਫਿਰ ਇਕ ਛੋਟੇ ਜਿਹੇ ਬੈਗ ਵਿੱਚ ਪਾਏ ਤੇ ਦੋਵਾਂ ਦੇ ਗਲ ਲੱਗ ਮਿਲਿਆ ਤੇ ਕਿਹਾ, ਬਾਈ ਆਪਣਾ ਖ਼ਿਆਲ ਰੱਖੀਂ ਤੇ ਕੁਲਵਿੰਦਰ ਦਾ ਵੀ। ਤੁਹਾਡੇ ਦੋਵਾਂ ਦਾ ਦੇਣਾ ਮੈਂ ਕਦੇ ਵੀ ਨਹੀਂ ਦੇ ਸਕਦਾ। ਬਾਕੀ ਕਲਕੱਤਾ ਵਾਲੇ ਸਰਦਾਰ ਜੀ ਤੋਂ ਵੀ ਮੇਰੇ ਵੱਲੋਂ ਮਾਫ਼ੀ ਮੰਗ ਲੈਣਾ, ਮੈਂ ਉਨ੍ਹਾਂ ਨੂੰ ਬਿਨਾਂ ਦੱਸੇ ਆ ਗਿਆ ਸੀ।

ਨਿਰਮਲ ਨੇ ਹੌਂਸਲਾ ਦਿੰਦੇ ਕਿਹਾ, ਤੂੰ ਫ਼ਿਕਰ ਨਾ ਕਰ ਅਸੀਂ ਅੱਜ ਵੀ ਤੇਰੇ ਨਾਲ ਹਾਂ ਤੇ ਅਖ਼ੀਰ ਤੱਕ ਤੇਰਾ ਸਾਥ ਨਹੀਂ ਛੱਡਦੇ।

ਨਿਰਮਲ ਨੇ ਹਰੀਸ਼ ਨੂੰ ਫੋਨ ਕਰ ਕੇ ਸਮਰਾਲਾ ਚੌਂਕ ‘ਤੇ ਬੁਲਾ ਲਿਆ। ਉਨ੍ਹਾਂ ਦੇ ਪੁੱਜਦਿਆਂ ਅੱਗੋਂ ਹਰੀਸ਼ ਪਹਿਲਾਂ ਹੀ ਉਡੀਕਦਾ ਮਿਲ ਗਿਆ। ਕੰਵਲ ਨੂੰ ਕਾਰ ਵਿੱਚ ਬਿਠਾ ਕੇ ਨਿਰਮਲ ਨੂੰ ਕਹਿੰਦਾ ਚੱਲ ਪਿਆ, ਜੇਕਰ ਕੱਲ੍ਹ ਕਿਧਰੇ ਤੁਹਾਡਾ ਚੱਕਰ ਹੋਇਆ ਤੇ ਲਾ ਆਉਣਾ ਬਾਕੀ ਇਸ ਬਾਰੇ ਮੇਰੇ ਤੋਂ ਹੀ ਪੁੱਛ ਲੈਣਾ ਜੇਕਰ ਮਨ ਉਦਾਸ ਹੋਇਆ ਤਾਂ ਬਾਕੀ ਸੋਮਵਾਰ ਤੱਕ ਸਭ ਠੀਕ ਹੋ ਜਾਏਗਾ।

ਕਾਰ ਬਾਈ ਦੀਆਂ ਅੱਖਾਂ ਤੋਂ ਦੂਰ ਹੋ ਗਈ।

**ਚਲਦਾ....**

** ***

# ਉੱਘੇ ਸਿੱਖ ਬੁੱਧੀਜੀਵੀ, ਪ੍ਰਸ਼ਾਸਕ ਤੇ ਸਾਂਸਦ ਸਿਰਦਾਰ ਕਪੂਰ ਸਿੰਘ ਨੂੰ ਯਾਦ ਕਰਦਿਆਂ

13 ਅਗਸਤ ਨੂੰ ਬਰਸੀ 'ਤੇ ਵਿਸ਼ੇਸ਼



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਜਦੋਂ ਕਦੇ ਕਿਸੇ ਉਘੇ ਸਿੱਖ ਬੁੱਧੀਜੀਵੀ, ਸਿੱਖ ਕੌਮ ਦੀ ਪ੍ਰਭੁਸੱਤਾ ਲਈ ਤਾਅ ਜ਼ਿੰਦਗੀ ਸੰਘਰਸ਼ਸ਼ੀਲ ਰਹਿਣ ਵਾਲੇ, ਯੋਗ ਪ੍ਰਬੰਧਕ ਤੇ ਸਾਂਸਦ ਦੀ ਗੱਲ ਚੱਲਦੀ ਹੈ ਤਾਂ ਸਰਬਗੁਣ ਸੰਪੰਨ ਸਿਰਦਾਰ ਕਪੂਰ ਸਿੰਘ ਆਈ. ਪੀ. ਐਸ. ਦਾ ਚਿਹਰਾ ਮੁਹਰਾ ਆਪ ਮੁਹਾਰੇ ਅੱਖਾਂ ਸਾਹਵੇਂ ਆ ਜਾਂਦਾ ਹੈ। ਇਸ ਮਹਾਨ ਬੁੱਧੀਜੀਵੀ ਦਾ ਜਨਮ ਜਗਰਾਉਂ (ਲੁਧਿਆਣਾ) ਦੇ ਇਕ ਨੇੜਲੇ ਪਿੰਡ ਵਿੱਚ 2 ਮਾਰਚ 1909 ਈ: ਨੂੰ ਸ. ਦੀਦਾਰ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਮਾਤਾ ਹਰਨਾਮ ਕੌਰ ਦੀ ਕੁੱਖ ਤੋਂ ਹੋਇਆ। ਇਨ੍ਹਾਂ ਦੇ ਜਨਮ ਤੋਂ ਥੋੜ੍ਹੇ ਸਮੇਂ ਤੋਂ ਪਿੱਛੋਂ ਇਹ ਪਰਿਵਾਰ ਪੱਛਮੀ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 531 ਵਿੱਚ ਜਾ ਵਸਿਆ। ਬਚਪਨ ਤੋਂ ਤੇਜ਼ ਤਰਾਰ ਬੁੱਧੀ ਦੇ ਮਾਲਕ ਸਿਰਦਾਰ ਕਪੂਰ ਸਿੰਘ ਨੇ ਦੱਸਵੀਂ ਤੱਕ ਦੀ ਸਿੱਖਿਆ ਖ਼ਾਲਸਾ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਉਚੇਰੀ ਸਿੱਖਿਆ ਆਪ ਨੇ ਲਾਹੌਰ ਤੋਂ ਪ੍ਰਾਪਤ ਕੀਤੀ।

ਦੇਸ਼ ਦੀ ਅਜ਼ਾਦੀ ਤੋਂ ਪਿੱਛੋਂ ਜਦੋਂ ਦੋ ਦੇਸ਼ ਧਰਮ 'ਤੇ ਆਧਾਰਿਤ ਰਾਜਨੀਤੀ ਤੋਂ ਪ੍ਰੇਰਿਤ ਹੋ ਕੇ ਪੰਜਾਬ ਦੀ ਧਰਤੀ ਨੂੰ ਵੰਡ ਕੇ ਬੈਠ ਗਏ। ਇਸ ਤੋਂ ਬਾਅਦ ਹਿੰਦੁਸਤਾਨ ਦੀ ਸਰਕਾਰ ਵੱਲੋਂ ਸਿੱਖਾਂ ਪ੍ਰਤੀ ਪੱਖਪਾਤੀ ਰਵੱਈਏ ਤੋਂ ਆਪ ਹਮੇਸ਼ਾਂ ਚਿੰਤਤ ਰਹਿੰਦੇ ਸਨ। ਪੰਜਾਬ ਦੇ ਗਵਰਨਰ ਸ੍ਰੀ ਚੰਦੂ ਲਾਲ ਤ੍ਰਿਵੇਦੀ ਵੱਲੋਂ 10 ਅਕਤੂਬਰ, 1947 ਨੂੰ ਦੇਸ਼ ਦੇ ਬਟਵਾਰੇ ਤੋਂ ਚੰਦ ਕੁ ਦਿਨਾਂ ਬਾਅਦ ਇਕ ਗਸ਼ਤੀ ਚਿੱਠੀ ਸਾਰੇ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਕੀਤੀ ਗਈ। ਇਸ ਚਿੱਠੀ ਵਿੱਚ ਸਮੁੱਚੀ ਸਿੱਖ ਕੌਮ ਨੂੰ ਮੁਜਰਮਾਨਾ ਬਿਰਤੀ ਦੇ ਆਖ ਕੇ ਇਨ੍ਹਾਂ ਦੀਆਂ ਗਤੀਵਿਧੀਆਂ ਨੂੰ ਵਾਚਣ ਲਈ ਕਿਹਾ ਗਿਆ। ਇਸ ਗਸ਼ਤੀ ਪੱਤਰ ਨੇ ਇਨ੍ਹਾਂ ਦੇ ਹਿਰਦੇ 'ਤੇ ਡੂੰਘੀ ਸੱਟ ਮਾਰੀ। ਬਤੌਰ ਡਿਪਟੀ ਕਮਿਸ਼ਨਰ ਇਨ੍ਹਾਂ ਵੱਲੋਂ ਇਸ ਪੱਤਰ ਦੇ ਉੱਤਰ ਵਜੋਂ ਭਾਰਤ ਸਰਕਾਰ ਪ੍ਰਤੀ ਸਖ਼ਤ ਰੋਸ ਦਾ ਪ੍ਰਗਟਾਵਾ ਕੀਤਾ ਗਿਆ। ਇਸ ਚਿੱਠੀ ਦੇ ਸਖ਼ਤ ਉੱਤਰ ਪਿੱਛੋਂ ਸਿਰਦਾਰ ਕਪੂਰ ਸਿੰਘ 'ਤੇ ਨਿਗੂਣੇ ਜਿਹੇ ਦੋਸ਼ ਆਇਦ ਕਰਕੇ ਮੁਕੱਦਮਾ ਚਲਾਇਆ ਗਿਆ। ਇਸ ਤੋਂ ਬਾਅਦ ਡਿਪਟੀ ਕਮਿਸ਼ਨਰ ਦੇ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਉਸ ਸਮੇਂ ਦੇਸ਼ ਨਵਾਂ-ਨਵਾਂ ਅੰਗ੍ਰੇਜ਼ ਹਕੂਮਤ ਵੱਲੋਂ ਅਜ਼ਾਦ ਹੋਇਆ ਸੀ, ਸਮੁੱਚੇ ਦੇਸ਼ ਵਿੱਚ ਆਈ.ਸੀ.ਐਸ. ਵਜੋਂ ਸੇਵਾ ਨਿਭਾਉਣ ਵਾਲੇ ਬਹੁਤ ਥੋੜ੍ਹੇ ਸਿੱਖ ਅਫ਼ਸਰ ਸਨ। ਸਰਕਾਰੀ ਨੌਕਰੀ ਤੋਂ ਬਰਖ਼ਾਸਤ ਹੋਣ ਤੋਂ ਪਿੱਛੋਂ ਆਪ ਨੇ ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਬੇਇਨਸਾਫ਼ੀ ਨੂੰ ਖ਼ਤਮ ਕਰਨ ਲਈ ਪੂਰਨ ਰੂਪ ਵਿੱਚ ਖੁਦ ਨੂੰ ਸਮਰਪਿਤ ਕਰਕੇ ਕਾਰਜ ਕਰਨਾ ਆਰੰਭ ਕਰ ਦਿੱਤਾ। ਉਨ੍ਹਾਂ ਜ਼ਿੰਦਗੀ ਭਰ ਸਿੱਖਾਂ ਦੇ ਵਿਰੁੱਧ ਚੱਲ ਰਹੀਆਂ ਕੂਟਨੀਤਿਕ ਚਾਲਾਂ ਵਿੱਚ ਲੜਨ ਦਾ ਮਨ ਬਣਾ ਲਿਆ। ਹੁਣ ਉਨ੍ਹਾਂ ਇਕ ਉਘੇ ਸਿੱਖ ਬੁੱਧੀਜੀਵੀ ਵਾਲੀ ਭੂਮਿਕਾ ਨਿਭਾਉਂਦਿਆਂ ਸੰਘਰਸ਼ਸ਼ੀਲ ਤਾਕਤਾਂ ਦੇ ਹੱਕ ਵਿੱਚ ਅਵਾਜ਼ ਉਠਾਉਣ ਲਈ ਬੀੜਾ ਚੁੱਕ ਲਿਆ। 1973 ਈ: ਵਿੱਚ ਸਿਰਦਾਰ ਕਪੂਰ ਸਿੰਘ ਨੂੰ ਨੈਸ਼ਨਲ ਪ੍ਰੋਫੈਸਰ ਆਫ਼ ਸਿੱਖਇਜ਼ਮ ਦੀ ਉਪਾਧੀ ਨਾਲ ਪੂਰੇ ਸਿੱਖ ਸੰਸਾਰ ਵੱਲੋਂ ਸਨਮਾਨਿਆ ਗਿਆ।

ਉਨ੍ਹਾਂ ਬਤੌਰ ਡਿਪਟੀ ਕਮਿਸ਼ਨਰ ਕਾਰਜਸ਼ੀਲ ਰਹਿੰਦਿਆਂ ਇਸ ਗੱਲ ਨੂੰ ਭਲੀਭਾਂਤ ਅਨੁਭਵ ਕਰ ਲਿਆ ਕਿ ਰਾਜਨੀਤਿਕ ਵਿਤਕਰੇ ਕਰਕੇ ਸਿੱਖ ਜੀਵਨ ਦੇ ਹਰ ਖੇਤਰ ਵਿੱਚ ਮਾਰ ਖਾ ਰਹੇ ਹਨ। ਇਸੇ ਰਾਜਨੀਤਿਕ ਵਿਤਕਰੇ ਨੂੰ



ਦੇਖਦਿਆਂ ਹੀ ਇਸ ਮਹਾਨ ਬੁੱਧੀਜੀਵੀ ਹਸਤੀ ਨੇ 1962 ਈ: ਵਿੱਚ ਲੁਧਿਆਣਾ ਤੋਂ ਅਕਾਲੀ ਦਲ ਦੀ ਟਿਕਟ ਲੈ ਕੇ ਲੋਕ ਸਭਾ ਦੀ ਚੋਣ ਜਿੱਤੀ। ਲੋਕ ਸਭਾ ਦੀ ਕਾਰਵਾਈ ਦੌਰਾਨ ਬੜੇ ਬੇਬਾਕ ਸ਼ਬਦਾਂ ਵਿੱਚ ਸਿੱਖਾਂ ਪ੍ਰਤੀ ਹਰ ਖੇਤਰ ਵਿੱਚ ਹੋ ਰਹੇ ਵਿਤਕਰੇ ਦੇ ਕੱਚੇ ਚਿੱਠੇ ਨੂੰ ਬਾਖੂਬੀ ਪੇਸ਼ ਕੀਤਾ। ਜੋ ਅੱਜ ਵੀ ਲੋਕ ਸਭਾ ਦੇ ਸਰਕਾਰੀ ਰਿਕਾਰਡ ਵਿੱਚ ਵੇਖਿਆ ਜਾ ਸਕਦਾ ਹੈ।

ਸਿਰਦਾਰ ਕਪੂਰ ਸਿੰਘ ਨੇ ਸਾਹਿਤਕ ਖੇਤਰ ਵਿੱਚ ਵੀ ਵੱਡਾ ਯੋਗਦਾਨ ਪਾਇਆ। ਸਪੱਸ਼ਟਵਾਦੀ ਤੇ ਨਿਧੜਕ ਲੇਖਕ ਵਜੋਂ 1952 ਈ: ਵਿੱਚ ਬਹੁਵਿਸਥਾਰ ਅਤੇ ਪੁੰਦਰੀਕ ਨਾਂਅ ਦੇ ਲੇਖ ਸੰਗ੍ਰਹਿ ਪ੍ਰਕਾਸ਼ਤ ਕੀਤੇ। ਸਪਤਸ੍ਰਿੰਗ ਪੁਸਤਕ ਵਿੱਚ ਉਨ੍ਹਾਂ ਵੱਲੋਂ ਸੱਤ ਉੱਚ ਹਸਤੀਆਂ ਦੀਆਂ ਜੀਵਨੀਆਂ ਪਾਠਕਾਂ ਦੇ ਸਨਮੁੱਖ ਪੇਸ਼ ਕੀਤੀਆਂ ਗਈਆਂ। ਅੰਗ੍ਰੇਜ਼ੀ ਪੁਸਤਕ ਪਰਾਸ਼ਰ ਪ੍ਰਸਨਾ-ਵਿਸਾਖੀ ਆਫ਼ ਗੁਰੂ ਗੋਬਿੰਦ ਸਿੰਘ ਸਿੱਖ ਫਿਲਾਸਫ਼ੀ ਦੀ ਸ਼ਾਹਕਾਰ ਰਚਨਾ ਹੈ। ਸਾਚੀ ਸਾਖੀ ਪੁਸਤਕ ਸਿੱਖ ਕੌਮ ਨਾਲ ਹੋ ਰਹੇ ਰਾਜਨੀਤਿਕ ਵਿਤਕਰੇ ਦੇ ਸੱਚ ਨੂੰ ਪ੍ਰਗਟ ਕਰਦੀ ਹੈ। ਇਸ ਪੁਸਤਕ ਦੇ ਪਾਠਕਾਂ ਦੇ ਸਨਮੁੱਖ ਆਉਣ ਸਮੇਂ ਸਰਕਾਰ ਵੱਲੋਂ ਇਸ ਉਪਰ ਪਾਬੰਦੀ ਲਾ ਦਿੱਤੀ ਗਈ। ਅੰਗ੍ਰੇਜ਼ੀ ਦੀਆਂ ਤਿੰਨ ਪੁਸਤਕਾਂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਪਿੱਛੋਂ ਡਾ: ਪਿਆਰ ਸਿੰਘ ਤੇ ਡਾ: ਮਦਨਜੀਤ ਕੌਰ ਨੇ ਸੰਪਾਦਿਤ ਕੀਤੀਆਂ। ਸਿੱਖ ਬੁੱਧੀਜੀਵੀਆਂ ਵਿੱਚੋਂ ਉਹ ਬਹੁ-ਭਾਸ਼ਾਈ ਵਿਦਵਾਨ ਵਜੋਂ ਰਹਿੰਦੀ ਦੁਨੀਆਂ ਤੱਕ ਸਤਿਕਾਰ ਪ੍ਰਾਪਤ ਕਰਦੇ ਰਹਿਣਗੇ।

ਇਹ ਮਹਾਨ ਸ਼ਖ਼ਸੀਅਤ 1984 ਦੇ ਘੱਲੂਘਾਰੇ ਦੇ ਪਿੱਛੋਂ ਹੋ ਰਹੀ ਸਿੱਖ ਨਸਲਕੁਸ਼ੀ ਦੇ ਦਿਨਾਂ ਵਿੱਚ 13 ਅਗਸਤ, 1986 ਈ: ਜਗਰਾਉਂ (ਲੁਧਿਆਣਾ) ਵਿਖੇ ਆਪਣੇ ਸਨੇਹੀਆਂ ਤੇ ਪ੍ਰਸ਼ੰਸਕਾਂ ਨੂੰ ਸਦੀਵੀ ਵਿਛੋੜਾ ਦੇ ਗਏ। ਉਨ੍ਹਾਂ ਦੀ ਯਾਦ ਨੂੰ ਸਾਡਾ ਪ੍ਰਣਾਮ।

## ਅਮਰੀਕਾ ਵੱਲੋਂ 43 ਹੋਰ ਚੀਨੀ ਕੰਪਨੀਆਂ ਤੋਂ ਦਰਾਮਦ 'ਤੇ ਪਾਬੰਦੀ

ਵਾਸ਼ਿੰਗਟਨ– ਅਮਰੀਕਾ ਨੇ ਉਈਗਰ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ 43 ਚੀਨੀ ਕੰਪਨੀਆਂ ਤੋਂ ਦਰਾਮਦ ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸੂਚੀ ਚ ਚੀਨ ਦੀਆਂ ਸਭ ਤੋਂ ਵੱਡੀਆਂ ਕੈਪੇਸੀਟਰ ਨਿਰਮਾਤਾ ਕੰਪਨੀਆਂ ਚੋਂ ਇੱਕ ਹੁਨਾਨ ਆਈਹੁਆ ਗਰੁੱਪ (603989.ਐੱਸ.ਐੱਸ.) ਵੀ ਸ਼ਾਮਲ ਹੈ। ਇਹ ਜਾਣਕਾਰੀ ਸਰਕਾਰੀ ਨੋਟੀਫਿਕੇਸ਼ਨ ਚ ਦਿੱਤੀ ਗਈ ਹੈ। ਇਨ੍ਹਾਂ ਕੰਪਨੀਆਂ ਨੂੰ ਉਈਗਰ ਫੋਰਸਡ ਲੇਬਰ ਪ੍ਰੀਵੈਂਸ਼ਨ ਐਕਟ ਐਂਟੀਟੀ ਲਿਸਟ ਚ ਸ਼ਾਮਲ ਕੀਤਾ ਗਿਆ ਹੈ। ਇਸ ਕਾਨੂੰਨ ਤਹਿਤ ਉਨ੍ਹਾਂ ਵਸਤੂਆਂ ਦੀ ਅਮਰੀਕਾ ਚ ਦਰਾਮਦ ਤੇ ਪਾਬੰਦੀ ਹੈ, ਜਿਨ੍ਹਾਂ ਦਾ ਸਬੰਧ ਅਮਰੀਕਾ ਵੱਲੋਂ ਨਿਰਧਾਰਤ ਚੀਨ ਦੇ ਸ਼ਿਨਜਿਆਂਗ ਖੇਤਰ ਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਅਤੇ ਚੱਲ ਰਹੇ ਨਸਲਕੁਸ਼ੀ ਨਾਲ ਜੁੜਿਆ ਹੋਇਆ ਹੈ। ਹਾਲ ਹੀ ਚ ਸ਼ਾਮਲ ਕੀਤੀਆਂ ਗਈਆਂ ਕੰਪਨੀਆਂ ਵਿਚ ਫਾਰਮਾਸਿਊਟੀਕਲ, ਧਾਤ, ਕਪਾਹ, ਭੋਜਨ ਅਤੇ ਲਿਥੀਅਮ ਉਤਪਾਦਨ ਖੇਤਰਾਂ ਨਾਲ ਸਬੰਧਤ ਕੰਪਨੀਆਂ ਸ਼ਾਮਲ ਹਨ। ਇਹ ਨੋਟੀਫਿਕੇਸ਼ਨ ਟਰੰਪ ਪ੍ਰਸ਼ਾਸਨ ਅਧੀਨ ਪਹਿਲੀ ਵਾਰ ਹੈ, ਜਦੋਂ ਕਿਸੇ ਕੰਪਨੀ ਨੂੰ ਇਸ ਸੂਚੀ ਚ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਸੂਚੀ ਚ ਸ਼ਾਮਲ ਸੰਸਥਾਵਾਂ ਦੀ ਗਿਣਤੀ 144 ਤੋਂ ਵਧ ਕੇ 187 ਹੋ ਗਈ ਹੈ। ਦਸੰਬਰ 2021 ਚ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਇਹ ਇਕ ਵਾਰ ਚ ਸਭ ਤੋਂ ਵੱਧ ਸੰਸਥਾਵਾਂ ਨੂੰ ਸ਼ਾਮਲ ਕਰਨ ਦਾ ਮਾਮਲਾ ਹੈ। ਸੂਚੀ ਚ ਸ਼ਾਮਲ ਕੰਪਨੀਆਂ ਸ਼ਿਨਜਿਆਂਗ ਖੇਤਰ ਤੋਂ ਕੱਚਾ ਮਾਲ ਲੈਂਦੀਆਂ ਹਨ ਜਾਂ ਉੱਥੋਂ ਦੀ ਸਰਕਾਰ ਨਾਲ ਮਿਲ ਕੇ ਉਈਗਰਾਂ ਅਤੇ ਹੋਰ ਸਮੂਹਾਂ ਦੀ ਭਰਤੀ ਅਤੇ ਇਲਾਕੇ ਤੋਂ ਬਾਹਰ ਆਵਾਜਾਈ ਕਰਵਾਉਣ ਦਾ ਕੰਮ ਕਰਦੀਆਂ ਹਨ। ਅਮਰੀਕੀ ਹਾਊਸ ਆਫ ਰਿਪ੍ਰੇਜ਼ੈਂਟੇਟਿਵਜ਼ ਦੀ ਚੀਨ ਸਬੰਧੀ ਸਿਲੈਕਟ ਕਮੇਟੀ ਦੇ ਚੇਅਰਮੈਨ ਕਾਂਗਰਸਮੈਨ ਜੌਨ ਮੂਲੇਨਾਰ ਨੇ ਇੱਕ ਬਿਆਨ ਚ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਲਿਆ ਗਿਆ ਇਹ ਕਦਮ ਗੁਲਾਮੀ ਵਾਲੇ ਮਜ਼ਦੂਰਾਂ ਤੋਂ ਬਣੇ ਉਤਪਾਦਾਂ ਖਿਲਾਫ ਅਮਰੀਕਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ।

VACANCY FOR RELIGIOUS WORKER
ਗੁਰਦੁਆਰਾ ਸਿੰਘ ਸਭਾ ਡਰਬੀ ਵਿਖੇ ਧਾਰਮਿਕ ਸੇਵਾਦਾਰ ਦੀ ਲੋੜ ਹੈ

*Job Title:* Religious Worker (Sikh Faith), *Location*: Derby, UK

We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.

***Key Responsibilities:***
* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***
* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** To apply, please submit your application detailing your experience and motivation for this role.

Deadline for Applications: Applications must be submit before 21-8-2026
Applications should be sent to Email: info@sgssderby.com or delivered to the Gurdwara Sahib's Address below:

SRI GURU SINGH SABHA GURDWARA
1 Princes Street, Normanton, Derby. DE23 8NT. TEL: 01332 773010
FOR MORE INFORMATION, PLEASE CONTACT: AJIT SINGH 07533 362911

# ਕਾਨੂੰਨ ਪ੍ਰਬੰਧ, ਚੁੱਪ ਅਤੇ ਉੱਠਦੇ ਸਵਾਲ

ਗੁਰਮੀਤ ਸਿੰਘ ਪਲਾਹੀ
-9815802070



**ਨਵਾਂ ਕਾਨੂੰਨ ਪਾਸ ਕਰਨ ਪਿੱਛੇ ਆਖਰ ਸਰਕਾਰ ਦਾ ਕੀ ਮਕਸਦ ਸੀ? ਕੀ ਸਿਰਫ਼ ਨੌਜਵਾਨਾਂ ਵਿੱਚ ਵਧ ਰਹੇ ਰੋਸ ਨੂੰ ਠੰਢਾ ਕਰਨਾ ਸੀ, ਜਾਂ ਇਹ ਦਿਖਾਉਣਾ ਸੀ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੈ? ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਕਈ ਰਾਜਾਂ ਵਿੱਚ ਪੇਪਰ ਲੀਕ ਮਾਮਲਿਆਂ ਲਈ ਪਹਿਲਾਂ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਵਿੱਚ 2024 ਦੇ ਕਾਨੂੰਨ ਅਨੁਸਾਰ ਅਪਰਾਧ ਕਰਨ ਵਾਲੇ ਨੂੰ 1 ਕਰੋੜ ਰੁਪਏ ਜੁਰਮਾਨਾ, ਉਮਰ ਕੈਦ ਦੀ ਸਜ਼ਾ ਅਤੇ ਬਿਨਾਂ ਜ਼ਮਾਨਤ ਦਾ ਪ੍ਰਬੰਧ ਹੈ। ਰਾਜਸਥਾਨ ਵਿੱਚ 2023 ਦੀ ਸੋਧ ਅਨੁਸਾਰ 10 ਸਾਲ ਤੋਂ ਲੈ ਕੇ ਉਮਰ ਕੈਦ ਅਤੇ 10 ਲੱਖ ਤੋਂ 10 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਉੜੀਸਾ, ਗੁਜਰਾਤ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਵਿੱਚ ਵੀ ਅਜਿਹੇ ਹੀ ਸਖ਼ਤ ਕਾਨੂੰਨ ਹਨ।**

ਇਤਿਹਾਸ ਗਵਾਹ ਹੈ ਕਿ ਸਿਫ਼ਾਰਸ਼ੀ ਕਮੇਟੀਆਂ ਬਣਦੀਆਂ ਹਨ, ਰਿਪੋਰਟਾਂ ਆਉਂਦੀਆਂ ਹਨ, ਪਰ ਫਿਰ ਵੀ ਪ੍ਰਬੰਧ ਉੱਥੇ ਦਾ ਉੱਥੇ ਹੀ ਖੜ੍ਹਾ ਰਹਿੰਦਾ ਹੈ। ਸਾਲ-ਦਰ-ਸਾਲ ਪ੍ਰੀਖਿਆਵਾਂ ਦੇ ਪਰਚੇ ਲੀਕ ਹੁੰਦੇ ਰਹਿੰਦੇ ਹਨ। ਸਰਕਾਰ, ਪ੍ਰੀਖਿਆ ਪ੍ਰਣਾਲੀ ਅਤੇ ਪ੍ਰਬੰਧ ਵਿੱਚ ਸੁਧਾਰ ਲਿਆਉਣ ਪ੍ਰਤੀ ਆਖਰ ਚੁੱਪ ਵੱਟੀ ਕਿਉਂ ਬੈਠੀ ਰਹਿੰਦੀ ਹੈ?

ਸਾਲ 2020 ਤੋਂ 2025 ਦੇ ਵਿਚਕਾਰ 45 ਵੱਡੇ ਪੇਪਰ ਲੀਕ ਹੋਏ, ਪਰ ਸਿਰਫ਼ ਦੋ ਮਾਮਲਿਆਂ ਵਿੱਚ ਹੀ ਦੋਸ਼ੀਆਂ ਨੂੰ ਸਜ਼ਾ ਮਿਲ ਸਕੀ। ਸਾਲ 2024 ਵਿੱਚ ਪੇਪਰ ਲੀਕ ਦੇ ਮਾਮਲਿਆਂ ਨੂੰ ਰੋਕਣ ਲਈ ਕੇਂਦਰ ਸਰਕਾਰ ਵੱਲੋਂ 'ਪਬਲਿਕ ਐਗਜ਼ਾਮੀਨੇਸ਼ਨ (ਪ੍ਰੀਵੈਂਸ਼ਨ ਆਫ਼ ਅਨਫੇਅਰ ਮੀਨਜ਼) ਐਕਟ' ਬਣਾਇਆ ਗਿਆ ਸੀ। ਪਰ 2026 ਵਿੱਚ ਫਿਰ ਤੋਂ ਨੀਟ ਵਰਗੀਆਂ ਮੁੱਖ ਪ੍ਰੀਖਿਆਵਾਂ ਦੇ ਪਰਚੇ ਲੀਕ ਹੋ ਗਏ। ਇਸ ਤੋਂ ਬਾਅਦ ਇੱਕ ਹੋਰ ਨਵਾਂ ਸੋਧ ਬਿੱਲ ਪਾਸ ਕਰਕੇ ਸਜ਼ਾ ਵਧਾ ਦਿੱਤੀ ਗਈ ਹੈ।

ਨਵੇਂ ਕਾਨੂੰਨ ਦੇ ਮੁੱਖ ਤੱਥਾਂ 'ਤੇ ਨਜ਼ਰ ਮਾਰੀਏ ਤਾਂ ਇਸ ਵਿੱਚ ਅਪਰਾਧੀਆਂ ਲਈ 3 ਤੋਂ 5 ਸਾਲ ਦੀ ਕੈਦ ਨੂੰ ਵਧਾ ਕੇ 5 ਤੋਂ 10 ਸਾਲ ਤੱਕ ਕਰ ਦਿੱਤਾ ਗਿਆ ਹੈ ਅਤੇ ਜੁਰਮਾਨਾ 10 ਲੱਖ ਤੋਂ ਵਧਾ ਕੇ 1 ਕਰੋੜ ਰੁਪਏ ਤੱਕ ਮਿੱਥਿਆ ਗਿਆ ਹੈ। ਸੰਗਠਿਤ ਅਪਰਾਧਿਕ ਗਿਰੋਹਾਂ ਦੀਆਂ ਸੰਪਤੀਆਂ ਜ਼ਬਤ ਕਰਨ, ਪ੍ਰੀਖਿਆ ਸੰਚਾਲਨ ਕਰਨ ਵਾਲੀਆਂ ਏਜੰਸੀਆਂ ਦੇ ਦੋਸ਼ੀ ਅਧਿਕਾਰੀਆਂ 'ਤੇ ਸਖ਼ਤ ਕਾਰਵਾਈ ਕਰਨ ਅਤੇ ਕੇਸਾਂ ਨੂੰ ਗੈਰ-ਜ਼ਮਾਨਤੀ ਸ਼੍ਰੇਣੀ ਵਿੱਚ ਰੱਖਣ ਦੇ ਉਪਬੰਧ ਕੀਤੇ ਗਏ ਹਨ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਸਿਰਫ਼ ਕਾਨੂੰਨ ਦੀਆਂ ਕਿਤਾਬਾਂ ਵਿੱਚ ਸਜ਼ਾਵਾਂ ਸਖ਼ਤ ਲਿਖ ਦੇਣ ਨਾਲ ਪੇਪਰ ਲੀਕ ਹੋਣਾ ਬੰਦ ਹੋ ਜਾਵੇਗਾ? ਅਸਲ ਮੁੱਦਾ ਤਾਂ ਇਹ ਹੈ ਕਿ ਪੇਪਰ ਲੀਕ ਹੋਣ ਦੇ ਮੁੱਖ ਕਾਰਨਾਂ ਅਤੇ ਪ੍ਰਬੰਧਕੀ ਨਾਕਾਮੀਆਂ 'ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ? ਇਸ ਦਾ ਜਵਾਬ ਫਿਲਹਾਲ ਕਿਧਰੇ ਨਜ਼ਰ ਨਹੀਂ ਆਉਂਦਾ।

ਜੇਕਰ ਹਾਲੀਆ ਘਟਨਾਵਾਂ 'ਤੇ ਝਾਤ ਮਾਰੀਏ ਤਾਂ ਸਰਕਾਰ ਅਤੇ ਪ੍ਰੀਖਿਆ ਏਜੰਸੀਆਂ ਦੇ ਭੈੜੇ ਪ੍ਰਬੰਧ ਦੀ ਪੋਲ ਖੁੱਲ੍ਹ ਜਾਂਦੀ ਹੈ। ਨੀਟ-ਯੂ.ਜੀ.ਸੀ- 2024 ਪ੍ਰੀਖਿਆ ਦੌਰਾਨ ਪਟਨਾ ਵਿੱਚ ਉਮੀਦਵਾਰਾਂ ਨੂੰ ਪ੍ਰਸ਼ਨ ਪੱਤਰ ਰਟਵਾਏ ਜਾਣ ਦੇ ਖੁਲਾਸੇ ਹੋਏ, ਗੋਧਰਾ ਵਿੱਚ ਕੇਂਦਰ ਸੈਟਿੰਗ ਦੇ ਮਾਮਲੇ ਸਾਹਮਣੇ ਆਏ ਅਤੇ ਅਚਾਨਕ ਦਰਜਨਾਂ ਵਿਦਿਆਰਥੀਆਂ ਦੇ ਪੂਰੇ ਅੰਕ ਆਉਣ ਨਾਲ ਦੇਸ਼ ਭਰ ਵਿੱਚ ਹਾਹਾਕਾਰ ਮਚ ਗਈ। ਇਸ ਤੋਂ ਤੁਰੰਤ ਬਾਅਦ ਯੂ.ਜੀ.ਸੀ.-ਨੀਟ ਪ੍ਰੀਖਿਆ ਨੂੰ ਗ੍ਰਹਿ ਮੰਤਰਾਲੇ ਦੀਆਂ ਰਿਪੋਰਟਾਂ ਤੋਂ ਬਾਅਦ ਰੱਦ ਕਰਨਾ ਪਿਆ ਅਤੇ ਸੀਐੱਸਆਈਆਰ-ਨੀਟ ਦੀਆਂ ਪ੍ਰੀਖਿਆਵਾਂ ਮੁਲਤਵੀ ਕਰਨੀਆਂ ਪਈਆਂ। ਹੱਦ ਤਾਂ ਉਦੋਂ ਹੋ ਗਈ ਜਦੋਂ 2026 ਵਿੱਚ ਸੀਕਰ ਗਿਰੋਹ ਵੱਲੋਂ ਫਿਰ ਤੋਂ ਪਰਚਾ ਲੀਕ ਕਰਨ ਦਾ ਮਾਮਲਾ ਸਾਹਮਣੇ ਆਇਆ। ਇਹ ਘਟਨਾਵਾਂ ਸਾਬਤ ਕਰਦੀਆਂ ਹਨ ਕਿ ਸਰਕਾਰ ਦਾ ਪ੍ਰਬੰਧਕੀ ਢਾਂਚਾ ਅੰਦਰੋਂ ਬਿਲਕੁਲ ਖੋਖਲਾ ਹੋ ਚੁੱਕਾ ਹੈ।

ਪੇਪਰ ਲੀਕ ਮਾਮਲੇ 'ਤੇ ਇੱਕ ਬਹੁਤ ਹੀ ਮਹੱਤਵਪੂਰਨ ਸਮਿਤੀ 'ਇਸਰੋ' ਦੇ ਸਾਬਕਾ ਮੁਖੀ ਡਾ. ਰਾਧਾਕ੍ਰਿਸ਼ਨਨ ਦੀ ਅਗਵਾਈ ਹੇਠ ਬਣਾਈ ਗਈ ਸੀ। ਉਸ ਸਮਿਤੀ ਨੇ 101 ਮਹੱਤਵਪੂਰਨ ਸਿਫ਼ਾਰਸ਼ਾਂ ਦਿੱਤੀਆਂ ਸਨ, ਪਰ ਅਫ਼ਸੋਸ ਕਿ ਉਹਨਾਂ ਵਿੱਚੋਂ ਇੱਕ ਵੀ ਲਾਗੂ ਨਹੀਂ ਕੀਤੀ ਗਈ। ਹੁਣ ਇੱਕ ਹੋਰ ਨਵੀਂ ਕਮੇਟੀ ਨੰਦਨ ਨੀਲੇਕਣੀ ਦੀ ਅਗਵਾਈ ਵਿੱਚ ਗਠਿਤ ਕਰ ਦਿੱਤੀ ਗਈ ਹੈ। ਇੱਥੇ ਸਵਾਲ ਉੱਠਦਾ ਹੈ ਕਿ ਪ੍ਰਾਪਤ ਹੋਈਆਂ ਪੁਰਾਣੀਆਂ ਸਿਫ਼ਾਰਸ਼ਾਂ ਨੂੰ ਕਦੋਂ ਲਾਗੂ ਕੀਤਾ ਜਾਵੇਗਾ ਅਤੇ ਨਵੀਂ ਕਮੇਟੀ ਦੀਆਂ ਰਿਪੋਰਟਾਂ ਕਦੋਂ ਆਉਣਗੀਆਂ? ਇਸ ਬਾਰੇ ਕੋਈ ਨਹੀਂ ਜਾਣਦਾ।

ਨਵਾਂ ਕਾਨੂੰਨ ਪਾਸ ਕਰਨ ਪਿੱਛੇ ਆਖਰ ਸਰਕਾਰ ਦਾ ਕੀ ਮਕਸਦ ਸੀ? ਕੀ ਸਿਰਫ਼ ਨੌਜਵਾਨਾਂ ਵਿੱਚ ਵਧ ਰਹੇ ਰੋਸ ਨੂੰ ਠੰਢਾ ਕਰਨਾ ਸੀ, ਜਾਂ ਇਹ ਦਿਖਾਉਣਾ ਸੀ ਕਿ ਸਰਕਾਰ ਉਹਨਾਂ ਦੀਆਂ ਮੰਗਾਂ ਪ੍ਰਤੀ ਸੰਜੀਦਾ ਹੈ? ਦਿਲਚਸਪ ਗੱਲ ਇਹ ਹੈ ਕਿ ਦੇਸ਼ ਦੇ ਕਈ ਰਾਜਾਂ ਵਿੱਚ ਪੇਪਰ ਲੀਕ ਮਾਮਲਿਆਂ ਲਈ ਪਹਿਲਾਂ ਹੀ ਬਹੁਤ ਸਖ਼ਤ ਸਜ਼ਾਵਾਂ ਦਾ ਉਪਬੰਧ ਹੈ। ਉੱਤਰ ਪ੍ਰਦੇਸ਼ ਵਿੱਚ 2024 ਦੇ ਕਾਨੂੰਨ ਅਨੁਸਾਰ ਅਪਰਾਧ ਕਰਨ ਵਾਲੇ ਨੂੰ 1 ਕਰੋੜ ਰੁਪਏ ਜੁਰਮਾਨਾ, ਉਮਰ ਕੈਦ ਦੀ ਸਜ਼ਾ ਅਤੇ ਬਿਨਾਂ ਜ਼ਮਾਨਤ ਦਾ ਪ੍ਰਬੰਧ ਹੈ। ਰਾਜਸਥਾਨ ਵਿੱਚ 2023 ਦੀ ਸੋਧ ਅਨੁਸਾਰ 10 ਸਾਲ ਤੋਂ ਲੈ ਕੇ ਉਮਰ ਕੈਦ ਅਤੇ 10 ਲੱਖ ਤੋਂ 10 ਕਰੋੜ ਰੁਪਏ ਤੱਕ ਦਾ ਜੁਰਮਾਨਾ ਹੈ। ਉੜੀਸਾ, ਗੁਜਰਾਤ, ਝਾਰਖੰਡ, ਛੱਤੀਸਗੜ੍ਹ ਅਤੇ ਉੱਤਰਾਖੰਡ ਵਿੱਚ ਵੀ ਅਜਿਹੇ ਹੀ ਸਖ਼ਤ ਕਾਨੂੰਨ ਹਨ। ਇਹਨਾਂ ਸਾਰੇ ਸਖ਼ਤ ਕਾਨੂੰਨਾਂ ਦੇ ਬਾਵਜੂਦ ਉੱਤਰ ਪ੍ਰਦੇਸ਼ ਸਮੇਤ ਕਈ ਰਾਜਾਂ ਵਿੱਚ ਪਰਚੇ ਲੀਕ ਹੁੰਦੇ ਰਹੇ। ਜਦੋਂ 2026 ਵਿੱਚ ਪਰਚਾ ਲੀਕ ਹੋਇਆ ਤਾਂ ਲਗਭਗ 2.27 ਕਰੋੜ ਵਿਦਿਆਰਥੀ ਪ੍ਰਭਾਵਿਤ ਹੋਏ ਅਤੇ ਪ੍ਰੀਖਿਆਵਾਂ ਰੱਦ ਕਰਨੀਆਂ ਪਈਆਂ। ਸੰਸਦ ਵਿੱਚ ਸੋਧ ਕਰਕੇ ਸਜ਼ਾਵਾਂ ਵਧਾਈਆਂ ਗਈਆਂ, ਫਾਸਟ-ਟ੍ਰੈਕ ਅਦਾਲਤਾਂ ਅਤੇ ਐਸ.ਟੀ.ਐਫ. ਦੀ ਜਾਂਚ ਦਾ ਅਧਿਕਾਰ ਦਿੱਤਾ ਗਿਆ। ਪਰ ਇੱਕ ਰਿਪੋਰਟ ਅਨੁਸਾਰ, 30 ਅਪ੍ਰੈਲ 2026 ਤੱਕ ਦੇਸ਼ ਵਿੱਚ 775 ਫਾਸਟ-ਟ੍ਰੈਕ ਅਦਾਲਤਾਂ ਹਨ, ਜਿਨ੍ਹਾਂ ਵਿੱਚ 2,45,000 ਮਾਮਲੇ ਲੰਬਿਤ ਪਏ ਹਨ। ਸਾਲ 2024 ਵਿੱਚ ਇਹਨਾਂ ਅਦਾਲਤਾਂ ਨੇ 85,595 ਮਾਮਲੇ ਨਿਪਟਾਏ, ਜੋ 2025 ਵਿੱਚ ਘੱਟ ਕੇ 66,500 ਰਹਿ ਗਏ। ਜੇਕਰ ਫਾਸਟ-ਟ੍ਰੈਕ ਅਦਾਲਤਾਂ ਦੀ ਰਫ਼ਤਾਰ ਹੀ ਇਹ ਰਹੇਗੀ, ਤਾਂ ਤੁਰੰਤ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ?

ਇਸ ਪੂਰੀ ਖੇਡ ਵਿੱਚ ਸਭ ਤੋਂ ਖ਼ਤਰਨਾਕ ਅਤੇ ਸ਼ਰਮਨਾਕ ਭੂਮਿਕਾ ਦੇਸ਼ ਵਿੱਚ ਫੈਲੇ 'ਕੋਚਿੰਗ ਮਾਫ਼ੀਆ' ਦੀ ਹੈ। ਅਖ਼ਬਾਰਾਂ ਦੇ ਪੂਰੇ-ਪੂਰੇ ਸਫ਼ਿਆਂ 'ਤੇ ਛਪਣ ਵਾਲੇ ਕਰੋੜਾਂ ਰੁਪਏ ਦੇ ਦਿਲ ਖਿੱਚਵੇਂ ਇਸ਼ਤਿਹਾਰ ਇਸ ਗੱਲ ਦਾ ਪ੍ਰਤੱਖ ਸਬੂਤ ਹਨ ਕਿ ਇਹ ਕੋਚਿੰਗ ਸੈਂਟਰ ਹੁਣ ਵਿੱਦਿਆ ਦੇ ਮੰਦਰ ਨਹੀਂ, ਸਗੋਂ ਵਪਾਰਕ ਅੱਡੇ ਬਣ ਚੁੱਕੇ ਹਨ। ਲੱਖਾਂ ਰੁਪਏ ਦੀਆਂ ਮੋਟੀਆਂ ਫੀਸਾਂ ਬਟੋਰ ਕੇ ਇਹ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਦਾ ਖੁੱਲ੍ਹੇਆਮ ਆਰਥਿਕ ਅਤੇ ਮਾਨਸਿਕ ਸ਼ੋਸ਼ਣ ਕਰਦੇ ਹਨ। ਜੋ ਵਿਦਿਆਰਥੀ ਭਾਰੀ ਫੀਸਾਂ ਭਰਨ ਤੋਂ ਅਸਮਰੱਥ ਹੁੰਦੇ ਹਨ, ਉਹਨਾਂ ਨੂੰ ਜਿਸ ਮਾਨਸਿਕ ਤਸ਼ੱਦਦ, ਹੀਣ ਭਾਵਨਾ ਅਤੇ ਤਣਾਅ ਵਿੱਚੋਂ ਲੰਘਣਾ ਪੈਂਦਾ ਹੈ, ਉਸ ਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ। ਇਹੋ ਕੋਚਿੰਗ ਸੰਸਥਾਵਾਂ ਅਤੇ ਉਹਨਾਂ ਦੇ ਦਲਾਲ ਕਰੋੜਾਂ ਰੁਪਏ ਦੇ ਕਾਲੇ ਧਨ ਦੇ ਦਮ 'ਤੇ ਪ੍ਰੀਖਿਆ ਪ੍ਰਣਾਲੀ ਵਿੱਚ ਅੰਦਰ ਤੱਕ ਘੁਸਪੈਠ ਕਰਦੇ ਹਨ। ਅਖੌਤੀ ਸਫ਼ਲਤਾ ਦੇ ਦਾਅਵੇ ਵੇਚਣ ਲਈ ਇਹ ਮਾਫ਼ੀਆ ਆਪ ਹੀ ਕਰੋੜਾਂ ਰੁਪਏ ਲਗਾ ਕੇ ਪੇਪਰ ਲੀਕ ਕਰਵਾਉਣ ਵਿੱਚ ਸਹਾਈ ਹੁੰਦਾ ਹੈ। ਇਹ ਸਿਰਫ਼ ਇੱਕ ਪ੍ਰੀਖਿਆ ਦੀ ਗੜਬੜੀ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਫੈਲਿਆ ਇੱਕ ਅਜਿਹਾ ਸੰਗਠਿਤ ਅਪਰਾਧਿਕ ਜਾਲ ਹੈ ਜਿਸ ਦਾ ਮੁੱਖ ਮਕਸਦ ਵਿਦਿਆਰਥੀਆਂ ਦੇ ਹੱਕਾਂ 'ਤੇ ਡਾਕਾ ਮਾਰਨਾ ਅਤੇ ਲਾਚਾਰੀ ਦਾ ਫਾਇਦਾ ਚੁੱਕਣਾ ਹੈ।

ਜਾਂਚ ਰਿਪੋਰਟਾਂ ਦੱਸਦੀਆਂ ਹਨ ਕਿ ਪੇਪਰ ਲੀਕ ਦੇ ਨੈੱਟਵਰਕ ਵਿੱਚ ਪ੍ਰੀਖਿਆ ਕੇਂਦਰ, ਛਪਾਈ ਪ੍ਰੈੱਸ, ਵਿਚੋਲੇ ਅਤੇ ਇਹ ਕੋਚਿੰਗ ਗਿਰੋਹ ਆਪਸ ਵਿੱਚ ਮਿਲੇ ਹੁੰਦੇ ਹਨ। ਨੀਟ 2024 (ਪਟਨਾ), ਯੂ.ਜੀ.ਸੀ. ਨੈੱਟ ਅਤੇ ਨੀਟ 2026 (ਸੀਕਰ ਗਿਰੋਹ) ਦੇ ਮਾਮਲਿਆਂ ਵਿੱਚ ਗ੍ਰਿਫ਼ਤਾਰੀਆਂ ਤਾਂ ਹੋਈਆਂ, ਪਰ ਅੰਤ ਵਿੱਚ ਮਾਮਲਾ ਠੰਢਾ ਪੈ ਜਾਂਦਾ ਹੈ। ਸਾਲ 2022 ਤੋਂ 2025 ਤੱਕ 43 ਮਾਮਲਿਆਂ ਵਿੱਚੋਂ ਸਿਰਫ਼ 2 ਵਿੱਚ ਹੀ ਸਜ਼ਾ ਹੋ ਸਕੀ। ਬਾਕੀ ਮਾਮਲਿਆਂ ਵਿੱਚ ਦੋਸ਼ੀ ਕੌਣ ਸਨ, ਕੋਈ ਨਹੀਂ ਜਾਣਦਾ। ਸਰਕਾਰ ਦੀ ਸਭ ਤੋਂ ਵੱਡੀ ਨਾਕਾਮੀ ਇਹ ਹੈ ਕਿ ਉਹ ਅਫ਼ਸਰਸ਼ਾਹੀ ਦੀ ਅਣਗਹਿਲੀ, ਰਾਜਨੀਤਕ ਸਰਪ੍ਰਸਤੀ ਅਤੇ ਇਸ ਕੋਚਿੰਗ ਮਾਫ਼ੀਆ 'ਤੇ ਚੁੱਪ ਧਾਰੀ ਬੈਠੀ ਹੈ।

ਸਾਲ 2024 ਵਿੱਚ ਚਰਚਾ ਵਿੱਚ ਆਈ ਨੈਸ਼ਨਲ ਟੈਸਟਿੰਗ ਏਜੰਸੀ ਯਾਨੀ 'ਐਨ.ਟੀ.ਏ.' ਵੱਲੋਂ ਹੁਣ ਤੱਕ 5.4 ਕਰੋੜ ਤੋਂ ਵੱਧ ਉਮੀਦਵਾਰਾਂ ਲਈ 240 ਤੋਂ ਵੱਧ ਪ੍ਰੀਖਿਆਵਾਂ ਕਰਵਾਈਆਂ ਗਈਆਂ ਹਨ, ਪਰ ਇਸ ਸੰਸਥਾ ਦੀ ਸਮਰੱਥਾ ਅਤੇ ਕਾਰਜ-ਕੁਸ਼ਲਤਾ ਵਿੱਚ ਕੋਈ ਸੁਧਾਰ ਨਹੀਂ ਹੋਇਆ। ਇਹ ਏਜੰਸੀ ਅਚਾਨਕ ਪ੍ਰੀਖਿਆ ਦੀਆਂ ਤਾਰੀਖਾਂ ਅਤੇ ਸ਼ਡਿਊਲ ਵਿੱਚ ਬਦਲਾਅ ਕਰ ਦਿੰਦੀ ਹੈ, ਜਿਸ ਨਾਲ ਵਿਦਿਆਰਥੀਆਂ 'ਤੇ ਮਾਨਸਿਕ ਬੋਝ ਹੋਰ ਵਧ ਜਾਂਦਾ ਹੈ।

ਪੇਪਰ ਲੀਕ ਦੀ ਸਮੱਸਿਆ ਸਿਰਫ਼ ਭਾਰਤ ਵਿੱਚ ਹੀ ਨਹੀਂ, ਸਗੋਂ ਦੁਨੀਆ ਦੇ ਹੋਰਨਾਂ ਦੇਸ਼ਾਂ ਵਿੱਚ ਵੀ ਰਹੀ ਹੈ, ਪਰ ਉਹਨਾਂ ਨੇ ਇਸ ਦਾ ਠੋਸ ਹੱਲ ਕੱਢਿਆ ਹੈ। ਚੀਨ ਨੇ ਇਸ ਨੂੰ ਰਾਸ਼ਟਰੀ ਸੁਰੱਖਿਆ ਦਾ ਮੁੱਦਾ ਮੰਨਦਿਆਂ ਸਖ਼ਤ ਸੁਰੱਖਿਆ ਪ੍ਰੋਟੋਕੋਲ ਅਤੇ ਆਧੁਨਿਕ ਤਕਨੀਕ ਲਾਗੂ ਕੀਤੀ। ਅਮਰੀਕਾ ਨੇ ਕੰਪਿਊਟਰ-ਆਧਾਰਿਤ ਪ੍ਰੀਖਿਆਵਾਂ ਲਾਗੂ ਕਰਕੇ ਪਰਚਾ ਲੀਕ ਕਰਨ ਵਾਲੇ ਗਿਰੋਹਾਂ ਦਾ ਜਾਲ ਤੋੜਿਆ। ਬਰਤਾਨੀਆ ਨੇ 'ਕੰਟਰੈਕਟ ਚੀਟਿੰਗ' (ਪੈਸੇ ਦੇ ਕੇ ਆਨਲਾਈਨ ਟੈਸਟ ਦਿਵਾਉਣਾ) ਨੂੰ ਰੋਕਣ ਲਈ 'ਸਕਿੱਲਜ਼ ਐਂਡ ਪੋਸਟ-16 ਐਜੂਕੇਸ਼ਨ ਐਕਟ 2022' ਬਣਾ ਕੇ ਅਜਿਹੀਆਂ ਸੇਵਾਵਾਂ ਨੂੰ ਪੂਰੀ ਤਰ੍ਹਾਂ ਗ਼ੈਰ-ਕਾਨੂੰਨੀ ਕਰਾਰ ਦਿੱਤਾ। ਡਾ. ਰਾਧਾਕ੍ਰਿਸ਼ਨਨ ਸਮਿਤੀ ਨੇ ਸੁਝਾਅ ਦਿੱਤਾ ਸੀ ਕਿ ਪੇਪਰ ਦੀ ਛਪਾਈ ਤੋਂ ਲੈ ਕੇ ਪ੍ਰੀਖਿਆ ਕੇਂਦਰਾਂ ਤੱਕ ਪਹੁੰਚਾਉਣ, ਉਮੀਦਵਾਰਾਂ ਦੀ ਸ਼ਨਾਖਤ ਅਤੇ ਸ਼ਿਕਾਇਤ ਨਿਵਾਰਨ ਲਈ ਸੀ. ਪੀ. ਪੀ. ਟੀ. ਯਾਨੀ ਸੁਰੱਖਿਅਤ ਡਿਜੀਟਲ ਪ੍ਰਣਾਲੀ ਅਪਣਾਈ ਜਾਵੇ। ਪਰ ਇਹਨਾਂ ਸੁਝਾਵਾਂ 'ਤੇ ਅਮਲ ਨਹੀਂ ਕੀਤਾ ਗਿਆ।

ਪੇਪਰ ਲੀਕ ਸਿਰਫ਼ ਪ੍ਰਬੰਧਕੀ ਨਾਕਾਮੀ ਨਹੀਂ, ਸਗੋਂ ਲੱਖਾਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੈ, ਜੋ ਉਹਨਾਂ ਦੀਆਂ ਸਾਲਾਂ ਦੀ ਮਿਹਨਤ 'ਤੇ ਪਾਣੀ ਫੇਰ ਦਿੰਦਾ ਹੈ। ਸਿਰਫ਼ ਕਾਗ਼ਜ਼ੀ ਕਾਨੂੰਨ ਬਣਾ ਕੇ ਸਰਕਾਰ ਆਪਣੀ ਜਵਾਬਦੇਹੀ ਤੋਂ ਭੱਜ ਨਹੀਂ ਸਕਦੀ। ਇਸ ਲਈ ਡਿਜੀਟਲ ਡਿਲੀਵਰੀ, ਰੈਂਡਮ ਪ੍ਰਸ਼ਨ ਪੱਤਰ ਪ੍ਰਣਾਲੀ, ਏ.ਆਈ. ਆਧਾਰਿਤ ਬਾਇਓਮੈਟ੍ਰਿਕ ਪਛਾਣ ਅਤੇ ਸਿਆਸੀ ਇੱਛਾ-ਸ਼ਕਤੀ ਦੀ ਲੋੜ ਹੈ।

ਜੇਕਰ ਇਹ ਵੱਡੇ ਸੁਧਾਰ ਨਾ ਕੀਤੇ ਗਏ, ਤਾਂ ਮੋਬਾਈਲ ਫੋਨ, ਐਕਸ (ਟਵਿੱਟਰ), ਫੇਸਬੁੱਕ ਅਤੇ ਇੰਸਟਾਗ੍ਰਾਮ ਦੇ ਜ਼ਰੀਏ ਨਾਗਰਿਕਾਂ ਦੀ ਇਹ ਚੁੱਪੀ ਜ਼ਰੂਰ ਟੁੱਟੇਗੀ। ਜਿਸ ਤਰ੍ਹਾਂ ਨੌਜਵਾਨਾਂ ਨੇ ਹਰ ਕਿਸਮ ਦਾ ਡਰ ਭੁਲਾ ਕੇ-ਚਾਹੇ ਉਹ ਪੁਲਿਸ ਦੀ ਨੀਲੀ ਵਰਦੀ ਹੋਵੇ, ਲਾਠੀ, ਅੱਥਰੂ ਗੈਸ, ਬੰਦੂਕ ਜਾਂ ਗ੍ਰਿਫ਼ਤਾਰੀਆਂ ਦਾ ਖੌਫ਼- ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਹੈ, ਉਹੀ ਰੂਪ ਫਿਰ ਦੇਖਣ ਨੂੰ ਮਿਲੇਗਾ। ਕਾਨੂੰਨ ਦੇ ਨਾਂ 'ਤੇ ਥੋਪੀ ਗਈ ਨੈਤਿਕਤਾ ਅਤੇ ਵਿਤਕਰੇ ਖ਼ਿਲਾਫ਼ ਲੜਨ ਲਈ ਨੌਜਵਾਨ ਆਪ-ਮੁਹਾਰੇ ਸੜਕਾਂ 'ਤੇ ਉੱਤਰ ਆਉਣਗੇ।

– ਲੇਖਕ –
ਗਿ: ਗੁਰਬਖ਼ਸ਼ ਸਿੰਘ
ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ–49**

# ਗੁਰੁ ਬੈਠਾ ਅਮਰੁ ਸਰੂਪ ਹੋਇ




**ਤਪਾ ਨ ਹੋਵੈ**

ਮਰਵਾਹਨ ਕੋ ਪ੍ਰੋਧਾ ਜਾਨੋ। ॥
ਉਸ ਜੋਗੀ ਕੋ ਮਿਤ੍ਰ ਸਮਾਨੋ।
ਜਾਂ ਕਉ ਸ੍ਰੀ ਗੁਰ ਅਮਰ ਪ੍ਰਕਾਸ਼।
ਮੱਧ ਖਡੂਰ ਦੰਡ ਦਯੋ ਰਾਸ।4॥

ਅਜਿਹੀਆਂ ਚਾਲਾਂ ਨਾਲ ਭਾਵੇਂ ਅਜੇ ਤੱਕ ਇਹ ਗੁਰੂ-ਘਰ ਦਾ ਤਾਂ ਕੋਈ ਨੁਕਸਾਨ ਨਾ ਕਰ ਸੱਕਿਆ ਪਰ, ਲਗਾਤਾਰ ਈਰਖਾ ਕਰਦਾ ਰਹਿਣ ਕਰ ਕੇ ਗੁਰੂ ਕਾ ਪੱਕਾ ਨਿੰਦਕ ਬਣ ਗਿਆ ਸੀ। ਗੋਇੰਦਵਾਲ ਦੇ ਚਲਨੇ-ਸਿਰ ਲੋਕ ਭਾਵ ਪੰਚ ਆਦਿਕ ਇਸ ਦੇ ਇਸ ਵਤੀਰੇ ਤੋਂ ਚੰਗੀ ਤਰਹ ਵਾਕਿਫ਼ ਸਨ ਪਰ, ਤਪਾ ਹੋਣ ਅਤੇ ਇਸ ਦੀ ਚਲਦੀ ਹੋਣ ਕਾਰਨ ਬਹੁਤਾ ਵਿਰੋਧ ਨਹੀਂ ਸਨ ਕਰਦੇ। ਇਸ ਸਭ ਕੁਝ ਦੇ ਨਾਲ ਜੇ ਉਸ ਦੇ ਨਿਜੀ ਜੀਵਨ ਵੱਲ ਤੱਕਿਆ ਜਾਏ ਤਾਂ ਉਹ ਕਹਿਣ-ਸੁਣਨ ਨੂੰ ਹੀ ਤਪਾ ਸੀ ਪਰ, ਗ੍ਰਿਹਸਤੀ ਅਤੇ ਬੱਚਿਆਂ ਵਾਲਾ ਸੀ ਜੋ ਬਣੀ ਹੋਈ ਸਨਾਤਨੀ ਧਾਰਨਾ ਦੇ ਅਨੁਕੂਲ ਨਹੀਂ ਸੀ। ਇਸ ਸਭ ਕੁਝ ਦੇ ਨਾਲ ਉਹ ਪੁੱਜ ਕੇ ਲਾਲਚੀ ਅਤੇ ਬਦਚਲਣ ਵੀ ਸੀ।

ਕਰਤਾਰ ਦੇ ਰੰਗ! ਭਾਵੇਂ ਅਜੇ ਬਾਉਲੀ ਦਾ ਕੰਮ ਚੱਲ ਰਿਹਾ ਸੀ ਪਰ, ਇਸ ਦੀ ਵਰਤੋਂ ਸ਼ੁਰੂ ਹੋ ਗਈ ਸੀ। ਗੁਰੂ ਪਾਤਸ਼ਾਹ ਜੀ ਨੇ ਬਾਉਲੀ ਦੀ ਰਚਨਾ ਦੀ ਖ਼ੁਸ਼ੀ ਸਭਨਾਂ ਨਾਲ ਸਾਂਝੀ ਕਰਨ ਹਿੱਤ ਨਿਕਟਵਰਤੀ ਭਾਈ ਬੱਲੂ, ਭਾਈ ਪਾਰੋ, ਭਾਈ ਬੁੱਢਾ, ਭਾਈ ਲਾਲੂ ਅਤੇ ਸ੍ਰੀ (ਗੁਰੂ) ਰਾਮਦਾਸ ਆਦਿ ਪਿਆਰਿਆਂ ਦੀ ਸਲਾਹ ਨਾਲ ਵਿਸ਼ੇਸ਼ ਜੋੜ-ਮੇਲ ਕਰਨ ਦਾ ਫ਼ੈਸਲਾ ਲਿਆ। ਇਸ ਮਕਸਦ ਨੂੰ ਮੁਖ ਰਖਦਿਆਂ ਦੂਰ-ਦੁਰਾਡੇ ਸਿੱਖਾਂ ਨੂੰ ਸੁਨੇਹੇ ਭੇਜੇ ਗਏ ਅਰ ਸਮਾਂ ਆਉਣ 'ਤੇ ਨੇੜੇ ਦੇ ਪਿੰਡਾਂ ਅਤੇ ਗੋਇੰਦਵਾਲ ਸਾਹਿਬ ਦੇ ਚੌਧਰੀਆਂ, ਪੰਚਾਂ ਅਤੇ ਧਾਰਮਕ ਮੁਖੀਆਂ ਬ੍ਰਾਹਮਣਾਂ ਆਦਿ ਨੂੰ ਵੀ ਸੱਦੇ ਦਿੱਤੇ ਗਏ। ਸੰਗਤ ਦੀ ਖ਼ੁਸ਼ੀ ਦਾ ਕੋਈ ਪਾਰਾਵਾਰ ਨਹੀਂ ਸੀ, ਇਸ ਦੀ ਸੰਭਾਵਨਾ ਨੂੰ ਮੁਖ ਰੱਖਦਿਆਂ ਗੁਰੂ ਸਾਹਿਬ ਜੀ ਨੇ ਸ੍ਰੀ (ਗੁਰੂ) ਰਾਮਦਾਸ ਜੀ ਦੀ ਅਗਵਾਈ ਵਿਚ ਲੰਗਰ ਵਿਚ ਕਈ ਪਕਵਾਨ ਤਿਆਰ ਕਰਵਾਏ। ਇਹ ਸਭ ਕਰਦਿਆਂ ਗੁਰੂ ਪਾਤਸ਼ਾਹ ਜੀ ਵੱਲੋਂ ਵਿਸ਼ੇਸ਼ ਦਿਨ 'ਤੇ ਖ਼ੁਸ਼ੀਆਂ ਵਿਚ ਸ਼ਾਮਲ ਹੋਇਆਂ ਨੂੰ ਲੰਗਰ ਛਕਣ ਦੇ ਨਾਲ-ਨਾਲ ਕੁਝ ਮਾਇਆ ਵੀ ਵਰਤਾਈ ਗਈ।

ਤਪੇ ਹਰੀ ਰਾਮ ਨੂੰ ਵੀ ਸੱਦਾ ਮਿਲਿਆ ਸੀ ਪਰ, ਇਹ ਕਿਸੇ ਅਹਿਲਕਾਰ ਵਲੋਂ ਪਹਿਲਾਂ ਨਿਮੰਤ੍ਰਿਤ ਹੋਣ ਕਰ ਕੇ ਏਧਰੋਂ ਬੇ-ਪਰਵਾਹ ਹੋ ਕੇ ਓਧਰ ਚਲਾ ਗਿਆ। ਜਦੋਂ ਮੁੜ ਕੇ ਆਇਆ ਤਾਂ ਪਤਾ ਲੱਗਾ ਕਿ ਅੱਜ ਰੌਣਕ ਬੜੀ ਹੈ ਅਤੇ ਪਕਵਾਨ ਬਹੁਤ ਵਰਤਾਏ ਜਾ ਰਹੇ ਹਨ ਅਰ ਖ਼ਾਸ ਗੱਲ ਇਹ ਕਿ ਪੰਗਤ ਵਿਚ ਬੈਠ ਕੇ ਲੰਗਰ ਛਕਣ ਵਾਲੇ ਬ੍ਰਾਹਮਣਾਂ ਨੂੰ ਗੁਰੂ ਅਮਰਦਾਸ 5-5 ਰੁਪਈਏ ਦੱਛਨਾ ਵੀ ਦੇ ਰਹੇ ਹਨ। ਸੁਣ ਕੇ ਅੰਦਰੋਂ ਲੋਭ ਨੇ ਉਛਾਲਾ ਮਾਰਿਆ ਕਿ ਜੇ ਪਹਿਲਾਂ ਇਸ ਗੱਲ ਦਾ ਪਤਾ ਹੁੰਦਾ ਤਾਂ ਮੈਂ ਓਧਰ ਜਾਂਦਾ ਹੀ ਨਾ ਜਿਸ ਨੇ 1 ਰੁਪਈਆ ਦੱਛਣਾ ਦਿੱਤੀ ਹੈ ਪਰ, ਹੁਣ ਕੀ ਕੀਤਾ ਜਾਵੇ? ਜਦੋਂ ਪਤਾ ਲੱਗਾ ਕਿ ਅਜੇ ਵੇਲਾ ਹੈਗਾ ਹੈ, ਹੋਰ ਪੰਗਤਾਂ ਲੱਗ ਰਹੀਆਂ ਹਨ ਤਾਂ ਇਸ ਦਾ ਫ਼ਾਇਦਾ ਲੈਣ ਵਾਸਤੇ ਤਪੇ ਨੇ ਆਪਣੇ ਪੁੱਤਰ ਨੂੰ ਆਖਿਆ ਕਿ ਉਹ ਛੇਤੀ-ਛੇਤੀ ਤਿਆਰ ਹੋ ਕੇ ਜੱਗ (?) ਵਿਚ ਜਾ ਆਵੇ ਤੇ ਗੁਰੂ ਸਾਹਿਬ ਕੋਲੋਂ ਉਸ ਦੇ ਹਿੱਸੇ ਦੀ ਦੱਛਣਾ ਵੀ ਲੈ ਆਵੇ। ਬਾਪ ਦੇ ਪ੍ਰੇਰਿਆਂ ਬੇਟਾ ਚਲਾ ਗਿਆ ਪਰ, ਲੋਕਾਂ ਦੀ ਨਜ਼ਰ ਤੋਂ ਬਚਣ ਲਈ ਦਰਵਾਜ਼ੇ ਤੋਂ ਜਾਣ ਦੀ ਬਜਾਏ ਇਸ ਨੂੰ ਪਿਛਲੀ ਕੰਧ 'ਤੇ ਚੜਾਅ ਦਿੱਤਾ। ਜਦੋਂ ਅੰਦਰ ਛਾਲ ਮਾਰੀ ਤਾਂ ਮੰਦੇ ਭਾਗੀਂ ਇਸ ਦੀ ਲੱਤ ਟੁੱਟ ਗਈ।

ਦੁਆਰੇ ਦੁਆਰ ਪ੍ਰਵੇਸ਼ ਨ ਪਾਯੋ।
ਪਕੜ ਭੀਤ ਪਰ ਪੂਤ ਚਢਾਯੋ।
ਸੋ ਗਿਰ ਪਰਯੋ ਭੀਤ ਤੇ ਤਰੇ।
ਟੂਟੀ ਟਾਂਗ ਰੁਦਨ ਬਹੁ ਕਰੇ।15॥

ਜਦੋਂ ਲੋਕਾਂ ਨੇ ਤਪੇ ਦੇ ਮੁੰਡੇ ਨੂੰ ਡਿੱਗਣ ਕਰ ਕੇ ਪੀੜ ਨਾਲ ਕਰਾਹੁੰਦੇ ਸੁਣਿਆਂ ਤਾਂ ਨਾ ਚਾਹੁੰਦਿਆਂ ਵੀ ਹਾਸਾ ਪੈ ਗਿਆ। ਪੰਗਤ ਵਿਚ ਬੈਠੇ ਪੰਚ ਕਹਿਣ ਲੱਗੇ,

'ਵੇਖੋ! ਲਾਲਚ ਕਿੰਨਾ ਬੁਰਾ ਹੈ, ਜਿਹੜਾ ਤਪਾ ਅੱਜ ਤੱਕ ਗੁਰੂ ਕੀ ਨਿੰਦਾ ਕਰਦਾ ਕਦੀ ਨਹੀਂ ਸੀ ਥੱਕਦਾ, ਹੁਣ ਆਪ ਤਾਂ ਭਾਵੇਂ ਏਥੇ ਨਹੀਂ ਵੜਿਆ ਪਰ 5 ਰੁਪਈਆਂ ਦੇ ਲਾਲਚ ਵਿਚ ਮੁੰਡੇ ਦੀ ਲੱਤ ਤੁੜਵਾ ਲਈ ਸੂ'।

ਨੀਚ ਉਚ ਮਹਿ ਉਘਰਯੋ ਪਾਜਾ।
ਲੋਭ ਤਪੇ ਕਉ ਦੀਨੀ ਲਾਜਾ।

ਗੁਰੂ ਅਮਰਦਾਸ ਪਾਤਸ਼ਾਹ ਜੀ ਦੇ ਪਾਵਨ ਬਚਨ ਹਨ ਕਿ ਤਪਾ ਉਹ ਹੈ ਜਿਹੜਾ ਤਪ ਕਰੇ, ਜਿਹੜਾ ਨਿੰਦਾ, ਝੂਠ, ਬਖੀਲੀ ਤਿਆਗੇ ਅਤੇ ਜਿਹੜਾ ਦੁਖ ਸੁਖ ਸਮ ਕਰ ਜਾਣੈ। ਜਿਹੜਾ ਇਕ ਕਪਟੀ ਤੇ ਵਿਭਚਾਰੀ ਆਦਮੀ ਤਪਾ ਬਣਨ ਦਾ ਪਾਖੰਡ ਕਰਦਾ ਹੈ ਤਾਂ ਉਸ ਦਾ ਝੂਠਾ ਪਾਜ ਛੇਤੀ ਹੀ ਉਘੜ ਜਾਂਦਾ ਹੈ। ਇਸ ਲਈ ਚੰਗਾ ਹੈ ਕਿ ਕੁਕਰਮਾਂ, ਝੂਠ ਅਤੇ ਪਾਖੰਡਾਂ ਨੂੰ ਤਿਆਗ ਦਿੱਤਾ ਜਾਵੇ।

ਸਲੋਕੁ ਮ: 3॥
ਮਨ ਕਾ ਝੂਠਾ ਝੂਠੁ ਕਮਾਵੈ॥
ਮਾਇਆ ਨੋ ਫਿਰੈ ਤਪਾ ਸਦਾਵੈ॥
ਭਰਮੇ ਭੂਲਾ ਸਭਿ ਤੀਰਥ ਗਹੈ॥
ਓਹੁ ਤਪਾ ਕੈਸੇ ਪਰਮਗਤਿ ਲਹੈ॥
ਗੁਰਪਰਸਾਦੀ ਕੋ ਸਚੁ ਕਮਾਵੈ॥
ਨਾਨਕ ਸੋ ਤਪਾ ਮੋਖੰਤਰ ਪਾਵੈ॥1॥
ਮ:3॥ ਸੋ ਤਪਾ ਜਿ ਇਹੁ ਘਾਲੇ॥
ਸਤਿਗੁਰ ਨੋ ਮਿਲੈ ਸਬਦੁ ਸਮਾਲੇ॥
ਸਤਿਗੁਰ ਕੀ ਸੇਵਾ ਇਹੁ ਤਪੁ ਪਰਵਾਣੁ॥
ਨਾਨਕ ਸੋ ਤਪਾ ਦਰਗਹਿ ਪਾਵੈ ਮਾਣੁ॥2॥
ਗੁ.ਗ੍ਰ.ਸਾ. ਪੰਨਾ 948

ਇਸ ਸਾਰੇ ਵਾਕਿਆ ਦੇ ਚਸ਼ਮਦੀਦ ਸ੍ਰੀ (ਗੁਰੂ) ਰਾਮਦਾਸ ਸਾਹਿਬ ਜੀ ਨੇ ਸਮੇਂ ਬਾਦ ਇਸ ਘਟਨਾ ਬਾਰੇ ਇਉਂ ਵਰਨਨ ਕੀਤਾ ਹੈ:

ਤਿਸ ਅਉਸਰ ਗੁਰ ਅੰਤਰਜਾਮੀ। ਸ੍ਰੀ ਗੁਰ ਰਾਮਦਾਸ ਪ੍ਰਭੁ ਸੁਆਮੀ।
ਭੋਜਨ ਸਭਿਨਿ ਕਰਾਵਤ ਖਰੇ।
ਸੁਨਾ ਬ੍ਰਿਤਾਂਤ ਬਚਨ ਸੁ ਕਰੇ।17॥60॥
ਰਾਸ 1

ਸਲੋਕ ਮਹਲਾ 4॥
ਤਪਾ ਨ ਹੋਵੈ ਅੰਦ੍ਰਹੁ ਲੋਭੀ
ਨਿਤ ਮਾਇਆ ਨੋ ਫਿਰੈ ਜਜਮਾਲਿਆ॥
ਅਗੋ ਦੇ ਸਦਿਆ
ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ
ਆਣਿ ਤਪੈ ਪੁਤੁ ਵਿਚਿ ਬਹਾਲਿਆ॥
ਪੰਚ ਲੋਗ ਸਭਿ ਹਸਣ ਲਗੇ
ਤਪਾ ਲੋਭਿ ਲਹਿਰਿ ਹੈ ਗਾਲਿਆ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ॥
ਸਤ ਪੁਰਖ ਕੀ ਤਪਾ ਨਿੰਦਾ ਕਰੈ
ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਸੁ ਦੋਖੈ ਤਪਾ ਦਯਿ ਮਾਰਿਆ॥
ਮਹਾ ਪੁਰਖਾਂ ਕੀ ਨਿੰਦਾ ਕਾ
ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ॥
ਅੰਦਰਿ ਬਹੈ ਤਪਾ ਪਾਪ ਕਮਾਏ॥
ਹਰਿ ਅੰਦਰਲਾ ਪਾਪੁ ਪੰਚਾ ਨੋ
ਉਘਾ ਕਰਿ ਵੇਖਾਲਿਆ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ
ਜਿਥੈ ਮਹਾ ਮਹਾਂ ਹਤਿਆਰਿਆ॥
ਫਿਰਿ ਏਸੁ ਤਪੈ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ॥
ਹਰਿ ਕੈ ਦਰਿ ਵਰਤਿਆ
ਸੁ ਨਾਨਕੁ ਆਖਿ ਸੁਣਾਇਆ॥
ਸੋ ਬੂਝੈ ਜੁ ਦਯਿ ਸਵਾਰਿਆ॥1॥
ਮ:4॥ ਹਰਿ ਭਗਤਾਂ ਹਰਿ
ਆਰਾਧਿਆ ਹਰਿ ਕੀ ਵਡਿਆਈ॥
ਹਰਿ ਕੀਰਤਨੁ ਭਗਤ ਨਿਤ ਗਾਂਵਦੇ
ਹਰਿ ਨਾਮੁ ਸੁਖਦਾਈ॥
ਹਰਿ ਭਗਤਾਂ ਨੋ ਨਿਤ ਨਾਵੈ ਦੀ ਵਡਿਆਈ
ਬਖਸੀਅਨੁ ਨਿਤ ਚੜੈ ਸਵਾਈ॥
ਹਰਿ ਭਗਤਾਂ ਨੋ ਥਿਰੁ ਘਰੀ
ਬਹਾਲਿਆਨੁ ਅਪਣੀ ਪੈਜ ਰਖਾਈ॥
ਨਿੰਦਕਾਂ ਪਾਸਹੁ ਹਰਿ ਲੇਖਾ ਮੰਗਸੀ
ਬਹੁ ਦੇਇ ਸਜਾਈ॥
ਜੇਹਾ ਨਿੰਦਕ ਅਪਣੈ ਜੀਇ ਕਮਾਵਦੇ
ਤੇਹੋ ਫਲੁ ਪਾਈ॥
ਅੰਦਰਿ ਕਮਾਣਾ ਸਰਪਰ ਉਘੜੈ
ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥
ਜਨ ਨਾਨਕੁ ਦੇਖਿ ਵਿਗਸਿਆ
ਹਰਿ ਸਚੇ ਕੀ ਵਡਿਆਈ॥2॥
ਗੁ.ਗ੍ਰ.ਸਾ. ਪੰਨਾ 315

ਪੰਚਮ ਪਾਤਸ਼ਾਹ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਇਸ ਇਤਿਹ-ਾਸਕ ਵਾਕ ਨੂੰ ਗਉੜੀ ਵਾਰ ਵਿਚ ਆਪਣੀ ਉਚਾਰਿਤ ਪਉੜੀ ਦੀ ਵਿਆਖਿਆ ਰੂਪ ਦਰਜ ਕੀਤਾ:

ਭਗਤ ਜਨਾ ਕਾ ਰਾਖਾ ਹਰਿ ਆਪਿ
ਹੈ ਕਿਆ ਪਾਪੀ ਕਰੀਐ॥
ਗੁਮਾਨੁ ਕਰਹਿ ਮੂੜ ਗੁਮਾਨੀਆ
ਵਿਸੁ ਖਾਧੀ ਮਰੀਐ॥
ਆਇ ਲਗੇ ਨੀ ਦਿਹ ਥੋੜੜੇ
ਜਿਉ ਪਕਾ ਖੇਤੁ ਲੁਣੀਐ॥
ਜੇਹੇ ਕਰਮ ਕਮਾਵਦੇ ਤੇਵੇਹੋ ਭਣੀਐ॥
ਜਨ ਨਾਨਕ ਕਾ ਖਸਮੁ ਵਡਾ ਹੈ
ਸਭਨਾ ਦਾ ਧਣੀਐ॥30॥
ਗੁ.ਗ੍ਰ.ਸਾ. ਪੰਨਾ 316

**ਅੰਦਰਲਾ ਪਾਪੁ**


ਇਸ ਅੰਦਰਲਾ ਪਾਪੁ ਜਾਂ ਅੰਦਰਿ ਕਮਾਣਾ ਦੇ ਬਾਰੇ ਮਿਸਟਰ ਮੈਕਾਲਿਫ਼ 'ਸਿਖ ਇਤਿਹਾਸ' ਵਿਚ ਇਉਂ ਭੇਦ ਖੋਲ੍ਹਦੇ ਹਨ:

(ਕੁਝ ਦਿਨਾਂ ਬਾਦ ਹੀ) ਚੌਧਰੀਆਂ ਨੇ ਆਪਸ ਵਿਚ ਸਲਾਹ ਕਰ ਕੇ ਕਿਹਾ ਕਿ ਚਲੋ ਤਪੇ ਨੇ ਮਿਲੀਏ ਤੇ ਵੇਖੀਏ ਕਿ ਉਹ ਕਿਸ ਤਰਾਂ ਆਪਣਾ ਸਮਾਂ ਬਤੀਤ ਕਰਦਾ ਹੈ। ਉਹ ਪਹਿਲਾਂ ਖ਼ਬਰ ਕੀਤੇ ਬਿਨਾਂ ਹੀ ਤਪੇ ਦੇ ਅੰਦਰ ਜਾ ਵੜੇ ਅਤੇ ਉਸ ਨੂੰ ਇਕ ਜ਼ਿਮੀਦਾਰ ਦੀ ਪਤਨੀ ਨਾਲ ਵਿਭਚਾਰ ਕਰਦਿਆਂ ਜਾ ਫੜਿਆ। ਚੌਧਰੀ ਉਸ ਨੂੰ ਪਕੜ ਕੇ ਜ਼ਿਮੀਦਾਰ ਪਾਸ ਲੈ ਗਏ। ਹੁਣ ਜ਼ਿਮੀਦਾਰ ਦੀ ਵਾਰੀ ਸੀ ਕਿ ਉਹ ਅਪਣੀ ਪਤਨੀ ਦਾ ਬਦਲਾ ਲਵੇ। ਇਹੋ ਜਿਹੇ ਅਪਰਾਧਾਂ ਦੀ ਉਸ ਸਮੇਂ ਅਜਿਹੀ ਕਰੜੀ ਸਜ਼ਾ ਦਿਤੀ ਜਾਂਦੀ ਸੀ ਕਿ ਹੋਰਨਾਂ ਨੂੰ ਵੀ ਨਸੀਹਤ ਆਵੇ। ਤਪੇ ਨੂੰ ਬਹੁਤ ਕਸ਼ਟ ਦੇ ਕੇ ਮਾਰ ਦਿਤਾ ਗਿਆ। ਪੰਨਾ 262

ਚਲਦਾ.....

# ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ: ਉੱਡ ਗਈਆ ਮੋਦੀ ਦੇ ਅਕਸ ਦੀਆਂ ਧਜੀਆਂ

**ਅਪੂਰਵਾਨੰਦ**



ਧਰਮੇਂਦਰ ਪ੍ਰਧਾਨ ਨੇ ਬੀਤੇ ਦਿਨੀਂ ਅਸਤੀਫ਼ਾ ਦੇ ਦਿਤਾ ਸੀ, ਪਰ ਉਸ ਤੋਂ ਵੀ ਵੱਡੀ ਖ਼ਬਰ ਇਹ ਹੈ ਕਿ ਨੌਜਵਾਨੀ ਦੇ ਅੰਦੋਲਨ ਨੇ ਨਰਿੰਦਰ ਮੋਦੀ ਦਾ ਅਕਸ ਚੂਰ-ਚੂਰ ਕਰ ਦਿੱਤਾ ਹੈ। ਅਸਤੀਫ਼ਾ ਭਾਵੇਂ ਧਰਮੇਂਦਰ ਪ੍ਰਧਾਨ ਦਾ ਹੋਇਆ ਹੋਵੇ, ਪਰ ਅੰਦੋਲਨਕਾਰੀਆਂ ਦੇ ਨਾਅਰਿਆਂ, ਪੋਸਟਰਾਂ ਅਤੇ ਮੀਮਜ਼ ਦੇ ਨਿਸ਼ਾਨੇ 'ਤੇ ਸਿਰਫ਼ ਇੱਕ ਹੀ ਵਿਅਕਤੀ ਸੀ: ਨਰਿੰਦਰ ਮੋਦੀ। ਜਿਸ ਪੀੜ੍ਹੀ ਬਾਰੇ ਇਹ ਗ਼ਲਤਫ਼ਹਿਮੀ ਸੀ ਕਿ ਉਸ ਨੂੰ ਕੋਈ ਰਾਜਨੀਤਿਕ ਸਮਝ ਨਹੀਂ ਹੈ, ਉਸ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਇਸ ਸਰਕਾਰ ਵਿੱਚ ਕੋਈ ਮੰਤਰੀ ਮਹੱਤਵਪੂਰਨ ਨਹੀਂ ਹੈ, ਸਰਕਾਰ ਦਾ ਮਤਲਬ ਸਿਰਫ਼ ਨਰਿੰਦਰ ਮੋਦੀ ਹੈ। ਇਸ ਲਈ ਪ੍ਰਧਾਨ ਦਾ ਅਸਤੀਫ਼ਾ ਲੈਣ ਦਾ ਮਤਲਬ ਸੀ ਮੋਦੀ ਨੂੰ ਝੁਕਣ ਲਈ ਮਜਬੂਰ ਕਰਨਾ। ਜੰਤਰ-ਮੰਤਰ 'ਤੇ ਘੁੰਮਦਿਆਂ, ਨਾਅਰਿਆਂ ਅਤੇ ਪੋਸਟਰਾਂ ਤੋਂ ਇਹ ਸਾਫ਼ ਸੀ ਕਿ ਨਿਸ਼ਾਨਾ ਸਿਰਫ਼ ਤੇ ਸਿਰਫ਼ ਨਰਿੰਦਰ ਮੋਦੀ 'ਤੇ ਸੀ। ਇਸ ਨੌਜਵਾਨੀ ਵਿਦਰੋਹ ਨੇ ਇਸ ਸਰਕਾਰ ਦੇ ਇਕਲੌਤੇ ਚਿਹਰੇ ਨਰਿੰਦਰ ਮੋਦੀ ਦੀ ਬੜੀ ਮਿਹਨਤ ਨਾਲ ਘੜੇ ਗਏ ਅਕਸ ਦੇ ਪਰਖਚੇ ਉਡਾ ਦਿੱਤੇ ਹਨ।

ਇਹ ਪੋਸਟਰ, ਨਾਅਰੇ ਅਤੇ ਗੀਤ ਕਿਸੇ ਸੰਗਠਿਤ ਯੋਜਨਾ ਦੇ ਤਹਿਤ ਨਹੀਂ ਬਣਾਏ ਗਏ ਸਨ। ਗੱਤਿਆਂ 'ਤੇ, ਸਾਧਾਰਨ ਕਾਗਜ਼ 'ਤੇ ਪੈੱਨ ਜਾਂ ਮਾਰਕਰ ਨਾਲ ਹਰ ਕਿਸੇ ਨੇ ਆਪਣੇ ਨਾਅਰੇ ਖ਼ੁਦ ਲਿਖੇ ਸਨ। ਬਾਕੀ ਵਿਰੋਧ ਪ੍ਰਦਰਸ਼ਨਾਂ ਵਾਂਗ ਇੱਥੇ ਨਾਅਰੇ ਛਾਪ ਕੇ ਨਹੀਂ ਵੰਡੇ ਗਏ ਸਨ, ਅਤੇ ਨਾ ਹੀ ਲੋਕ ਉਨ੍ਹਾਂ ਨੂੰ ਬਿਨਾਂ ਮਨ ਤੋਂ ਮਹਿਜ਼ ਵਿਖਾਵੇ ਲਈ ਚੁੱਕੀ ਫਿਰਦੇ ਸਨ। ਹਰ ਕਿਸੇ ਨੇ ਆਪਣੀ ਕਲਪਨਾਸ਼ਕਤੀ ਦਾ ਇਸਤੇਮਾਲ ਕੀਤਾ ਸੀ।




ਨੌਜਵਾਨ ਏ.ਆਈ. ਤੋਂ ਪੋਸਟਰ ਬਣਾ ਕੇ ਉਸ ਦਾ ਪ੍ਰਿੰਟ ਆਊਟ ਬਲਿੰਕਿਟ ਤੋਂ ਮੰਗਵਾ ਰਹੇ ਸਨ। ਛੋਟੇ-ਛੋਟੇ ਸਮੂਹ ਤੁਰੰਤ ਗਾਣੇ ਬਣਾ ਕੇ ਗਾ ਰਹੇ ਸਨ। ਸਭ ਦੀ ਥੀਮ ਇੱਕ ਸੀ: ਨਰਿੰਦਰ ਮੋਦੀ। ਇਨ੍ਹਾਂ ਸਭ ਵਿੱਚ ਨੌਜਵਾਨ ਮੋਦੀ ਦਾ ਮਜ਼ਾਕ ਉਡਾ ਰਹੇ ਸਨ। ਇਸ ਇੱਕ ਮਹੀਨੇ ਵਿੱਚ ਨੌਜਵਾਨ ਪੀੜ੍ਹੀ ਨੇ ਨਰਿੰਦਰ ਮੋਦੀ ਨੂੰ ਇੱਕ ਦਇਆਯੋਗ ਮੀਮ ਵਿੱਚ ਬਦਲ ਕੇ ਰੱਖ ਦਿੱਤਾ।

ਸੱਚ ਇਹ ਸੀ ਕਿ ਨੌਜਵਾਨ ਜਿਸ ਇੱਕ ਚੀਜ਼ ਤੋਂ ਖ਼ਫ਼ਾ ਸਨ, ਉਹ ਸੀ ਮੋਦੀ ਸਰਕਾਰ ਦਾ ਹੰਕਾਰ। ਉਹ ਮੋਦੀ ਦੇ ਇਸ ਘਮੰਡ ਨੂੰ ਚੂਰ-ਚੂਰ ਕਰ ਦੇਣ ਦੀ ਜ਼ਿੱਦ 'ਤੇ ਅੜ ਗਏ ਸਨ। 20 ਜੁਲਾਈ ਨੂੰ ਪ੍ਰਦਰਸ਼ਨਕਾਰੀਆਂ 'ਤੇ ਜਦੋਂ ਪੁਲਿਸ ਨੇ ਬੁਰੀ ਤਰ੍ਹਾਂ ਡੰਡੇ ਵਰ੍ਹਾਏ, ਉਨ੍ਹਾਂ ਨੂੰ ਦੁਸ਼ਮਣਾਂ ਵਾਂਗ ਮਾਰਿਆ, ਤਾਂ ਨੌਜਵਾਨਾਂ ਨੇ ਇਹ ਸਮਝਿਆ ਕਿ ਇਹ ਡੰਡੇ ਅਤੇ ਪੈਲੇਟ ਦੇ ਛੱਰੇ ਮੋਦੀ ਦੇ ਹਨ। ਉਹ ਡਰ ਕੇ ਭੱਜਣ ਦੀ ਬਜਾਏ ਆਪਣੇ ਜ਼ਖ਼ਮਾਂ ਅਤੇ ਖ਼ਾਲੀ ਪੈਰਾਂ ਨਾਲ ਵਾਪਸ ਜੰਤਰ-ਮੰਤਰ ਪਰਤ ਆਏ। ਉਨ੍ਹਾਂ ਦੀ ਜ਼ਿੱਦ ਇੱਕੋ ਸੀ ਕਿ ਉਹ ਮੋਦੀ ਨੂੰ ਆਪਣੇ ਮੰਤਰੀ ਦਾ ਅਸਤੀਫ਼ਾ ਲੈਣ ਲਈ ਮਜਬੂਰ ਕਰ ਕੇ ਰਹਿਣਗੇ।

ਨੌਜਵਾਨਾਂ ਦਾ ਇਹ ਉਭਾਰ ਆਪਣੇ ਅਪਮਾਨ ਦਾ ਬਦਲਾ ਲੈਣ ਦੀ ਨੀਅਤ ਨਾਲ ਪੈਦਾ ਹੋਇਆ ਸੀ। ਭਾਰਤ ਦੇ ਸੁਪਰੀਮ ਕੋਰਟ ਦੇ ਮੁੱਖ ਜੱਜ ਨੇ ਆਪਣੀ ਇੱਕ ਗ਼ੈਰ-ਜ਼ਿੰਮੇਵਾਰਾਨਾ ਅਤੇ ਅਸੰਵੇਦਨਸ਼ੀਲ ਟਿੱਪਣੀ ਵਿੱਚ ਬੇਰੋਜ਼ਗਾਰ ਨੌਜਵਾਨਾਂ ਨੂੰ 'ਕਾਕਰੋਚ' ਕਿਹਾ ਸੀ। ਅਦਾਲਤ ਨੇ ਪਿਛਲੇ ਸਾਲਾਂ ਵਿੱਚ ਸਰਕਾਰ ਦੇ ਵਿਭਾਗ ਵਾਂਗ ਹੀ ਕੰਮ ਕੀਤਾ ਹੈ, ਇਸ ਲਈ ਮੰਨਿਆ ਗਿਆ ਕਿ ਉਨ੍ਹਾਂ ਦੀ ਇਹ ਟਿੱਪਣੀ ਨੌਜਵਾਨਾਂ ਦੇ ਖ਼ਿਲਾਫ਼ ਮੋਦੀ ਸਰਕਾਰ ਦੀ ਹੀ ਟਿੱਪਣੀ ਹੈ।

“ਕਾਕਰੋਚ ਜਨਤਾ ਪਾਰਟੀ” ਇਸ ਅਪਮਾਨ ਦਾ ਜਵਾਬ ਸੀ। ਜਲਦੀ ਹੀ ਉਸ ਨੂੰ ਨੀਟ ਪ੍ਰੀਖਿਆ ਵਿੱਚ ਹੋਈ ਧਾਂਦਲੀ ਤੋਂ ਮੌਕਾ ਮਿਲਿਆ ਕਿ ਉਹ ਉਸ ਦੇ ਬਹਾਨੇ ਇਸ ਸਰਕਾਰ ਨੂੰ ਜਵਾਬਦੇਹੀ ਲਈ ਮਜਬੂਰ ਕਰੇ। ਮੋਦੀ ਸਰਕਾਰ ਬੇਫ਼ਿਕਰ ਸੀ ਕਿ ਉਸ ਨੇ ਭਾਰਤੀ ਲੋਕਤੰਤਰ ਨੂੰ ਕਾਬੂ ਕਰ ਲਿਆ ਹੈ।

ਚੋਣ ਕਮਿਸ਼ਨ ਦੇ ਜ਼ਰੀਏ ਵੋਟਰ ਸੂਚੀ ਵਿੱਚ ਭਾਰੀ ਗੜਬੜੀ ਕਰ ਕੇ ਚੋਣ ਨਤੀਜਿਆਂ ਨੂੰ ਆਪਣੇ ਅਨੁਕੂਲ ਕਰਨਾ ਅਤੇ ਵਿਰੋਧੀ ਧਿਰਾਂ ਨੂੰ ਤੋੜ ਕੇ ਸੰਸਦ ਵਿੱਚ ਬਹੁਮਤ ਬਣਾਉਣ ਵਿੱਚ ਉਹ ਇਸ ਕਦਰ ਮਸਰੂਫ਼ ਸੀ ਕਿ ਜ਼ਮੀਨ ਦੇ ਹੇਠਾਂ ਨੌਜਵਾਨਾਂ ਦੀ ਸੁਲਗਦੀ ਬੇਚੈਨੀ ਨੂੰ ਦੇਖਣ ਦੀ ਉਸ ਕੋਲ ਵਿਹਲ ਨਹੀਂ ਸੀ। ਇਹ ਨੌਜਵਾਨ ਉਹ ਸਨ ਜੋ ਹਰ ਪਾਸੇ ਦਰਵਾਜ਼ਾ ਬੰਦ ਦੇਖ ਰਹੇ ਸਨ। ਭਾਰਤ ਵਿੱਚ ਕੋਈ ਉਨ੍ਹਾਂ ਵੱਲ ਧਿਆਨ ਦੇਣ ਵਾਲਾ ਨਹੀਂ ਸੀ। ਇਨ੍ਹਾਂ ਨੌਜਵਾਨਾਂ ਦੀ ਗੱਲ ਕੋਈ ਨਹੀਂ ਕਰ ਰਿਹਾ ਸੀ। ਜਿਨ੍ਹਾਂ ਕੋਲ ਬੋਲਣ ਦੇ ਸਾਧਨ ਅਤੇ ਸਮਰੱਥਾ ਸੀ, ਉਹ ਰਾਸ਼ਟਰ ਦੀ ਮਹਾਨਤਾ ਦੇ ਗੁਣਗਾਣ ਕਰ ਰਹੇ ਸਨ, ਪਰ ਇਨ੍ਹਾਂ ਨੌਜਵਾਨਾਂ ਵੱਲ ਦੇਖਣ ਵਾਲਾ ਕੋਈ ਨਹੀਂ ਸੀ। ਇਸ ਲਈ ਆਪਣੀ ਗੱਲ ਉਹ ਆਪਣੇ ਫ਼ੋਨ ਦੇ ਜ਼ਰੀਏ ਕਰ ਰਹੇ ਸਨ। ਇੰਸਟਾਗ੍ਰਾਮ ਉਨ੍ਹਾਂ ਦੀ ਦੁਨੀਆ ਸੀ ਅਤੇ ਮਜ਼ਾਕ ਉਨ੍ਹਾਂ ਦੀ ਭਾਸ਼ਾ।

ਮੋਦੀ ਅਤੇ ਉਨ੍ਹਾਂ ਦੀ ਪਾਰਟੀ ਦੀ ਇਹ ਸਮਝ ਸੀ ਕਿ ਉਨ੍ਹਾਂ ਨੇ ਭਾਰਤ ਦੇ ਬਹੁਗਿਣਤੀ ਹਿੰਦੂਆਂ ਦਾ ਹਿੰਦੂਤਵੀਕਰਨ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਮੁਸਲਮਾਨਾਂ ਦੇ ਖ਼ਿਲਾਫ਼ ਨਫ਼ਰਤ ਤੇ ਹਿੰਸਾ ਦਾ ਨਸ਼ਾ ਦੇਣ ਤੋਂ ਇਲਾਵਾ ਹੋਰ ਕੁਝ ਕਰਨ ਦੀ ਲੋੜ ਨਹੀਂ ਹੈ।

ਸੋਨਮ ਵਾਂਗਚੁਕ ਦਾ ਅਨਸ਼ਨ-ਜੰਤਰ-ਮੰਤਰ 'ਤੇ ਨੌਜਵਾਨਾਂ ਵੱਲੋਂ ਜਦੋਂ ਸੋਨਮ ਵਾਂਗਚੁਕ ਨੇ ਵਰਤ (ਅਨਸ਼ਨ) ਸ਼ੁਰੂ ਕੀਤਾ, ਤਾਂ ਆਪਣੀ ਆਦਤ ਮੁਤਾਬਕ ਸਰਕਾਰ ਨੇ ਚੁੱਪ ਵੱਟ ਲਈ। ਉਨ੍ਹਾਂ ਦੀ ਸਿਹਤ ਵਿਗੜਨ 'ਤੇ ਵੀ ਸਰਕਾਰ ਦੀ ਖ਼ਾਮੋਸ਼ੀ ਨੇ ਦੇਸ਼ ਭਰ ਦੇ ਨੌਜਵਾਨਾਂ ਵਿੱਚ ਭਾਰੀ ਗੁੱਸਾ ਪੈਦਾ ਕੀਤਾ। ਉਸ ਤੋਂ ਬਾਅਦ ਮੋਦੀ ਸਰਕਾਰ ਨੇ ਵਾਂਗਚੁਕ ਨੂੰ ਜ਼ਬਰਦਸਤੀ ਚੁੱਕ ਲਿਆ। ਉਸ ਨੂੰ ਭੁਲੇਖਾ ਸੀ ਕਿ ਉਸ ਦੀ ਪਕੜ ਭਾਰਤੀ ਸਮਾਜ 'ਤੇ ਇੰਨੀ ਪੱਕੀ ਹੈ ਕਿ ਉਸ ਦੇ ਕਿਸੇ ਕਦਮ ਦਾ ਸਮਾਜ ਵਿੱਚ ਕੋਈ ਵਿਰੋਧ ਨਹੀਂ ਹੋਵੇਗਾ। ਪਰ ਇਹ ਉਸ ਦੀ ਖ਼ੁਸ਼ਫ਼ਹਿਮੀ ਸੀ। ਸੋਨਮ ਵਾਂਗਚੁਕ ਨਾਲ ਕੀਤੇ ਗਏ ਵਿਵਹਾਰ ਨੂੰ ਨੌਜਵਾਨਾਂ ਨੇ ਆਪਣਾ ਅਪਮਾਨ ਮੰਨਿਆ ਅਤੇ ਜੰਤਰ-ਮੰਤਰ 'ਤੇ ਜਿਵੇਂ ਨੌਜਵਾਨਾਂ ਦਾ ਸੈਲਾਬ ਉਮੜ ਆਇਆ।


20 ਤਾਰੀਖ਼ ਦੇ ਸੰਸਦ ਮਾਰਚ ਬਾਰੇ ਵੀ ਸਰਕਾਰ ਦੀ ਗ਼ਲਤਫ਼ਹਿਮੀ ਸੀ ਕਿ ਉਹ ਉਸ ਨੂੰ ਕਾਬੂ ਕਰ ਲਵੇਗੀ। ਪਰ ਜਨਤਾ ਦੇ ਹੜ੍ਹ ਅੱਗੇ ਉਹ ਲੜਖੜਾ ਗਈ। ਇਸ ਸਰਕਾਰ ਨੂੰ ਇੱਕੋ ਭਾਸ਼ਾ ਆਉਂਦੀ ਹੈ: ਆਵਾਜ਼ ਨੂੰ ਦਬਾਉਣ ਦੀ ਅਤੇ ਲੋਕਾਂ ਨੂੰ ਕੁਚਲਣ ਦੀ। ਨਾਗਰਿਕਤਾ ਸੋਧ ਕਾਨੂੰਨ ਦੇ ਖ਼ਿਲਾਫ਼ ਸ਼ਾਹੀਨ ਬਾਗ ਅੰਦੋਲਨ ਅਤੇ ਕਿਸਾਨ ਅੰਦੋਲਨ ਵਿੱਚ ਵੀ ਉਸ ਨੇ ਦਮਨ ਦਾ ਰਸਤਾ ਹੀ ਚੁਣਿਆ ਸੀ। ਇਸ ਵਾਰ ਵੀ ਉਸ ਨੇ ਉਹੀ ਕੀਤਾ। ਪਰ ਨੌਜਵਾਨ ਪਿੱਛੇ ਨਹੀਂ ਹਟੇ। ਉਹ ਡੰਡਿਆਂ ਅਤੇ ਬੰਦੂਕਾਂ ਦੇ ਅੱਗੇ ਅੜ ਗਏ।

ਨੌਜਵਾਨਾਂ ਨੇ ਹਿੰਸਾ ਨਹੀਂ ਕੀਤੀ। ਉਨ੍ਹਾਂ ਨੇ ਆਪਣੇ ਹਥਿਆਰ, ਯਾਨੀ ਫ਼ੋਨ ਦੇ ਜ਼ਰੀਏ ਨਰਿੰਦਰ ਮੋਦੀ ਦੀ ਛਵੀ ਦੀਆਂ ਧੱਜੀਆਂ ਉਡਾਉਣਾ ਸ਼ੁਰੂ ਕੀਤਾ। ਮੋਦੀ ਨੂੰ ਆਪਣੀ ਛਵੀ ਤੋਂ ਵੱਧ ਕਿਸੇ ਨਾਲ ਪਿਆਰ ਨਹੀਂ। ਇਸ ਛਵੀ ਨੂੰ ਤਿੜਕਦੀ ਦੇਖ ਮੋਦੀ ਘਬਰਾਹਟ ਵਿੱਚ ਉਸ ਮੈਦਾਨ ਵਿੱਚ ਕੁੱਦ ਪਏ ਜਿਸ ਦੇ ਖੇਡ ਦੇ ਨਿਯਮ ਉਹ ਨਹੀਂ ਜਾਣਦੇ ਸਨ। ਨੌਜਵਾਨ ਉਨ੍ਹਾਂ ਨੂੰ ਇੰਸਟਾਗ੍ਰਾਮ ਦੇ ਮੈਦਾਨ ਵਿੱਚ ਘਸੀਟ ਲਿਆਏ। ਇਸ ਭੁਲੇਖੇ ਵਿੱਚ ਕਿ ਉਹ ਲਫ਼ਾਜ਼ੀ (ਫ਼ੋਕੀ ਬਿਆਨਬਾਜ਼ੀ) ਦੇ ਉਸਤਾਦ ਹਨ, ਮੋਦੀ ਨੇ ਇੰਸਟਾਗ੍ਰਾਮ 'ਤੇ ਨੌਜਵਾਨਾਂ ਨੂੰ 'ਫ਼੍ਰੈਂਡਜ਼' ਕਹਿ ਕੇ ਵੀਡੀਓ ਬਣਾਇਆ। ਚਾਰੇ ਪਾਸਿਓਂ ਜਵਾਬ ਆਇਆ- “ਅਸੀਂ ਤੁਹਾਡੇ ਫਰੈਂਡ ਨਹੀਂ ਹਾਂ।”

ਨਰਿੰਦਰ ਮੋਦੀ ਨੂੰ ਇਸ ਹਮਲੇ ਨੇ ਬੁਰੀ ਤਰ੍ਹਾਂ ਹਿਲਾ ਦਿੱਤਾ ਹੈ। ਇਸ ਨੂੰ ਫੈਲਣ ਤੋਂ ਰੋਕਣਾ ਜ਼ਰੂਰੀ ਸੀ, ਇਸ ਤੋਂ ਪਹਿਲਾਂ ਕਿ ਇਹ ਵਾਵਰੋਲੇ ਵਿੱਚ ਬਦਲ ਕੇ ਉਨ੍ਹਾਂ ਨੂੰ ਉਖਾੜ ਸੁੱਟੇ। ਧਰਮੇਂਦਰ ਪ੍ਰਧਾਨ ਦਾ ਅਸਤੀਫ਼ਾ ਮੋਦੀ ਦੇ ਖ਼ਿਲਾਫ਼ ਨਫ਼ਰਤ ਦੇ ਇਸ ਹੜ੍ਹ ਨੂੰ ਰੋਕਣ ਦੀ ਇੱਕ ਬੌਂਦਲੀ ਹੋਈ ਕੋਸ਼ਿਸ਼ ਸੀ। ਅਜੇ ਜੰਤਰ-ਮੰਤਰ ਖ਼ਾਲੀ ਹੋ ਗਿਆ ਹੈ। ਪਰ ਮੋਦੀ ਦੇ ਖ਼ਿਲਾਫ਼ ਨੌਜਵਾਨਾਂ ਦੀ ਇਹ ਮੁਹਿੰਮ ਉਨ੍ਹਾਂ ਦੇ ਇਕੱਲੇ ਕਮਰਿਆਂ ਵਿੱਚ ਵੀ ਜਾਰੀ ਰਹੇਗੀ। ਨੌਜਵਾਨਾਂ ਨੇ ਨਰਿੰਦਰ ਮੋਦੀ ਦਾ ਘਮੰਡ ਤੋੜ ਦਿੱਤਾ ਹੈ। ਇਹ ਭਾਰਤੀ ਲੋਕਤੰਤਰ ਲਈ ਇੱਕ ਚੰਗੀ ਖ਼ਬਰ ਹੈ।



# ਦੇਸ਼ ਦੀ ਵੰਡ: ਕਤਲਾਮ ਤੋਂ ਬਾਅਦ ਵੀ ਗੁਆਚਿਆ ਸੁਪਨਾ



**ਮੇਜਰ ਸਿੰਘ ਨਾਭਾ**
ਮੋ. 9463553962

ਭਾਵੇਂ ਦੇਸ਼ ਨੂੰ ਆਜ਼ਾਦ ਹੋਏ ਨੂੰ ਅੱਠ ਦਹਾਕੇ ਪੂਰੇ ਹੋਣ ਜਾ ਰਹੇ ਹਨ ਪਰ ਦੇਸ਼ ਅੰਦਰ ਅਜੇ ਵੀ ਗੁਲਾਮਾਂ ਵਰਗੀ ਜ਼ਿੰਦਗੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਸਰਕਾਰਾਂ ਵਲੋਂ ਕਿਸੇ ਦੀ ਕੋਈ ਸੁਣਵਾਈ ਨਹੀਂ, ਹੱਕਾਂ ਨੂੰ ਦੇਣ ਤੋਂ ਹਿਚਕਾਹਟ, ਲੋਕਾਂ ਦੀ ਆਵਾਜ਼ ਸੁਣਨ ਦੀ ਬਜਾਇ ਦਬਾਉਣ ਦੀ ਕੋਸ਼ਿਸ਼, ਡੰਗਰਾਂ ਵਾਂਗ ਔਰਤਾਂ ਅਤੇ ਮਰਦਾਂ ਨੂੰ ਘੜੀਸਨਾ ਅਤੇ ਕੁਟਾਈ ਕਰਨਾ ਆਦਿ ਆਮ ਹੋ ਰਿਹਾ ਹੈ। ਸਰਕਾਰ ਵਲੋਂ ਫਰਜ਼ਾਂ ਨੂੰ ਪੂਰਨ ਦੀ ਲੋੜ ਹੀ ਨਹੀਂ ਸਮਝੀ ਜਾ ਰਹੀ, ਦੇਸ਼ ਦੇ ਨਾਗਰਿਕਾਂ ਨੂੰ ਆਪਣੀਆਂ ਮੰਗਾਂ ਲਈ ਗੱਲਬਾਤ ਕਰਨ ਦੀ ਥਾਂ ਧਰਨੇ, ਰੈਲੀਆਂ, ਰੋਸ ਮਾਰਚ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਰੋਕਣ ਲਈ ਪੁਲਸ ਵਲੋਂ ਡੰਡਿਆਂ ਨਾਲ ਬੇਰਹਿਮੀ ਕੁੱਟਿਆ ਜਾ ਰਿਹਾ। ਇਹ ਸਾਰੇ ਕੁਝ ਨੇ ਦੇਸ਼ ਦੀ ਆਜ਼ਾਦੀ ਦੀ ਪ੍ਰੀਭਾਸ਼ਾ ਨੂੰ ਬਦਲ ਹੀ ਦਿੱਤਾ ਹੈ। ਦੇਸ਼ ਦੀ ਆਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਨੇ ਕੀ ਇਹ ਸੋਚਿਆ ਹੋਣਾ ਕਿ ਕਿੰਨੇ ਹੋਰ ਦੇਸ਼ ਵਾਸੀਆਂ ਨੂੰ ਆਜ਼ਾਦੀ ਪ੍ਰਾਪਤੀ ਦਾ ਖਮਿਆਜ਼ਾ ਵੱਡੇ ਕਤਲੇਆਮ ਅਤੇ ਉਜਾੜੇ ਦੇ ਰੂਪ 'ਚ ਝੱਲਣਾ ਪਵੇਗਾ ਅਤੇ ਬਾਅਦ 'ਚ ਦੇਸ਼ ਦੇ ਨੇਤਾ ਲੋਕਾਂ ਲਈ ਜੋਕਾਂ ਸਾਬਤ ਹੋਣਗੇ। ਸਾਡੇ ਦੇਸ ਅੰਦਰ ਆਜ਼ਾਦੀ ਦਿਵਸ਼ ਹਰੇਕ ਸਾਲ ਪੰਦਰਾਂ ਅਗਸਤ ਨੂੰ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।ਆਜ਼ਾਦੀ ਪ੍ਰਾਪਤੀ ਕਰਨ ਲਈ ਜੋ ਇਨਸਾਨੀਅਤ ਦਾ ਨੀਚੇ ਪੱਧਰ ਉੱਪਰ ਜੋ ਲੂੰ ਕੰਡੇ ਖੜ੍ਹੇ ਕਰਨ ਵਾਲਾ ਘਾਣ ਹੋਇਆ ਉਸ ਬਾਰੇ ਬਹੁਤ ਸਾਰਾ ਲਿਖਿਆ ਗਿਆ ਹੈ ਪਰ ਬਹੁਤਾ ਲਿਖਿਆ ਨਹੀਂ ਜਾ ਸਕਿਆ, ਬਹੁਤਾ ਸ਼ਬਦਾਂ 'ਚ ਸਮਾ ਸਕਣ ਦੇ ਯੋਗ ਵੀ ਨਹੀਂ। ਬ੍ਰਿਟਿਸ਼ ਸਰਕਾਰ ਨੇ ਲਾਰਡ ਮਾਊਂਟਬੇਟਨ ਪਲਾਨ 3 ਜੂਨ 1947 ਨੂੰ ਜਿਹੜੀ ਕਿ ਦੇਸ਼ ਨੂੰ ਦੋ ਭਾਗਾਂ 'ਚ ਵੰਡਣ ਦੀ ਤਜ਼ਵੀਜ ਸੀ ਅਨਾਊਂਸ ਕਰ ਦਿੱਤੀ। ਦੇਸ਼ ਦੀ ਵੰਡ ਦਾ ਫੈਸ਼ਲਾ 1ਮਾਰਚ 1947 ਨੂੰ ਲਾਰਡ ਮਾਊਂਟਬੈਟਨ ਦੁਆਰਾ ਲਿਆ ਗਿਆ ਸੀ। ਪੰਜਾਬ ਅਤੇ ਬੰਗਾਲ ਨੂੰ ਵੰਡਣ ਲਈ ਸਰ ਰੈਡਕਲਿਫ ਦੀ ਅਗਵਾਈ ਵਿੱਚ ਬਾਊਂਡਰੀ ਕਮਿਸ਼ਨ ਸਥਾਪਤ ਕੀਤਾ ਗਿਆ। ਅੰਗਰੇਜ਼ਾਂ ਨੇ ਜਾਂਦੇ ਜਾਂਦੇ ਦੇਸ਼ ਨੂੰ ਧਰਮ ਦੇ ਨਾਂ ਤੇ ਵੰਡਣ ਦੀ ਤਜ਼ਵੀਜ਼ ਨੂੰ, ਕੁਰਸੀਆਂ ਦੇ ਲਾਲਚੀਆਂ ਪਾਸੋਂ ਹਾਮੀ ਲੈ ਕੇ, ਦੇਸ਼ ਨੂੰ ਦੋ ਹਿੱਸਿਆਂ 'ਚ ਵੰਡ ਕੇ ਦੇਸ਼ ਨੂੰ ਕਮਜੋਰ ਕਰਨ ਦਾ ਕੰਮ ਕਰ ਗਏ,ਜਿਸ ਦਾ ਖਮਿਆਜ਼ਾ ਪੰਜਾਬ ਦੇ ਲੋਕਾਂ ਨੂੰ ਸਭ ਤੋਂ ਜਿਆਦਾ ਭੁਗਤਣਾ ਪਿਆ। ਦੋਹਾਂ ਪਾਸੇ ਪੰਜਾਬ ਦੇ ਲੋਕਾਂ ਦੀ ਹਾਲਤ ਇਨਸਾਨੀਅਤ ਤੋਂ ਡਿੱਗ ਕੇ ਬਿਨ੍ਹਾਂ ਕਿਸੇ ਕਸੂਰ ਤੋਂ ਐਨੀ ਮਾੜੀ ਹੋਈ ਜੋ ਸ਼ਬਦਾਂ 'ਚ ਬਿਆਨ ਕਰਨਾ ਸੰਭਵ ਨਹੀਂ। ਇਨ੍ਹਾਂ ਦਿਨਾਂ ਵਿੱਚ ਲੱਖਾਂ ਲੋਕਾਂ ਦਾ ਉਜਾੜਾ ਹੋਇਆ, ਹੱਸਦੇ ਵੱਸਦੇ ਘਰਾਂ ਨੂੰ ਖਾਲੀ ਹੱਥ ਛੱਡ ਕੇ ਦੂਜੀ ਥਾਂ ਆਉਣਾ ਕੋਈ ਸੌਖਾ ਨਹੀਂ ਸੀ ਪਰ ਕਿੰਨੇ ਵੱਡੇ ਜਿਗਰੇ ਨਾਲ ਫਿਰ ਵੀ ਇਹ ਬੇਕਸੂਰ ਲੋਕ ਆਪਣਿਆਂ ਤੋਂ ਵਿਛੜ ਕੇ, ਕਈ ਕਈ ਪਰਿਵਾਰਕ ਮੈਂਬਰਾਂ ਨੂੰ ਗੁਆ ਕੇ ਅਣਜਾਣ ਥਾਵਾਂ ਤੇ ਆ ਕੇ ਵਸੇ। ਇਸ ਤਰ੍ਹਾਂ ਪੰਜਾਬ ਦੇ ਦੋਹਾਂ ਪਾਸੇ ਦੇ ਲੱਖਾਂ ਲੋਕਾਂ ਦੀ ਦਰਦਨਾਕ ਮੌਤਾਂ ਅਤੇ ਲੱਖਾਂ ਲੋਕਾਂ ਦੇ ਉਜਾੜੇ ਜਿਨ੍ਹਾਂ ਦੇ ਅੰਕੜੇ ਸਰਕਾਰੀ ਤੌਰ ਤੇ ਇੱਕਠੇ ਨਹੀਂ ਹੋ ਸਕੇ ਸਗੋਂ ਵੱਖ-ਵੱਖ ਸਰੋਤਾਂ ਤੋਂ ਪ੍ਰਾਪਤ ਅੰਕੜੇ ਭਿੰਨ-ਭਿੰਨ ਹਨ, ਨੇ ਹੱਸਦੇ ਵੱਸਦੇ ਘਰਾਂ ਨੂੰ ਬੇਘਰ ਬਣਾ ਦਿੱਤਾ ਅਤੇ ਜ਼ਿੰਦਗੀ ਦੀ ਇੱਕ ਨਵੀਂ ਸ਼ੁਰੂਆਤ ਨੂੰ ਜਨਮ ਦਿੱਤਾ ਜੋ ਕਿ ਬੜਾ ਹੀ ਕਠਿਨ ਸੀ, ਜੋ ਕਿ ਮਜਬੂਰੀ ਵੱਸ ਉਨ੍ਹਾਂ ਨੂੰ ਕਰਨਾ ਪਿਆ। ਜ਼ਮੀਨਾਂ, ਘਰ, ਕਾਰੋਬਾਰ ਆਦਿ ਛੱਡ ਕੇ ਦੂਜੀ ਥਾਂ ਜਾ ਕੇ ਰਿਫਊਜ਼ੀ ਕੈਂਪਾਂ 'ਚ ਰਹਿਣਾ ਬੜੀ ਔਖੀ ਘੜੀ ਉਨ੍ਹਾਂ ਲਈ ਸੀ।ਰੇਲ ਗੱਡੀਆਂ ਵਿੱਚ ਆ ਰਹੇ ਦੋਹਾਂ ਪਾਸੇ ਦੇ ਹਜ਼ਾਰਾਂ ਬੇਦੋਸ਼ਿਆਂ ਦੇ ਕਤਲ ਫਿਰਕੂ ਰੰਗਤ ਨੂੰ ਫੈਲਾਉਣ ਕਾਰਨ ਹੋਏ।

ਧੀਆਂ, ਭੈਣਾਂ ਦੀ ਇੱਜ਼ਤ ਦਰਿੰਦਗੀ ਨਾਲ ਲੁੱਟੀ ਗਈ, ਬਹੁਤ ਸਾਰੇ ਮਾਪਿਆਂ ਨੇ ਆਪ ਹੀ ਆਪਣੀਆਂ ਧੀਆਂ ਨੂੰ ਇਸ ਹਿਰਦੇ ਵਲੂੰਧਰਨ ਵਾਲੀ ਦਰਿੰਦਗੀ ਨੂੰ ਅੱਖਾਂ ਸਾਹਮਣੇ ਦੇਖਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਆਪ ਮਾਰ ਦੇਣਾ ਠੀਕ ਸਮਝਿਆ। ਇਹ ਕਿਹੋ ਜਿਹਾ ਮੰਜ਼ਰ ਸੀ। ਕੁਰਸੀਆਂ ਉੱਪਰ ਬੈਠਣ ਵਾਲਿਆਂ ਨੂੰ ਕੀ ਪਤਾ ਇਨ੍ਹਾਂ ਪੀੜ੍ਹਤ ਪਰਿਵਾਰਾਂ ਦੀਆਂ ਭਾਵਨਾਵਾਂ ਦਾ। ਕਈਆਂ ਧੀਆਂ,ਭੈਣਾਂ ਅਤੇ ਮਾਤਾਵਾਂ ਨੇ ਖੂਹਾਂ, ਨਹਿਰਾਂ ਆਦਿ 'ਚ ਛਾਲਾਂ ਮਾਰ ਕੇ ਆਪ ਹੀ ਮਾੜੇ ਅਨਸਰਾਂ ਦੇ ਹੱਥ ਆਉਣ ਤੋਂ ਪਹਿਲਾਂ ਹੀ ਮੌਤ ਨੂੰ ਗਲੇ ਲਾਇਆ। ਨਹਿਰਾਂ, ਖੂਹਾਂ ਦਾ ਪਾਣੀ ਖੂਨ ਨਾਲ ਲਾਲ ਹੋ ਗਿਆ ਸੀ। ਦੋਹਾਂ ਪਾਸਿਆਂ ਦੀ ਧਰਤੀ ਲੋਕਾਈ ਦੇ ਖੂਨ ਨਾਲ ਲੱਥੀ ਹੋਈ ਅੱਜ ਵੀ ਉਸ ਘਿਣਾਉਣੇ ਦ੍ਰਿਸ਼ ਨੂੰ ਲਾਹਨਤਾਂ ਪਾ ਰਹੀ ਹੈ। ਦੇਸ਼ਾਂ ਦੀਆਂ ਕਾਰਜਕਾਰੀ ਸਰਕਾਰਾਂ ਵੀ ਦੰਗਿਆਂ, ਫਸਾਦਾਂ ਆਦਿ ਉੱਪਰ ਕੰਟਰੋਲ ਕਰਨ ਤੋਂ ਅਸਮਰੱਥ ਸਨ। ਉਨ੍ਹਾਂ ਅਭਾਗੇ ਲੋਕਾਂ ਦੀ ਆਪਣੇ ਪਰਿਵਾਰ ਦੇ ਵਿਛੜਿਆਂ ਮੈਂਬਰਾਂ ਨੂੰ ਮਿਲਣ ਦੀ ਤਾਂਘ ਅਜੇ ਵੀ ਤੜਪ ਰਹੀ ਹੈ। ਕਈ ਮੈਂਬਰ ਜੋ ਦੋਹਾਂ ਦੇਸ਼ਾਂ ਵਿੱਚ ਬਚ ਗਏ ਉਹ ਕਿਵੇਂ ਜ਼ਿੰਦਗੀ ਨੂੰ ਗੁਜ਼ਾਰ ਰਹੇ ਹਨ ਉਹ ਤਾਂ ਉਹੀ ਹੀ ਜਾਣਦੇ ਹਨ।

ਕਈ ਮਜਬੂਰੀ ਵਸ ਧਰਮ ਪਰਿਵਰਤਨ ਕਰਕੇ ਆਂਪਣੀਆਂ ਜਾਨਾਂ ਬਚਾ ਕੇ ਉਥੋਂ ਦੇ ਹੀ ਬਣ ਕੇ ਰਹਿ ਗਏ ਜਦੋਂ ਕਿ ਉਨ੍ਹਾਂ ਦੇ ਪਰਿਵਾਰਿਕ ਮੈਂਬਰ ਖਿੰਡ ਪੁੰਡ ਗਏ, ਆਪਣੇ ਪਿਆਰਿਆਂ ਨੂੰ ਮਿਲਣ ਦੀ ਤਾਂਘ ਜਰੂਰ ਉਨ੍ਹਾਂ ਅੰਦਰ ਉਬਾਲੇ ਲੈ ਰਹੀ ਹੈ। ਉਨ੍ਹਾਂ 'ਚੋਂ ਬਹੁਤੇ ਇਸ ਸਮੇਂ ਇਸ ਦੁਨੀਆ ਤੋਂ ਰੱਬ ਨੂੰ ਪਿਆਰੇ ਹੋ ਚੁੱਕੇ ਹਨ। ਹੁਣ ਤਾਂ ਕੋਈ ਵਿਰਲਾ ਹੀ ਬਚਿਆ ਹੋਵੇਗਾ। ਪੰਜਾਬ ਨੂੰ ਇਹ ਸੰਤਾਪ ਕਦੇ ਨਹੀਂ ਭੁੱਲ ਸਕਦਾ। ਇਸ ਦੁੱਖਦਾਈ ਬਟਵਾਰੇ ਦਾ ਜ਼ਿਕਰ ਬਹੁਤ ਸਾਰੇ ਸਮਕਾਲੀ ਵਿਦਵਾਨਾਂ ਨੇ ਆਪਣੀਆਂ ਦਿਲ ਕੰਬਾਊ ਅੱਖੀਂ ਡਿਠੇ ਦ੍ਰਿਸ਼ਾਂ ਰਾਹੀਂ ਆਪਣੇ ਸ਼ਬਦਾਂ 'ਚ ਪ੍ਰਗਟ ਕੀਤਾ ਹੈ। ਔਰਤਾਂ ਨੂੰ ਜਬਰਦਸਤੀ ਧਾੜਵੀ ਅਗਵਾ ਕਰਕੇ ਲੈ ਗਏ, ਉਨ੍ਹਾਂ ਨਾਲ ਧਰਮ ਪਰਿਵਰਤਨ ਕਰਵਾਕੇ ਵਿਆਹ / ਨਿਕਾਹ ਕਰਵਾ ਲਏ। ਇਨਸਾਨੀਅਤ ਦੀ ਥਾਂ ਸ਼ੈਤਾਨੀ ਬਿਰਤੀ ਸਿਰ ਫਿਰਿਆਂ 'ਚ ਆ ਗਈ ਸੀ। ਲੋਕਾਂ ਦਾ ਆਪਸੀ ਪ੍ਰੇਮ ਪਿਆਰ ਦੋਹਾਂ ਫਿਰਕਿਆਂ ਵਿੱਚ ਵਾਹਵਾ ਸੀ, ਬਹੁਤ ਸਾਰੇ ਲੋਕਾਂ ਨੇ ਇੱਕ ਦੂਜੇ ਦੀ ਆਪਣੇ ਘਰਾਂ 'ਚ ਸ਼ਰਨ ਦੇ ਕੇ ਰੱਖਿਆ ਕੀਤੀ। ਭਾਵੇਂ ਇਹ ਘਿਣਾਉਣਾ ਮੰਜ਼ਰ ਆਜ਼ਾਦੀ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ ਅਤੇ ਬਾਅਦ 'ਚ ਜਾ ਕੇ ਸ਼ਾਂਤ ਹੋਇਆ। ਪਰ ਮੂਹਰਲੀ ਕਤਾਰ ਦੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਤਾਂ ਆਪਣੀ ਸੱਤਾ 'ਤੇ ਕਾਬਜ਼ ਹੋਣ ਦੀ ਤਾਕ ਸੀ, ਉਨ੍ਹਾਂ ਲੋਕਾਂ ਦੀ ਸੁਰੱਖਿਆ ਪ੍ਰਤੀ ਕੋਈ ਅਹਿਮ ਭੂਮਿਕਾ ਨਹੀਂ ਨਿਭਾਈ।ਹੁਣ ਸੋਚੋ ਪੰਜਾਬੀਆਂ ਲਈ ਇਹ ਕਿਹੋ ਜਿਹੀ ਆਜ਼ਾਦੀ ਸੀ ਜਿਸ ਲਈ ਉਹ ਪੀੜ੍ਹਤ ਪਰਿਵਾਰ ਇਸ ਦਿਨ ਖੁਸ਼ੀ ਦਾ ਇਜ਼ਹਾਰ ਕਰਨ।ਸੱਤ ਦਹਾਕੇ ਬੀਤਣ ਉਪਰੰਤ ਵੀ ਸਰਕਾਰ 'ਚ ਸ਼ਰੀਕ ਹੁੰਦੇ ਰਾਜਨੀਤਕ ਪਾਰਟੀਆਂ ਦੇ ਨੇਤਾਵਾਂ ਨੇ ਇਨ੍ਹਾਂ ਰਿਫਊਜ਼ੀ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝਿਆ

ਉੱਧਰੋਂ ਆਏ ਕਈਆਂ ਪਰਿਵਾਰਾਂ ਨੇ 1984 'ਚ ਦੁਆਰਾ ਇਹੋ ਦੁੱਖਦਾਈ ਸੰਤਾਪ ਭਾਰਤ ਅੰਦਰ ਆਪਣਿਆਂ ਤੋਂ ਹੀ ਆਪਣੇ ਪਿੰਡੇ ਤੇ ਹੰਢਾਇਆ, ਜਿਸ 'ਚ ਉਨ੍ਹਾਂ ਦੇ ਘਰਾਂ ਨੂੰ ਕਾਰੋਬਾਰਾਂ ਨੂੰ ਅੱਗਾਂ ਲਾਕੇ, ਲੁੱਟ ਕੇ ਪ੍ਰਸਾਸਨ ਦੇ ਸਾਹਮਣੇ ਇਹ ਵਰਤਾਰਾ ਕਰਕੇ ਨਿਰਦੋਸ਼ ਸਿੱਖਾਂ ਨੂੰ ਇਸ ਦੇਸ਼ ਦੇ ਵਸਨੀਕ ਨਾ ਸਮਝਦੇ ਹੋਏ ਸ਼ਰੇਆਮ ਦੰਗੇ ਕੀਤੇ ਜਿੰਨ੍ਹਾਂ ਦੇ ਜਖਮ ਅਜੇ ਤੱਕ ਅੱਲ੍ਹੇ ਨੇ, ਸਰਕਾਰ ਨੇ ਉਨ੍ਹਾਂ ਪੀੜ੍ਹਤਾਂ ਨੂੰ ਕੋਈ ਇਨਸਾਫ ਨਹੀਂ ਦਿੱਤਾ। ਉਸ ਸਮੇਂ ਦੇ ਨੇਤਾ ਸ਼ਰੇਆਮ ਘੁੰਮ ਰਹੇ ਹਨ। ਪਰ ਦੂਸਰੇ ਪਾਸੇ ਸਜ਼ਾ ਭੁਗਤ ਚੁੱਕੇ ਸਿੱਖ ਨਜ਼ਰਬੰਦੀ ਅਜੇ ਵੀ ਜੇਲ੍ਹਾਂ ਅੰਦਰ ਹੀ ਬੈਠੇ ਹਨ। ਸਰਕਾਰ ਦੀ ਇਹ ਦੋਗਲੀ ਨੀਤੀ ਸਿੱਖਾਂ ਪ੍ਰਤੀ ਕਿਉਂ ਹੈ। ਸਿੱਖਾਂ ਦੇ ਗੁਰੂ ਸਾਹਿਬਾਨ ਵਲੋਂ ਪੀੜ੍ਹਤ ਲੋਕਾਂ ਦੀ ਸੇਵਾ ਕਰਨ ਦੀ ਭਾਵਨਾ ਧਾਰਨਾ ਨੂੰ ਜਾਰੀ ਰੱਖਦੇ ਦੇਸ਼ ਦੇ ਹਰ ਵਰਗ ਦੀ ਬਿਨ੍ਹਾਂ ਭੇਦ ਭਾਵ ਦੇ ਮਦਦ ਕਰਨ ਦੀ ਪਰੰਪਰਾ ਜਾਰੀ ਰੱਖੀ ਹੋਈ ਹੈ। ਦੋਹਰੀ ਮਾਰ ਝੱਲਣ ਵਾਲੇ ਇਹ ਵਾਰ ਵਾਰ ਉੱਜੜੇ ਪਰਿਵਾਰ ਪੰਦਰਾਂ ਅਗਸਤ ਅਤੇ ਜੂਨ ਚੌਰਾਸੀ ਨੂੰ ਨਹੀਂ ਭੁੱਲ ਸਕਦੇ। ਸਰਕਾਰੀ ਅਧਿਕਾਰੀ, ਸਾਡੇ ਨੇਤਾ ਆਜ਼ਾਦੀ ਦਿਵਸ਼ 'ਤੇ ਇਨ੍ਹਾਂ ਦੇ ਪਰਿਵਾਰਾਂ ਦੀਆਂ ਦਿੱਤੀਆਂ ਕੁਰਬਾਨੀਆਂ ਦੀ ਗੱਲ ਕਿਉਂ ਨਹੀਂ ਕਰਦੇ। ਇਨ੍ਹਾ ਪਰਿਵਾਰਾਂ ਦੇ ਨਸੂਰ ਹੋਏ ਜਖਮ ਅਜੇ ਵੀ ਕੋਈ ਪਿਛਲੀ ਅਕਹਿ ਯਾਦ ਨੂੰ ਛੂਹਣ ਤੇ ਮੁੜ ਜਖਮ ਬਣ ਜਾਂਦੇ ਹਨ। ਮੈਂ ਇਹ ਉਦੋਂ ਮਹਿਸੂਸ ਕੀਤਾ ਜਦੋਂ ਅਸੀਂ ਕਈ ਅਧਿਆਪਕ ਬੈਠੇ ਕਿਸੇ ਮੁੱਦੇ ਤੇ ਸਹਿਜ ਸੁਭਾਅ ਗੱਲ ਕਰ ਰਹੇ ਸੀ, ਮੇਰੇ ਸਾਥੀ ਅਧਿਆਪਕ ਨੇ ਕਿਤੇ ਨਾਲ ਦੇ ਪਿੰਡ ਕਿਸੇ ਸਰਵੇ ਦੌਰਾਨ ਪਿੰਡ ਦੀ ਔਰਤ ਬਾਰੇ ਰਫਿਊਜਨ ਸ਼ਬਦ ਕਹਿ ਕੇ ਗੱਲ ਕੀਤੀ ਤਾਂ ਸਾਡੇ 'ਚ ਬੈਠੇ ਉਸੇ ਪਿੰਡ ਦੇ ਅਧਿਆਪਕ ਨੇ ਆਪਣੇ ਰੌਂਗਟੇ ਖੜ੍ਹੇ ਕਰ ਬੁਰਾ ਮਨਾਇਆ, ਜਿਸ ਤੇ ਉਸ ਅਧਿਆਪਕ ਨੇ ਆਪਣੇ ਕਹੇ ਸਬਦ 'ਤੇ ਅਫਸੋਸ ਪ੍ਰਗਟ ਕੀਤਾ। ਉਸ ਦਿਨ ਤੋਂ ਮੈਨੂੰ ਵੀ ਉਨ੍ਹਾਂ ਪਰਿਵਾਰਾਂ ਦੀ ਆਜ਼ਾਦੀ ਜਸ਼ਨਾਂ ਸਬੰਧੀ ਮਨ ਦੀ ਭਾਵਨਾ ਬਾਰੇ ਸਮਝ ਆਈ। ਇਸ ਲਈ ਸਾਨੂੰ ਸਾਰਿਆਂ ਨੂੰ ਇਨ੍ਹਾਂ ਪਰਿਵਾਰਾਂ ਦੇ ਪ੍ਰਤੀ ਵੀ ਇਨ੍ਹਾਂ ਦੇ ਦਖਾਂਤ ਨੂੰ ਚਿਤਾਰ ਕੇ ਵਿਛੜਿਆਂ ਮੈਂਬਰਾਂ ਨੂੰ ਸ਼ਰਧਾਂਜ਼ਲੀ ਦੇਣੀ ਚਾਹੀਦੀ ਹੈ ਤਾਂ ਕਿ ਘੱਟੋ-ਘੱਟ ਉਨ੍ਹਾਂ ਦੇ ਵਲੂੰਧਰੇ ਹਿਰਦੇ ਕੁਝ ਸ਼ਾਂਤ ਹੋ ਜਾਣ ਜਿਹੜੇ ਅਜੇ ਵੀ ਅੱਲ੍ਹੇ ਹਨ ਹੌਲੀ ਹੌਲੀ ਅਗਲੀਆਂ ਪੀੜ੍ਹੀਆਂ ਦੇ ਮਨਾਂ 'ਚੋਂ ਇਹ ਦੁਖਾਂਤ ਦੀ ਘਟਨਾ ਸ਼ਾਇਦ ਵਿਸਰਦੀ ਜਾਵੇ।

ਉਜਾੜੇ ਤੋਂ ਪ੍ਰਭਾਵਿਤ ਲੋਕ ਅਜੇ ਵੀ ਆਪਣੇ ਵਿਛੜਿਆਂ ਨੂੰ ਮਿਲਣ ਅਤੇ ਘਰਾਂ ਨੂੰ ਦੇਖਣ ਲਈ ਦਿਲੀ ਤਮੰਨਾ ਰੱਖਦੇ ਹਨ, ਸਰਕਾਰ ਨੂੰ ਇਸ ਵੱਲ ਧਿਆਨ ਦੇਂਦੇ ਉਨ੍ਹਾਂ ਲਈ ਸੌਖੇ ਪ੍ਰਬੰਧ ਕਰਨੇ ਚਾਹੀਦੇ ਹਨ। ਇੰਟਰਨੈਟ ਜ਼ਰੀਏ ਕਈ ਪਰਿਵਾਰ ਆਪਣੇ ਵਿਛੜੇ ਰਿਸ਼ਤੇਦਾਰਾਂ ਨਾਲ ਗੱਲ ਬਾਤ ਕਰਕੇ ਸੁੱਖ-ਸਾਂਦ ਪੁੱਛ ਲੈਂਦੇ ਹਨ।ਪੰਜਾਬ ਲਈ ਕੇਂਦਰ ਸਰਕਾਰ ਦੇਸ਼ ਦੀ ਆਜ਼ਾਦੀ 'ਚ ਸਾਰਿਆਂ ਨਾਲੋਂ ਵੱਧ ਪੰਜਾਬੀਆਂ ਦੀਆਂ ਕੁਰਬਾਨੀਆਂ ਨੂੰ ਵਿਸਾਰ ਕੇ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ ਹੈ।ਕੇਂਦਰ ਸਰਕਾਰ ਵਿੱਤੀ ਪੈਕੇਜ਼ ਹੋਰਾਂ ਰਾਜਾਂ ਨੂੰ ਵੱਡੇ ਪੱਧਰ ਉੱਪਰ ਬਜ਼ਟ ਵਿੱਚ ਦਿੰਦੀ ਪਰ ਪੰਜਾਬ ਲਈ ਕੋਈ ਵਿਸ਼ੇਸ਼ ਪੈਕੇਜ਼ ਦੇਣ ਤੋਂ ਕੰਨੀ ਕਤਰਾ ਜਾਂਦੀ ਹੈ। ਸਰਹੱਦੀ ਸੂਬਾ ਹੋਣ ਕਾਰਨ ਪੰਜਾਬੀ ਫੌਜੀ ਸਰਹੱਦਾਂ ਤੇ ਅਜੇ ਵੀ ਮੂਹਰਲੀ ਕਤਾਰ 'ਚ ਹੋਣ ਕਾਰਨ ਅਨੇਕਾਂ ਸ਼ਹੀਦੀਆਂ ਦੇ ਰਹੇ ਹਨ, ਪੰਜਾਬ ਬਰੂਦ ਦੀ ਸੁਰੰਗ ਉੱਪਰ ਬੈਠਾ ਆਪਣੇ ਬਲਬੂਤੇ ਉੱਪਰ ਹੀ ਆਪਣੀ ਹੋਂਦ ਨੂੰ ਬਚਾਉਣ ਦੀ ਕੋਸ਼ਿਸ਼ ਕਰਦਾ ਆ ਰਿਹਾ ਹੈ।

ਕੇਂਦਰ ਸਰਕਾਰ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਦੀ ਆ ਰਹੀ। ਵੱਧ ਰਹੀ ਬੇਰੁਜ਼ਗਾਰੀ ਕਾਰਨ ਇਸ ਸੂਬੇ ਦੇ ਨੌਜਵਾਨਾਂ ਲਈ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਵਧੇਰੇ ਇੰਡਸਟਰੀ ਅਤੇ ਨਵੀਂ ਭਰਤੀਆ ਕਰਨ ਦੀ ਲੋੜ ਹੈ। ਪੰਜਾਬ ਦਾ ਜੋ ਵਿਕਾਸ ਕੇਂਦਰ ਤੋਂ ਵਿਸ਼ੇਸ਼ ਪੈਕੇਜ਼ ਮਿਲਣ ਕਾਰਨ ਹੋਣਾ ਚਾਹੀਦਾ ਸੀ, ਓਨਾ ਵਿਕਾਸ ਪੰਜਾਬ ਦਾ ਨਹੀਂ ਹੋਇਆ, ਪੰਜਾਬ ਸਰਕਾਰ ਵੀ ਨੋਜਵਾਨਾਂ ਨੂੰ ਉਨ੍ਹਾਂ ਦੀਆਂ ਮੰਗਾਂ ਸੁਣਨ ਜਾਂ ਰੁਜ਼ਗਾਰ ਦੇਣ ਦੀ ਜਗ੍ਹਾ ਰੁਜ਼ਗਾਰ ਮੰਗਣ ਵਾਲਿਆਂ ਲਈ ਡੰਡੇ ਵਰ੍ਹਾ, ਜੇਲ੍ਹਾਂ 'ਚ ਡੱਕਣ, ਟੈਂਕੀਆਂ ਤੇ ਚੜ੍ਹਨ ਲਈ ਮਜਬੂਰ ਕਰਨ ਆਦਿ ਵਾਲੀ ਨੀਤੀ ਵਰਤ ਰਹੀ ਹੈ ਜੋ ਨੇਤਾ ਪਹਿਲਾਂ ਸ਼ਹੀਦਾਂ ਦੀ ਸੋਚ ਤੇ ਚਲਣ ਦੀ ਗੱਲ ਕਰ ਕੇ ਸੱਤਾ 'ਚ ਆਏ ਸੀ। ਜਿਸ ਕਾਰਨ ਹੀ ਇਥੋਂ ਦੇ ਨੌਜਵਾਨ ਬਾਹਰਲੇ ਦੇਸ਼ਾਂ ਨੂੰ ਤੇਜ਼ੀ ਨਾਲ ਜਾ ਪ੍ਰਵਾਸ ਕਰ ਰਹੇ ਹਨ।

# ਬਜ਼ੁਰਗਾਂ ਨੂੰ ਇਕੱਲਤਾ ਮਹਿਸੂਸ ਨਾ ਹੋਣ ਦਿਓ

ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445



ਸਮਾਜ ਵਿੱਚ ਜੀਊਣ ਲਈ ਸਮਾਜਿਕ ਅਤੇ ਸਰਕਾਰੀ ਮਾਪਦੰਡਾਂ ਦੀ ਲੋੜ ਹੁੰਦੀ ਹੈ। ਇਸੇ ਕਰਕੇ ਹੀ ਸਨਮਾਨਯੋਗ ਜ਼ਿੰਦਗੀ ਬਸਰ ਕੀਤੀ ਜਾ ਸਕਦੀ ਹੈ। ਸਮਾਜ ਵਿੱਚ ਜੀਊਣ ਦੇ ਨਾਲ -ਨਾਲ ਨੀਅਤ ਸਾਫ ਹੋਵੇ ਇਸਦੇ ਨਾਲ ਹੀ ਸਰਕਾਰੀ ਪੱਧਰ ਤੇ ਕਾਨੂੰਨ ਕਾਇਦੇ ਵੀ ਹੋਣੇ ਚਾਹੀਦੇ ਹਨ, ਜਿਨਾਂ ਨੂੰ ਪਾਰਦਰਸ਼ੀ ਅਤੇ ਸਖਤੀ ਦੀ ਲੋੜ ਹੁੰਦੀ ਹੈ। ਇਸੇ ਤਰਜ਼ ਤੇ ਅਸੀਂ ਆਪਣੇ ਬਜ਼ੁਰਗਾਂ ਦਾ ਵਿਸ਼ਲੇਸ਼ਣ ਕਰਦੇ ਹਾਂ ਕਿ ਸਾਡੇ ਬਜ਼ੁਰਗ ਕਿੰਨੀ ਮਾਨਸਿਕ ਸਰੀਰਿਕ ਅਤੇ ਸਮਾਜਿਕ ਪੀੜਾ ਹੰਡਾਅ ਰਹੇ ਹਨ। ਇਹ ਸਭ ਕੁਝ ਉਮਰ ਦੇ ਤਕਾਜੇ ਨਾਲ ਆਉਂਦਾ ਹੈ। ਸੁਭਾਅ ਦਾ ਕਾਰਨ ਉਮਰ ਵੀ ਹੁੰਦਾ ਹੈ। ਇਹੀ ਪਾੜਾ ਨਿਆਣੇ ਸਿਆਣੇ ਵਿੱਚ ਪਾੜਾ ਪਾ ਕੇ ਰੱਖਦਾ ਹੈ। ਇਹਨਾਂ ਨਾਲ ਸਾਡੇ ਬਜ਼ੁਰਗਾਂ ਦੀ ਲਚਾਰੀ ਦਿਨ ਪਰ ਦਿਨ ਵਧਦੀ ਜਾਂਦੀ ਹੈ। ਮੋਬਾਈਲ ਫੋਨ ਵੀ ਇਸ ਲਚਾਰੀ ਦਾ ਹਿੱਸਾ ਹੈ। ਬਹੁਤ ਕੋਲ ਬੈਠੇ ਵੀ ਬਹੁਤ ਦੂਰ ਰਹਿੰਦੇ ਹਨ, ਜਦੋਂ ਕਿ ਬਜ਼ੁਰਗ ਸਾਹਮਣੇ ਵਾਲੀ ਔਲਾਦ ਤੋਂ ਕੁੱਝ ਗੱਲਬਾਤ ਮੰਗਦਾ ਹੈ। ਇੱਕ ਸਮਾਂ ਸੀ ਬਜ਼ੁਰਗ ਲਾਣੇਦਾਰ ਖੂੰਡੇ ਵਾਲੇ ਹੁੰਦੇ ਸਨ। ਉਹਨਾਂ ਤੋਂ ਬਿਨਾਂ ਔਲਾਦ ਦੀ ਜੁਰਤ ਨਹੀਂ ਹੁੰਦੀ ਸੀ ਕਿ ਆਪ ਕੁਝ ਕਰ ਸਕਣ। ਇਕ ਕਹਾਵਤ ਹੈ ਕਿ "ਨੂੰਹ-ਸੱਸ ਬੈਠੀਆਂ ਸਨ, ਇੱਕ ਮੰਗਣ ਵਾਲਾ ਸਾਧੂ ਆਇਆ ਨੂੰਹ ਨੇ ਕਿਹਾ ਜਾ ਬਾਬਾ ਮਾਫ ਕਰ, ਬਾਬਾ ਚਲਾ ਗਿਆ। ਜਦੋਂ ਥੋੜੀ ਦੂਰ ਗਿਆ ਤਾਂ ਸੱਸ ਨੇ ਆਵਾਜ਼ ਮਾਰੀ ਤਾਂ ਬਾਬਾ ਖੈਰ ਲਈ ਮੁੜਿਆ, ਜਦੋਂ ਕੋਲ ਆ ਕੇ ਬਾਬੇ ਨੇ ਬਜ਼ੁਰਗ ਸੱਸ ਤੋਂ ਖੈਰ ਮੰਗੀ ਤਾਂ ਸੱਸ ਕਹਿੰਦੀ ਜਾ ਬਾਬਾ ਮਾਫ ਕਰ, ਅੱਗੋਂ ਬਾਬਾ ਕਹਿੰਦਾ ਇਹ ਤਾਂ ਸ਼ਬਦ ਤੇਰੀ ਨੂੰਹ ਨੇ ਵੀ ਕਹਿ ਦਿੱਤਾ ਸੀ, ਸੱਸ ਨੇ ਝੱਟ ਬੋਲ ਦਿੱਤਾ ਇਸੀ ਕਰਕੇ ਤਾਂ ਤੈਨੂੰ ਬੁਲਾਇਆ ਹੈ ਕਿ ਮੈਂ ਘਰ ਦੀ ਮੁੱਖੀਆਂ ਹਾਂ ਇਹ ਸਬਕ ਤੈਨੂੰ ਮੈਂ ਦੇਣਾ ਸੀ" ਉਹ ਵਿਚਾਰਾ ਅੱਗੇ ਚਲਾ ਗਿਆ।



ਭਾਰਤ ਵਿੱਚ 60 ਸਾਲ ਤੋਂ ਉੱਪਰ ਦੇ 15 ਕਰੋੜ ਬਜ਼ੁਰਗ ਹਨ। ਇਹ ਗਿਣਤੀ ਵੱਧਦੀ ਹੀ ਜਾਂਦੀ ਹੈ। 2036 ਤੱਕ 23 ਕਰੋੜ ਤੱਕ ਬਜ਼ੁਰਗਾਂ ਦੀ ਗਿਣਤੀ ਜਾਣ ਦੀ ਆਸ ਹੈ। ਸਾਲ 2050 ਤੱਕ ਦੀ ਕੁੱਲ ਆਬਾਦੀ ਦਾ 14 ਫੀਸਦੀ 65 ਸਾਲ ਤੋਂ ਉੱਪਰ ਦੇ ਬਜ਼ੁਰਗ ਹੋਣ ਦਾ ਅਨੁਮਾਨ ਨੁਮਾ ਟੀਚਾ ਲੱਗਦਾ ਹੈ। ਪੰਜਾਬ ਚ ਹਰ ਪੰਜਾਬੀ ਬਜ਼ੁਰਗ ਮਾਨਸਿਕ ਰੋਗ ਵੱਲ ਵਧ ਰਿਹਾ ਹੈ। ਬਿਰਧ ਆਸ਼ਰਮ ਅੱਜ ਸਮਾਜ ਉੱਤੇ ਕਲੰਕ ਹਨ। ਸਮੇਂ ਦੀ ਮਾਰ ਅਨੁਸਾਰ ਸਹੀ ਵੀ ਲੱਗਣ ਲੱਗ ਜਾਂਦੇ ਹਨ।60% ਸਾਡੇ ਬਜ਼ੁਰਗ ਕਿਸੇ ਨਾ ਕਿਸੇ ਦੁਰ-ਵਿਵਹਾਰ ਦਾ ਸਾਹਮਣਾ ਕਰਦੇ ਹਨ। ਭਾਰਤ ਦੇ 73% ਬਜ਼ੁਰਗ ਅਨਪੜ੍ਹ ਹਨ, 75% ਬਜ਼ੁਰਗ ਪਿੰਡਾਂ ਵਿੱਚ ਰਹਿੰਦੇ ਹਨ। 40% ਬਜ਼ੁਰਗ ਗਰੀਬੀ ਹੰਡਾਅ ਰਹੇ ਹਨ। 31% ਬਜ਼ੁਰਗਾਂ ਦਾ ਅਪਮਾਨ ਹੁੰਦਾ ਹੈ। ਇਹਨਾਂ ਵਿੱਚੋਂ 56 ਉਹਨਾਂ ਦੇ ਪੁੱਤਰ 23% ਉਹਨਾਂ ਦੀਆਂ ਨੂਹਾਂ ਹਨ ਜੋ ਉਹਨਾਂ ਨਾਲ ਦੁਰ-ਵਿਵਹਾਰ ਕਰਦੀਆਂ ਹਨ। ਇਸ ਅੰਕੜੇ ਤੋਂ ਇੱਕ ਰਾਹਤ ਮਿਲਦੀ ਹੈ ਕਿ ਆਪ ਦੇ ਜੰਮੇ ਪਰਾਈ ਧੀ ਤੋਂ ਅੱਗੇ ਹਨ। ਇਹ ਨੂੰਹਾਂ ਲਈ ਗਰਭ ਦੀ ਖਬਰ ਵੀ ਹੈ।30% ਬਜ਼ੁਰਗਾਂ ਨੂੰ ਉਹਨਾਂ ਦੀਆਂ ਧੀਆਂ ਸੰਭਾਲਦੀਆਂ ਹਨ। ਵਸੀਅਤ ਲਈ ਮਾਪੇ ਫਿਰ ਵੀ ਪੁੱਤਰ ਦੀ ਉਡੀਕ ਕਰਦੇ ਰਹਿੰਦੇ ਹਨ, ਪਰ ਮਾਪੇ ਫਿਰ ਵੀ ਬੇਇੰਨਸਾਫੀ ਨਹੀਂ ਕਰਦੇ। ਭਾਰਤ ਸਰਕਾਰ ਨੇ 2007 ਵਿੱਚ ਕਨੂੰਨ ਬਣਾ ਕੇ ਸੰਸਕਿਬੀ ਅਨੁਸਾਰ ਬਜ਼ੁਰਗਾਂ ਦੀ ਸਾਂਭ ਸੰਭਾਲ ਦਾ ਜਿੰਮਾ ਪੁੱਤਰਾਂ ਨੂੰ ਦਿੰਤਾ ਹੈ। ਬਦਲਦੀਆਂ ਕਦਰਾਂ ਕੀਮਤਾਂ, ਤੇਜ਼ੀ ਨਾਲ ਬਦਲਦਾ ਜੀਵਨ ਅਤੇ ਲਾਲਚੀ ਭਾਵਨਾਵਾਂ ਬਜ਼ੁਰਗਾਂ ਨਾਲ ਸਭ ਦੁਰਵਿਹਾਰ ਅਤੇ ਸੋਸ਼ਣ ਭਰਿਆ ਬਣਾ ਰਿਹਾ ਹੈ।


ਸਾਡੀ ਸੰਸਕ੍ਰਿਤੀ ਮਾਂ ਬੋਲੀ ਪੰਜਾਬੀ ਬਲਵਾਨ ਹੈ। ਇਸ ਵਿੱਚ ਵੀ ਰਿਸ਼ਤੇ ਨੂੰ ਉਤਸ਼ਾਹਜਨਕ ਕਰਕੇ ਸੇਧ ਦਿੱਤੀ ਗਈ ਹੈ। ਗਾਣਾ ਹੈ "ਤਿੰਨ ਰੰਗ ਨਹੀਂ ਲੱਭਣੇ ਹੁਸਨ ਜਵਾਨੀ ਤੇ ਮਾਪੇ" ਇੱਕ ਗੀਤ ਇੰਦਰਜੀਤ ਹਸਨ ਪੁਰੀ ਦਾ ਹੈ "ਤੁਸੀਂ ਬਜ਼ੁਰਗਾਂ ਨੂੰ ਕਿਸ ਮੌਤੇ ਮਾਰੋਗੇ, ਉਸੇ ਮੌਤੇ ਆਪ ਮਰੋਗੇ ਮੈਨੂੰ ਕੀ? ਇੱਕ ਹੋਰ ਗਿਆਨ ਵਰਧਕ ਕਹਾਵਤ ਹੈ ਕਿ "ਇਕ ਮੁੰਡਾ ਆਪਣੇ ਬਾਪ ਨੂੰ ਨਹਿਰ ਵਿੱਚ ਸੁੱਟਣ ਲਈ ਗਿਆ ਤਾਂ ਬਾਪ ਅੱਗੋਂ ਬੋਲਿਆ, ਮੈਨੂੰ ਇੱਥੇ ਨਾ ਇੱਥੇ ਮੈਂ ਆਪਣਾ ਬਾਪ ਸੁੱਟਿਆ ਸੀ, ਮੁੰਡੇ ਦੇ ਗਿਆਨ ਦੀ ਖਿੜਕੀ ਚਲ ਗਈ ਤੇ ਵਾਪਸ ਪਿਓ ਨੂੰ ਘਰ ਲੈ ਕੇ ਆ ਗਿਆ" ਕੁਝ ਸਾਲ ਪਹਿਲਾਂ ਹੀ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਸਰਕਾਰ ਨੂੰ ਬੁਢਾਪਾ ਪੈਨਸ਼ਨ 500 ਤੋਂ ਵਧਾ ਕੇ 2000 ਕਰਨ ਦੀ ਸਲਾਹ ਦਿੱਤੀ ਗਈ ਸੀ ਹੈ ਇਹ ਵੀ ਘੱਟ, ਬਜ਼ੁਰਗਾਂ ਨੂੰ ਸੋਸ਼ਲ ਸਕਿਓਰਟੀ ਲਈ 3000 ਪੈਨਸ਼ਨ ਮਿਲਣੀ ਚਾਹੀਦੀ ਹੈ। ਇਹ ਫਿਰ ਵੀ ਪਛਮੀਕਰਨ ਦੀ ਤਰਜ਼ ਤੇ ਨਿਗੂਣਾ ਹੈ। ਉਹਨਾਂ ਨੇ ਸਵਿਟਜਰਲੈਂਡ ਦੀ ਤਰਜ਼ ਤੇ ਭਾਰਤ ਨੂੰ ਬਜ਼ੁਰਗਾਂ ਦੀ ਸੇਵਾ ਕਰਨ ਦੀ ਸਲਾਹ ਦਿੱਤੀ। ਬਿਰਧਾਂ ਦੀ ਗਿਣਤੀ ਦੇ ਵੱਧਦੇ ਹੀ ਨਵੇਂ ਬਿਰਧ ਆਸ਼ਰਮ ਖੋਲਣ ਦੀ ਸਲਾਹ ਦਿੱਤੀ। ਭਾਰਤੀ ਸਭਿਅਤਾ ਮਨੁੱਖੀ ਜ਼ਿੰਦਗੀ ਨੂੰ ਚਾਰ ਆਸ਼ਰਮਾਂ ਵਿੱਚ ਵੰਡਦੀ ਹੈ। ਇਹਨਾਂ ਚੋਂ ਦੋ ਬਿਰਧ ਆਸ਼ਰਮ ਨਾਲ ਨਜਿੱਠਣ ਦਾ ਉਚਾਰਨ ਕਰਦੇ ਹਨ। ਭਾਰਤੀ ਪਿਛੋਕੜ ਇਹਨਾਂ ਦੇ ਆਲੇ ਦੁਆਲੇ ਘੁੰਮਦੇ ਜਾ ਰਿਹਾ ਹੈ। ਇੱਕ ਹੋਰ ਸੰਨਸ਼ਨੀਖੇਜ਼ ਖੁਲਾਸਾ ਹੈ ਕਿ ਅਗਲੇ 25 ਕੁ ਸਾਲਾਂ ਚ ਅਮਰੀਕਾ ਦੀ ਕੁੱਲ ਆਬਾਦੀ ਦੇ ਬਰਾਬਰ ਭਾਰਤ ਚ ਬਜ਼ੁਰਗ ਹੋਣਗੇ। ਬਸਤੀਵਾਦ ਅਤੇ ਪੱਛਮੀਕਰਨ ਦੇ ਪ੍ਰਭਾਵ ਵੀ ਸਾਡੇ ਬਜ਼ੁਰਗਾਂ ਦੀ ਨਵੀਂ ਸਿਰਦਰਦੀ ਰਿਹਾ ਹੈ। ਅਸੀਂ ਰੀਸਾਂ ਉਥੋਂ ਦੀਆਂ ਕਰਦੇ ਹਾਂ ਪਰ ਸਾਡੇ ਪੱਲੇ ਉੱਥੇ ਮੁਤਾਬਿਕ ਕੁਝ ਵੀ ਨਹੀਂ ਹੈ। ਸਭ ਤੋਂ ਵਰਣਨਯੋਗ ਇਹ ਹੈ ਕਿ ਸਾਡੀ ਸਰਕਾਰ ਉਹਨਾਂ ਦੇਸ਼ਾਂ ਨਾਲ ਮੇਲ ਨਹੀਂ ਖਾਂਦੀ ਜਿਨਾਂ ਦੀ ਅਸੀਂ ਰੀਸ ਕਰਦੇ ਹਾਂ।

ਹਰ ਮਨੁੱਖ ਦੀ ਇੱਛਾ ਹੁੰਦੀ ਹੈ, ਕਿ ਉਸ ਦਾ ਬਚਪਨ ਬੁਢਾਪਾ ਅਤੇ ਜਵਾਨੀ ਸਹੀ ਨਿਕਲੇ। ਸਮੇਂ ਦੀ ਮਾਰ ਨੂੰ ਕੁਝ ਹੋਰ ਹੀ ਮਨਜ਼ੂਰ ਹੁੰਦਾ ਹੈ। ਪੁੱਤ ਕਪੁੱਤ ਹੋ ਸਕਦਾ ਹੈ ਮਾਂ ਪਿਓ ਕੁਝ ਅਜਿਹਾ ਨਹੀਂ ਕਰ ਸਕਦੇ ਇਸਦੀ ਪ੍ਰਤੱਖ ਗਵਾਹ ਪਵਿੱਤਰ ਗੁਰਬਾਣੀ ਵਿੱਚ ਹੈ "ਜੈਸਾ ਬਾਲਕੁ ਭਾਇ ਸੁਭਾਈ, ਲਖ ਅਪਰਾਧ ਕਮਾਵੈ, ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ" ਬਦਲੇ ਦੌਰ ਦੇ ਨਾਲ ਹੀ ਵਿਦੇਸ਼ ਜਾਣ ਦੀ ਨਵੀਂ ਪੀੜ ਦੇ ਰੁਝਾਨ ਨੇ ਵੀ ਬਜ਼ੁਰਗਾਂ ਦੀ ਹੋਣੀ ਲਿਖੀ ਹੈ। ਸਾਡੇ ਬਜ਼ੁਰਗ ਪੱਛਮੀ ਦੇਸ਼ਾਂ ਚ ਐਡਜਸਟ ਨਹੀਂ ਹੋ ਸਕਦੇ, ਆਖਰ ਇੱਥੇ ਇਕੱਲਤਾ ਦਾ ਰੋਗ ਝੱਲਦੇ ਹਨ। 2016 ਤੋਂ 2021 ਤੱਕ 9.8 ਲੱਖ ਭਾਰਤੀ ਮਨੁੱਖ ਵਿਦੇਸ਼ ਗਏ ਜਿਹਨਾਂ ਵਿੱਚੋਂ 3.7 ਲੱਖ ਵਿਦਿਆਰਥੀ ਅਤੇ 6 ਲੱਖ ਮਜ਼ਦੂਰੀ ਕਿੱਤੇ ਦੇ ਹਿੱਤ ਅਨੁਸਾਰ ਵਿਦੇਸ਼ ਗਏ। ਪੰਜਾਬ ਚ ਹੁਣ ਆਬਾਦੀ ਦਾ 10.3 ਸੀਨੀਅਰ ਸਿਟੀਜਨ ਹਨ ਦੇਸ਼ ਦੀ ਇਹ ਪ੍ਰਤਿਸ਼ਤਤਾ 8.6 ਹੈ। ਪੰਜਾਬ ਸਰਕਾਰ ਬੁਢਾਪਾ ਪੈਨਸ਼ਨ ਤੇ ਰਹੀ ਹੈ ਜੋ ਕਿ ਘੱਟ ਹੈ। ਪੰਜਾਬ ਚ 2078886 ਬਜ਼ੁਰਗ ਲਾਭਪਾਤਰੀ ਪੈਨਸ਼ਨ ਲੈ ਰਹੇ ਹਨ। ਇਸ ਤੋਂ ਇਲਾਵਾ ਮੈਂਟੀਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਕਟ 2007 ਤਹਿਤ ਵੀ ਸਮਾਜ ਅੰਦਰ ਡਰ ਕੇ ਬੱਚਿਆਂ ਵੱਲੋਂ ਬਜ਼ੁਰਗਾਂ ਦੀ ਕੁਝ ਹੱਦ ਤੱਕ ਪਰਵਿਸ ਕੀਤੀ ਜਾਂਦੀ ਹੈ। ਭਾਰਤ ਚ 1.8 ਕਰੋੜ ਬਜ਼ੁਰਗ ਬੇਘਰੇ ਹਨ। ਭਾਰਤ ਚ 728 ਬਿਰਧ ਆਸ਼ਰਮ ਹਨ। ਇਹਨਾਂ ਦੇ ਤਿੰਨ ਫੀਸਦੀ ਬਿਰਧ ਆਸ਼ਰਮ ਪੰਜਾਬ ਚ ਹਨ। ਐਨਜੀਓ ਵੀ ਇਸ ਵਿਸ਼ੇ ਤੇ ਆਪਣਾ ਯੋਗਦਾਨ ਪਾ ਰਹੀਆਂ ਹਨ।

ਮਨੁੱਖੀ ਮਨ ਚਾਹੁੰਦਾ ਹੈ ਕਿ ਹਰ ਰਿਸ਼ਤਾ ਉਸ ਨਾਲ ਗੱਲ ਸਾਂਝੀ ਕਰੇ। ਆਪਣੀਆਂ ਰੋਜ਼ਮਰਾ ਗੱਲਾਂ ਕਰਨ। ਪਰ ਅਫਸੋਸ ਅਧਿਐਨ ਮੁਤਾਬਕ ਕੁਝ ਖੁਸ਼ਨਸੀਬ ਮਾਪਿਆਂ ਨੂੰ ਹੀ ਇਸ ਤਰਾਂ ਦਾ ਮਾਹੌਲ ਮਿਲਦਾ ਹੈ। ਕੁਝ ਤਾਂ ਧਾਰਮਿਕ ਥਾਵਾਂ ਤੇ ਮੱਥਾ ਰਗੜਦੇ ਹਨ ਪਰ ਆਪਣੇ ਬਜ਼ੁਰਗਾਂ ਦਾ ਸਤਿਕਾਰ ਬਿਲਕੁਲ ਨਹੀਂ ਕਰਦੇ। ਘਰ ਵਿੱਚ ਪ੍ਰੇਮ, ਸਹਿਚਾਰ ਰਿਸ਼ਤੇ ਦਾ ਨਿੱਘਾ ਅਨੰਦ ਸਭ ਨਿਆਮਤਾਂ ਤੋਂ ਉੱਪਰ ਹੈ। ਬਹੁਤੇ ਬਜ਼ੁਰਗਾਂ ਦੀ ਦੇਖਭਾਲ ਕਰਨੀ ਇੱਕ ਦੁਵਿਧਾ ਅਤੇ ਕਠਨ ਵਿਸ਼ਾ ਹੈ। ਬਜ਼ੁਰਗਾਂ ਦੀ ਦੇਖਭਾਲ ਦਾ ਧਿਆਨ ਨਵੀਂ ਪੀੜੀ ਦਾ ਫਰਜ਼ ਬਣਦਾ ਹੈ। ਬਜ਼ੁਰਗਾਂ ਅਤੇ ਨਵੀਂ ਪੀੜੀ ਵਿਚਾਲੇ ਤਾਲਮੇਲ ਬਿਠਾ ਕੇ ਬਜ਼ੁਰਗਾਂ ਦੀ ਦੇਖਭਾਲ ਸਮੇਂ ਸਮਾਜਿਕ ਨੀਅਤ ਅਤੇ ਸਰਕਾਰੀ ਨੀਤੀ ਹੋਰ ਵੀ ਤਸੱਲੀ ਬਖਸ਼ ਅਤੇ ਉਤਸਾਹਜ਼ਨਕ ਵਾਲੀ ਹੋਣੀ ਚਾਹੀਦੀ ਹੈ। ਆਓ ਬਜ਼ੁਰਗਾਂ ਨੂੰ ਇਕੱਲਤਾ ਵਿੱਚੋਂ ਕੱਢਕੇ ਸਤਿਕਾਰ ਦਈਏ।




# ਸਿਹਤ ਤੇ ਸੁੰਦਰਤਾ




**ANIL DHEER**

Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)


# ਗਲੇ ਦੀ ਖਰਾਸ਼ ਤੋਂ ਪਰੇਸ਼ਾਨ ਹਰ ਹੈ ਹਰ ਦੂਜਾ ਆਦਮੀ



"ਮੌਸਮ 'ਚ ਹੋ ਰਹੀ ਤਬਦੀਲੀ, ਅਲਰਜੀ ਕਾਰਨ ਹਰ ਉਮਰ ਦਾ ਵਿਅਕਤੀ ਗਲੇ ਅੰਦਰ ਪੀੜ ਅਤੇ ਖਰਾਸ਼ ਮਹਿਸੂਸ ਕਰ ਰਿਹਾ ਹੈ। ਲਾਪ੍ਰਵਾਹੀ ਛੱਡ ਕੇ ਬਿਨਾ ਦੇਰੀ ਇਲਾਜ਼ ਦੀ ਲੋੜ ਹੈ"

ਹੈਲਥ ਮੀਡੀਆ ਕੈਨੇਡਾ: (ਡਾ ਅਨਿਲ ਧੀਰ) ਮੌਸਮ 'ਚ ਹੋ ਰਹੀ ਤਬਦੀਲੀ ਕਾਰਨ ਕਈ ਲੋਕ ਅਲਰਜੀ ਕਾਰਨ ਛਿੱਕਾਂ 'ਤੇ ਗਲੇ ਅੰਦਰ ਦਰਦ ਦੇ ਨਾਲ ਖਰਾਸ਼ ਮਹਿਸੂਸ ਕਰ ਰਹੇ ਹਨ। ਆਮਤੌਰ 'ਤੇ ਇਸ ਮੌਸਮ 'ਚ ਬੱਚੇ, ਨੌਜਵਾਨ, ਮੱਧ ਉਮਰ, ਅਤੇ ਸੀਨੀਅਰਜ਼ ਆਮ ਸਮੱਸਿਆ ਗਲੇ ਅੰਦਰ ਦਰਦ ਦੇਖੀ ਜਾ ਰਹੀ ਹੈ। ਵਾਇਰਲ-ਬੈਕਟੀਰੀਅਲ ਗਲੇ ਦੀ ਇਨਫੈਕਸ਼ਨ ਦਾ ਆਮ ਕਾਰਨ ਗਰੁੱਪ ਸਟ੍ਰੈਪਟੋਕੋਕਸ (ਜੀ. ਏ. ਬੀ. ਐਚ. ਐਚ.) ਹੈ। ਇਹ ਵਾਇਰਸ 75%, 5 ਤੋਂ 16 ਸਾਲ ਦੀ ਉਮਰ 'ਚ ਦੇਖਣ ਨੂੰ ਮਿਲ ਰਿਹਾ ਹੈ। ਕਰੀਬਨ 96% ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ 'ਤੇ ਵੀ ਅਟੈਕ ਕਰਦਾ ਹੈ।

ਸੋਰ-ਥਰੋਟ ਦੀ ਹਾਲਤ ਵਿਚ ਖਾਣ-ਪੀਣ ਦੀ ਚੀਜ਼ ਨੂੰ ਨਿਗਲਨਾ ਔਖਾ ਹੋ ਜਾਂਦਾ ਹੈ। ਦਰਦ, ਖਰਾਸ਼, ਘੱਟ ਜਾਂ ਵੱਧ ਅਤੇ ਲੰਬੇ ਸਮੇਂ ਤੱਕ ਵੀ ਇਹ ਹਾਲਤ ਬਣੀ ਰਹਿ ਸਕਦੀ ਹੈ। ਗਲੇ ਅੰਦਰ ਨਾੜੀਆਂ ਸੁੱਜ ਜਾਂਦੀਆਂ ਹਨ। ਨਾਲ ਹੀ ਸਿਰ-ਪੀੜ, ਜਿਸਮ ਦੇ ਦਰਦ ਨਾਲ ਬੁਖਾਰ ਵੀ ਹੋ ਜਾਂਦਾ ਹੈ। ਗਲੇ ਦੀ ਆਵਾਜ਼ ਭੈੜੀ, ਬੋਲਨਾ ਔਖਾ, ਅਤੇ ਟਾਨਸਿਲ ਲਾਲ ਦਿਸਦੇ ਹਨ। ਗਲੇ ਅੰਦਰ ਖਰਾਸ਼ ਵਾਇਰਲ- ਬੈਕਟੀਰੀਅਲ ਇਨਫੈਕਸ਼ਨ, ਜ਼ੁਕਾਮ, ਫਲੂ, ਖੰਘ, ਅਲਰਜੀ, ਖੁਸ਼ਕ ਹਵਾ, ਇੰਡਸਟਰੀਅਲ ਧੂੰਆ, ਮੌਸਮੀ ਪਰਦੂਸ਼ਨ, ਤੰਬਾਕੂਨੋਸ਼ੀ ਦਾ ਧੂੰਆ, ਮਸਾਲੇਦਾਰ ਭੋਜਨ, ਮਾਂਸਪੇਸ਼ੀ ਤਨਾਅ, ਜੀ. ਆਰ. ਡੀ. ਅਤੇ ਐਚ. ਆਈ. ਵੀ ਇਨਫੈਕਸ਼ਨ ਜੀਭ, 'ਤੇ ਗਲੇ ਦੇ ਕੈਂਸਰ ਦਾ ਕਾਰਨ ਵੀ ਬਣ ਸਕਦਾ ਹੈ।

ਲੋੜ ਹੈ ਖਿਆਲ ਰੱਖਣ ਦੀ:

ਛੋਟੇ ਬੱਚੇ ਅਤੇ ਗਰਭਵਤੀ ਔਰਤਾਂ, ਗਲੇ ਅੰਦਰ ਦਰਦ ਦੀ ਸ਼ਿਕਾਇਤ ਕਰਨ ਦੀ ਹਾਲਤ ਵਿਚ ਬਿਨਾ ਦੇਰੀ ਜਾਂਚ 'ਤੇ ਇਲਾਜ਼ ਸ਼ੁਰੂ ਕਰੋ।

ਆਪਣਾ ਖਾਣਾ-ਪੀਣਾ ਕਿਸੇ ਨਾਲ ਵੀ ਸਾਂਝਾ ਨਾ ਕਰੋ। ਬਰਤਨ ਅਲੱਗ ਹੀ ਰੱਖੋ। ਪਰਸਨਲ ਸਫਾਈ ਦੇ ਨਾਲ-ਨਾਲ ਘਰ ਦੇ ਅੰਦਰ 'ਤੇ ਬਾਹਰ ਆਪਣਾ ਨੱਕ-ਮੂੰਹ ਮਾਸਕ ਨਾਲ ਕਵਰ ਕਰਕੇ ਰੱਖੋ ਅਤੇ ਸੇਨੀਟਾਈਜ਼ਰ ਦਾ ਇਸਤੇਮਾਲ ਕਰੋ।

ਘਲੇ ਅੰਦਰ ਸੋਜਿਸ਼ ਨੂੰ ਘੱਟ ਕਰਨ ਲਈ ਨਮਕ- ਪਾਣੀ ਦੇ ਗਰਾਰੇ ਅਤੇ ਕੈਮਿਸਟ ਤੋਂ ਮੇਡੀਕੇਟਿਡ ਗਾਰਗਲ ਲਈ ਲੀਕੀਉਡ ਲੈ ਸਕਦੇ ਹੋ। ਗਰਾਰੇ ਡੇਲੀ 4-5 ਬਾਰ ਵੀ ਕੀਤੇ ਜਾ ਸਕਦੇ ਹਨ। ਘਰ ਅੰਦਰ ਕੂਲ-ਫਾਸਟ ਵੱਪੋਰਾਈਜ਼ਰ ਜਾਂ ਹਿਮਡਿਫਾਇਰ ਬਰਤ ਸਕਦੇ ਹੋ। ਇਸ ਨਾਲ ਖੁਸ਼ਕੀ ਦੀ ਸਮੱਸਿਆ ਘੱਟ ਹੋ ਜਾਂਦੀ ਹੈ।

ਛੋਟੇ ਬਚਿਆਂ ਨੂੰ ਸ਼ਹਿਦ ਚਟਾਓ। ਬੜੇ ਬੱਚੇ, ਵਿਅਸਕ ਅਦਰਕ ਵਾਲੇ ਪਾਣੀ 'ਚ 1 ਚਮਚ ਸ਼ਹਿਦ ਮਿਲਾ ਕੇ ਦਿਨ 'ਚ 3-4 ਬਾਰ ਸੇਵਨ ਕਰਨ ਨਾਲ ਆਰਾਮ ਮਿਲਦਾ ਹੈ।

ਤਾਜ਼ੀ ਸਬਜ਼ੀਆਂ ਦਾ ਸੂਪ, ਗ੍ਰੀਨ ਟੀ, ਕੋਫੀ ਅਤੇ ਚਿਕਨ-ਸੂਪ ਪੀਂਦੇ ਰਹੋ। ਪਿਪਰਮੈਂਟ ਵਾਲੀ ਖੰਘ-ਕੈਂਡੀ ਦੇ ਨਾਲ ਮੁਲੱਠੀ ਵੀ ਚੂਸ ਸਕਦੇ ਹੋ, ਆਰਾਮ ਮਿਲੇਗਾ। ਪਿਪਰਮੈਂਟ ਵਿਚ ਮੌਜੂਦ ਮੇਨਥੋਲ ਜੋ ਐਂਟੀ-ਇਨਫਲਾਮੈਂਟਰੀ ਅਤੇ ਐਂਟੀ-ਬੈਕਟੀਰੀਅਲ ਹੋਣ ਕਰਕੇ ਗਲੇ ਦੀ ਤਕਲੀਫ ਵਿਚ ਰਾਹਤ ਮਿਲਦੀ ਹੈ। ਚੂਸਨ ਵਾਲੀ ਵਿਟਾਮਿਨ -ਸੀ ਵੀ ਲੈ ਸਕਦੇ ਹੋ।

ਮੁਲੱਠੀ ਦੇ ਪਾਉਡਰ ਵਿਚ ਸ਼ਹਿਦ ਮਿਕਸ ਕਰਕੇ ਰੋਜ਼ਾਨਾ 3-4 ਬਾਰ ਲਵੋ। ਡਾਕਟਰੀ ਸਲਾਹ ਨਾਲ ਕਫ-ਸਿਰਪ ਅਤੇ ਐਂਟੀਬਾਇਟਿਕ 'ਤੇ ਦਰਦ ਨਾਸ਼ਕ ਗੋਲੀ ਵੀ ਲੈ ਸਕਦੇ ਹੋ।

ਸਿਗਰੇਟ-ਬੀੜੀ ਤੋਂ ਰਹੋ ਦੂਰ। ਇਨਾਂ ਦਾ ਧੂੰਆ ਗਲੇ ਅੰਦਰ ਇਰੀਟੇਸ਼ਨ ਵਧਾ ਦਿੰਦਾ ਹੈ। ਬਿਮਾਰੀ ਤੋਂ ਛੁਟਕਾਰਾ ਵੀ ਦੇਰ ਨਾਲ ਮਿਲਦਾ ਹੈ।

ਸਰੀਰ ਦੀ ਇਮਊਨਿਟੀ ਵਧਾਉਣ ਅਤੇ ਬਰਕਰਾਰ ਰੱਖਣ ਲਈ ਸਬਜ਼ੀਆਂ 'ਚ ਅਦਰਕ, ਲਸਣ, ਪਿਆਜ਼, ਸਲਾਦ 'ਚ ਕੱਚਾ ਆਂਵਲਾ, ਅਤੇ ਵਿਟਾਮਿਨ-ਸੀ, ਜ਼ਿੰਕ, ਮੈਗਨੀਸ਼ੀਅਮ ਸ਼ਾਮਲ ਕਰਨ ਦੀ ਲੋੜ ਹੁੰਦੀ ਹੈ।

ਮਸਾਲੇਦਾਰ, ਜੰਕ-ਫੂਡ ਤਕਲੀਫ ਵਧਾ ਸਕਦੀ ਹੈ। ਬਿਮਾਰੀ ਦੌਰਾਣ ਅਲਕੋਹਲ ਤੋਂ ਦੂਰ ਰਹੋ।

ਨੋਟ: ਕੁੱਝ ਦਿਨ ਲਗਾਤਾਰ ਗਲੇ ਦੀ ਸ਼ਿਕਾਇਤ ਰਹਿਣ ਦੀ ਹਾਲਤ ਵਿਚ ਆਪਣੇ ਫੈਮਿਲੀ ਡਾਕਟਰ ਦੀ ਸਲਾਹ ਲਵੋ।

# * ਚੂੰਢੀਆਂ-ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*ਪੰਜਾਬ ਸਰਕਾਰ ਨੌਜਵਾਨਾਂ ਨਾਲ਼ ਕਰ ਰਹੀ ਹੈ ਧੋਖਾ- ਨਾਇਬ ਸਿੰਘ ਸੈਣੀ

-ਬਿਲਕੁਲ ਠੀਕ ਸੈਣੀ ਸਾਹਿਬ, ਪੰਜਾਬ ਸਰਕਾਰ ਨੂੰ ਦਿੱਲੀ ਤੋਂ ਕੁਝ ਸਿੱਖਣਾ ਚਾਹੀਦੈ।

*ਭਾਰਤੀ ਕੰਪਨੀਆਂ ਨੇ ਵੱਡੀ ਮਾਤਰਾ 'ਚ ਇਜ਼ਰਾਇਲ ਨੂੰ ਹਥਿਆਰ ਭੇਜੇ- ਐਮਨੈਸਟੀ ਇੰਟਰਨੈਸ਼ਨਲ

-ਅਸਾਂ ਜੇਠ ਨੂੰ ਲੱਸੀ ਨਹੀਂ ਦੇਣੀ, ਦਿਉਰ ਭਾਵੇਂ ਦੁੱਧ ਪੀ ਲਵੇ।



*ਹਲਕਾ ਘਨੌਰ ਤੋਂ ਸਾਬਕਾ ਵਿਧਾਇਕ ਮਦਨ ਲਾਲ ਜਲਾਲ ਪੁਰ ਕਾਂਗਰਸ 'ਚੋਂ ਮੁਅੱਤਲ- ਇਕ ਖ਼ਬਰ

-ਨਿੰਮ ਦਾ ਤੂੰ ਮਾਣ ਨਾ ਕਰੀਂ, ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ।



*ਇਰਾਨ ਅਮਰੀਕਾ ਜੰਗ 'ਚ ਸਾਊਦੀ ਅਰਬ ਦੀ ਐਂਟਰੀ- ਇਕ ਖ਼ਬਰ

-ਮੈਂ ਜਾਣਾ ਜੋਗੀ ਦੇ ਨਾਲ਼, ਕੰਨੀਂ ਮੁੰਦਰਾਂ ਪਾ ਕੇ।



*ਇਰਾਨ -ਅਮਰੀਕਾ ਵਿਚਾਲੇ ਜੰਗ ਵਿਚ ਯੂਕਰੇਨ ਨੇ ਵੀ ਲੱਤ ਫ਼ਸਾਈ- ਇਕ ਖ਼ਬਰ

-ਤੂੰ ਕੌਣ ਬਈ? ਅਖੇ ਮੈਂ ਖਾਹ ਮਖਾਹ।

*ਜਲਵਾਯੂ ਪਰਿਵਰਤਨ ਨਾਲ ਗ਼ਰੀਬਾਂ 'ਚ ਮੌਤਾਂ ਅਤੇ ਅਮੀਰਾਂ 'ਚ ਏ.ਸੀ. ਦੀ ਵਰਤੋਂ ਵਧੇਗੀ- ਇਕ ਰਿਪੋਰਟ

-ਦੋ ਧੜਿਆਂ ਵਿਚ ਖ਼ਲਕਤ ਵੰਡੀ, ਇਕ ਲੋਕਾਂ ਦਾ ਇਕ ਜੋਕਾਂ ਦਾ।



*ਕੌਮੀ ਏਕਤਾ ਹੀ ਸਾਡੀ ਸਭ ਤੋਂ ਵੱਡੀ ਤਾਕਤ- ਜਥੇਦਾਰ ਗੜਗੱਜ

-ਪਰ ਏਕਤਾ ਸਿਰਫ਼ ਸੁਖਬੀਰ ਬਾਦਲ ਵਾਲੀ ਹੀ ਹੋਵੇ।



*ਧਰਮੇਂਦਰ ਪ੍ਰਧਾਨ ਦੀ ਜਗ੍ਹਾ ਪ੍ਰਹਿਲਾਦ ਜੋਸ਼ੀ ਨੂੰ ਸਿੱਖਿਆ ਮੰਤਰੀ ਬਣਾਇਆ- ਇਕ ਖ਼ਬਰ

-ਨੱਥਾ ਸਿੰਘ ਪ੍ਰੇਮ ਸਿੰਘ, ਵੰਨ ਐਂਡ ਦੀ ਸੇਮ ਥਿੰਗ।



*ਕਿਸਾਨ ਅਤੇ ਕਾਕਰੋਚ ਪਾਰਟੀ ਦੇ ਸਾਂਝੇ ਮੁਹਾਜ਼ ਦੀ ਚਰਚਾ ਤੇਜ਼- ਇਕ ਖ਼ਬਰ

-ਰੁੱਤ ਯਾਰੀਆਂ ਲਾਉਣ ਦੀ ਆਈ, ਬੇਰੀਆਂ ਦੇ ਬੇਰ ਪੱਕ ਗਏ।




*ਬਰਤਾਨੀਆ ਦੇ 59ਵੇਂ ਪ੍ਰਧਾਨ ਮੰਤਰੀ ਦੇ ਅੱਗੇ ਬਹੁਤ ਚੁਣੌਤੀਆਂ- ਇਕ ਖ਼ਬਰ

-ਕੋਠੀ 'ਚ ਲਿਆ ਦੇ ਘੁੰਗਰੂ, ਬੱਗੇ ਬਲ਼ਦ ਖਰਾਸੇ ਜਾਣਾ।



*ਚੰਨੀ ਦੀ ਅਗਵਾਈ 'ਚ ਲੱਗੇ ਰੋਸ ਧਰਨੇ 'ਚ ਵੜਿੰਗ ਧੜਾ ਰਿਹਾ ਦੂਰ- ਇਕ ਖ਼ਬਰ

-ਮੱਝ ਲੈ ਦੇ ਬਾਪੂ ਵੇ, ਮੈਂ ਜੇਠ ਦੀ ਲੱਸੀ ਨਹੀਉਂ ਪੀਣੀ।



*ਕੇਂਦਰ ਨੇ ਕਰਤਾਰਪੁਰ ਲਾਂਘਾ ਖੋਲ੍ਹਣ ਤੋਂ ਕੀਤਾ ਇਨਕਾਰ- ਇਕ ਖ਼ਬਰ

-ਤੀਆਂ ਨੂੰ ਹਟਾਉਣ ਵਾਲ਼ਿਆ, ਤੇਰਾ ਹੋਵੇ ਨਰਕਾਂ ਵਿਚ ਵਾਸਾ।



*ਕਾਕਰੋਚ ਪਾਰਟੀ ਨੇ ਮੁੜ ਸ਼ਾਂਤਮਈ ਅੰਦੋਲਨ ਕਰਨ ਦੀ ਦਿਤੀ ਧਮਕੀ- ਇਕ ਖ਼ਬਰ

-ਟੋਲੀ ਆਉਂਦੀ ਛੜਿਆਂ ਦੀ, ਨਾਲ਼ਾ ਟੰਗ ਲੈ ਘੁੰਗਰੂਆਂ ਵਾਲ਼ਾ।



*ਪ੍ਰਧਾਨ ਮੰਤਰੀ ਕੈਮਰੇ ਦਾ ਨਹੀਂ, ਆਪਣੇ ਦਿਲ ਦਾ ਐਂਗਲ ਬਦਲਣ- ਰਾਹੁਲ ਗਾਂਧੀ

-ਕੀ ਕਰਨਾ ਕੱਪੜੇ ਰੰਗਿਆਂ ਨੂੰ, ਜੇ ਮਨ ਰੰਗਿਆ ਨਾ ਜਾਵੇ।



*ਟਰੰਪ ਨੇ ਇਰਾਨ ਉੱਤੇ ਹਮਲੇ ਰੋਕਣ ਦਾ ਕੀਤਾ ਐਲਾਨ- ਇਕ ਖ਼ਬਰ

ਵੇ ਤੂੰ ਲਾਟੂ ਵਾਂਗੂੰ ਘੁੰਮਦਾ, ਤੇਰਾ ਕੀ ਇਤਬਾਰ ਕਰਾਂ।

* * * * * *

# ਕਾਵਿ-ਕਿਆਰੀ

## ਵਾਤਾਵਰਣ

ਸਾਹਾਂ ਦੇ ਸੱਚੇ ਸਾਥੀ, ਸਾਡੇ ਨੇ ਦੇਰ ਦੇ
ਮੁੱਲ ਨਹੀਓਂ ਡੁੱਲ ਮੰਗਦੇ, ਖੁਸ਼ਬੂ ਬਖੇਰਦੇ

ਹੋ ਗਿਆ ਧੂੰਆਂ ਧੂੰਆਂ, ਐਸਾ ਮਸ਼ੀਂਨੀ ਦੌਰ ਵਿਚ
ਦੁਰਲੱਭ ਦਰਸ਼ਨ ਹੋ ਗਏ, ਸੂਹੀ ਸਵੇਰ ਦੇ

ਕਿਹੜਾ ਹੈ ਦਾਨੀ ਜੱਗ ‘ਤੇ, ਉਹਦੇ ਜਿਹਾ ਦੱਸੋ
ਕੁਦਰਤ ਵਧਾ ਕੇ ਮੋੜਦੀ, ਜੋ ਬੀਜ ਕੇਰਦੇ


ਬੇਕਿਰਕ ਹੋ ਕੇ ਵੱਢਦੇ, ਬਿਰਖਾਂ ਨੂੰ ਦੇਖ ਲਓ
ਧਰਮੀ ਅਡੰਬਰ ਕਰ ਰਹੇ, ਜਿਹੜੇ ਲਲੇਰ ਦੇ

ਮੌਸਮੀ ਗਰਮੈਸ਼ ਤੋਂ, ਫਿਰ ਬਚ ਨਹੀਂ ਹੋਣਾ
ਜੰਗਲ਼ਾਂ ਨੂੰ ਖਾਂਦੇ ਨਫੇ ਰਹੇ, ਜੋ ਤੇਰ ਮੇਰ ਦੇ

ਇੱਕ ਦਿਨ ਸਾਰੇ ਜੱਗ ਨੂੰ, ਇਹ ਲੂਹ ਦੇਣਗੇ
ਜੰਗ -ਬਾਜ਼ ਮਾਤ੍ਰੜਾਂ ਨੂੰ, ਰੋਕੇ ਨਾ ਘੇਰਦੇ

ਸ਼ੇਰਾਂ ਨੂੰ ਪੁੱਛ ਕੇ ਦੇਖ ਲਓ,ਬਾਰਾ ਨਹੀਂ ਖਾਂਦਾ
ਲੱਖਾਂ ਜੋ ਕੌਤਕ ਦੇਖਦੇ ਸਰਕਸੀ ਸ਼ੇਰ ਦੇ

ਯਾ ਰੱਬਾ ਪ੍ਰਦੂਸ਼ਣੋਂ ਇਹ, ਰੁਕ ਜਾਏ ਰੋਕਿਆ
‘ਢੇਸੀ’ ਜਏ ਜਿੰਦੀ ਜੀਅ ਨੂੰ, ਰਹਿੰਦੇ ਪ੍ਰੇਰਦੇ



ਕੁਲਵੰਤ ਢੇਸੀ

## ਅੱਛੇ ਦਿਨ

ਡਾਇਰ ਦੀ ਰੂਹ
ਖੁਸ਼ ਹੋਵੇ ਗੀ
ਕਿ ਜਿਹੜੇ ਗੁਲਾਮ ਮੁਲਕ ’ਚ
ਉਸ ਨੇ ਕਦੇ
ਨਿਹਥਿਆਂ ’ਤੇ
ਚਲਾਈਆਂ ਸੀ ਗੋਲੀਆਂ
ਹੁਣ
ਉਸ ਅਜ਼ਾਦ ਮੁਲਕ ’ਚ
ਬਗਲੇ ਭਗਤਾਂ ਦੇ
ਰਾਜ ’ਚ
ਕਦੇ 84 ਦੇ ਸ਼ੋਲੇ
ਭੜਕਣ
ਕਦੇ ਭਗਵਿਆਂ ਦੀ
ਛਤਰ ਛਾਇਆ ’ਚ
ਗੁਜਰਾਤ ਵਿਚ ਬੇਕਸੂਰ
ਦਾਣਿਆਂ ਵਾਂਗ
ਭੁੰਨੇ ਜਾਣ
ਅਤੇ
ਕਦੇ ਦਿੱਲੀ ਵਿਚ
ਕੁਰਸੀ ਦੀ ਸ਼ਹਿ ’ਤੇ
ਪੁਲਸ ਦੇ ਨਾਲ
ਕੁਝ ਪਾਲਤੂ ਗੁੰਡੇ ਵੀ
‘ਦੇਸ਼ ਦੇ ਭਵਿੱਖ’ ਨੂੰ
ਸਬਕ ਸਿਖਾਉਣ।
ਇਸ ਤੋਂ ਅੱਛੇ ਦਿਨ
ਹੋਰ ਕਿਹੜੇ ਹੋਣ ਗੇ ?



ਰਵਿੰਦਰ ਸੋਢੀ

## ਬਾਬਾ ਤੇ ਜੀਪ

ਨਿਰਮਲ ਸਿੰਘ ਕੰਧਾਲਵੀ



ਵੇਚ ਮਾਰੂਤੀ ਮਾਹਣਾ ਸਿਉਂ ਨੇ, ਜੀਪ ਨਵੀਂ ਕਢਵਾਈ।
ਸੱਜਣਾਂ ਮਿੱਤਰਾਂ, ਆਂਢ ਗੁਆਂਢ ਨੇ ਦਿਤੀ ਆਣ ਵਧਾਈ।
ਡੇਰੇ ਵਾਲੇ ਬਾਬੇ ਦਾ ਸੀ, ਮਾਹਣਾ ਸਿਉਂ ਬੜਾ ਸ਼ਰਧਾਲੂ।
ਸਭ ਨੂੰ ਦੱਸੇ ਮਾਣ ਨਾਲ, ਹੈ ਬਾਬਾ ਜੀ ਬੜਾ ਕ੍ਰਿਪਾਲੂ।
ਬੜੀ ਪਹੁੰਚ ਹੈ ਬਾਬਾ ਜੀ ਦੀ, ਸਰਕਾਰੇ ਤੇ ਦਰਬਾਰੇ।
ਡੇਰੇ ਨਾਲ ਜੋ ਪਾਵੇ ਪੰਗਾ, ਬਾਬਾ ਦਿਨੇ ਦਿਖਾਵੇ ਤਾਰੇ।
ਸਾਰਾ ਟੱਬਰ ਡੇਰੇ ਨੂੰ ਤੁਰਿਆ, ਨਾਲ਼ ਲਈ ਮਠਿਆਈ।
ਜੀਪ ਵਾਸਤੇ ਬਾਬਾ ਜੀ ਕੋਲੋਂ, ਜਾ ਅਰਦਾਸ ਕਰਾਈ।
ਨਵੀਂ ਨਕੋਰ ਜੀਪ ਵੇਖ ਕੇ, ਬਾਬੇ ਦੇ ਫੁੱਲ ਗਏ ਡੇਲੇ।
ਭੂੰਡਾਂ ਵਾਂਗੂੰ ਜੀਪ ਦੁਆਲੇ, ਪਏ ਘੁੰਮਣ ਸਾਧ ਦੇ ਚੇਲੇ।
ਇਕ ਦਿਨ ਮਾਹਣਾ ਸਿਉਂ ਨੂੰ, ਫ਼ੂਨ ਡੇਰੇ ਤੋਂ ਆਇਆ।
ਸਿੰਘਾ ਤੇਰੀ ਜੀਪ ਲਿਜਾਣੀ, ਬਾਬੇ ਨੇ ਫ਼ੁਰਮਾਇਆ।
ਉਂਜ ਭਗਤਾ ਕਈ ਗੱਡੀਆਂ, ਖੜ੍ਹੀਆਂ ਨੇ ਸਾਡੇ ਡੇਰੇ।
ਤੇਰੀ ਜੀਪ ਲਿਜਾ ਕੇ ਭਗਤਾ, ਭਾਗ ਬਦਲਣੇ ਤੇਰੇ।
ਮੁਲਾਕਾਤ ਹੈ ਨਾਲ ਮੰਤਰੀ, ਹੈ ਚੰਡੀਗੜ੍ਹ ਨੂੰ ਜਾਣਾ।
ਸੁਬਾਹ ਸਵੇਰੇ ਜਾ ਕੇ ਅਸੀਂ, ਸ਼ਾਮੀਂ ਹੈ ਮੁੜ ਆਉਣਾ।
ਟੱਬਰ ਖ਼ੁਸ਼, ਚਰਨ ਬਾਬੇ ਦੇ, ਗੱਡੀ ਦੇ ਵਿਚ ਪੈਣੇ।
ਹੋ ਜਾਣੀ ਏ ਜੀਪ ਪਵਿੱਤਰ, ਦੁੱਖ ਦਲਿੱਦਰ ਢਹਿਣੇ।
ਦੋ ਦਿਨ ਲੰਘੇ ਜੀਪ ਮੁੜੀ ਨਾ, ਡੇਰੇ ਨੂੰ ਫ਼ੂਨ ਘੁੰਮਾਇਆ।
ਬਾਬਾ ਜੀ ਤਾਂ ਤੁਰ ਗਏ ਸ਼ਿਮਲੇ, ਚੇਲੇ ਨੇ ਫ਼ੁਰਮਾਇਆ।
ਮੁੜਿਆ ਪੂਰੇ ਹਫ਼ਤੇ ਮਗਰੋਂ, ਹੁਣ ਜੀਪ ਨਾ ਮੋੜੇ ਬਾਬਾ।
ਜੀਪ ਚੜ੍ਹਾਵੇ ਵਿਚ ਮੈਂ ਲੈਣੀ, ਬਾਬੇ ਨੇ ਮਾਰਿਆ ਦਾਬਾ।
ਬਾਬੇ ਦੇ ਲਫ਼ਟੈਣਾਂ ਪਾਸ, ਮਾਹਣਾਂ ਸਿਉਂ ਨੇ ਕੱਢੇ ਗੇੜੇ।
ਬਾਬੇ ਕੋਲੋਂ ਮੇਰੀ ਜੀਪ ਦੁਆਵੋ, ਨਾਲ਼ ਚੱਲੋ ਤੁਸੀਂ ਮੇਰੇ।
ਗੋਂਗਲੂਆਂ ਤੋਂ ਮਿੱਟੀ ਝਾੜਨ, ਨਾਲ਼ ਨਾ ਤੁਰਿਆ ਕੋਈ।
ਥੱਕ ਹਾਰ ਕੇ ਮਾਹਣਾ ਸਿਉਂ ਨੇ, ਤੱਕੀ ਥਾਣੇ ਦੀ ਢੋਈ।
ਥਾਣੇਦਾਰ ਵੀ ਅੱਖੜ ਡਾਢਾ, ਉਹ ਵੱਢ ਖਾਣ ਨੂੰ ਆਵੇ।
ਹਰ ਵਾਰ ਉਹ ਨਵਾਂ ਬਹਾਨਾ, ਮਾਹਣਾ ਸਿਉਂ ਨੂੰ ਲਾਵੇ।
ਅੱਕ ਹਾਰ ਕੇ ਦਰ ਉਸ ਨੇ, ਐਸ.ਪੀ. ਦਾ ਖੜਕਾਇਆ।
ਵੱਡੇ ਸਾਬ ਨੇ ਕਿੱਸਾ ਸੁਣ ਕੇ, ਧੀਰਜ ਉਹਨੂੰ ਬੰਨ੍ਹਾਇਆ।
ਮਨਿਸਟਰ ਸਾਂਢੂ ਵੱਡੇ ਸਾਬ ਦਾ, ਨਾਲ ਬਾਬੇ ਦੇ ਯਾਰੀ।
ਦੋਹਾਂ ਨੇ ਕੁਝ ਗਿਟ ਮਿਟ ਕੀਤੀ, ਸਕੀਮ ਬਣਾਈ ਸਾਰੀ।
ਵੱਡੇ ਸਾਬ ਨੇ ਥਾਣੇਦਾਰ ਨੂੰ, ਦਫ਼ਤਰ ਵਿਚ ਬੁਲਾਇਆ।
ਹੱਲ ਮਸਲੇ ਦਾ ਲੱਭਣ ਲਈ, ਨੁਕਤਾ ਇਕ ਸਮਝਾਇਆ।
ਨਾਕੇ ਵਾਲ਼ੀ ਪੁਲਿਸ ਨੇ ਮੁੰਡਾ, ਮਾਹਣਾ ਸਿਉਂ ਦਾ ਚੁੱਕਿਆ।
ਜੀਪ ’ਚ ਸੁੱਟਿਆ ਬੋਰੀ ਵਾਂਗੂੰ, ਥਾਣੇ ਦੇ ਵਿਚ ਡੱਕਿਆ।
ਮਾਹਣਾ ਸਿਉਂ ਨੂੰ ਖ਼ਬਰ ਹੋਈ, ਜਾ ਥਾਣੇ ਉਹ ਵੜਿਆ।
ਪੁਲਿਸ ਕਹੇ ਇਹ ਵੇਚੇ ਚਿੱਟਾ, ਅਸੀਂ ਰੰਗੇ ਹੱਥੀਂ ਫੜਿਆ।
ਥਾਣੇਦਾਰ ਕਹੇ ਮੈਂ ਮੁੰਡੇ ਉੱਤੇ, ਕੇਸ ਅਜੇ ਨਹੀਂ ਪਾਇਆ।
ਗੱਲ ਮੰਨ ਲੈ ਬਾਬੇ ਦੀ, ਚਾਹੁੰਨੈ ਜੇ ਮੁੰਡਾ ਛੁਡਵਾਇਆ।
ਜੀਪ ਚਾੜ੍ਹ ਦੇ ਬਾਬੇ ਦੇ ਡੇਰੇ, ਬਹੁਤੇ ਸੋਚ ਨਾ ਭੱਬੇ ਲੱਲੇ।
ਵਿਚ ਅਖ਼ਬਾਰਾਂ ਖ਼ਬਰ ਲੱਗੂਗੀ, ਹੋ ਜਾਊਗੀ ਬੱਲੇ ਬੱਲੇ।
ਚਿੱਟੇ ਵਿਚ ਜ਼ਮਾਨਤ ਹੁਣ, ਹੁਣ ਛੇ ਮਹੀਨੇ ਨਹੀਂ ਹੁੰਦੀ।
ਕਈ ਸਾਲਾਂ ਦਾ ਖੇਹ-ਖ਼ਰਾਬਾ, ਤੇ ਸਜ਼ਾ ਵੀ ਹੁੰਦੀ ਲੰਬੀ।
ਕੱਲ੍ਹ ਤੱਕ ਮਨ ਬਣਾ ਕੇ ਆਪਣਾ, ਦੱਸ ਦੇਵੀਂ ਤੂੰ ਆ ਕੇ।
ਹੂੰ ਨਾ ਗੱਲ ਦੀ ਬਾਹਰ ਕੱਢੀਂ, ਕਰੀਂ ਸਲਾਹ ਘਰ ਜਾ ਕੇ।
ਬਾਬੇ ਤੋਂ ਛੁਟਕਾਰੇ ਦਾ ਜਦ, ਰਾਹ ਹੋਰ ਕੋਈ ਨਾ ਲੱਭਿਆ।
ਸੋਚ ਸਾਚ ਕੇ ਮਾਹਣਾ ਸਿਉਂ ਨੇ, ਅੱਕ ਅੰਤ ਨੂੰ ਚੱਬਿਆ।
ਵਿਚ ਅਖ਼ਬਾਰਾਂ ਤਸਵੀਰ ਸਣੇ, ਬਾਬੇ ਨੇ ਖ਼ਬਰ ਲੁਆਈ।
ਸਾਧ ਸੰਗਤ ਜੀ ਮਾਹਣਾ ਸਿਉਂ ਨੇ, ਡੇਰੇ ਨੂੰ ਜੀਪ ਚੜ੍ਹਾਈ।
ਰੋਜ਼ ਰੋਜ਼ ਨਹੀਂ ਲੱਭਦੇ ਭਾਈ, ਮਾਹਣਾ ਸਿਉਂ ਵਰਗੇ ਦਾਨੀ।
ਕੌਣ ਕਰੇਗਾ ਰੀਸ ਇਨ੍ਹਾਂ ਦੀ, ਨਹੀਂ ਕੋਈ ਇਨ੍ਹਾਂ ਦਾ ਸਾਨੀ?

* * * * * *

## ਪੂਜਾ ਚੋਰੀ

ਚੋਰ ਚੋਰੀ ਕਰਦੇ ਰਹੇ, ਭਗਵਾਨ ਹਾਮੀ ਭਰਦਾ ਰਿਹਾ,
ਝੂਠ ਅਤੇ ਮੱਕਾਰੀ ਦਾ, ਬੇੜਾ ਨਿੱਤ ਦਿਨ ਤਰਦਾ ਰਿਹਾ।

ਮੂਰਤੀਆਂ ਦੇ ਮੂਰਛਤ ਹੋ ਕੇ, ਦਿਲ ਫਿਹਲ ਹੁੰਦੇ ਰਹੇ,
ਡਾਕਟਰ ਸਾਰੇ ਤਾਣ ਲਾ ਕੇ, ਨਬਜ਼ ਟਟੋਲ ਫੜਦਾ ਰਿਹਾ।

ਪੁਜਾਰੀਆਂ ਦੀਆਂ ਗੋਗੜਾਂ, ਕਦੀ ਵੀ ਭਰ ਨਾ ਸਕੀਆਂ,
ਸ਼ਰਧਾਲੂ ਬੇਚਾਰਾ ਭਗਵਾਨ ਨੂੰ, ਦਾਨ ਦੇ ਕੇ ਡਰਦਾ ਰਿਹਾ।

ਗੋਬਰ ਦੇ ਢੇਰ 'ਤੇ ਸ਼ੌਚਘਰ, ਬੈਂਕਾਂ ਦੇ ਵਿੱਚ ਬਦਲ ਗਏ,
ਬੇਈਮਾਨ ਪ੍ਰਬੰਧਕ ਦਾ, ਹਰ ਕੋਝਾ ਹਰਬਾ ਚੱਲਦਾ ਰਿਹਾ।

ਤਿਲਕ ਅਤੇ ਮਾਲ਼ਾ ਦੇ ਚਾਲਕ, ਬੋਦੀਆਂ ਬੰਨ੍ਹਦੇ ਰਹੇ,
ਟੱਲਾਂ ਦੇ ਉਚੇ ਖੜਾਕ ਵਿੱਚ, ਚਾਂਦੀ ਸੋਨਾ ਢਲਦਾ ਰਿਹਾ।

ਸਤਯੁਗ ਦੇ ਫ਼ਰਜ਼ੀ ਯੁਗ ਦੀਆਂ, ਕਈ ਫਰਜ਼ੀ ਕਹਾਣੀਆਂ,
ਸੁਣਾ ਸੁਣਾ ਕੇ ਪੰਡਤ ਪ੍ਰੋਹਿਤ, ਮੁੱਢ ਤੋਂ ਸਾਨੂੰ ਠਗਦਾ ਰਿਹਾ।

ਹਾਕਮ ਵੀ ਮੌਨ ਧਾਰ ਕੇ, ਜਾਣ-ਬੁੱਝਕੇ ਅੱਖਾਂ ਮੀਟ ਬੈਠੇ,
ਚੁੱਪ ਚਾਪ ਗੁਪਤ ਸੰਧੀਆਂ ਦਾ, ਹਿੱਸਾ ਪੱਤੀ ਚੱਲਦਾ ਰਿਹਾ।

ਹੁਣ ਅਦਾਲਤਾਂ ਵਿੱਚ ਬਹਿ ਕੇ, ਕੁੱਝ ਨਵੇਂ ਸੌਦੇ ਹੋਣਗੇ,
ਸਾਨੂੰ ਪਤਾ ਨਹੀਂ ਲਗਣਾ, ਕੌਣ ਕਿਸ ਨੂੰ ਕੀ ਘੱਲਦਾ ਰਿਹਾ।


ਪਾਪ ਦੀ ਨਗਰੀ ਦਾ ਨਿਜ਼ਾਮ, ਸੁਧਰੇਗਾ ਕਦੇ ਵੀ ਨਹੀਂ,
ਮੁੱਢ ਤੋਂ ਹੀ ਬੇ ਈਮਾਨ ਹੈ, ਬੇ ਈਮਾਨੀ ਉੱਤੇ ਪਲਦਾ ਰਿਹਾ।



ਰਵਿੰਦਰ ਸਿੰਘ ਕੁੰਦਰਾ
ਕੋਵੈਂਟਰੀ ਯੂ ਕੇ

* * * * * *

## ਕਾਂਗਰਸ ਦਾ ਕਲੇਸ਼



ਤਰਲੋਚਨ ਸਿੰਘ ‘ਦੁਪਾਲ ਪੁਰ’
001-408-905-5517

ਪੰਜੇ ਵਾਲ਼ੇ ਪਾਰਟੀ 'ਚ ਬੈਠੇ ਨੇ ਮਚਾਈ ਯੁੱਧ
ਧੜਿਆਂ ਦੇ ਵਿੱਚ ਕਰੀ ਜਾਂਦੇ ਨੇ ਸਟਿੰਗ ਜੀ।
ਹੁਣੇ ਅੱਖ ਰੱਖੀ ਬੈਠੇ ਸੀ.ਐਮ ਦੇ ਅਹੁਦੇ ਉੱਤੇ
ਇੱਕ ਦੂਜੇ ਦੀ ਹੀ ਵੱਖੀ ਮਾਰਦੇ ਐ ਸਿੰਗ ਜੀ।
ਚੰਨੀ ਕਿਆਂ ਦਾ ਵੀ ਚੰਨ ਚੜ੍ਹਦਾ ਨਾ ਜਾਪਦਾ ਏ
ਹਾਈਕਮਾਂਡ ਅੱਗੇ ਜਾ ਕੇ ਦੇਖਿਆ ਅੜਿੰਗ ਜੀ।
ਚਾਹੁੰਦਾ ਏ ਰਾਹੁਲ ਸਿੱਧੀ ਕਰ ਦੇਵਾਂ ਪਾਰਟੀ ਨੂੰ
ਕੱਢਣੇ ਉਹ ਚਾਹੁੰਦਾ ਪਏ ਹੋਏ 'ਵਲ-ਵਿੰਗ' ਜੀ।
ਮੰਗਦਾ ਵਿਰੋਧੀ ਧੜਾ ਜਦੋਂ ਅਸਤੀਫਾ ਉਹਤੋਂ
ਮੱਥੇ ਤਿਊੜੀ ਪਾਵੇ ਬਹੁਤ ਲੱਗਦਾ ਤੜਿੰਗ ਜੀ।
ਬੈਠ ਕੇ 'ਬਘੇਲ' ਲਾਗੇ 'ਸ਼ੇਰ' ਬਣ ਬੋਲਦਾ ਏ
ਰਹਿਣਾ ਭਰਦਾਨ ਮੈਂ ਹੀ ਆਖਦਾ ਵੜਿੰਗ ਜੀ।

0000

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**2. ਗੁਰਦੁਆਰਾ ਬੇਰ ਸਾਹਿਬ:**

ਇਹ ਗੁਰਦੁਆਰਾ ਉਪਰ ਵਰਨਣ ਗੁਰਦੁਆਰਾ ਸਾਹਿਬ ਦੇ ਨੇੜੇ ਹੀ ਹੈ। ਇਹ ਗੁਰਦੁਆਰਾ ਸਾਹਿਬ ਹੁਣੇ ਹੀ ਬੇਰ ਸਾਹਿਬ ਦੇ ਆਸ-ਪਾਸ ਤਾਮੀਰ ਕੀਤਾ ਗਿਆ ਹੈ। ਗੁਰੂ ਸਾਹਿਬ ਇਸੇ ਬੇਰ ਦੇ ਦਰਖ਼ਤ ਹੇਠ ਬੈਠੇ ਸਨ ਜੋ ਅਜੇ ਤੱਕ ਮੌਜੂਦ ਹੈ। ਇਸ ਗੁਰਦੁਆਰੇ ਵਿੱਚ ਇਕ ਹਮਵਾਰ ਸਮਕੋਣ ਕਮਰਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ। ਇਸ ਗੁਰ-ਦੁਆਰੇ ਦਾ ਪ੍ਰਬੰਧ ਮੁਕਾਮੀ ਸੰਗਤਾਂ ਕਰਦੀਆਂ ਹਨ।

**3. ਗੁਰਦੁਆਰਾ ਤੀਰਸਰ ਮਿੱਠਾ ਖੂਹ:**

ਇਹ ਗੁਰਦੁਆਰਾ ਮਿੱਠਾ ਖੂਹ ਦੇ ਨਾਲ ਹੈ। ਇਹ ਉਹ ਥਾਂ ਹੈ, ਜਿਥੇ ਗੁਰੂ ਸਾਹਿਬ ਦਾ ਤੀਰ ਆ ਕੇ ਡਿਗਿਆ ਸੀ ਅਤੇ ਗੁਰੂ ਸਾਹਿਬ ਦੇ ਕਹਿਣ 'ਤੇ ਪਿੰਡ ਵਾਸੀਆਂ ਖੂਹ ਕੱਢਿਆ ਸੀ, ਜਿਸ ਦਾ ਜਲ ਮਿੱਠਾ ਨਿਕਲਿਆ। ਇਸ ਖੂਹ ਦਾ ਪਾਣੀ ਅੱਜ ਵੀ ਮਿੱਠਾ ਹੈ ਅਤੇ ਪਿੰਡ ਵਾਸੀ ਪੀਣ ਲਈ ਇਸਤੇਮਾਲ ਕਰਦੇ ਹਨ। ਗੁਰਦੁਆਰੇ ਦੀ ਨਵੀਂ ਇਮਾਰਤ ਪਿਛਲੇ ਕੁਝ ਵਰ੍ਹੇ ਪਹਿਲਾਂ ਨਿਹੰਗ ਸਿੰਘਾਂ ਬਣਾਈ ਹੈ। ਗੁਰਦੁਆਰੇ ਦਾ ਪ੍ਰਬੰਧ ਬੁੱਢਾ ਦਲ ਦੇ ਨਿਹੰਗ ਸਿੰਘ ਕਰਦੇ ਹਨ।

ਪੁਸਤਕ ਸੂਚੀ:-1. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਿਹ, ਕਨਖੱਲ, 1975 2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ। 3. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 4. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990

## ਖਿਜ਼ਰਾਬਾਦ

ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਇਕ ਪੁਰਾਣਾ ਪਿੰਡ ਖਿਜ਼ਰਾਬਾਦ ਹੈ। ਖਿਜ਼ਰਾਬਾਦ ਦਾ ਅਕਸ਼ਾਸ਼ 300-52 ਅਤੇ ਰੇਖਾਸ਼ ਦੇਸ਼ਾਤਰ 760-39 ਹੈ। ਇਸ ਪਿੰਡ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ 1688 ਵਿੱਚ ਆਏ ਸਨ, ਜਦੋਂ ਗੁਰੂ ਜੀ ਪਾਉਂਟਾ ਸਾਹਿਬ ਤੋਂ ਅਨੰਦਪੁਰ ਸਾਹਿਬ ਜਾਣ ਸਮੇਂ ਬਾਰਾਸ-ਤਾ ਰਾਇਪੁਰ ਰਾਣੀ ਅਤੇ ਮਾਨੀਮਾਜਰਾ ਗਏ ਸਨ। ਇਕ ਪੁਰਾਤਨ ਪਿੱਪਲ ਦਾ ਦਰਖ਼ਤ ਮੌਜੂਦ ਹੈ ਜਿਸ ਹੇਠ ਗੁਰੂ ਸਾਹਿਬ ਬਿਰਾਜੇ ਸਨ। ਕੁਝ ਇਤਿਹਾਸਕਾਰਾਂ ਅਨੁਸਾਰ ਗੁਰੂ ਸਾਹਿਬ ਅਤੇ ਮੁਗ਼ਲ ਫੌਜਾਂ ਦੀ ਛੋਟੀ ਜਿਹੀ ਝੜਪ ਇਸੇ ਥਾਂ ਹੋਈ ਸੀ, ਜਿਸ ਦਾ ਜ਼ਿਕਰ ਭਾਈ ਸੰਤੋਖ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਕੀਤਾ ਹੈ:

ਰੋਪਰ ਨਿਕਟ ਅਹੈ ਪੁਰ ਔਰ।
ਖਿਦਰਾਬਾਦ ਵਸੈ ਤਿਸ ਠੌਰ।
ਤਿਸ ਹੀ ਦਿਸਿ ਦਲ ਗਯੋ ਪਲਾਈ।
ਜਾਹਿ ਖਾਲਸਾ ਪੀਠ ਦਬਾਈ।

ਗੁਰਦੁਆਰਾ ਦਮਦਮਾ ਸਾਹਿਬ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੋਇਆ ਹੈ। ਮੁਕਾਮੀ ਸੰਗਤ ਨੇ ਪਿਛਲੇ ਕੁਝ ਵਰ੍ਹਿਆਂ ਵਿੱਚ ਗੁਰਦੁਆਰਾ ਸਾਹਿਬ ਨਵਾਂ ਤਾਮੀਰ ਕੀਤਾ ਹੈ ਜਿਸ ਨੂੰ ਡੇਰਾ ਬਾਬਾ ਜ਼ੋਰਾਵਰ ਸਿੰਘ ਆਖਿਆ ਜਾਂਦਾ ਹੈ। ਇਹ ਜ਼ੋਰਾਵਰ ਸਿੰਘ ਭਾਈ ਨੱਥੂ ਰਾਮ, ਬੱਸੀ ਪਠਾਨਾਂ ਦੇ ਤਰਖਾਣ ਦਾ ਪੁੱਤਰ ਸੀ। ਇਸ ਦੀ ਮਾਂ ਮਾਤਾ ਜੀਤ ਕੌਰ ਜੀ ਦੀ ਨੌਕਰਾਣੀ ਸੀ। ਇਸ ਦੀ ਮਾਂ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿੱਚ ਹੀ ਵੱਡੀ ਹੋਈ ਅਤੇ ਇਸ ਦਾ ਬੇਟਾ ਅਨੰਦਪੁਰ ਵਿੱਚ ਹੀ ਜਵਾਨ ਹੋਇਆ। ਸਿੱਖ ਤਵਾਰੀਖ ਵਿੱਚ ਇਸ ਨੂੰ ਜ਼ੋਰਾਵਰ ਸਿੰਘ ਪਾਲਿਤ ਕਰਕੇ ਯਾਦ ਕੀਤਾ ਜਾਂਦਾ ਹੈ। ਭੱਟਵਹੀਆਂ ਅਨੁਸਾਰ ਇਹ ਪਾਲਿਤ ਜ਼ੋਰਾਵਰ ਸਿੰਘ ਚਮਕੌਰ ਦੀ ਜੰਗ ਵਿੱਚ ਜ਼ਖਮੀ ਹੋ ਗਿਆ ਸੀ ਅਤੇ ਇਸ ਨੂੰ ਕੋਟਲਾ ਨਿਹੰਗ ਖਾਂ ਲੈ ਜਾਇਆ ਗਿਆ ਜਿਥੋਂ ਬਾਅਦ ਵਿੱਚ ਖਿਜ਼ਰਾਬਾਦ ਲਿਆਂਦਾ ਗਿਆ; ਇਹ ਬਾਅਦ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਰਾਜਿਸਥਾਨ ਦੀ ਇਤਮਾਦਪੁਰ ਥਾਂ 'ਤੇ ਮਿਲਿਆ ਸੀ। ਚਿਤੌੜ ਦੀ ਲੜਾਈ ਵਿੱਚ 3 ਅਪ੍ਰੈਲ 1708 ਨੂੰ ਸ਼ਹੀਦ ਹੋ ਗਿਆ ਸੀ।



ਗੁਰਦੁਆਰਾ ਦਮਦਮਾ ਸਾਹਿਬ

ਖਿਜ਼ਰਾਬਾਦ ਵਿੱਚ ਡੇਰਾ ਬਾਬਾ ਜ਼ੋਰਾਵਰ ਸਿੰਘ ਇਕ ਪੁਰਾਤਨ ਮੁਰੱਬਾ ਪ੍ਰਕਾਸ਼ ਅਸਥਾਨ ਵਾਲੀ ਇਮਾਰਤ ਹੈ। ਇਸ ਦੇ ਆਸ-ਪਾਸ ਵਰਾਂਡਾ ਅਤੇ ਪ੍ਰਦੱਖਣਾ ਬਣਾਇਆ ਗਿਆ ਹੈ। ਸਾਲਾਨਾ ਜੋੜ-ਮੇਲਾ 21-23 ਮਾਰਚ ਨੂੰ ਹੁੰਦਾ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-1. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ। 2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996

## ਖੀਵਾ ਕਲਾਂ

ਪੰਜਾਬ ਦੇ ਮਾਨਸਾ ਜ਼ਿਲ੍ਹਾ ਦਾ ਇਕ ਪਿੰਡ ਖੀਵਾ ਕਲਾਂ ਹੈ, ਜੋ ਭਿੱਖੀ ਤੋਂ 6 ਕਿਲੋਮੀਟਰ ਉੱਤਰ ਦਿਸ਼ਾ ਵੱਲ ਹੈ। ਭਿੱਖੀ ਦਾ ਅਕਸ਼ਾਸ਼ 300-3 ਅਤੇ ਰੇਖਾਸ਼ ਦੇਸ਼ਾਤਰ 750-33 ਹੈ। ਗੁਰੂ ਤੇਗ ਬਹਾਦਰ ਸਾਹਿਬ ਆਪਣੀ ਇਕ ਪ੍ਰਚਾਰਕ ਫੇਰੀ ਸਮੇਂ ਇਸ ਪਿੰਡ ਆਏ ਹਨ। ਗੁਰੂ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਬਣਿਆ ਹੋਇਆ ਹੈ। ਪਿੰਡ ਵਾਸੀਆਂ ਨੇ ਗੁਰੂ ਸਾਹਿਬ ਵੱਲ ਪਹਿਲਾਂ ਕੋਈ ਤਵੱਜੋ ਨਾ ਦਿੱਤੀ। ਕੇਵਲ ਇਕ ਕਿਸਾਨ ਜਿਸ ਦਾ ਨਾਂ ਸੱਘਾ ਸੀ, ਗੁਰੂ ਸਾਹਿਬ ਦੇ ਕੈਂਪ ਵਾਸਤੇ ਬਾਲਣ ਦੀਆਂ ਲੱਕੜੀਆਂ ਅਤੇ ਭਾਂਡੇ ਲੈ ਕੇ ਆਇਆ। ਇਸ ਤੋਂ ਅੱਡ ਘੋੜਿਆਂ ਤੇ ਪਸ਼ੂਆਂ ਲਈ ਘਾਹ ਆਦਿ ਵੀ ਲੈ ਕੇ ਆਇਆ। ਜਿਸ ਥਾਂ ਗੁਰੂ ਸਾਹਿਬ ਦਾ ਕੈਂਪ ਠਹਿਰਿਆ ਸੀ, ਉਸ ਥਾਂ ਬਾਅਦ ਵਿੱਚ ਗੁਰਦੁਆਰਾ ਸਾਹਿਬ ਬਣਾਇਆ ਗਿਆ ਹੈ। ਗੁਰਦੁਆਰਾ ਸਾਹਿਬ ਇਕ ਇੱਟਾਂ ਦੇ ਅਹਾਤੇ ਅੰਦਰ ਹੈ। ਗੁਰਦੁਆਰੇ ਉਪਰ ਚਾਰ ਗੁੰਬਦ ਬਣੇ ਹਨ। ਇਸ ਗੁਰਦੁਆਰੇ ਨਾਲ ਪਟਿਆਲਾ ਰਿਆਸਤ ਵੱਲੋਂ 150 ਏਕੜ ਜ਼ਮੀਨ ਜਗੀਰ ਵਜੋਂ ਲੱਗੀ ਸੀ, ਜੋ ਹੁਣ ਕੇਵਲ 80 ਏਕੜ ਰਹਿ ਗਈ ਹੈ। ਗੁਰਦੁਆਰੇ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਨਾਮਜ਼ਦ ਕਮੇਟੀ ਕਰਦੀ ਹੈ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਸਵੇਰ-ਸ਼ਾਮ ਗੁਰਦੁਆਰੇ ਵਿੱਚ ਪਾਠ ਅਤੇ ਕੀਰਤਨ ਦਾ ਪ੍ਰਵਾਹ ਚੱਲਦਾ ਹੈ। ਪ੍ਰਮੁੱਖ ਗੁਰਪੁਰਬਾਂ 'ਤੇ ਵੱਡੇ ਜੋੜ-ਮੇਲੇ ਹੁੰਦੇ ਹਨ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990 2. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਦੂਜੀ, ਪਟਿਆਲਾ, 1996 3. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ। 4. ਤਾਰਾ ਸਿੰਘ- ਸ੍ਰੀ ਗੁਰ ਤੀਰਥ ਸੰਗ੍ਰਹਿ, ਕਨਖੱਲ, 1975

## ਖੁੱਡਲ ਅਕਬਰ ਪੁਰ

ਇਹ ਪਿੰਡ ਪੰਜਾਬ ਦੇ ਜ਼ਿਲ੍ਹਾ ਮਾਨਸਾ ਦੇ ਕੋਲ ਬਰੇਟਾ ਤੋਂ ਛੇ ਕਿਲੋਮੀਟਰ ਦੂਰ ਹੈ। ਅਕਬਰਪੁਰ ਖੁੱਡਲ ਉੱਤਰ-ਪੂਰਵ ਵੱਲ ਸਥਿਤ ਹੈ। ਬਰੇਟਾ ਦਾ ਅਕਸ਼ਾਸ਼ 290-52 ਅਤੇ ਰੇਖਾਸ਼ ਦੇਸ਼ਾਤਰ 750-42 ਹੈ। ਇਸ ਪਿੰਡ ਅਕਬਰਪੁਰ ਖੁੱਡਲ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨਵੰਬਰ 1706 ਵਿੱਚ ਆਏ ਸਨ। ਇਥੋਂ ਹੀ ਮੁਕਾਮੀ ਸੁਨਿਆਰੇ ਭਾਈ ਗੁਲਾਬ ਸਿੰਘ ਨੂੰ ਪਿੰਡ ਦੇ ਮੁਖੀ ਨਬੀ ਬਖ਼ਸ਼ ਨੇ ਗ਼ਲਤ ਇਤਹਾਲ 'ਤੇ ਕੈਦ ਕਰ ਰੱਖਿਆ ਸੀ। ਘਟਨਾ ਸਮੇਂ ਗੁਰੂ ਸਾਹਿਬ 80 ਕਿਲੋਮੀਟਰ ਦੂਰ ਸਰਸਾ (ਹਰਿਆਣਾ) ਵਿੱਚੋਂ ਗੁਜ਼ਰ ਰਹੇ ਸਨ। ਜਦੋਂ ਗੁਰੂ ਸਾਹਿਬ ਨੂੰ ਇਸ ਘਟਨਾ ਬਾਰੇ ਖ਼ਬਰ ਮਿਲੀ ਤਾਂ ਗੁਰੂ ਜੀ ਤੁਰੰਤ ਅਕਬਰਪੁਰ ਖੁੱਡਲ ਪਿੰਡ ਵੱਲ ਤੁਰ ਪਏ। ਗੁਰੂ ਸਾਹਿਬ ਨੇ ਨਬੀ ਬਖ਼ਸ਼ ਦੇ ਘਰ ਦੇ ਤਹਿਖਾਨੇ ਵਿੱਚੋਂ ਗੁਲਾਬ ਸਿੰਘ ਨੂੰ ਅਜ਼ਾਦ ਕੀਤਾ ਅਤੇ ਨਬੀ ਬਖ਼ਸ਼ ਨੂੰ ਸੱਚਾਈ ਤੇ ਇਮਾਨਦਾਰੀ ਦੇ ਰਾਹ 'ਤੇ ਤੁਰਨ ਦੀ ਹਦਾਇਤ ਕੀਤੀ।

ਗੁਰਦੁਆਰਾ ਭੋਰਾ ਸਾਹਿਬ ਪਾਤਸ਼ਾਹੀ ਦੱਸਵੀਂ ਗੁਰੂ ਸਾਹਿਬ ਦੀ ਯਾਦ ਵਿੱਚ ਬਣਿਆ ਹੈ, ਜੋ ਪਿੰਡ ਦੇ ਬਾਹਰਵਾਰ ਹੈ। ਮਹਾਰਾਜਾ ਪਟਿਆਲਾ ਨੇ ਇਸ ਗੁਰਦੁਆਰੇ ਨਾਲ 50 ਏਕੜ ਜ਼ਮੀਨ ਲਗਾਈ ਸੀ। 1947 ਮਗਰੋਂ ਹੀ ਪਿੰਡ ਦੇ ਮੁਖੀ ਨਬੀ ਬਖ਼ਸ਼ ਦੇ ਘਰ ਵਾਲੀ ਥਾਂ 'ਤੇ ਹੀ ਗੁਰਦੁਆਰਾ ਸਾਹਿਬ ਫਰਵਰੀ 1951 ਵਿੱਚ ਪਿੰਡ ਦੇ ਸਿੱਖ ਸਰਦਾਰ ਹਰਚੰਦ ਸਿੰਘ ਜੇਜੀ ਨੇ ਬਣਾਇਆ ਸੀ। 1977 ਵਿੱਚ ਇਹ ਗੁਰ-ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਹੇਠ ਆ ਗਿਆ। ਇਹ ਗੁਰਦੁਆਰਾ ਨੋਟੀਫਾਈਡ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਪਹਿਲੀ ਮੰਜ਼ਿਲ ਵਿੱਚ ਹੀ ਦਰਬਾਰ ਹਾਲ ਸੁਸ਼ੋਭਿਤ ਹੈ। ਭੋਰਾ ਜਿਸ ਵਿੱਚ ਭਾਈ ਗੁਲਾਬ ਸਿੰਘ ਨੂੰ ਕੈਦ ਕੀਤਾ ਗਿਆ ਸੀ, ਇਕ ਛੋਟਾ ਜਿਹਾ ਚਕੋਰ ਤਹਿਖਾਨਾ ਅਜੇ ਵੀ ਮੌਜੂਦ ਹੈ।

ਪੁਸਤਕ ਸੂਚੀ:-1. ਹਰਬੰਸ ਸਿੰਘ (ਸੰ.)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਪਹਿਲੀ, ਪਟਿਆਲਾ, 1998 2. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997 3. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ, 1990

## ਖੁਰਾਣਾ

ਪੰਜਾਬ ਦੇ ਜ਼ਿਲ੍ਹਾ ਸੰਗਰੂਰ ਵਿੱਚ ਪਿੰਡ ਖੁਰਾਣਾ ਆਉਂਦਾ ਹੈ, ਜੋ ਸੰਗਰੂਰ ਤੋਂ 7 ਕਿਲੋਮੀਟਰ ਦੂਰ ਪੂਰਬ ਦਿਸ਼ਾ ਵੱਲ ਹੈ। ਇਸ ਪਿੰਡ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਆਪਣੀ ਮਾਲਵਾ ਫੇਰੀ ਸਮੇਂ 1616 ਵਿੱਚ ਆਏ ਸਨ। ਗੁਰੂ ਸਾਹਿਬ ਪਿੰਡ ਦੇ ਦੱਖਣ-ਪੂਰਬੀ ਸਿਰੇ ਵੱਲ ਬੈਠੇ ਸਨ, ਜਿਥੇ ਅੱਜ ਇਤਿਹਾਸਕ ਅਸਥਾਨ ਗੁਰਦੁਆਰਾ ਪਾਤਸ਼ਾਹੀ ਛੇਵੀਂ ਬਣਿਆ ਹੋਇਆ ਹੈ। ਇਹ ਇਕ ਸਾਧਾਰਨ ਜਿਹਾ ਕਮਰਾਨੁਮਾ ਗੁਰਦੁਆਰਾ ਹੈ, ਜੋ ਕਿ ਇਕ ਚਾਰ-ਦੀਵਾਰੀ ਅਹਾਤੇ ਅੰਦਰ ਹੈ। ਕੁਝ ਕਮਰੇ ਗ੍ਰੰਥੀ ਸਿੰਘ ਦੀ ਰਿਹਾਇਸ਼ ਲਈ ਵੀ ਬਣੇ ਹੋਏ ਹਨ। ਇਹ ਗੁਰਦੁਆਰਾ, ਗੁਰਦੁਆਰਾ ਨਾਨਕਿਆਣਾ ਸਾਹਿਬ, ਮੰਗਵਾਲ (ਸੰਗਰੂਰ) ਦੇ ਪ੍ਰਬੰਧ ਹੇਠ ਆਉਂਦਾ ਹੈ। ਇਸ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਹੈ ਅਤੇ ਗੁਰਦੁਆਰਾ ਐਕਟ ਦੇ ਸੈਕਸ਼ਨ 87 ਅਧੀਨ ਹੈ। ਇਸ ਗੁਰਦੁਆਰੇ ਨਾਲ ਰਿਆਸਤ ਜੀਂਦ ਵੱਲੋਂ 12 ਕਨਾਲ ਜ਼ਮੀਨ ਲੱਗੀ ਹੋਈ ਹੈ।

ਪੁਸਤਕ ਸੂਚੀ:-1. ਕਾਨ੍ਹ ਸਿੰਘ ਨਾਭਾ- ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਦਿੱਲੀ ਛਾਪ, 1990 2. ਗਿਆਨ ਸਿੰਘ, ਗਿ.- ਤਵਾਰੀਖ ਗੁਰਦੁਆਰਿਆਂ, ਅੰਮ੍ਰਿਤਸਰ, ਮਿਤੀ ਰਹਿਤ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਕੀ ਪੰਜਾਬ ਦੀ ਰਾਜਨੀਤੀ ਨੂੰ ਮੁੜ 'ਸ਼ੇਰੇ-ਪੰਜਾਬ' ਦੇ ਸਾਂਝੇ ਰਾਜ ਮਾਡਲ ਦੀ ਲੋੜ ਕਿਉਂ ਹੈ ?

## ✪ ਖੇਤਰੀ ਰਾਜਨੀਤੀ ਤੇ ਗੌਰਵ ਤੇ ਦੀ ਵਾਪਸੀ ਪੰਜਾਬ ਦੇ ਖਲਾਅ ਨੂੰ ਭਰਨ ਦਾ ਇੱਕੋ-ਇੱਕ ਰਾਹ

## ✪ ਹੁਣ ਮਾਮੂਲੀ ਸੁਧਾਰ ਨਹੀਂ, 'ਨੀਤੀਗਤ ਧਮਾਕੇ' (ਫੋਲਿਚੇ ਓਣਪਲੋਸਿਨ) ਦੀ ਲੋੜ

**ਬਲਵਿੰਦਰਪਾਲ ਸਿੰਘ ਪ੍ਰੋਫੈਸਰ**
**ਸੰਪਰਕ 9815700916**



ਪੰਜਾਬ ਦਾ ਸਿਆਸੀ ਮਾਹੌਲ ਇਸ ਵੇਲੇ ਇੱਕ ਅਜਿਹੇ 'ਵੈਕਿਊਮ' (ਖਲਾਅ) ਵਿੱਚੋਂ ਗੁਜ਼ਰ ਰਿਹਾ ਹੈ, ਜਿੱਥੇ ਪੁਰਾਣੇ ਸਿਧਾਂਤ,ਮਿਥੀ ਇਨਕਲਾਬ ਤੇ ਰਾਜਨੀਤੀ ਦਮ ਤੋੜ ਚੁੱਕੇ ਹਨ ਅਤੇ ਨਵਾਂ ਅਜੇ ਕੁਝ ਸਿਰਜਿਆ ਨਹੀਂ ਗਿਆ। ਸਾਡੇ ਕੋਲ ਰਾਜਨੀਤੀ ਦਾ ਸਭ ਤੋਂ ਉੱਤਮ ਨਮੂਨਾ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਸੀ। ਉਨ੍ਹਾਂ ਦਾ ਰਾਜ 'ਸਰਕਾਰ-ਏ-ਖ਼ਾਲਸਾ' ਸੀ, ਜਿਸ ਦੇ ਅਰਥ ਸਨ ਸਰਬ-ਸਾਂਝਾ ਤੇ ਨਿਆਂ ਪਖੀ ਲੋਕਾਂ ਦਾ ਰਾਜ ਸੀ। ਅਫ਼ਸੋਸ ਕਿ ਅੱਜ ਦੀ ਸਿਆਸਤ ਨੇ ਪੰਜਾਬ ਨੂੰ ਮਜ਼ਹਬਾਂ, ਜਾਤਾਂ ਅਤੇ ਇਲਾਕਿਆਂ ਵਿੱਚ ਵੰਡ ਦਿੱਤਾ ਹੈ। ਪਿਛਲੇ ਕੁਝ ਦਹਾਕਿਆਂ ਵਿੱਚ 'ਆਦਰਸ਼ਵਾਦ' ਦੀ ਥਾਂ 'ਪਰਿਵਾਰਵਾਦ' ਅਤੇ 'ਵਪਾਰਵਾਦ' ਨੇ ਲੈ ਲਈ ਹੈ। ਜਿਸ ਪੰਜਾਬ ਨੇ ਕਦੇ ਪੂਰੇ ਭਾਰਤ ਨੂੰ ਸੇਧ ਦਿੱਤੀ ਸੀ, ਉਹ ਅੱਜ ਖ਼ੁਦ ਸਿਆਸੀ ਦਿਸ਼ਾਹੀਣਤਾ ਦਾ ਸ਼ਿਕਾਰ ਹੈ।

ਪੰਜਾਬ ਦੀ ਸਭ ਤੋਂ ਵੱਡੀ ਤਾਕਤ ਉਸਦੀ ਜਵਾਨੀ ਹੈ, ਪਰ ਅੱਜ ਇਹੀ ਜਵਾਨੀ ਬੇਰੁਜ਼ਗਾਰੀ, ਨਸ਼ਿਆਂ ਅਤੇ ਗੈਂਗਸਟਰਵਾਦ ਦੀ ਦਲਦਲ ਵਿੱਚ ਫਸੀ ਹੋਈ ਹੈ। ਜਦੋਂ ਸਿਆਸੀ ਪਾਰਟੀਆਂ ਕੋਲ ਕੋਈ ਠੋਸ ਆਰਥਿਕ ਏਜੰਡਾ ਨਹੀਂ ਹੈ, ਤਾਂ ਯਕੀਨਨ ਹੈ ਕਿ ਨੌਜਵਾਨਾਂ ਦੀ ਊਰਜਾ ਨਕਾਰਾਤਮਕ ਪਾਸੇ ਵੱਲ ਮੁੜੇਗੀ । ਅੱਜ ਅਕਾਲੀ ਦਲ ਬਾਦਲ ਦੀ ਸਿਧਾਂਤਕ ਕਮਜ਼ੋਰੀ ਨੇ ਇੱਕ ਅਜਿਹਾ ਮੈਦਾਨ ਤਿਆਰ ਕਰ ਦਿੱਤਾ ਹੈ ਜਿੱਥੇ ਦਿੱਲੀ ਦੀਆਂ ਪਾਰਟੀਆਂ ਆਪਣੀਆਂ ਜੜ੍ਹਾਂ ਮਜ਼ਬੂਤ ਕਰ ਰਹੀਆਂ ਹਨ। ਪਰ ਸਵਾਲ ਇਹ ਹੈ: ਕੀ ਦਿੱਲੀ ਤੋਂ ਚੱਲਣ ਵਾਲੇ ਮਾਡਲ ਪੰਜਾਬ ਦੀ ਵਿਲੱਖਣਤਾ ਨੂੰ ਸਮਝ ਸਕਦੇ ਹਨ ?

ਪੰਜਾਬ ਦੇ ਲੋਕ ਕਹਿ ਰਹੇ ਹਨ ਕਿ ਇਸ ਪਾਰਟੀ ਦਾ ਰਾਜਨੀਤਕ ਮਾਡਲ 'ਦਿੱਲੀ ਤੋਂ ਚੱਲ ਰਿਹਾ ਹੈ', ਤਾਂ ਇਸਦਾ ਮਤਲਬ ਹੈ ਕਿ ਉਸ ਪਾਰਟੀ ਦੀ ਕਮਾਂਡ, ਫੈਸਲੇ ਲੈਣ ਦੀ ਤਾਕਤ ਅਤੇ ਵਿਚਾਰਧਾਰਾ ਪੰਜਾਬ ਤੋਂ ਬਾਹਰ ਬੈਠੇ ਲੋਕਾਂ ਦੇ ਹੱਥ ਵਿੱਚ ਹੈ।ਪੰਜਾਬ ਦੀਆਂ ਸਮੱਸਿਆਵਾਂ (ਜਿਵੇਂ ਕਿ ਪਾਣੀਆਂ ਦਾ ਮੁੱਦਾ, ਖੇਤੀਬਾੜੀ ਸੰਕਟ, ਬੰਦੀ ਸਿੰਘਾਂ ਦੀ ਰਿਹਾਈ ਜਾਂ ਪੰਜਾਬੀ ਭਾਸ਼ਾ ਦਾ ਰੁਤਬਾ) ਬਹੁਤ ਹੀ ਮਹੱਤਵਪੂਰਨ ਹਨ। ਦਿੱਲੀ ਬੈਠੇ ਆਗੂ ਇਨ੍ਹਾਂ ਮੁੱਦਿਆਂ ਨੂੰ ਅਕਸਰ ਸਿਰਫ਼ 'ਵੋਟ ਬੈਂਕ' ਦੇ ਨਜ਼ਰੀਏ ਨਾਲ ਦੇਖਦੇ ਹਨ, ਜਦੋਂ ਕਿ ਪੰਜਾਬੀ ਇਨ੍ਹਾਂ ਨੂੰ ਆਪਣੀ ਹੋਂਦ ਅਤੇ ਸਵੈ-ਮਾਣ ਨਾਲ ਜੋੜ ਕੇ ਦੇਖਦੇ ਹਨ। ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਹਮੇਸ਼ਾ ਇੱਕ 'ਇੱਕਸਾਰ ਨੀਤੀ' ਲਾਗੂ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਜੋ ਪੰਜਾਬ ਵਰਗੇ ਵੱਖਰੈ ਭੂਗੋਲਿਕ ਅਤੇ ਇਤਿਹਾਸਕ ਪਛਾਣ ਵਾਲੇ ਸੂਬੇ ਲਈ ਘਾਤਕ ਹੋ ਸਕਦੀ ਹੈ।

ਪੰਜਾਬ ਇੱਕ ਖੇਤੀਬਾੜੀ ਪ੍ਰਧਾਨ ਸੂਬਾ ਹੈ। ਇੱਥੋਂ ਦੀ ਆਰਥਿਕਤਾ ਦਾ ਧੁਰਾ ਪਾਣੀ ,ਖ਼ੇਤ ਤੇ ਕਿਸਾਨ ਹਨ। ਜਦੋਂ ਕੋਈ ਰਾਸ਼ਟਰੀ ਪਾਰਟੀ ਫੈਸਲਾ ਲੈਂਦੀ ਹੈ, ਤਾਂ ਉਸਨੂੰ ਦੂਜੇ ਸੂਬਿਆਂ ਦੇ ਹਿੱਤਾਂ ਦਾ ਵੀ ਖਿਆਲ ਰੱਖਣਾ ਪੈਂਦਾ ਹੈ (ਜਿਵੇਂ ਕਿ ਸ਼ੈਲ਼ ਮੁੱਦਾ), ਜਿਸ ਕਾਰਨ ਅਕਸਰ ਪੰਜਾਬ ਦੇ ਹਿੱਤਾਂ ਦੀ ਬਲੀ ਦੇ ਦਿੱਤੀ ਜਾਂਦੀ ਹੈ।

ਪੰਜਾਬ ਦੀ ਪੀੜ ਨੂੰ ਸਿਰਫ਼ ਉਹ ਖੇਤਰੀ ਲਹਿਰ ਹੀ ਸਮਝ ਸਕਦੀ ਹੈ ਜਿਸ ਦੀਆਂ ਜੜ੍ਹਾਂ ਪੰਜਾਬ ਦੇ ਪਾਣੀਆਂ, ਖੇਤਾਂ ਅਤੇ ਸੱਭਿਆਚਾਰ ਵਿੱਚ ਹੋਣ। ਜੇਕਰ ਅਸੀਂ ਇੱਕ ਨਵੀਂ ਸਾਂਝੀ ਖੇਤਰੀ ਧਿਰ ਨਾ ਉਭਾਰੀ, ਤਾਂ ਪੰਜਾਬ ਸਿਰਫ਼ ਦਿੱਲੀ ਦੇ 'ਨਾਅਰਿਆਂ ਦੀ ਪ੍ਰਯੋਗਸ਼ਾਲਾ' ਬਣ ਕੇ ਰਹਿ ਜਾਵੇਗਾ। ਮੀਡੀਆ ਤੇ ਸੋਸ਼ਲ ਮੀਡੀਆ ਰਾਹੀਂ ਸਾਨੂੰ ਇੱਕ ਅਜਿਹੇ ਖੇਤਰੀ ਰਾਜਨੀਤਿਕ ਸੱਭਿਆਚਾਰ ਸਿਰਜਣ ਦੀ ਲੋੜ ਹੈ ਜਿੱਥੇ 'ਦਲੀਲ' ਹੋਵੇ । ਇੱਕ ਅਜਿਹੀ ਪਾਰਟੀ ਜੋ ਸੱਤਾ ਲਈ ਨਹੀਂ, ਸਗੋਂ ਲੋਕਾਂ ਦੀ ਸੇਵਾ, ਨਿਆਂ ਅਤੇ ਪੰਜਾਬ ਦੇ ਹਿੱਤਾਂ ਲਈ ਲੜੇ।

ਰਾਜਨੀਤਿਕ ਪਾਰਟੀਆਂ ਵੋਟਾਂ ਹਾਸਲ ਕਰਨ ਲਈ ਅਕਸਰ 'ਮੁਫ਼ਤ ਬਿਜਲੀ' ਜਾਂ 'ਮੁਫ਼ਤ ਪਾਣੀ' ਵਰਗੀਆਂ ਸਹੂਲਤਾਂ ਦਾ ਲਾਲਚ ਦਿੰਦੀਆਂ ਹਨ। ਪਰ ਅਸਲ ਵਿੱਚ, ਇਹ ਕੋਈ ਤੋਹਫ਼ਾ ਨਹੀਂ ਹੈ। ਸਰਕਾਰਾਂ ਕੋਲ ਆਪਣਾ ਕੋਈ ਪੈਸਾ ਨਹੀਂ ਹੁੰਦਾ। ਮੁਫ਼ਤ ਸਹੂਲਤਾਂ ਦੇਣ ਲਈ ਸਰਕਾਰਾਂ ਨੂੰ ਵੱਡੇ ਕਰਜ਼ੇ ਲੈਣੇ ਪੈਂਦੇ ਹਨ। ਅੱਜ ਪੰਜਾਬ ਸਿਰ ਲੱਖਾਂ ਕਰੋੜਾਂ ਦਾ ਕਰਜ਼ਾ ਹੈ, ਜਿਸ ਦਾ ਵਿਆਜ ਮੋੜਨ ਲਈ ਵੀ ਹੋਰ ਕਰਜ਼ਾ ਲੈਣਾ ਪੈ ਰਿਹਾ ਹੈ। ਜਦੋਂ ਸੂਬੇ ਦਾ ਖ਼ਜ਼ਾਨਾ ਮੁਫ਼ਤ ਸਹੂਲਤਾਂ 'ਤੇ ਖ਼ਰਚ ਹੋ ਜਾਂਦਾ ਹੈ, ਤਾਂ ਸਕੂਲਾਂ, ਹਸਪਤਾਲਾਂ ਅਤੇ ਨਵੀਆਂ ਇੰਡਸਟਰੀਆਂ ਲਈ ਪੈਸਾ ਨਹੀਂ ਬਚਦਾ।

ਨਤੀਜੇ ਵਜੋਂ, ਸਾਡੀ ਆਉਣ ਵਾਲੀ ਨਸਲ (ਨੌਜਵਾਨ) ਬੇਰੁਜ਼ਗਾਰ ਹੋ ਰਹੀ ਹੈ ਅਤੇ ਵਿਦੇਸ਼ਾਂ ਵੱਲ ਭੱਜ ਰਹੀ ਹੈ। ਅਸੀਂ ਅੱਜ ਦੀ 300 ਯੂਨਿਟ ਬਿਜਲੀ ਬਚਾ ਕੇ ਆਪਣੇ ਬੱਚਿਆਂ ਦਾ ਰੁਜ਼ਗਾਰ ਅਤੇ ਬਿਹਤਰ ਸਿੱਖਿਆ ਗੁਆ ਰਹੇ ਹਾਂ।ਪੰਜਾਬੀਆਂ ਨੂੰ ਹੁਣ 'ਮੁਫ਼ਤਖ਼ੋਰੀ' ਦੀ ਸਿਆਸਤ ਦੇ ਜਾਲ ਵਿੱਚੋਂ ਨਿਕਲਣਾ ਪਵੇਗਾ।

ਜਦੋਂ ਕੋਈ ਵੱਡੀ ਪਾਰਟੀ ਚੋਣਾਂ ਲੜਨ ਲਈ ਕਾਰਪੋਰੇਟ ਘਰਾਣਿਆਂ ਤੋਂ ਕਰੋੜਾਂ ਰੁਪਏ ਲੈਂਦੀ ਹੈ, ਤਾਂ ਸੱਤਾ ਵਿੱਚ ਆਉਣ ਤੋਂ ਬਾਅਦ ਉਹ ਪਾਰਟੀ ਲੋਕਾਂ ਲਈ ਨਹੀਂ, ਸਗੋਂ ਉਨ੍ਹਾਂ ਕਾਰਪੋਰੇਟਾਂ ਲਈ ਕੰਮ ਕਰਦੀ ਹੈ। ਉਹ ਉਨ੍ਹਾਂ ਨੂੰ ਟੈਂਡਰ ਦਿੰਦੀ ਹੈ ਅਤੇ ਉਨ੍ਹਾਂ ਦੇ ਫਾਇਦੇ ਲਈ ਕਾਨੂੰਨ ਬਣਾਉਂਦੀ ਹੈ। ਜੇਕਰ ਪੰਜਾਬ ਦੀ ਕੋਈ ਖੇਤਰੀ ਪਾਰਟੀ 'ਲੋਕਾਂ ਦੇ ਫੰਡ' ਨਾਲ ਖੜ੍ਹੀ ਹੁੰਦੀ ਹੈ, ਭਾਵੇਂ ਉਹ 10-10 ਰੁਪਏ ਹੀ ਕਿਉਂ ਨਾ ਹੋਣ, ਤਾਂ ਉਸ ਪਾਰਟੀ 'ਤੇ ਕਿਸੇ ਅਮੀਰ ਘਰਾਣੇ ਦਾ ਕਬਜ਼ਾ ਨਹੀਂ ਹੋਵੇਗਾ। ਉਹ ਪਾਰਟੀ ਸਿਰਫ਼ ਆਮ ਨਾਗਰਿਕ ਪ੍ਰਤੀ ਜਵਾਬਦੇਹ ਹੋਵੇਗੀ, ਕਿਉਂਕਿ ਉਸਦੀ ਹੋਂਦ ਲੋਕਾਂ ਦੇ ਸਹਿਯੋਗ 'ਤੇ ਟਿਕੀ ਹੋਵੇਗੀ। ਭਾਰਤ ਦਾ ਰਾਜਨੀਤਕ ਸਭਿਆਚਾਰ ਤਾਂ ਹੀ ਵਿਗੜਿਆ ਹੈ, ਕਿਉਂਕਿ ਰਾਜਨੀਤਿਕ ਪਾਰਟੀਆਂ ਕਾਰਪੋਰੇਟ ਦੀਆਂ ਗੁਲਾਮ ਹਨ।

ਪੰਜਾਬ ਦੀ ਅੱਧੀ ਤੋਂ ਵੱਧ ਆਬਾਦੀ ਨੌਜਵਾਨ ਹੈ, ਪਰ ਫੈਸਲੇ ਲੈਣ ਵਾਲੇ ਬਜ਼ੁਰਗ ਹਨ। ਵਿਚਾਰਾਂ ਦੇ ਇਸ ਪਾੜੇ ਨੂੰ ਭਰਨ ਲਈ ਨੌਜਵਾਨਾਂ ਨੂੰ ਸਿਆਸਤ ਦੇ ਕੇਂਦਰ ਵਿੱਚ ਲਿਆਉਣਾ ਪਵੇਗਾ।

ਹੁਣ ਛੋਟੇ-ਮੋਟੇ ਸੁਧਾਰਾਂ ਦਾ ਸਮਾਂ ਲੰਘ ਗਿਆ ਹੈ। ਪੰਜਾਬ ਨੂੰ ਇੱਕ 'ਨੀਤੀਗਤ ਧਮਾਕੇ' ਦੀ ਲੋੜ ਹੈ-ਖੇਤੀਬਾੜੀ, ਸਨਅਤ , ਮੈਡੀਕਲ ਅਤੇ ਸਿੱਖਿਆ ਵਿੱਚ ਅਜਿਹੇ ਇਨਕਲਾਬੀ ਫੈਸਲੇ, ਜੋ ਪੰਜਾਬ ਨੂੰ ਮੁੜ 'ਨੰਬਰ ਇੱਕ' ਬਣਾ ਸਕਣ। ਮੱਕੀ, ਦਾਲਾਂ ਅਤੇ ਤੇਲ ਬੀਜਾਂ ਲਈ ਅਜਿਹਾ ਬਾਜ਼ਾਰ ਸਿਰਜਣਾ ਕਿ ਕਿਸਾਨ ਨੂੰ ਝੋਨਾ ਲਾਉਣ ਦੀ ਲੋੜ ਹੀ ਨਾ ਪਵੇ। ਕਿਸਾਨਾਂ ਨੂੰ ਸਿੱਧਾ ਕਾਰਪੋਰੇਟ ਨਾਲ ਨਹੀਂ, ਸਗੋਂ 'ਕੋਆਪਰੇਟਿਵ' (ਸਹਿਕਾਰੀ) ਸਭਾਵਾਂ ਰਾਹੀਂ ਵਿਸ਼ਵ ਮੰਡੀ ਨਾਲ ਜੋੜਨਾ ਚਾਹੀਦਾ।

ਇਜ਼ਰਾਈਲ ਦੀ ਤਰਜ਼ 'ਤੇ 'ਡਰਿੱਪ ਇਰੀਗੇਸ਼ਨ' (ਤੁਪਕਾ ਸਿੰਚਾਈ) ਨੂੰ ਪੂਰੇ ਪੰਜਾਬ ਵਿੱਚ ਲਾਜ਼ਮੀ ਅਤੇ ਮੁਫ਼ਤ ਕਰਨਾ ਤਾਂ ਜੋ ਡਿੱਗਦੇ ਪਾਣੀ ਦੇ ਪੱਧਰ ਨੂੰ ਰੋਕਿਆ ਜਾ ਸਕੇ।

ਪੰਜਾਬ ਦੀ ਇੰਡਸਟਰੀ ਗੁਆਂਢੀ ਰਾਜਾਂ ਵਿੱਚ ਜਾ ਰਹੀ ਹੈ। ਇੱਥੇ ਇਨਕਲਾਬੀ ਫੈਸਲਿਆਂ ਦੀ ਲੋੜ ਹੈ।? ਪੰਜਾਬ ਨੂੰ ਸਰਹੱਦੀ ਸੂਬਾ ਹੋਣ ਦਾ ਫਾਇਦਾ ਉਠਾਉਂਦੇ ਹੋਏ ਡਰਾਈ ਪੋਰਟਸ ਅਤੇ ਵਿਸ਼ੇਸ਼ ਆਰਥਿਕ ਜ਼ੋਨ ਬਣਾਉਣੇ ਚਾਹੀਦੇ ਹਨ। ਵਾਘਾ ਬਾਰਡਰ, ਹੁਸੈਨੀ ਵਾਲਾ ਬਾਰਡਰ ਵਪਾਰ ਲਈ ਖੁੱਲੇ ਚਾਹੀਦੇ ਹਨ।

ਲੁਧਿਆਣਾ ਦੇ ਹੌਜ਼ਰੀ ਅਤੇ ਜਲੰਧਰ ਦੇ ਖੇਡ ਸਮਾਨ ਨੂੰ ਵਿਸ਼ਵ ਪੱਧਰੀ ਬ੍ਰਾਂਡ ਬਣਾਉਣ ਲਈ ਸਰਕਾਰੀ ਸਰਪ੍ਰਸਤੀ ਅਤੇ ਟੈਕਸਾਂ ਵਿੱਚ ਵੱਡੀ ਛੋਟ ਦੇਣੀ ਪਵੇਗੀ। ਨੌਜਵਾਨਾਂ ਨੂੰ ਨੌਕਰੀ ਮੰਗਣ ਵਾਲੇ ਨਹੀਂ, ਨੌਕਰੀ ਦੇਣ ਵਾਲੇ ਬਣਾਉਣ ਲਈ ਬਿਨਾਂ ਵਿਆਜ ਦੇ ਕਰਜ਼ੇ ਅਤੇ ਤਕਨੀਕੀ ਸਹਾਇਤਾ ਪ੍ਰਦਾਨ ਕਰਨੀ ਹੋਵੇਗੀ।

ਸਾਡਾ ਮੌਜੂਦਾ ਸਿੱਖਿਆ ਢਾਂਚਾ ਸਿਰਫ਼ ਬੇਰੁਜ਼ਗਾਰ ਪੈਦਾ ਕਰ ਰਿਹਾ ਹੈ। ਛੇਵੀਂ ਕਲਾਸ ਤੋਂ ਹੀ ਕੋਡਿੰਗ, ਆਰਟੀਫੀਸ਼ੀਅਲ ਇੰਟੈਲੀਜੈਂਸ (ਅੀ) ਅਤੇ ਤਕਨੀਕੀ ਹੁਨਰ ਲਾਜ਼ਮੀ ਕਰਨ ਦੀ ਲੋੜ ਹੈ।

ਸਰਕਾਰੀ ਸਕੂਲਾਂ ਦਾ ਕਾਇਆ-ਕਲਪ ਕਰਨਾ ਪਵੇਗਾ ਸਿਰਫ਼ ਇਮਾਰਤਾਂ ਨਹੀਂ, ਸਗੋਂ ਸਿੱਖਿਆ ਦਾ ਮਿਆਰ ਇੰਨਾ ਉੱਚਾ ਕਰਨਾ ਪਵੇਗਾ ਕਿ ਇੱਕ ਆਮ ਕਿਸਾਨ ,ਦਲਿਤ ਅਤੇ ਇੱਕ ਅਮੀਰ ਅਫ਼ਸਰ ਦਾ ਬੱਚਾ ਇੱਕੋ ਬੈਂਚ 'ਤੇ ਬੈਠ ਕੇ ਪੜ੍ਹੇ। ਸਾਡੀਆਂ ਯੂਨੀਵਰਸਿਟੀਆਂ ਨੂੰ ਪੰਜਾਬ ਦੀਆਂ ਸਥਾਨਕ ਸਮੱਸਿਆਵਾਂ (ਜਿਵੇਂ ਕੈਂਸਰ ਬੈਲਟ, ਪਰਾਲੀ ਦਾ ਹੱਲ) 'ਤੇ ਖੋਜ ਕਰਨ ਲਈ ਵੱਡੇ ਬਜਟ ਦੇਣੇ ਪੈਣਗੇ।

ਪੰਜਾਬ ਵਿੱਚ ਇਲਾਜ ਕਰਵਾਉਣਾ ਇੰਨਾ ਮਹਿੰਗਾ ਹੋ ਗਿਆ ਹੈ ਕਿ ਇੱਕ ਬਿਮਾਰੀ ਪਰਿਵਾਰ ਨੂੰ ਗਰੀਬੀ ਰੇਖਾ ਤੋਂ ਹੇਠਾਂ ਲੈ ਜਾਂਦੀ ਹੈ। ਹਰ ਪਿੰਡ ਵਿੱਚ ਅਤਿ-ਆਧੁਨਿਕ ਡਾਇਗਨੌਸਟਿਕ ਸੈਂਟਰ ਹੋਣੇ ਚਾਹੀਦੇ ਹਨ ਜਿੱਥੇ ਟੈਸਟ ਮੁਫ਼ਤ ਹੋਣ। ਪੰਜਾਬ ਵਿਚ ਬ੍ਰਿਟੇਨ ਦੇ (NHS) ਵਰਗਾ ਮਾਡਲ ਲਿਆਉਣਾ ਪਵੇਗਾ ਜਿੱਥੇ ਇਲਾਜ ਨਾਗਰਿਕ ਦਾ ਜਨਮਸਿੱਧ ਅਧਿਕਾਰ ਹੋਵੇ। ਪੰਜਾਬ ਵਿਚ ਪੀਜੀਆਈ ਸਹੂਲਤਾਂ ਵਰਗਾ ਮੈਡੀਕਲ ਖ਼ੋਜ ਕੇਂਦਰ ਖੋਲਣ ਦੀ ਲੋੜ ਹੈ, ਜਿਥੇ ਹਰ ਪੰਜਾਬੀ ਦੀ ਬਿਮਾਰੀ ਦਾ ਇਲਾਜ ਹੋ ਸਕੇ।

ਨਸ਼ਿਆਂ ਨੂੰ ਸਿਰਫ਼ ਕਾਨੂੰਨ ਵਿਵਸਥਾ ਦੀ ਸਮੱਸਿਆ ਨਹੀਂ, ਸਗੋਂ ਇੱਕ 'ਮੈਡੀਕਲ ਐਮਰਜੈਂਸੀ' ਮੰਨ ਕੇ ਜੰਗੀ ਪੱਧਰ 'ਤੇ ਮੁੜ-ਵਸੇਬਾ ਕੇਂਦਰ ਖੋਲ੍ਹਣੇ ਪੈਣਗੇ।

ਇਹ ਸਭ ਉਦੋਂ ਹੀ ਹੋ ਸਕਦਾ ਹੈ ਜਦੋਂ ਪੰਜਾਬ ਕੋਲ ਅਜਿਹੀ ਖੇਤਰੀ ਪਾਰਟੀ ਹੋਵੇ ਜਿਸਦੀ 'ਪੋਜ਼ੀਟਿਵ ਪਾਲਿਸੀ' ਹੋਵੇ ਜੋ ਵੋਟਾਂ ਦੇ ਲਾਲਚ ਤੋਂ ਉੱਪਰ ਉੱਠ ਕੇ ਬਣਾਈ ਗਈ ਹੋਵੇ। ਇਹ ਫੈਸਲੇ ਲੈਣ ਲਈ ਇੱਕ ਅਜਿਹੀ ਦਲੇਰਾਨਾ ਲੀਡਰਸ਼ਿਪ ਚਾਹੀਦੀ ਹੈ ਜੋ ਕਹੇ ਕਿ "ਅਸੀਂ ਅਗਲੀਆਂ ਚੋਣਾਂ ਜਿੱਤਣ ਲਈ ਨਹੀਂ, ਸਗੋਂ ਅਗਲੀਆਂ ਨਸਲਾਂ ਨੂੰ ਬਚਾਉਣ ਲਈ ਅਸੀਂ ਸਿਆਸਤ ਕਰ ਰਹੇ ਹਾਂ।"

ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਅਸੀਂ ਅਗਲੇ 25 ਸਾਲਾਂ ਦਾ ਪੰਜਾਬ ਕਿਹੋ ਜਿਹਾ ਦੇਖਣਾ ਚਾਹੁੰਦੇ ਹਾਂ ?

ਸਿਰਫ਼ ਭੀੜ ਇਕੱਠੀ ਕਰਨ ਨਾਲ ਗੱਲ ਨਹੀਂ ਬਣਨੀ, ਜ਼ਮੀਨੀ ਪੱਧਰ 'ਤੇ ਅਨੁਸ਼ਾਸਿਤ ਕੇਡਰ ਤਿਆਰ ਕਰਨਾ ਪਵੇਗਾ। ਸੋਸ਼ਲ ਮੀਡੀਆ ਦੇ ਪ੍ਰਭਾਵਸ਼ਾਲੀ ਲੋਕਾਂ ਅਤੇ ਸਿਵਲ ਸੋਸਾਇਟੀ ਨੂੰ ਇੱਕ ਮੰਚ 'ਤੇ ਲਿਆ ਕੇ ਆਪਣੇ ਸੁਨੇਹੇ ਨੂੰ ਹਰ ਘਰ ਤੱਕ ਪਹੁੰਚਾਉਣਾ ਪਵੇਗਾ।

ਪੰਜਾਬ ਦੀ ਖੇਤਰੀ ਪਾਰਟੀ ਲਹਿਰ ਕਿਸੇ ਪਰਿਵਾਰ ਜਾਂ ਵਿਅਕਤੀ ਵਿਸ਼ੇਸ਼ ਦੀ ਨਹੀਂ, ਸਗੋਂ ਹਰ ਉਸ ਹਰੇਕ ਪੰਜਾਬੀ ਦੀ ਹੋਣੀ ਚਾਹੀਦੀ ਹੈ ਜੋ ਆਪਣੀ ਮਿੱਟੀ ਨੂੰ ਮੁੜ ਹਰਿਆ-ਭਰਿਆ ਦੇਖਣਾ ਚਾਹੁੰਦਾ ਹੈ।

ਯਾਦ ਰੱਖੋ, ਵੱਡੀਆਂ ਤਬਦੀਲੀਆਂ ਹਮੇਸ਼ਾ ਇੱਕ ਛੋਟੇ ਜਿਹੇ ਕਦਮ ਨਾਲ ਸ਼ੁਰੂ ਹੁੰਦੀਆਂ ਹਨ। ਜੇਕਰ ਸਾਡਾ ਇਰਾਦਾ ਨੇਕ ਹੈ ਅਤੇ ਵਿਜ਼ਨ ਵਿਗਿਆਨਕ ਹੈ, ਤਾਂ ਸਰੋਤ ਵੀ ਜੁੜ ਜਾਣਗੇ ਅਤੇ ਕਾਫ਼ਲਾ ਵੀ ਬਣ ਜਾਵੇਗਾ। ਇਹ ਸਮਾਂ ਸਿਰਫ਼ ਸੋਚਣ ਦਾ ਨਹੀਂ, ਸਗੋਂ ਪੰਜਾਬ ਦੇ ਭਵਿੱਖ ਦੀ ਨਵੀਂ ਇਬਾਰਤ ਲਿਖਣ ਦਾ ਹੈ।

# ਲੰਡਨ ਦੀ ਪੈਂਟਨਵਿਲ ਜੇਲ੍ਹ ਅੱਗੇ ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ



ਸ਼ਹੀਦ ਊਧਮ ਸਿੰਘ ਨੂੰ ਸ਼ਰਧਾਂਜਲੀ ਭੇਂਟ ਕਰਨ ਮੌਕੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਅਤੇ ਐੱਸ. ਐੱਫ. ਆਈ. (ਯੂ.ਕੇ.) ਦੇ ਮੈਂਬਰਾਂ ਨੇ ਮਿਲ ਕੇ ਬ੍ਰਿਟਿਸ਼ ਕਲੋਨੀਅਲ ਸਟੇਟ (ਬਰਤਾਨਵੀ ਰਾਜ) ਵੱਲੋਂ 31 ਜੁਲਾਈ 1940 ਨੂੰ ਐੱਚ.ਐੱਮ. ਪ੍ਰਿਜ਼ਨ ਪੈਂਟਨਵਿਲ, ਲੰਡਨ ਵਿਖੇ ਫਾਂਸੀ ਦਿੱਤੇ ਗਏ ਅਮਰ ਸ਼ਹੀਦ ਊਧਮ ਸਿੰਘ ਦੇ ਸ਼ਹਾਦਤ ਦਿਹਾੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਯਾਦਗਾਰੀ ਪ੍ਰੋਗਰਾਮ ਦੀ ਅਗਵਾਈ ਆਈ. ਡਬਲਿਊ. ਏ. (ਜੀ.ਬੀ.) ਦੇ ਪ੍ਰਧਾਨ ਕਾਮਰੇਡ ਹਰਸੇਵ ਬੈਂਸ ਨੇ ਕੀਤੀ। ਐੱਸ. ਐੱਫ. ਆਈ. (ਯੂ. ਕੇ.) ਵੱਲੋਂ ਕਾਮਰੇਡ ਵਿਸ਼ਾਲ ਅਤੇ ਆਈ. ਡਬਲਿਊ. ਏ. (ਜੀ.ਬੀ.) ਦੀ ਰਾਸ਼ਟਰੀ ਕਮੇਟੀ ਵੱਲੋਂ ਕਾਮਰੇਡ ਅਸ਼ਵਥੀ ਅਸ਼ੋਕ ਨੇ ਇਕੱਠ ਨੂੰ ਸੰਬੋਧਨ ਕੀਤਾ। ਇਸ ਤੋਂ ਇਲਾਵਾ ਆਈ. ਡਬਲਿਊ. ਏ. (ਜੀ. ਬੀ.) ਦੇ ਜਨਰਲ ਸਕੱਤਰ ਕਾਮਰੇਡ ਬਲਬੀਰ ਸਿੰਘ ਜੋਹਲ (ਵੂਲਿਚ) ਅਤੇ 'ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ' ਦੇ ਮੈਂਬਰਾਂ ਨੇ ਵੀ ਸ਼ਹੀਦ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ। 'ਯੂਅਰ ਪਾਰਟੀ' ਦੇ ਮੈਂਬਰ ਜੋਨਾਥਨ ਨੇ ਵੀ ਆਪਣਾ ਇੱਕਜੁੱਟਤਾ ਸੰਦੇਸ਼ ਦਿੱਤਾ।

ਬੁਲਾਰਿਆਂ ਨੇ ਕਿਹਾ ਜਿਸ ਸਥਾਨ 'ਤੇ ਬ੍ਰਿਟਿਸ਼ ਕਲੋਨੀਅਲ ਸਟੇਟ ਨੇ ਇੱਕ ਇਨਕਲਾਬੀ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਸੀ, ਉਸੇ ਥਾਂ ਖੜ੍ਹੇ ਹੋ ਕੇ ਉਸ ਮਹਾਨ ਸੂਰਬੀਰ ਨੂੰ ਯਾਦ ਕੀਤਾ ਜਾ ਰਿਹਾ ਹੈ, ਜਿਨ੍ਹਾਂ ਦਾ ਹੌਂਸਲਾ ਅਤੇ ਕੁਰਬਾਨੀ ਸਾਮਰਾਜਵਾਦ ਅਤੇ ਅਨਿਆਂ ਵਿਰੁੱਧ ਸੰਘਰਸ਼ ਦਾ ਪ੍ਰਤੀਕ ਬਣੀ। ਸ਼ਹੀਦ ਊਧਮ ਸਿੰਘ ਦਾ ਜੀਵਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਜ਼ੁਲਮ ਵਿਰੁੱਧ ਡਟਣ ਦੇ ਬੇਮਿਸਾਲ ਕਾਰਨਾਮਿਆਂ ਅਤੇ ਇਨਸਾਫ਼ ਪ੍ਰਤੀ ਅਟੱਲ ਵਚਨਬੱਧਤਾ ਨਾਲ ਹੀ ਆਜ਼ਾਦੀ ਦੀ ਲੜਾਈ ਲੜੀ ਗਈ ਸੀ।

ਇਹ ਸ਼ਰਧਾਂਜਲੀ ਸਮਾਗਮ ਸਿਰਫ਼ ਇਤਿਹਾਸ ਨੂੰ ਯਾਦ ਕਰਨ ਤੱਕ ਸੀਮਤ ਨਹੀਂ ਸੀ, ਸਗੋਂ ਇਹ ਸਾਮਰਾਜਵਾਦ-ਵਿਰੋਧ, ਬਰਾਬਰੀ, ਧਰਮ ਨਿਰਪੱਖਤਾ ਅਤੇ ਦੁਨੀਆ ਭਰ ਦੇ ਦੱਬੇ-ਕੁਚਲੇ ਲੋਕਾਂ ਨਾਲ ਇੱਕਜੁੱਟਤਾ—ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਣ ਦਾ ਜ਼ਰੀਆ ਵੀ ਸੀ, ਜਿਨ੍ਹਾਂ ਲਈ ਉਨ੍ਹਾਂ ਨੇ ਆਪਣੀ ਜਾਨ ਕੁਰਬਾਨ ਕੀਤੀ।

ਸਾਲ 1919 ਦੇ ਜੱਲ੍ਹਿਆਂਵਾਲਾ ਬਾਗ਼ ਦੇ ਖ਼ੂਨੀ ਸਾਕਾ ਅਤੇ ਇਸ ਦੀ ਬਰਬਰਤਾ ਨੂੰ ਯਾਦ ਕਰਦਿਆਂ, ਸ਼ਰਧਾਂਜਲੀ ਸਭਾ ਵਿੱਚ ਮੌਜੂਦ ਲੋਕਾਂ ਨੇ ਇਹ ਮਤਾ ਦੁਹਰਾਇਆ ਕਿ ਉਹ ਮੌਜੂਦਾ ਬ੍ਰਿਟਿਸ਼ ਪ੍ਰਧਾਨ ਮੰਤਰੀ ਵੱਲੋਂ ਇਸ ਕਾਰੇ ਲਈ ਰਸਮੀ ਤੌਰ 'ਤੇ ਮਾਫ਼ੀ ਮੰਗਣ ਅਤੇ ਸਕੂਲਾਂ ਵਿੱਚ ਬ੍ਰਿਟਿਸ਼ ਕਲੋਨੀਅਲ (ਸਾਮਰਾਜੀ) ਇਤਿਹਾਸ ਪੜ੍ਹਾਏ ਜਾਣ ਦੀ ਮੰਗ ਕੀਤੀ।

# ਸਿੱਖ ਐਜੂਕੇਸ਼ਨ ਕੌਂਸਲ ਯੂਕੇ ਵੱਲੋਂ 8-9 ਅਗਸਤ ਨੂੰ ਯੂਨੀਵਰਸਿਟੀ ਕਾਲਜ ਲੰਡਨ ਵਿਖੇ ਕਰਵਾਈ ਜਾਵੇਗੀ - ਪੰਜਾਬੀ ਕਾਨਫਰੰਸ ਯੂਕੇ 2026



ਕੰਵਰ ਸਿੰਘ ਬਰਾੜ ਅਤੇ ਬਲਵਿੰਦਰ ਸਿੰਘ ਚਾਹਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਐਜੂਕੇਸ਼ਨ ਕੌਂਸਲ ਹਰ ਸਾਲ ਇੰਗਲੈਂਡ ਵਿੱਚ ਪੰਜਾਬੀ ਕਾਨਫਰੰਸ ਦਾ ਪ੍ਰਬੰਧ ਕਰਦੀ ਹੈ। ਇਸੇ ਲੜੀ ਦੇ ਤਹਿਤ ਇਸ ਸਾਲ ਵੀ 8-9 ਅਗਸਤ 2026 ਨੂੰ ਯੂਨੀਵਰਸਿਟੀ ਕਾਲਜ ਆਫ਼ ਲੰਡਨ ਦੀ ਇੰਸਟੀਟਿਊਟ ਆਫ ਐਜੂਕੇਸ਼ਨ ਵਿਖੇ ਪੰਜਾਬੀ ਕਾਨਫਰੰਸ ਕਰਵਾਈ ਜਾਵੇਗੀ। ਜਿਸ ਵਿੱਚ ਪੰਜਾਬੀ ਬੋਲੀ ਤੇ ਲਿੱਪੀ, ਭਾਸ਼ਾ ਤੇ ਸਾਹਿਤ, ਇਤਿਹਾਸ ਅਤੇ ਵਿਰਾਸਤ ਨਾਲ ਸੰਬੰਧਤ ਵਿਦਵਾਨਾਂ ਤੇ ਚਿੰਤਕਾਂ ਵੱਲੋਂ ਖੋਜ ਭਰਪੂਰ ਪਰਚੇ ਪੇਸ਼ ਕੀਤੇ ਜਾਣਗੇ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬੀ ਕਾਨਫਰੰਸ ਦੇ ਪ੍ਰਧਾਨ ਡਾ ਪਰਗਟ ਸਿੰਘ ਤੇ ਆਯੋਜਨ ਟੀਮ ਦੀ ਅਗਵਾਈ ਕਰ ਰਹੇ ਹਰਵਿੰਦਰ ਸਿੰਘ, ਕੰਵਰ ਸਿੰਘ ਬਰਾੜ ਤੇ ਬਲਵਿੰਦਰ ਸਿੰਘ ਚਾਹਲ ਹੋਰਾਂ ਨੇ ਦੱਸਿਆ ਕਿ ਪੰਜਾਬੀ ਭਾਸ਼ਾ ਸੰਬੰਧੀ ਕਰਵਾਈ ਜਾਣ ਵਾਲੀ ਇਹ ਕਾਨਫਰੰਸ ਬਹੁਤ ਸਾਰੇ ਪੱਖਾਂ ਤੋਂ ਵਿਲੱਖਣ ਹੈ। ਜਿਸ ਵਿੱਚ ਇਸ ਕਾਨਫਰੰਸ ਦਾ ਪ੍ਰਬੰਧ ਕਰਨ ਵਿੱਚ ਇਥੋਂ ਦੇ ਜੰਮਪਲ ਨੌਜਵਾਨਾਂ ਦੀ ਸ਼ਮੂਲੀਅਤ, ਗੁਣਵੱਤਾ ਤੇ ਖੋਜ ਭਰਪੂਰ ਪਰਚੇ ਆਦਿ ਮੁੱਖ ਹੈ। ਉਹਨਾਂ ਇਹ ਵੀ ਦੱਸਿਆ ਕਿ ਹੋਰ ਵਿਸ਼ਿਆਂ ਦੇ ਨਾਲ ਨਾਲ ਇਸ ਕਾਨਫਰੰਸ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ ਕੀਤੇ ਕਾਰਜਾਂ ਉੱਪਰ ਵਿਸ਼ੇਸ਼ ਤੌਰ 'ਤੇ ਵਿਚਾਰ ਚਰਚਾ ਹੋਵੇਗੀ। ਜਿਸ ਦਾ ਮੁੱਖ ਕਾਰਨ ਹੈ ਕੇ ਸੌ ਵਰ੍ਹੇ ਪਹਿਲਾਂ 1926 ਵਿੱਚ ਭਾਈ ਸਾਹਿਬ ਨੇ ਮਹਾਨ ਕੋਸ਼ ਦੀ ਲਿਖਤ ਨੂੰ ਨਪੇਰੇ ਚਾੜ੍ਹ ਦਿੱਤਾ ਸੀ। ਮਹਾਨ ਕੋਸ਼ ਦੇ ਛਪਣ ਦੀ ਸ਼ਤਾਬਦੀ ਨੂੰ ਮੁੱਖ ਰੱਖਦਿਆਂ 2030 ਦੀ ਪੰਜਾਬੀ ਕਾਨਫਰੰਸ ਯੂਕੇ ਭਾਈ ਕਾਹਨ ਸਿੰਘ ਨਾਭਾ ਦੇ ਜੀਵਨ ਅਤੇ ਅਜੋਕੀ ਪੰਜਾਬੀ ਕੋਸ਼ ਪ੍ਰਕਿਰਿਆ ਨੂੰ ਪੂਰਨ ਤੌਰ ਤੇ ਸਮਰਪਿਤ ਹੋਵੇਗੀ।

# ਯੂ ਕੇ ਵਿੱਚ ਗਰਮੀ ਕਾਰਨ ਦੋ ਮਹੀਨਿਆਂ ਵਿੱਚ ਮੌਤਾਂ ਦਾ ਅੰਕੜਾ 2025 ਨਾਲੋਂ ਦੁੱਗਣਾ

***ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਿਹਤ ਸੁਰੱਖਿਆ ਏਜੰਸੀ ਵੱਲੋਂ ਜਾਰੀ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਮਈ ਅਤੇ ਜੂਨ ਦੇ ਮਹਿਜ਼ ਦੋ ਮਹੀਨਿਆਂ ਦੌਰਾਨ ਹੀ ਗਰਮੀ ਦੀ ਲਹਿਰ ਕਾਰਨ ਹੋਣ ਵਾਲੀਆਂ ਮੌਤਾਂ ਦੀ ਗਿਣਤੀ 2,877 ਤੱਕ ਪਹੁੰਚ ਗਈ ਹੈ। ਇਹ ਅੰਕੜਾ ਸਾਲ 2025 ਦੀ ਪੂਰੀ ਗਰਮੀ ਦੇ ਮੌਸਮ ਦੌਰਾਨ ਹੋਈਆਂ ਕੁੱਲ 1,504 ਮੌਤਾਂ ਨਾਲੋਂ ਲਗਭਗ ਦੁੱਗਣਾ ਹੈ। ਸਿਹਤ ਮਾਹਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਜੁਲਾਈ ਅਤੇ ਅਗਸਤ ਦੇ ਮਹੀਨਿਆਂ ਦੇ ਅੰਕੜੇ ਆਉਣ ਤੋਂ ਬਾਅਦ, ਸਾਲ 2026 ਯੂ ਕੇ ਦੇ ਇਤਿਹਾਸ ਵਿੱਚ ਸਭ ਤੋਂ ਵੱਧ ਗਰਮੀ ਨਾਲ ਸਬੰਧਤ ਮੌਤਾਂ ਵਾਲਾ ਸਾਲ ਬਣ ਸਕਦਾ ਹੈ। ਇਸ ਤੋਂ ਪਹਿਲਾਂ ਸਭ ਤੋਂ ਵੱਧ 2,985 ਮੌਤਾਂ ਦਾ ਰਿਕਾਰਡ 2022 ਵਿੱਚ ਦਰਜ ਕੀਤਾ ਗਿਆ ਸੀ।***

ਰਿਪੋਰਟਾਂ ਮੁਤਾਬਿਕ ਮਈ ਵਿੱਚ ਵੱਧ ਤੋਂ ਵੱਧ ਤਾਪਮਾਨ 31.5 ਡਿਗਰੀ ਕਿਊ ਗਾਰਡਨਜ਼ ਵਿਖੇ ਦਰਜ ਕੀਤਾ ਗਿਆ ਅਤੇ ਮੌਤਾਂ ਦੀ ਗਿਣਤੀ 753 ਸੀ, ਜਦ ਕਿ ਜੂਨ ਦੀ ਗਰਮੀ ਦਾ ਵੱਧ ਤੋਂ ਵੱਧ ਤਪਮਾਨ 37.7 ਡਿਗਰੀ ਤੱਕ ਲਿੰਗਵੁੱਡ ਵਿਖੇ ਪਹੁੰਚਿਆ ਅਤੇ ਮੌਤਾਂ ਦੀ ਗਿਣਤੀ 2124 ਦਰਜ ਕੀਤੀ ਗਈ। ਜਿਸ ਮੁਤਾਬਿਕ ਮਈ ਅਤੇ ਜੂਨ 2026 ਵਿੱਚ ਕੁਲ 2877 ਮੌਤਾਂ ਹੋਈਆਂ ਜਦ ਕਿ 2025 ਦੇ ਪੂਰੇ ਗਰਮੀ ਸੀਜ਼ਨ ਵਿੱਚ ਹੋਈਆਂ 1504 ਮੌਤਾਂ ਨਾਲੋਂ ਇਹ ਅੰਕੜਾ ਦੁੱਗਣਾ ਹੈ।

ਅਧਿਕਾਰੀਆਂ ਅਨੁਸਾਰ ਮਈ ਅਤੇ ਜੂਨ ਵਿੱਚ ਆਈ ਅਚਾਨਕ ਗਰਮੀ ਕਾਰਨ ਆਮ ਲੋਕਾਂ ਅਤੇ ਸਿਹਤ ਸੰਸਥਾਵਾਂ ਨੂੰ ਮੌਸਮ ਮੁਤਾਬਕ ਢਲਣ ਦਾ ਪੂਰਾ ਸਮਾਂ ਨਹੀਂ ਮਿਲਿਆ। ਜਿਸ ਕਾਰਨ ਰਾਸ਼ਟਰੀ ਸਿਹਤ ਸੇਵਾ ਅਤੇ ਐਮਰਜੈਂਸੀ ਸੇਵਾਵਾਂ 'ਤੇ ਮਰੀਜ਼ਾਂ ਦਾ ਬੋਝ ਵਧ ਗਿਆ। ਸਿਹਤ ਵਿਭਾਗ ਨੇ ਬਜ਼ੁਰਗਾਂ ਅਤੇ ਪਹਿਲਾਂ ਤੋਂ ਬੀਮਾਰ ਵਿਅਕਤੀਆਂ ਦੀ ਵਿਸ਼ੇਸ਼ ਦੇਖਭਾਲ ਲਈ ਜ਼ਰੂਰੀ ਦਿਸ਼ਾ-ਨਿਰਦੇਸ਼ ਵੀ ਜਾਰੀ ਕੀਤੇ ਹਨ। ਮਹਿਰਾਂ ਮੁਤਾਬਿਕ ਅਗਲੇ ਦਿਨਾਂ ਵਿੱਚ ਗਰਮੀ ਕਾਰਨ ਕਈ ਨਵੇਂ ਰਿਕਾਰਡ ਬਣ ਸਕਦੇ ਹਨ।

# ਇੰਗਲੈਂਡ ਦੇ ਪ੍ਰਮਾਣੂ ਪਲਾਂਟ ਨੇੜੇ ਸਫੋਲਕ ਦੇ ਜੰਗਲਾਂ 'ਚ ਭਿਆਨਕ ਅੱਗ-ਸੈਂਕੜੇ ਸੈਲਾਨੀਆਂ ਨੂੰ ਕੱਢਿਆ ਬਾਹਰ





ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਦੇ ਵਿੱਚ ਗਰਮੀ ਦੀ ਲਹਿਰ ਦੌਰਾਨ ਕਈ ਖੇਤਰਾਂ ਵਿੱਚ ਭਿਆਨਕ ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਸਫੋਲਕ ਦੇ ਤੱਟਵਰਤੀ ਖੇਤਰ ਡਨਵਿਚ ਹੀਥ ਵਿਖੇ ਲੱਗੀ ਅੱਗ ਬੇਕਾਬੂ ਹੋਣ ਤੋਂ ਬਾਅਦ ਪ੍ਰਸ਼ਾਸਨ ਵੱਲੋਂ 'ਗੰਭੀਰ ਘਟਨਾ' ਐਲਾਨ ਦਿੱਤਾ ਗਿਆ ਹੈ।ਇਥੋਂ ਵੱਡੇ ਪੱਧਰ 'ਤੇ ਲੋਕਾਂ ਨੂੰ ਬਾਹਰ ਕੱਢਿਆ ਗਿਆ ਹੈ। ਪ੍ਰਾਪਤ ਜਾਣਕਾਰੀ ਅਨੁਸਾਤ 'ਕਲਿਫ ਹਾਊਸ ਹੋਲੀਡੇ ਪਾਰਕ' ਤੋਂ ਲਗਭਗ 200 ਕਾਰਾਵਾਨਾਂ (ਰਿਹਾਇਸ਼ੀ ਗੱਡੀਆਂ) ਅਤੇ ਸੈਂਕੜੇ ਸੈਲਾਨੀਆਂ ਸਮੇਤ ਕੋਸਟਗਾਰਡ ਕੋਟੇਜਿਜ਼ ਅਤੇ ਮਾਊਂਟ ਪਲੀਜ਼ੈਂਟ ਫਾਰਮ ਦੇ ਨਿਵਾਸੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ।ਇਹ ਅੱਗ 'ਸਾਈਜ਼ਵੈੱਲ ਬੀ' ਪ੍ਰਮਾਣੂ ਪਾਵਰ ਸਟੇਸ਼ਨ ਤੋਂ ਮਹਿਜ਼ 3 ਤੋਂ 4 ਮੀਲ ਦੀ ਦੂਰੀ 'ਤੇ ਪਹੁੰਚ ਗਈ ਸੀ। ਹਾਲਾਂਕਿ, ਸਫੋਲਕ ਫਾਇਰ ਐਂਡ ਰੈਸਕਿਊ ਸਰਵਿਸ ਅਤੇ ਪਲਾਂਟ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਹੈ ਕਿ ਅੱਗ ਕਾਰਨ ਪ੍ਰਮਾਣੂ ਪਲਾਂਟ ਨੂੰ ਕੋਈ ਵੀ ਫੌਰੀ ਖ਼ਤਰਾ ਨਹੀਂ ਹੈ। ਤੇਜ਼ ਹਵਾਵਾਂ ਅਤੇ ਗਰਮ ਮੌਸਮ ਕਾਰਨ ਭੜਕੀ ਇਸ ਅੱਗ 'ਤੇ ਕਾਬੂ ਪਾਉਣ ਲਈ 120 ਦੇ ਲਗਭਗ ਫਾਇਰਫਾਈਟਰਜ਼ ਦਿਨ-ਰਾਤ ਜੱਦੋ-ਜਹਿਦ ਕਰ ਰਹੇ ਹਨ।ਲੰਡਨ ਦੇ ਕਈ ਖੇਤਰਾਂ ਵਿੱਚ ਵੀ ਭਾਰੀ ਗਰਮੀ ਕਾਰਨ ਸੁੱਕੇ ਘਾਹ ਨੂੰ ਅੱਗ ਲੱਗਣ ਦੀਆਂ ਘਟਨਾਵਾਂ ਵਾਪਰੀਆਂ ਹਨ। ਰੋਮਫੋਰਡ ਵਿੱਚ ਲਗਭਗ 30 ਹੈਕਟੇਅਰ ਘਾਹ ਦਾ ਮੈਦਾਨ ਅੱਗ ਦੀ ਲਪੇਟ ਵਿੱਚ ਆਇਆ, ਜਦਕਿ ਬਲੈਕਹੀਥ ਦੇ ਖੇਤਰ ਵੀ ਪ੍ਰਭਾਵਿਤ ਹੋਏ ਹਨ।


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
ਕਿਸ਼ਤ–54

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ

**ਦਾਦੂ ਬਾਣੀ ਉੱਤੇ ਗੁਰੂ ਨਾਨਕ ਬਾਣੀ ਦਾ ਕਿਤਨਾ ਪ੍ਰਭਾਵ ਹੈ ? ਇਹ ਇਕ ਵੱਖਰਾ ਵਿਸ਼ਾ ਹੈ। ਇਸ ਭਗਤਮਾਲਾ ਵਿੱਚ ਦਾਦੂ ਪੰਥੀਆਂ ਨੇ ਕਬੀਰ ਪੰਥੀਆਂ ਦੀਆਂ ਉਨ੍ਹਾਂ ਕਲਪਨਾ ਦਾ ਵੀ ਧੂੰਆਂ ਸਾਫ਼ ਕੀਤਾ ਹੈ ਜੋ ਕਬੀਰ ਪੰਥੀ ਗੁਰੂ ਨਾਨਕ ਜੀ ਨੂੰ ਕਬੀਰ ਜੀ ਤੋਂ ਪ੍ਰਭਾਵਤ ਹੋਏ ਕਹਿੰਦੇ ਸਨ। ਗੁਰੂ ਨਾਨਕ ਜੀ ਪਹਿਲੀ ਥਾਂ ਸੂਰਜ ਰੂਪ ਸਨ। ਉਨ੍ਹਾਂ ਨੂੰ ਪ੍ਰਕਾਸ਼ ਦੀ ਜੋਤ ਧੁਰੋਂ ਪ੍ਰਾਪਤ ਹੋਈ ਸੀ। ਜਿਸ ਨੂਰ ਦਾ ਪ੍ਰਕਾਸ਼ ਗੁਰੂ ਜੀ ਨੇ ਦੇਸ਼ ਵਿਦੇਸ਼ ਵਿੱਚ ਵੰਡਿਆ।**




ਦਾਦੂ ਜੀ ਦੇ ਜੀਵਨ ਪ੍ਰਸੰਗਾਂ ਵਿੱਚ ਇਹ ਇਤਿਹਾਸਕ ਮਹੱਤਵ ਦੀ ਟੂਕ ਹੈ। ਅਕਬਰ ਵੱਲੋਂ ਦਾਦੂ ਜੀ ਨੂੰ ਸੀਕਰੀ (ਆਗਰੇ) ਵਿੱਚ ਯਾਦ ਕਰਨਾ ਅਤੇ ਦਾਦੂ ਜੀ ਦਾ ਅਕਬਰ ਨੂੰ ਉਥੇ ਜਾ ਕੇ ਮਿਲਣਾ: ਸੀਕਰੀ ਸ਼ਾਹ ਅਕਬਰ ਨੇ ਸੁਨੇ, ਦਾਦੂ ਅਸਲੀ ਫਕੀਰ ਖੁਦਾਈ।

ਜਹਾਂਗੀਰ ਦੇ ਅਜਮੇਰ ਜਾਣ ਸਮੇਂ ਰਸਤੇ ਵਿੱਚ ਦਾਦੂ ਪੰਥੀ ਗਰੀਬ ਦਾਸ ਨੂੰ ਮਿਲਣ ਤੇ ਤਲਬ ਬਣਾਉਣ ਦੀ ਕਥਾ ਭੀ ਦਿੱਤੀ ਹੈ। ਦਾਦੂ ਪੰਥੀਆਂ, ਸੰਤਾਂ, ਭਗਤਾਂ, ਸੇਵਕਾਂ, ਸੇਵਕਾਵਾਂ, (ਬਾਈਆਂ) ਦੀ ਕਥਾ ਵੱਡੇ ਵਿਸਥਾਰ ਨਾਲ ਲਿਖੀ ਗਈ ਹੈ। ਉਪਰਲੀ ਚਰਚਾ ਵਿੱਚੋਂ ਇਹ ਚੀਜ਼ਾਂ ਧਿਆਨ ਵਿੱਚ ਲਿਆਉਣ ਵਾਲੀਆਂ ਹਨ:

1. ਸ੍ਰੀ ਗੁਰੂ ਨਾਨਕ ਜੀ ਨਿਰਗੁਣ ਭਗਤੀ ਦੇ ਆਦਿ ਪਵਿੱਤ੍ਰ ਅਤੇ ਮੁਖੀ ਸੂਰਜ ਰੂਪ ਸਨ।
2. ਗੁਰੂ ਨਾਨਕ ਜੀ ਨੂੰ ਪਾਰ ਬ੍ਰਹਮ ਪ੍ਰਮੇਸ਼ਰ ਤੋਂ ਸਿੱਧੀ (ਸਾਖਿਆਤ) ਪ੍ਰਾਪਤ ਹੋਈ ਦੱਸੀ ਹੈ।
3. ਕਬੀਰ ਜੀ ਅਤੇ ਉਨ੍ਹਾਂ ਦੀ ਪ੍ਰਣਾਲੀ ਦੂਜੇ ਨੰਬਰ ਉਤੇ ਆਉਂਦੀ ਹੈ।
4. ਕਬੀਰ ਜੀ ਨੂੰ ਭਗਤ, ਗੁਰੂ ਨਾਨਕ ਜੀ ਨੂੰ ਗੁਰੂ ਅਤੇ ਨਿਰਗੁਣ ਪੰਥੀਆਂ ਦੇ ਆਦਿ ਮੰਨਿਆ ਹੈ।
5. ਕਬੀਰ ਜੀ ਦਾ ਸ਼ਾਹ ਸਿਕੰਦਰ ਨਾਲ ਮੇਲ ਤੇ ਖਲਪਟੀ ਹੋਣ ਵਾਲੀ ਕਥਾ ਇਸ ਪੁਰਾਣੇ ਸਮੇਂ ਦੇ ਗ੍ਰੰਥਾਂ ਤੋਂ ਭੀ ਪ੍ਰਮਾਣਤ ਹੈ।
6. ਦਾਦੂ ਜੀ ਅਕਬਰ ਦੇ ਸਮਕਾਲੀ ਸਨ। ਉਸ ਨੂੰ ਮਿਲੇ ਸੀ।
7. ਦਾਦੂ ਜੀ ਨੇ ਆਪਣਾ ਪੰਥ, ਕਈ ਗ੍ਰੰਥ ਮੰਥਨ ਕਰਕੇ ਚਲਾਇਆ ਸੀ।

ਦਾਦੂ ਬਾਣੀ ਉਤੇ ਗੁਰੂ ਨਾਨਕ ਬਾਣੀ ਦਾ ਕਿਤਨਾ ਪ੍ਰਭਾਵ ਹੈ? ਇਹ ਇਕ ਵੱਖਰਾ ਵਿਸ਼ਾ ਹੈ। ਇਸ ਭਗਤਮਾਲਾ ਵਿੱਚ ਦਾਦੂ ਪੰਥੀਆਂ ਨੇ ਕਬੀਰ ਪੰਥੀਆਂ ਦੀਆਂ ਉਨ੍ਹਾਂ ਕਲਪਨਾ ਦਾ ਵੀ ਧੂੰਆਂ ਸਾਫ਼ ਕੀਤਾ ਹੈ ਜੋ ਕਬੀਰ ਪੰਥੀ ਗੁਰੂ ਨਾਨਕ ਜੀ ਨੂੰ ਕਬੀਰ ਜੀ ਤੋਂ ਪ੍ਰਭਾਵਤ ਹੋਏ ਕਹਿੰਦੇ ਸਨ। ਗੁਰੂ ਨਾਨਕ ਜੀ ਪਹਿਲੀ ਥਾਂ ਸੂਰਜ ਰੂਪ ਸਨ। ਉਨ੍ਹਾਂ ਨੂੰ ਪ੍ਰਕਾਸ਼ ਦੀ ਜੋਤ ਧੁਰੋਂ ਪ੍ਰਾਪਤ ਹੋਈ ਸੀ। ਜਿਸ ਨੂਰ ਦਾ ਪ੍ਰਕਾਸ਼ ਗੁਰੂ ਜੀ ਨੇ ਦੇਸ਼ ਵਿਦੇਸ਼ ਵਿੱਚ ਵੰਡਿਆ।

## ਗੁਰੂ ਨਾਨਕ ਜੀ ਦਾ ਗੁਰੂ ਕੌਣ ਸੀ?

ਗੁਰੂ ਨਾਨਕ ਜੀ ਦੀ ਬਾਣੀ ਵਿੱਚ ਕਿਸੇ ਸੰਸਾਰੀ ਜਾਂ ਦੇਹਧਾਰੀ ਗੁਰੂ ਤੋਂ ਗਿਆਨ ਹਾਸਲ ਕਰਨ ਬਾਰੇ ਕੋਈ ਸੰਕੇਤ ਤੱਕ ਨਹੀਂ। ਉਨ੍ਹਾਂ ਨੇ ਸੈਭੰ ਤੋਂ ਅਜੋਨੀ ਦੀ ਪ੍ਰਾਪਤੀ ਦਾ ਪ੍ਰਗਟਾਉ ਆਪਣੀ ਰਚਨਾ ਵਿੱਚ ਆਪ, ਇਕ ਤੋਂ ਵਧੀਕ ਥਾਂ ਕੀਤਾ ਹੈ। ਗੁਰੂ ਨਾਨਕ ਜੀ ਨੇ ਆਪਣਾ ਗੁਰੂ ਆਦਿ ਪੁਰਖ ਪ੍ਰਭੂ ਪਾਇਆ ਅਕਾਲ ਮੂਰਤ, ਨਿਰੰਕਾਰ, ਪਰਾਬ੍ਰਹਮ, ਪ੍ਰਮੇਸ਼ਵਰ ਮੰਨਿਆ ਹੈ:

ਤਤ ਨਿਰੰਜਨ ਜੋਤਿ ਸਬਾਈ
ਸੋਹੰ ਭੇਦ ਨ ਕੋਈ ਜੀਉ॥
ਅਪਰੰਪਾਰ ਪਾਰਬ੍ਰਹਮ ਪਰਮੇਸਰ
ਨਾਨਕ ਗੁਰੁ ਮਿਲਿਆ ਸੋਈ ਜੀਉ॥
(ਸੋਰਠ ਮ.1, 599)

ਕਾਇਮ ਦਾਇਮ ਰਹਿਣ ਵਾਲੇ ਨਿਰੰਕਾਰ ਦੇ ਅਜੋਨੀ ਸੱਤ ਸਰੂਪ ਨੂੰ ਗੁਰੂ ਪ੍ਰਵਾਨ ਕੀਤਾ ਹੈ:

ਏਕੰਕਾਰੁ ਅਵਰੁ ਨਹੀ ਦੂਜਾ ਨਾਨਕ ਏਕ ਸਮਾਈ॥ (ਰਾਮਕਲੀ ਮ: 1–90)
ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ॥
(ਵਾਰ ਮਲਾਰ ਮ: 1, 1291)
ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਇ॥
ਦੂਜਾ ਕਾਹੇ ਸਿਮਰੀਐ ਜੋ ਜੰਮੈ ਤੇ ਮਰ ਜਾਇ॥
ਸਾਹਿਬੁ ਮੇਰਾ ਏਕੋ ਹੈ ਏਕੋ ਹੈ ਭਾਈ ਏਕੋ ਹੈ॥ (ਆਸਾ ਮਹਲਾ 1, 350)
ਬੀਜਉ ਸੂਝੈ ਕੋ ਨਹੀ ਬਹੈ ਦੁਲੀਚਾ ਪਾਇ॥
(ਰਾਮਕਲੀ ਮਹਲਾ 1, 936)
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ॥
(ਸਾਰੰਗ ਮਹਲਾ 1 ਅਸ਼ਟਪਦੀਆਂ–1233)

ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਰਚਨਾ ਮਾਝ ਕੀ ਵਾਰ ਵਿੱਚ ਪ੍ਰਾਪਤੀ ਦਾ ਇਹ ਪ੍ਰਸੰਗ ਖੋਲ੍ਹ ਕੇ ਲਿਖਿਆ ਹੈ: ਮੈਨੂੰ ਆਪਣੇ ਢਾਡੀ ਨੂੰ ਅਕਾਲ ਪੁਰਖ ਨਿਰੰਕਾਰ ਨੇ ਆਪਣੀ ਹਜ਼ੂਰੀ ਵਿੱਚ ਸੱਦਿ–ਆ। ਮੇਰੇ ਅਕਾਰਥ (ਬੇਕਾਰ) ਜਾ ਰਹੇ ਜੀਵਨ ਨੂੰ ਸਕਾਰਥ ਕਰਨ ਲਈ ਧੁਰਹੁੰ ਬਖਸ਼ਸ਼ ਹੋਈ। ਸੱਚੀ ਸਿਫ਼ਤ–ਸਲਾਹ ਦਾ ਸਰੋਪਾਉ ਪ੍ਰਾਪਤ ਹੋਇਆ। ਅੰਮ੍ਰਿਤ ਨਾਮ ਦੀ ਪ੍ਰਾਪਤੀ ਹੋਈ। ਮੈ ਅੰਮ੍ਰਿਤ ਭੋਜਨ, (ਨਾਮ) ਰੱਜ ਕੇ ਖਾਧਾ। ਗੁਰਮਤੀ, ਰੱਜ ਰੱਜ ਕੇ ਖਾਧੇ ਭੋਜਨ ਤੋਂ ਸੰਪੂਰਨ ਤ੍ਰਿਪਤੀ ਮਿਲੀ। ਧੁਰੋਂ ਹੁਕਮੁ ਹੋਇਆ, ਹੁਣ ਏਹੋ ਕਾਰ ਤੁਸਾਂ ਅੱਗੇ ਕਰਨੀ ਹੈ। ਮੈਂ ਉਹ ਸਵੀਕਾਰ ਕੀਤੀ।

ਸੱਚੀ ਸਿਫਤ ਸਲਾਹ ਦੀ ਪ੍ਰਾਪਤੀ ਸ੍ਰੀ ਗੁਰੂ ਜੀ ਨੂੰ ਪ੍ਰਮੇਸ਼ਵਰ ਦੀ ਹਜ਼ੂਰੀ ਵਿੱਚ ਪਹੁੰਚਣ ਤੋਂ ਹੋਈ। ਪ੍ਰਮੇਸ਼ਵਰੀ ਆਵਾਜ਼ ਨੇ ਪੁੱਛਿਆ, ਕਿਸ ਅਰਥ ਤੂੰ ਆਇਆ ਹੈਂ? ਫਿਰ ਪ੍ਰਮੇਸ਼ਵਰ ਦੇ ਸਾਖਿਆਤ ਹੋਣ ਤੋਂ ਵਿਸਮਾਦੀ ਦਸ਼ਾ ਵਰਤ ਗਈ ਜਿਸ ਦਾ ਵਰਨਣ ਮਹਲਾ 5 ਅਤੇ ਮਹਲਾ 4 ਨੇ ਵੀ ਕੀਤਾ ਹੈ:

ਪ੍ਰਭ ਦੇਖਦਿਆ ਦੁਖ ਭੁਖ ਗਈ
ਢਾਢੀ ਕਉ ਮੰਗਣੁ ਚਿਤਿ ਨ ਆਵੈ॥
(ਮਾਰੂ ਵਾਰ ਮ: 5, 1097)
ਹਰਿ ਪੁਛਿਆ ਢਾਢੀ ਸਦਿ ਕੈ
ਕਿਤੁ ਅਰਥਿ ਤੂੰ ਆਇਆ॥
(ਵਾਰ ਸਿਰੀ ਰਾਗ ਮ: 4, 91)
ਨਿਤ ਦੇਵਹੁ ਦਾਨੁ ਦਇਆਲ
ਪ੍ਰਭ ਹਰਿ ਨਾਮੁ ਧਿਆਇਆ॥
(ਵਾਰ ਸਿਰੀ ਰਾਗ ਮ: 4, 91)

ਗੁਰੂ ਰਾਮ ਦਾਸ ਜੀ ਨੇ ਇਸ ਦੀ ਇਸ ਤਰ੍ਹਾਂ ਵੀ ਸਾਖ ਭਰੀ ਹੈ।

ਭਾਈ ਵੇਖਹੁ ਨਿਆਉ ਸਚੁ ਕਰਤੇ
ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਇ॥
ਜਨ ਨਾਨਕ ਕਉ ਸਭ ਸੋਝੀ ਪਾਈ
ਹਰਿ ਦਰ ਕੀਆ ਬਾਤਾ ਆਖਿ ਸੁਣਾਇ॥
(ਗਉੜੀ ਕੀ ਵਾਰ ਮ.4, 308)

ਮਹਾਂਵਾਕਾਂ ਦੀ ਵਿਆਖਿਆ ਦਾ ਅਧਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਨ੍ਹਾਂ ਬਚਨਾਂ ਉਤੇ ਹੈ:

ਹਉ ਢਾਢੀ ਵੇਕਾਰੁ ਕਾਰੈ ਲਾਇਆ॥
ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥
ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥
ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥
ਨਾਨਕ ਸਚੁ ਸਾਲਾਹਿ ਪੂਰਾ ਪਾਇਆ॥
(ਮਾਝ ਵਾਰ ਮ: 1, 150)
ਖਸਮੈ ਕੈ ਦਰਬਾਰਿ ਢਾਢੀ ਵਸਿਆ॥
ਸਚਾ ਖਸਮੁ ਕਲਾਣਿ ਕਮਲੁ ਵਿਗਸਿਆ॥
ਖਸਮਹੁ ਪੂਰਾ ਪਾਇ ਮਨਹੁ ਰਹਸਿਆ॥
ਦੁਸਮਨ ਕਢੇ ਮਾਰਿ ਸਜਣ ਸਰਸਿਆ॥
ਸਚਾ ਸਤਿਗੁਰੁ ਸੇਵਨਿ ਸਚਾ
ਮਾਰਗੁ ਦਸਿਆ॥
ਸਚਾ ਸਬਦੁ ਬੀਚਾਰਿ ਕਾਲੁ ਵਿਧਉਸਿਆ॥
ਢਾਢੀ ਕਥੇ ਅਕਥੁ ਸਬਦਿ ਸਵਾਰਿਆ॥
ਨਾਨਕ ਗੁਣ ਗਹਿ ਰਾਸਿ,
ਹਰਿ ਜੀਉ ਮਿਲੇ ਪਿਆਰਿਆ॥
(ਵਾਰ ਮਾਝ ਮ: 1, 148)

ਗੁਰੂ ਨਾਨਕ ਜੀ ਪ੍ਰਮੇਸ਼ਵਰ ਦੀ ਹਜ਼ੂਰੀ ਵਿੱਚ ਬੁਲਾਏ ਗਏ, ਉਥੇ ਸੱਚੀ ਸਿਫਤ ਸਲਾਹ ਦਾ ਸਿਰੋਪਾਉ ਪਹਿਨਾਇਆ ਗਿਆ। ਇਹ ਉਨ੍ਹਾਂ ਦੇ ਆਪਣੇ ਬਚਨ ਹਨ। ਇਸ ਸਤਿਗੁਰ ਦੀ ਬਾਣੀ ਹੈ ਜਿਸ ਨੂੰ ਸਤਿ ਸਤਿ ਕਰ ਜਾਨਣਾ ਚਾਹੀਐ:

ਸਤਿਗੁਰ ਕੀ ਬਾਣੀ ਸਤਿ
ਸਤਿ ਕਰਿ ਜਾਣਹੁ
ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥
(ਗਉੜੀ ਵਾਰਮ: 4–308)

ਇਸ ਵਾਰਤਾ ਦਾ ਉਲੇਖ ਸਾਰੀਆਂ ਪੁਰਾਤਨ ਜਨਮਸਾਖੀਆਂ ਵਿੱਚ ਥੋੜ੍ਹੇ ਬਹੁਤ ਫਰਕ ਅਤੇ ਘੱਟ ਵੱਧ ਲਫਜ਼ਾਂ ਵਿੱਚ ਕਿਤੇ ਸੰਖੇਪ ਅਤੇ ਕਿਤੇ ਵਿਸਥਾਰ ਨਾਲ ਆਉਂਦਾ ਹੈ। ਜਨਮਸਾਖੀਆਂ ਦੀ ਵਾਰਤਾ ਉਪਰਲੇ ਗੁਰਵਾਕਾਂ ਦੀ ਵਿਆਖਿਆ ਵੀ ਹੈ ਅਤੇ ਇਤਿਹਾਸਕ ਪ੍ਰਮਾਣੀਕਤਾ ਭੀ ਦਰਸਾਉਂਦੀ ਹੈ*। ਪੁਰਾਤਨ ਜਨਮਸਾਖੀਆਂ ਵਿੱਚ ਇਹ ਵਾਰਤਾ ਇਸ ਰੂਪ ਵਿੱਚ ਆਈ ਹੈ:

* ਮਾਝ ਦੀ ਵਾਰ ਵਿਸ਼ੇਸ਼ ਪਉੜੀਆਂ ਵਿੱਚ, ਪ੍ਰਭੂ ਨਾਲ ਸਾਖਿਆਤ ਹੋਣ ਦੀ ਕਥਾ, ਹਜ਼ੂਰੀ ਵਿੱਚ ਹਾਜ਼ਰ ਹੋਣ ਦੇ ਦਰਸ਼ਨ ਝਲਕੇ ਅਤੇ ਪ੍ਰਭੂ ਦੇ ਗੁਣਗਾਨ ਧੁਨੀ ਦੀ ਅਨੇਕਾਂ ਬਾਈਂ ਦੀ ਗੂੰਜ ਸੁਣਦੀ ਹੈ: (ਤੂੰ ਕਰਤਾ ਪੁਰਖ ਅਗੰਮ ਹੈ) ਪਉੜੀ ਪਹਿਲੀ– ਸਚਾ ਤੇਰਾ ਹੁਕਮ ਗੁਰਮੁਖਿ ਜਾਣਿਆ। ਗੁਰਮਤੀ ਆਪ ਗਵਾਇ ਸਚੁ ਪਛਾਣਿਆ। ਸਚੁ ਤੇਰਾ ਦਰਬਾਰੁ ਸਬਦੁ ਨੀਸਾਣਿਆ। ਨਾਨਕ ਪਾਰਖੁ ਆਪ ਜਿਨ ਖੋਟਾ ਖਰਾ ਪਛਾਣਿਆ (ਪਉੜੀ, 13) ਹਉ ਢਾਢੀ ਵੇਕਾਰੁ ਕਾਰੈ ਲਾਇਆ, ਨਾਲ ਮੇਲ ਕੇ ਪੜ੍ਹੋ, –ਪੂਰੇ ਗੁਰ ਕੀ ਕਾਰ ਕਰਮਿ ਕਮਾਈਐ। ਗੁਰਮਤੀ ਆਪ ਗਵਾਇ ਨਾਮੁ ਧਿਆਈਐ। ਦੂਜੀ ਕਾਰੈ ਲਗਿ ਜਨਮ ਗਵਾਈਐ ਸਚਾ ਸਬਦ ਸਲਾਹਿ ਸਚਿ ਸਮਾਈਐ। ਪਉੜੀ 14 ਅਤੇ ਪਉੜੀ ਪੰਦਰ੍ਹਵੀਂ ਵਿੱਚ ਬਚਨ ਹਨ: ਸਤਿਗਰ ਆਖੈ ਤ ਕਾਰ ਸੁ ਕਾਰ ਕਮਾਈਐ। ਸਤਿਗੁਰੁ ਹੋਏ ਦਇਆਲ ਤ ਨਾਮੁ ਧਿਆਈਐ। ਸਚੈ ਦੇ ਦਰਿ ਜਾਇ ਸਚੁ ਚਵਾਈਐ। ਸਚੈ ਅੰਦਰਿ ਮਹਿਲ ਸਚਿ ਬੁਲਾਈਐ। ਨਾਨਕ ਸਚ ਸਦਾ ਸਚਿਆਰ ਸਚਿ ਸਮਾਈਐ।

ਪਉੜੀ ਅਠਾਰ੍ਹਵੀਂ ਵਿੱਚ ਤੁਕਾਂ ਹਨ: ਸਚਾ ਭੋਜਨੁ ਭਾਉ ਸਤਿਗੁਰਿ ਦਸਿਆ। ਸਚੇ ਹੀ ਪਤਿਆਇ ਸਚਿ ਵਿਗਸਿਆ। ਪ੍ਰਧਾਨ ਵਿਸ਼ਾ ਪ੍ਰਭੂ ਦੀ ਹਾਜ਼ਰੀ ਦਾ ਹੈ। ਉਸ ਦੀ ਪ੍ਰਾਪਤੀ ਪਿੱਛੋਂ ਅੱਗੋਂ ਸੱਚੀ ਕਾਰ ਕਰਨ ਦਾ ਹੈ।

ਚਲਦਾ......

# ਕੀ ਪਾਕਿਸਤਾਨ 'ਚ ਮਿਟਾਇਆ ਜਾ ਰਿਹੈ ਸਿੱਖ ਇਤਿਹਾਸ ?

## ✪ ਮਹਾਰਾਣੀ ਮੋਰਾਂ ਦੀ ਸਮਾਧ ਦੀ ਦੁਰਦਸ਼ਾ ਨੇ ਚੁੱਕੇ ਗੰਭੀਰ ਸਵਾਲ
## ✪ ਪਾਕਿਸਤਾਨ ਵਿਚ 400 ਤੋਂ ਵੱਧ ਇਤਿਹਾਸਕ ਗੁਰਦੁਆਰੇ ਹੋਏ ਖੰਡਰ

### ਖਾਸ ਰਿਪੋਰਟ

**ਇਸਲਾਮਾਬਾਦ/ਲਾਹੌਰ**

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਰਾਣੀ, ਮਹਾਰਾਣੀ ਮੋਰਾਂ ਦੀ ਲਾਹੌਰ ਸਥਿਤ ਸਮਾਧ ਦੀ ਮੌਜੂਦਾ ਖਸਤਾ ਹਾਲਤ ਨੇ ਪਾਕਿਸਤਾਨ ਵਿੱਚ ਸਿੱਖ ਇਤਿਹਾਸਿਕ ਅਤੇ ਧਾਰਮਿਕ ਵਿਰਾਸਤ ਦੇ ਹੋ ਰਹੇ ਭਾਰੀ ਨਿਘਾਰ ਨੂੰ ਇੱਕ ਵਾਰ ਫਿਰ ਅੰਤਰਰਾਸ਼ਟਰੀ ਪੱਧਰ 'ਤੇ ਚਰਚਾ ਦਾ ਮੁੱਦਾ ਬਣਾ ਦਿੱਤਾ ਹੈ। ਢਹਿ-ਢੇਰੀ ਹੋ ਰਹੀਆਂ ਕੰਧਾਂ, ਚਾਰੇ ਪਾਸੇ ਉੱਗਿਆ ਜੰਗਲੀ ਘਾਹ-ਫੂਸ ਅਤੇ ਦਹਾਕਿਆਂ ਦੀ ਸਰਕਾਰੀ ਅਣਦੇਖੀ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ ਕਿ ਪਾਕਿਸਤਾਨ ਸਰਕਾਰ ਵੱਲੋਂ ਸਿੱਖ ਇਤਿਹਾਸ ਦੀ ਸਹੀ ਢੰਗ ਨਾਲ ਸੰਭਾਲ ਨਹੀਂ ਕੀਤੀ ਜਾ ਰਹੀ।


### ਮੀਆਣੀ ਸਾਹਿਬ ਕਬਰਸਤਾਨ ਵਿੱਚ ਰੁਲ ਰਹੀ ਮਹਾਰਾਣੀ ਮੋਰਾਂ ਦੀ ਸਮਾਧ


ਮਹਾਰਾਣੀ ਮੋਰਾਂ, ਜੋ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਇੱਕ ਅਹਿਮ ਅਤੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਸਨ, ਦਾ ਦੇਹਾਂਤ ਸਾਲ 1867 ਵਿੱਚ ਹੋਇਆ ਸੀ। ਉਨ੍ਹਾਂ ਦੀ ਅੰਤਿਮ ਯਾਦਗਾਰ/ਸਮਾਧ ਲਾਹੌਰ ਦੇ ਇਤਿਹਾਸਕ ਮੀਆਣੀ ਸਾਹਿਬ ਕਬਰਸਤਾਨ ਵਿੱਚ ਸਥਿਤ ਹੈ।

ਇੱਕ ਤਾਜ਼ਾ ਖੋਜ ਰਿਪੋਰਟ ਅਨੁਸਾਰ, ਇਹ ਮਹੱਤਵਪੂਰਨ ਯਾਦਗਾਰ ਇਸ ਵੇਲੇ ਬੇਹੱਦ ਤਰਸਯੋਗ ਹਾਲਤ ਵਿੱਚ ਹੈ। ਸਥਾਨਕ ਪ੍ਰਸ਼ਾਸਨ ਦੀ ਬੇਰੁਖੀ ਕਾਰਨ ਇਹ ਸਮਾਧ ਹੌਲੀ-ਹੌਲੀ ਮਿੱਟੀ ਵਿੱਚ ਮਿਲ ਰਹੀ ਹੈ। ਇਹ ਸਿਰਫ਼ ਇੱਕ ਇਕੱਲੀ ਇਮਾਰਤ ਦਾ ਉਜਾੜਾ ਨਹੀਂ ਹੈ, ਸਗੋਂ ਇਹ ਉਸ ਵਿਸ਼ਾਲ ਸੰਕਟ ਦੀ ਝਲਕ ਹੈ ਜਿਸ ਦਾ ਸਾਹਮਣਾ ਪਾਕਿਸਤਾਨ ਵਿੱਚ ਸਿੱਖ ਸਾਮਰਾਜ ਨਾਲ ਜੁੜੀਆਂ ਸੈਂਕੜੇ ਥਾਵਾਂ ਕਰ ਰਹੀਆਂ ਹਨ।

### 400 ਤੋਂ ਵੱਧ ਇਤਿਹਾਸਕ ਗੁਰਦੁਆਰੇ, ਪਰ ਜ਼ਿਆਦਾਤਰ ਖੰਡਰ ਜਾਂ ਗਾਇਬ

ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਵਿੱਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਸਿੱਖ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ 400 ਤੋਂ ਵੱਧ ਇਤਿਹਾਸਕ ਗੁਰਦੁਆਰੇ ਮੌਜੂਦ ਹਨ। ਇਸ ਤੋਂ ਇਲਾਵਾ, ਸਿੱਖ ਰਾਜ ਨੂੰ ਸਥਾਪਿਤ ਕਰਨ ਅਤੇ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਦੇਣ ਵਾਲੇ ਮਹਾਨ ਜੋਧਿਆਂ- ਜਿਵੇਂ ਕਿ ਜਰਨਲ ਹਰੀ ਸਿੰਘ ਨਲੂਆ, ਅਕਾਲੀ ਫੂਲਾ ਸਿੰਘ, ਅਤੇ ਸਰਦਾਰ ਸ਼ਾਮ ਸਿੰਘ ਅਟਾਰੀਵਾਲਾ-ਨਾਲ ਜੁੜੀਆਂ ਕਈ ਯਾਦਗਾਰਾਂ ਵੀ ਇਸੇ ਧਰਤੀ 'ਤੇ ਹਨ।







### ਫਾਰੂਕਾਬਾਦ ਵਿੱਚ 125 ਸਾਲ ਪੁਰਾਣਾ ਗੁਰਦੁਆਰਾ ਢਾਹਿਆ: ਸਿੱਖਾਂ ਵੱਲੋਂ ਜ਼ਬਰਦਸਤ ਰੋਸ

ਵਿਰਾਸਤ ਦੇ ਇਸ ਉਜਾੜੇ ਦਾ ਇੱਕ ਖ਼ਤਰਨਾਕ ਨਮੂਨਾ ਇਸੇ ਸਾਲ ਜੂਨ ਮਹੀਨੇ ਵਿੱਚ ਦੇਖਣ ਨੂੰ ਮਿਲਿਆ, ਜਦੋਂ ਪਾਕਿਸਤਾਨ ਦੇ ਫਾਰੂਕਾਬਾਦ ਵਿੱਚ ਸਥਿਤ 125 ਸਾਲ ਪੁਰਾਣੇ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਸਾਹਿਬ ਨੂੰ ਢਾਹ ਦਿੱਤਾ ਗਿਆ ਸੀ। 24 ਜੂਨ ਦੀ ਰਾਤ ਨੂੰ ਇੱਕ ਸਥਾਨਕ ਕਾਰੋਬਾਰੀ ਨੇ ਬਿਨਾਂ ਕਿਸੇ ਸਰਕਾਰੀ ਮਨਜ਼ੂਰੀ ਜਾਂ ਅਦਾਲਤੀ ਹੁਕਮ ਦੇ ਬੁਲਡੋਜ਼ਰ ਚਲਾ ਕੇ ਗੁਰਦੁਆਰਾ ਸਾਹਿਬ ਦੇ ਇੱਕ ਵੱਡੇ ਹਿੱਸੇ ਨੂੰ ਮਲਬੇ ਵਿੱਚ ਤਬਦੀਲ ਕਰ ਦਿੱਤਾ ਸੀ। ਇਹ ਗੁਰਦੁਆਰਾ ਸਿੰਘ ਸਭਾ ਲਹਿਰ ਦੇ ਸਮੇਂ ਦਾ ਇਤਿਹਾਸਿਕ ਪ੍ਰਤੀਕ ਸੀ। ਘਟਨਾ ਦੇ ਸਮੇਂ ਨਾ ਤਾਂ ਵਿਰਾਸਤੀ ਵਿਭਾਗ ਨੇ ਕਾਰਵਾਈ ਕੀਤੀ ਅਤੇ ਨਾ ਹੀ ਈਟੀਪੀਬੀ ਨੇ ਬੁਲਡੋਜ਼ਰਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਜਦੋਂ ਫਾਰੂਕਾਬਾਦ ਦੇ ਸਿੱਖ ਪਰਿਵਾਰ ਆਪਣੀ ਇਤਿਹਾਸਕ ਧਰੋਹਰ ਨੂੰ ਬਚਾਉਣ ਲਈ ਸੜਕਾਂ 'ਤੇ ਉੱਤਰੇ, ਨਾਅਰੇਬਾਜ਼ੀ ਕੀਤੀ ਅਤੇ ਵਿਰੋਧ ਪ੍ਰਦਰਸ਼ਨ ਕੀਤਾ, ਉਦੋਂ ਜਾ ਕੇ ਪ੍ਰਸ਼ਾਸਨ ਨੇ ਇਸ ਗੈਰ-ਕਾਨੂੰਨੀ ਢਾਹ-ਢੁਆਈ ਦਾ ਨੋਟਿਸ ਲਿਆ। ਅਧਿਕਾਰੀਆਂ ਨੇ ਬਾਅਦ ਵਿੱਚ ਮੰਨਿਆ ਕਿ ਸਥਾਨਕ ਸਿੱਖਾਂ ਦੇ ਪ੍ਰਦਰਸ਼ਨ ਤੋਂ ਪਹਿਲਾਂ ਉਨ੍ਹਾਂ ਨੂੰ ਇਸ ਘਟਨਾ ਦੀ ਖ਼ਬਰ ਤੱਕ ਨਹੀਂ ਸੀ।?

ਪਾਕਿਸਤਾਨ ਵਿੱਚ ਘੱਟ-ਗਿਣਤੀਆਂ ਦੀਆਂ ਇਤਿਹਾਸਕ ਥਾਵਾਂ 'ਤੇ ਹੋ ਰਹੇ ਅਜਿਹੇ ਹਮਲਿਆਂ ਅਤੇ ਅਣਦੇਖੀ ਕਾਰਨ ਵਿਸ਼ਵ ਭਰ ਦੇ ਸਿੱਖਾਂ ਵਿੱਚ ਭਾਰੀ ਰੋਸ ਹੈ। ਸਿੱਖ ਚਿੰਤਕਾਂ ਅਤੇ ਧਾਰਮਿਕ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ:

ਮਹਾਰਾਣੀ ਮੋਰਾਂ ਦੀ ਸਮਾਧ ਦੀ ਤੁਰੰਤ ਮੁਰੰਮਤ ਕਰਵਾ ਕੇ ਇਸ ਨੂੰ ਇੱਕ ਸੁਰੱਖਿਅਤ ਇਤਿਹਾਸਕ ਸਮਾਰਕ ਘੋਸ਼ਿਤ ਕੀਤਾ ਜਾਵੇ।

ਬਲੋਚਿਸਤਾਨ, ਸਿੰਧ ਅਤੇ ਖ਼ੈਬਰ ਪਖਤੂਨਖਵਾ ਦੇ ਖੰਡਰ ਬਣ ਰਹੇ 400 ਤੋਂ ਵੱਧ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਦੀ ਸੁਰੱਖਿਆ ਸੁਨਿਸ਼ਚਿਤ ਕੀਤੀ ਜਾਵੇ।

ਫਾਰੂਕਾਬਾਦ ਵਿੱਚ ਗੁਰਦੁਆਰਾ ਸਾਹਿਬ ਢਾਹੁਣ ਵਾਲੇ ਦੋਸ਼ੀਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਢਾਂਚੇ ਨੂੰ ਦੁਬਾਰਾ ਬਣਾਇਆ ਜਾਵੇ।

ਮਹਾਰਾਣੀ ਮੋਰਾਂ ਦੀ ਸਮਾਧ ਦੀ ਬਦਹਾਲੀ ਇਹ ਸਪੱਸ਼ਟ ਕਰਦੀ ਹੈ ਕਿ ਜੇਕਰ ਪਾਕਿਸਤਾਨ ਸਰਕਾਰ ਨੇ ਆਪਣੀ ਨੀਤੀ ਵਿੱਚ ਬਦਲਾਅ ਨਾ ਕੀਤਾ, ਤਾਂ ਆਉਣ ਵਾਲੇ ਸਮੇਂ ਵਿੱਚ ਪਾਕਿਸਤਾਨ ਦੀ ਧਰਤੀ ਤੋਂ ਸਿੱਖ ਰਾਜ ਅਤੇ ਗੁਰੂ ਸਾਹਿਬਾਨ ਨਾਲ ਜੁੜਿਆ ਇੱਕ ਵੱਡਾ ਇਤਿਹਾਸਿਕ ਪੰਨਾ ਸਦਾ ਲਈ ਮਿਟ ਜਾਵੇਗਾ।



ਪਰ ਅਫਸੋਸਜਨਕ ਪਹਿਲੂ ਇਹ ਹੈ ਕਿ ਬਲੋਚਿਸਤਾਨ, ਸਿੰਧ, ਅਤੇ ਖ਼ੈਬਰ ਪਖਤੂਨਖਵਾ ਵਰਗੇ ਦੂਰ-ਦੁਰਾਡੇ ਸੂਬਿਆਂ ਵਿੱਚ ਸਥਿਤ ਜ਼ਿਆਦਾਤਰ ਇਤਿਹਾਸਕ ਗੁਰਦੁਆਰੇ ਅਤੇ ਸਮਾਰਕ ਜਾਂ ਤਾਂ ਪੂਰੀ ਤਰ੍ਹਾਂ ਨਸ਼ਟ ਹੋ ਚੁੱਕੇ ਹਨ ਜਾਂ ਫਿਰ ਨਜਾਇਜ਼ ਕਬਜ਼ਿਆਂ, ਗੈਰ-ਕਾਨੂੰਨੀ ਉਸਾਰੀਆਂ ਅਤੇ ਸਮੇਂ ਦੀ ਮਾਰ ਕਾਰਨ ਖੰਡਰ ਬਣ ਚੁੱਕੇ ਹਨ।

### ਈਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ' ਦੀ ਨਾਕਾਮੀ ਅਤੇ ਦਿਖਾਵੇ ਦੀ ਰਾਜਨੀਤੀ

ਪਾਕਿਸਤਾਨ ਸਰਕਾਰ ਅੰਤਰਰਾਸ਼ਟਰੀ ਮੰਚਾਂ 'ਤੇ ਅਕਸਰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦਾ ਹਵਾਲਾ ਦੇ ਕੇ ਆਪਣੇ ਆਪ ਨੂੰ ਧਾਰਮਿਕ ਵਿਰਾਸਤਾਂ ਦਾ ਵੱਡਾ ਰੱਖਿਅਕ ਸਾਬਤ ਕਰਨ ਦੀ ਕੋਸ਼ਿਸ਼ ਕਰਦੀ ਹੈ। ਹਾਲਾਂਕਿ, ਅਸਲ ਸੱਚਾਈ ਇਹ ਹੈ ਕਿ ਇਨ੍ਹਾਂ ਕੁਝ ਚੁਣੇ ਹੋਏ ਗੁਰਦੁਆਰਿਆਂ ਤੋਂ ਬਾਹਰ ਬਾਕੀ ਸਾਰੇ ਢਾਂਚੇ ਅਣਦੇਖੀ ਦਾ ਸ਼ਿਕਾਰ ਹਨ।

ਹਰ ਸਾਲ ਪਾਕਿਸਤਾਨੀ ਸਿੱਖ ਆਗੂਆਂ ਅਤੇ ਸੰਸਥਾਵਾਂ ਨੂੰ ਦੇਸ਼-ਵਿਦੇਸ਼ ਵਿੱਚ ਬੈਠੀ ਸਿੱਖ ਸੰਗਤ (ਗਲੋਬਲ ਡਾਇਸਪੋਰਾ) ਤੋਂ ਫੰਡ ਇਕੱਠੇ ਕਰਨੇ ਪੈਂਦੇ ਹਨ। ਇਨ੍ਹਾਂ ਧਰੋਹਰਾਂ ਦੀ ਦੇਖਭਾਲ ਕੀਤੀ ਜਾ ਸਕੇ। ਪਾਕਿਸਤਾਨ ਦਾ 'ਈਵੈਕਿਊਈ ਟਰੱਸਟ ਪ੍ਰਾਪਰਟੀ ਬੋਰਡ' , ਜੋ ਕਿ ਘੱਟ-ਗਿਣਤੀਆਂ ਦੀਆਂ ਧਾਰਮਿਕ ਜਾਇਦਾਦਾਂ ਦੀ ਸੁਰੱਖਿਆ ਲਈ ਬਣਾਇਆ ਗਿਆ ਸੀ, ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿੱਚ ਬੁਰੇ ਤਰੀਕੇ ਨਾਲ ਨਾਕਾਮ ਰਿਹਾ ਹੈ।

## ਪੰਜਾਬ ਸਰਕਾਰ ਸ਼ਰਮ ਕਰੇ

# ਪਠਾਨਕੋਟ-ਪ੍ਰਸ਼ਾਸਨ ਦੀ ਉਡੀਕ ਛੱਡ ਰਾਜੂ ਭਿਖਾਰੀ ਭੀਖ ਦੇ ਪੈਸਿਆਂ ਨਾਲ ਭਰਵਾ ਰਿਹਾ ਸੜਕਾਂ ਦੇ ਖੱਡੇ




ਪਠਾਨਕੋਟ-ਪਠਾਨਕੋਟ-ਡਲਹੌਜ਼ੀ ਰੋਡ 'ਤੇ ਲੰਬੇ ਸਮੇਂ ਤੋਂ ਪਏ ਡੂੰਘੇ ਖੱਡਿਆਂ ਕਾਰਨ ਹਾਦਸਿਆਂ ਦਾ ਖ਼ਤਰਾ ਬਣਿਆ ਹੋਇਆ ਸੀ। ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਾ ਹੁੰਦੀ ਦੇਖ ਸਮਾਜ ਸੇਵੀ ਰਾਜੂ ਭਿਖਾਰੀ ਨੇ ਖੁਦ ਇਨ੍ਹਾਂ ਖੱਡਿਆਂ ਨੂੰ ਭਰਵਾਉਣ ਦਾ ਜ਼ਿੰਮਾ ਚੁੱਕਿਆ ਹੈ।ਰਾਜੂ ਭਿਖਾਰੀ ਭੀਖ ਮੰਗ ਕੇ ਇਕੱਠੇ ਕੀਤੇ ਪੈਸਿਆਂ ਨਾਲ ਸੀਮੈਂਟ, ਬਜਰੀ ਅਤੇ ਟਾਈਲਾਂ ਖਰੀਦ ਰਿਹਾ ਹੈ। ਉਸ ਨੇ ਇਸ ਕੰਮ ਲਈ ਮਿਸਤਰੀ ਅਤੇ ਮਜ਼ਦੂਰ ਵੀ ਦਿਹਾੜੀ 'ਤੇ ਲਗਾਏ ਹਨ, ਜਿਨ੍ਹਾਂ ਦਾ ਭੁਗਤਾਨ ਵੀ ਉਹ ਭੀਖ ਦੇ ਪੈਸਿਆਂ ਨਾਲ ਹੀ ਕਰ ਰਿਹਾ ਹੈ।

ਮਕਸਦ: ਉਸ ਦਾ ਕਹਿਣਾ ਹੈ ਕਿ ਸੜਕਾਂ ਸੁਰੱਖਿਅਤ ਹੋਣ ਨਾਲ ਹਾਦਸਿਆਂ ਵਿਚ ਕਮੀ ਆਵੇਗੀ ਅਤੇ ਉਸ ਨੂੰ ਉਮੀਦ ਹੈ ਕਿ ਇਹ ਦੇਖ ਕੇ ਪ੍ਰਸ਼ਾਸਨ ਵੀ ਜਾਗੇਗਾ। ਲੋਕਾਂ ਦਾ ਕਹਿਣਾ ਹੈ ਕਿ ਜਿਹੜਾ ਕੰਮ ਸੜਕੀ ਬੁਨਿਆਦੀ ਢਾਂਚੇ ਲਈ ਜ਼ਿੰਮੇਵਾਰ ਪੰਜਾਬ ਸਰਕਾਰ ਅਤੇ ਸਬੰਧਤ ਪ੍ਰਸ਼ਾਸਨ ਨੂੰ ਕਰਨਾ ਚਾਹੀਦਾ ਸੀ, ਉਹ ਇੱਕ ਭਿਖਾਰੀ ਨੂੰ ਆਪਣੇ ਪੱਧਰ 'ਤੇ ਕਰਨਾ ਪੈ ਰਿਹਾ ਹੈ। ਇਹ ਸਰਕਾਰੀ ਤੰਤਰ ਅਤੇ ਪੰਜਾਬ ਸਰਕਾਰ ਦੇ ਦਾਅਵਿਆਂ ਲਈ ਇੱਕ ਬਹੁਤ ਹੀ ਸ਼ਰਮਨਾਕ ਗੱਲ ਹੈ।

ਰਾਜੂ ਭਿਖਾਰੀ ਕੋਰੋਨਾ ਮਹਾਂਮਾਰੀ ਦੌਰਾਨ ਵੀ ਭੀਖ ਦੇ ਪੈਸਿਆਂ ਨਾਲ ਹਜ਼ਾਰਾਂ ਮਾਸਕ ਅਤੇ ਰਾਸ਼ਨ ਵੰਡ ਕੇ ਚਰਚਾ ਵਿਚ ਆਇਆ ਸੀ। ਉਸ ਦੇ ਇਸ ਜਜ਼ਬੇ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਆਪਣੇ 'ਮਨ ਕੀ ਬਾਤ' ਪ੍ਰੋਗਰਾਮ 'ਚ ਤਾਰੀਫ਼ ਕਰ ਚੁੱਕੇ ਹਨ।

# ਨਸ਼ਾ ਮੁਕਤ ਨੌਜਵਾਨ ਹੀ 'ਵਿਕਸਿਤ ਭਾਰਤ' ਦਾ ਆਧਾਰ

- ਪ੍ਰਧਾਨ ਮੰਤਰੀ ਨੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਦਿੱਤਾ ਹਵਾਲਾ
- ਪੰਜਾਬ-ਚੰਡੀਗੜ੍ਹ ਵਿਚ 'ਨਸ਼ਾ ਮੁਕਤ ਯੁਵਾ ਅਭਿਆਨ' ਦੀ ਸ਼ੁਰੂਆਤ



ਚੰਡੀਗੜ੍ਹ-ਕੇਂਦਰ ਸਰਕਾਰ ਨੇ ਨਸ਼ਿਆਂ ਵਿਰੁੱਧ ਲੜਾਈ ਨੂੰ ਜਨ-ਅੰਦੋਲਨ ਬਣਾਉਣ ਲਈ 'ਨਸ਼ਾ ਮੁਕਤ ਯੁਵਾ ਫ਼ੋਰ ਵਿਕਸਿਤ ਭਾਰਤ ਅਭਿਆਨ' ਦੀ ਸ਼ੁਰੂਆਤ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵਰਚੁਅਲ ਮਾਧਿਅਮ ਰਾਹੀਂ ਦੇਸ਼ ਭਰ ਦੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਨਸ਼ਾ ਮੁਕਤ ਨੌਜਵਾਨ ਹੀ 2047 ਤੱਕ 'ਵਿਕਸਿਤ ਭਾਰਤ' ਦੇ ਸੰਕਲਪ ਦਾ ਆਧਾਰ ਹਨ। ਪ੍ਰਧਾਨ ਮੰਤਰੀ ਨੇ ਗੁਰਬਾਣੀ ਦਾ ਹਵਾਲਾ ਦਿੰਦਿਆਂ ਕਿਹਾ ਕਿ ਜਿਸ ਪਦਾਰਥ ਦੇ ਸੇਵਨ ਨਾਲ ਮਨੁੱਖ ਦੀ ਬੁੱਧੀ ਤੇ ਵਿਵੇਕ ਨਸ਼ਟ ਹੋ ਜਾਵੇ, ਉਹ ਉਸ ਨੂੰ ਪਤਨ ਵੱਲ ਲੈ ਜਾਂਦਾ ਹੈ। ਗੁਰੂਆਂ-ਸੰਤਾਂ ਦੀ ਸਿੱਖਿਆ ਨਸ਼ਿਆਂ ਤੋਂ ਬਚਣ ਤੇ ਬਾਹਰ ਨਿਕਲਣ ਦਾ ਮਾਰਗ ਦਿਖਾਉਂਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅਪੀਲ ਕੀਤੀ ਕਿ ਨਸ਼ੇ ਦੀ ਗ੍ਰਿਫ਼ਤ ਵਿਚ ਆਏ ਨੌਜਵਾਨਾਂ ਨਾਲ ਨਫ਼ਰਤ ਕਰਨ ਦੀ ਬਜਾਏ, ਉਨ੍ਹਾਂ ਦਾ ਇਲਾਜ ਤੇ ਕਾਊਂਸਲਿੰਗ ਕਰਵਾ ਕੇ ਮੁੱਖ ਧਾਰਾ ਵਿਚ ਵਾਪਸ ਲਿਆਂਦਾ ਜਾਵੇ।

ਚੰਡੀਗੜ੍ਹ ਦੇ ਟੈਗੋਰ ਥੀਏਟਰ (ਸੈਕਟਰ-18) ਵਿਚ ਆਯੋਜਿਤ ਪ੍ਰੋਗਰਾਮ ਵਿਚ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਗੁਲਾਬ ਚੰਦ ਕਟਾਰੀਆ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਉਨ੍ਹਾਂ ਸਮਾਜਿਕ, ਧਾਰਮਿਕ ਤੇ ਵਿਦਿਅਕ ਸੰਸਥਾਵਾਂ ਨੂੰ ਇਸ ਮੁਹਿੰਮ ਨਾਲ ਜੁੜਨ ਦਾ ਸੱਦਾ ਦਿੱਤਾ।

# ਸੀਜੇਪੀ ਦੀ 1 ਕਰੋੜ ਰੁਪਏ ਦੀ ਫੰਡਿੰਗ 'ਤੇ ਉੱਠੇ ਸਵਾਲ; ਈਸੀ ਤੇ ਸੀਬੀਆਈਸੀ ਤੋਂ ਜਾਂਚ ਦੀ ਮੰਗ

ਸੂਰਤ-ਸੂਰਤ ਦੇ ਆਰਟੀਆਈ ਕਾਰਕੁਨ ਅਮਿਤ ਤਿਵਾਰੀ ਨੇ ਸੀਜੇਪੀ (ਸੰਸਥਾਪਕ: ਅਭਿਜੀਤ ਦੀਪਕੇ) ਦੁਆਰਾ ਪ੍ਰਦਰਸ਼ਨਕਾਰੀਆਂ ਲਈ ਬਣਾਏ ਗਏ 1 ਕਰੋੜ ਰੁਪਏ ਦੇ 'ਲੀਗਲ ਡਿਫੈਂਸ ਫੰਡ' ਦੀ ਜਾਂਚ ਦੀ ਮੰਗ ਕੀਤੀ ਹੈ।

ਕਾਰਕੁਨ ਦਾ ਦਾਅਵਾ ਹੈ ਕਿ ਸੀਜੇਪੀ ਇੱਕ ਗੈਰ-ਰਜਿਸਟਰਡ ਸੰਗਠਨ ਹੈ, ਜੋ ਰਾਜਨੀਤਿਕ ਪਾਰਟੀ ਵਾਂਗ ਕੰਮ ਕਰ ਰਿਹਾ ਹੈ। ਇਸ ਲਈ ਲੋਕ ਪ੍ਰਤੀਨਿਧਤਾ ਐਕਟ ਤਹਿਤ ਇਸ ਦੀ ਰਜਿਸਟ੍ਰੇਸ਼ਨ ਅਤੇ ਰਾਜਨੀਤਿਕ ਫੰਡਿੰਗ ਦੀ ਜਾਂਚ ਹੋਣੀ ਚਾਹੀਦੀ ਹੈ। ਕੇਂਦਰੀ ਅਸਿੱਧੇ ਕਰ ਅਤੇ ਸੀਮਾ ਸ਼ੁਲਕ ਬੋਰਡ ਤੋਂ ਇਹ ਜਾਂਚ ਕਰਨ ਦੀ ਅਪੀਲ ਕੀਤੀ ਗਈ ਹੈ ਕਿ ਕੀ 1 ਕਰੋੜ ਰੁਪਏ ਦੇ ਇਸ ਫੰਡ 'ਤੇ 18% ਜੀਐਸਟੀ ਲਾਗੂ ਹੁੰਦਾ ਹੈ ਜਾਂ ਨਹੀਂ।

ਅਮਿਤ ਤਿਵਾਰੀ ਨੇ ਅਭਿਜੀਤ ਦੀਪਕੇ ਦੇ ਪਿਤਾ (ਮਹਾਰਾਸ਼ਟਰ ਸਰਕਾਰ ਦੇ ਸੇਵਾਮੁਕਤ ਕਰਮਚਾਰੀ ਭਗਵਾਨਰਾਓ ਦੀਪਕੇ) ਦੀ ਵਿੱਤੀ ਸਥਿਤੀ ਦੀ ਜਾਂਚ ਦੀ ਵੀ ਮੰਗ ਕੀਤੀ ਹੈ ਕਿ ਉਨ੍ਹਾਂ ਨੇ ਆਪਣੇ ਪੁੱਤਰ ਦੀ ਵਿਦੇਸ਼ੀ ਪੜ੍ਹਾਈ ਦਾ ਖਰਚਾ ਕਿਵੇਂ ਚੁੱਕਿਆ।

ਜ਼ਿਕਰਯੋਗ ਹੈ ਕਿ ਸੀਨੀਅਰ ਵਕੀਲ ਅਤੇ ਰਾਜ ਸਭਾ ਮੈਂਬਰ ਕਪਿਲ ਸਿੱਬਲ ਨੇ ਨੀਟ ਪੇਪਰ ਲੀਕ ਵਿਰੋਧ ਪ੍ਰਦਰਸ਼ਨਾਂ ਦੌਰਾਨ ਕੇਸਾਂ ਦਾ ਸਾਹਮਣਾ ਕਰ ਰਹੇ ਪ੍ਰਦਰਸ਼ਨਕਾਰੀਆਂ ਦੀ ਕਾਨੂੰਨੀ ਮਦਦ ਲਈ ਇਸ ਫੰਡ ਵਿੱਚ 1 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ ਸੀ।

# ਪੰਥਕ ਸਿਆਸਤ ਕਰਨੀ ਹੈ ਤਾਂ 30% ਸੀਟਾਂ ਬੰਦੀ ਸਿੰਘਾਂ ਦੇ ਪਰਿਵਾਰਾਂ ਨੂੰ ਮਿਲਣ: ਗਿਆਨੀ ਹਰਪ੍ਰੀਤ ਸਿੰਘ

- ਇੱਕੋ ਪਲੇਟਫਾਰਮ 'ਤੇ ਆਵੇ ਸਿੱਖ ਪੰਥ : ਪੰਜੋਲੀ ਕਲਾਂ ਵਿਚ ਪੰਥਕ ਏਕਤਾ ਕਾਨਫਰੰਸ ਹੋਈ




ਪੰਜੋਲੀ ਕਲਾਂ-ਅਕਾਲੀ ਦਲ ਪੁਨਰ ਸੁਰਜੀਤ' ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜੇਕਰ ਪੰਥਕ ਸਿਆਸਤ ਕਰਨੀ ਹੈ ਤਾਂ ਸੀਟਾਂ ਦੀ ਵੰਡ ਵੇਲੇ 30 ਫ਼ੀਸਦੀ ਸੀਟਾਂ ਬੰਦੀ ਸਿੰਘਾਂ ਅਤੇ ਸ਼ਹੀਦ ਪਰਿਵਾਰਾਂ ਨੂੰ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਨ੍ਹਾਂ ਸਿੱਖ ਪੰਥ ਨੂੰ ਨਿੱਜੀ ਤੇ ਸਿਆਸੀ ਹਿੱਤਾਂ ਤੋਂ ਉੱਪਰ ਉੱਠ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਪ੍ਰਸਤੀ ਹੇਠ ਇੱਕਜੁੱਟ ਹੋਣ ਦੀ ਅਪੀਲ ਕੀਤੀ। ਗਿਆਨੀ ਹਰਪ੍ਰੀਤ ਸਿੰਘ ਅਨੁਸਾਰ 1984 ਤੋਂ ਬਾਅਦ ਸਿਆਸਤ ਨੂੰ ਇੱਕੋ ਵਿਅਕਤੀ (ਪ੍ਰਕਾਸ਼ ਸਿੰਘ ਬਾਦਲ) ਦੁਆਲੇ ਕੇਂਦਰਿਤ ਕਰਨ ਅਤੇ ਸਮਾਨੰਤਰ (ਪੈਰਲਲ) ਲੀਡਰਸ਼ਿਪ ਨੂੰ ਖ਼ਤਮ ਕਰਨ ਕਾਰਨ ਪਾਰਟੀ ਦੀ ਇਹ ਦੁਰਦਸ਼ਾ ਹੋਈ ਹੈ। ਉਨ੍ਹਾਂ ਮੰਨਿਆ ਕਿ ਅਕਾਲੀ ਦਲ ਦੇ ਪਿਛਲੇ ਸ਼ਾਸਨਕਾਲ ਦੌਰਾਨ ਕਈ ਇਤਿਹਾਸਕ ਮਸਲਿਆਂ ਦੀ ਸਹੀ ਜਾਂਚ ਨਾ ਹੋਣ ਕਾਰਨ ਪਾਰਟੀ ਨੂੰ ਨੁਕਸਾਨ ਉਠਾਉਣਾ ਪਿਆ। ਕਾਨਫਰੰਸ ਵਿੱਚ ਕਰਨੈਲ ਸਿੰਘ ਪੰਜੋਲੀ, ਹਮੀਰ ਸਿੰਘ, ਪ੍ਰੋ. ਮਹਿੰਦਰਪਾਲ ਸਿੰਘ, ਭਾਈ ਪਰਮਜੀਤ ਸਿੰਘ ਮੰਡ, ਬਾਪੂ ਗੁਰਚਰਨ ਸਿੰਘ ਅਤੇ ਮਾਲਵਿੰਦਰ ਸਿੰਘ ਮਾਲੀ ਵਰਗੀਆਂ ਪ੍ਰਮੁੱਖ ਪੰਥਕ ਸ਼ਖ਼ਸੀਅਤਾਂ ਹਾਜ਼ਰ ਸਨ।

# 13 ਸਾਲ ਪੁਰਾਣੇ ਗੋਲੀਕਾਂਡ ਮਾਮਲੇ ਵਿਚ ਲਾਰੈਂਸ ਬਿਸ਼ਨੋਈ ਦੇ ਪ੍ਰੋਡਕਸ਼ਨ ਵਾਰੰਟ ਜਾਰੀ



ਦਿੱਲੀ-12 ਜੂਨ 2012 ਨੂੰ ਚੰਡੀਗੜ੍ਹ ਦੇ ਡੀਏਵੀ ਕਾਲਜ (ਸੈਕਟਰ-10) ਵਿੱਚ ਵਿਦਿਆਰਥੀ ਜਥੇਬੰਦੀਆਂ (ਪੁਸੂ ਅਤੇ ਸੋਪੂ) ਵਿਚਾਲੇ ਹਿੰਸਕ ਝੜਪ ਅਤੇ ਗੋਲੀਬਾਰੀ ਹੋਈ ਸੀ, ਜਿਸ ਵਿੱਚ ਇੱਕ ਵਿਦਿਆਰਥੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਇਆ ਸੀ। ਬੀਤੇ ਦਿਨੀਂ ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਅਰਵਿੰਦ ਕੁਮਾਰ ਦੀ ਅਦਾਲਤ ਵਿੱਚ ਸੁਣਵਾਈ ਦੌਰਾਨ ਲਾਰੈਂਸ ਬਿਸ਼ਨੋਈ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਨਹੀਂ ਕੀਤਾ ਗਿਆ, ਜਿਸ 'ਤੇ ਅਦਾਲਤ ਨੇ ਸਖ਼ਤ ਨੋਟਿਸ ਲੈਂਦਿਆਂ ਉਸਦੇ ਪ੍ਰੋਡਕਸ਼ਨ ਵਾਰੰਟ ਜਾਰੀ ਕੀਤੇ ਹਨ।

ਅਦਾਲਤ ਨੇ ਗੁਜਰਾਤ ਦੀ ਸਾਬਰਮਤੀ ਜੇਲ੍ਹ ਦੇ ਸੁਪਰਡੈਂਟ ਨੂੰ ਹਦਾਇਤ ਕੀਤੀ ਹੈ ਕਿ 25 ਅਗਸਤ ਨੂੰ ਅਗਲੀ ਸੁਣਵਾਈ ਦੌਰਾਨ ਲਾਰੈਂਸ ਬਿਸ਼ਨੋਈ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਲਾਜ਼ਮੀ ਪੇਸ਼ ਕੀਤਾ ਜਾਵੇ। ਇਸ ਕੇਸ ਵਿੱਚ ਨਾਮਜ਼ਦ 4 ਹੋਰ ਮੁਲਜ਼ਮਾਂ ਨੂੰ ਸਾਲ 2014 ਵਿੱਚ ਹੀ ਸਬੂਤਾਂ ਦੀ ਘਾਟ ਕਾਰਨ ਬਰੀ ਕੀਤਾ ਜਾ ਚੁੱਕਾ ਹੈ, ਜਦਕਿ ਲਾਰੈਂਸ ਬਿਸ਼ਨੋਈ ਖ਼ਿਲਾਫ਼ ਕਤਲ ਦੀ ਕੋਸ਼ਿਸ਼ ਦਾ ਮਾਮਲਾ ਅਜੇ ਵੀ ਅਦਾਲਤ ਵਿੱਚ ਵਿਚਾਰਅਧੀਨ ਹੈ।

# ਰਾਸ਼ਟਰਮੰਡਲ ਖੇਡਾਂ 2026: ਭਾਰਤ 39 ਤਗ਼ਮਿਆਂ ਨਾਲ ਚੌਥੇ ਸਥਾਨ 'ਤੇ; ਆਸਟਰੇਲੀਆ ਰਿਹਾ ਮੋਹਰੀ



ਗਲਾਸਗੋ (ਸਕਾਟਲੈਂਡ)-ਗਲਾਸਗੋ ਵਿਖੇ ਹੋਈਆਂ ਰਾਸ਼ਟਰਮੰਡਲ ਖੇਡਾਂ 2026 ਵਿੱਚ ਭਾਰਤ ਨੇ ਕੁੱਲ 39 ਤਗ਼ਮੇ ਜਿੱਤ ਕੇ ਸੂਚੀ ਵਿੱਚ ਚੌਥਾ ਸਥਾਨ ਹਾਸਲ ਕੀਤਾ। ਭਾਰਤ ਨੇ 13 ਸੋਨੇ, 17 ਚਾਂਦੀ ਅਤੇ 9 ਕਾਂਸੀ ਦੇ ਤਗ਼ਮੇ ਜਿੱਤੇ। ਆਸਟਰੇਲੀਆ 70 ਸੋਨੇ ਸਮੇਤ 171 ਤਗ਼ਮਿਆਂ ਨਾਲ ਪਹਿਲੇ ਸਥਾਨ 'ਤੇ, ਇੰਗਲੈਂਡ ਦੂਜੇ (110) ਅਤੇ ਕੈਨੇਡਾ ਤੀਜੇ (62) ਸਥਾਨ 'ਤੇ ਰਿਹਾ। ਮੇਜ਼ਬਾਨ ਸਕਾਟਲੈਂਡ ਨੇ ਵੀ 39 ਤਗ਼ਮੇ ਜਿੱਤੇ ਪਰ ਘੱਟ ਚਾਂਦੀ ਦੇ ਤਗ਼ਮਿਆਂ ਕਾਰਨ ਉਹ ਪੰਜਵੇਂ ਸਥਾਨ 'ਤੇ ਰਿਹਾ। ਸੀਮਤ ਖੇਡਾਂ ਹੋਣ ਦੇ ਬਾਵਜੂਦ ਭਾਰਤੀ ਖਿਡਾਰੀਆਂ ਨੇ ਵਧੀਆ ਖੇਡ ਦਿਖਾਈ, ਜਿਸ ਵਿੱਚ ਮੁੱਕੇਬਾਜ਼ੀ ਸਭ ਤੋਂ ਅੱਗੇ ਰਹੀ (7 ਸੋਨੇ ਤੇ 3 ਚਾਂਦੀ ਸਮੇਤ ਕੁੱਲ 10 ਤਗ਼ਮੇ ਜਿਤੇ)। ਨਿਸ਼ਾਨੇਬਾਜ਼ੀ, ਕੁਸ਼ਤੀ, ਬੈਡਮਿੰਟਨ, ਹਾਕੀ ਅਤੇ ਟੇਬਲ ਟੈਨਿਸ ਵਰਗੀਆਂ ਪ੍ਰਮੁੱਖ ਖੇਡਾਂ ਇਸ ਵਾਰ ਸ਼ਾਮਲ ਨਹੀਂ ਸਨ, ਜਿਸ ਕਾਰਨ ਭਾਰਤ ਦੀ ਕੁੱਲ ਤਗ਼ਮਾ ਗਿਣਤੀ 'ਤੇ ਅਸਰ ਪਿਆ। ਗਲਾਸਗੋ ਖੇਡਾਂ ਦੇ ਸਮਾਪਤੀ ਸਮਾਰੋਹ ਨਾਲ ਹੀ ਧਿਆਨ ਹੁਣ 2030 ਵਿੱਚ ਅਹਿਮਦਾਬਾਦ (ਭਾਰਤ) ਵਿਖੇ ਹੋਣ ਵਾਲੀਆਂ ਅਗਲੀਆਂ ਰਾਸ਼ਟਰਮੰਡਲ ਖੇਡਾਂ 'ਤੇ ਟਿਕ ਗਿਆ ਹੈ।

# ਸੇਉਟਾ ਸਰਹੱਦ 'ਤੇ ਪ੍ਰਵਾਸੀ ਸੰਕਟ ਹੋਰ ਗੰਭੀਰ, ਮ੍ਰਿਤਕਾਂ ਦੀ ਗਿਣਤੀ 90 ਤੱਕ ਪਹੁੰਚੀ

ਮੈਡਰਿਡ: ਸਪੇਨ ਦੇ ਖ਼ੁਦਮੁਖ਼ਤਿਆਰ ਖੇਤਰ ਸੇਉਟਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ ਪ੍ਰਵਾਸੀਆਂ ਨਾਲ ਜੁੜਿਆ ਸੰਕਟ ਲਗਾਤਾਰ ਗੰਭੀਰ ਹੁੰਦਾ ਜਾ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ, ਇਸ ਘਟਨਾ ਵਿੱਚ ਮ੍ਰਿਤਕਾਂ ਦੀ ਗਿਣਤੀ ਵੱਧ ਕੇ 90 ਹੋ ਗਈ ਹੈ, ਜਿਸ ਨਾਲ ਯੂਰਪ ਵਿੱਚ ਪ੍ਰਵਾਸੀ ਸੰਕਟ ਨੂੰ ਲੈ ਕੇ ਚਿੰਤਾ ਹੋਰ ਵਧ ਗਈ ਹੈ।

ਅਧਿਕਾਰਤ ਜਾਣਕਾਰੀ ਅਨੁਸਾਰ, ਸਪੇਨੀ ਬਚਾਅ ਟੀਮਾਂ ਵੱਲੋਂ 74 ਲਾਸ਼ਾਂ ਬਰਾਮਦ ਕੀਤੀਆਂ ਗਈਆਂ ਹਨ, ਜਦਕਿ ਮੋਰੱਕੋ ਦੇ ਅਧਿਕਾਰੀਆਂ ਨੇ 16 ਹੋਰ ਮ੍ਰਿਤਕਾਂ ਦੀ ਪੁਸ਼ਟੀ ਕੀਤੀ ਹੈ। ਬਚਾਅ ਅਤੇ ਤਲਾਸ਼ੀ



ਅਭਿਆਨ ਅਜੇ ਵੀ ਜਾਰੀ ਹੈ, ਜਿਸ ਕਾਰਨ ਮੌਤਾਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਸੰਕਟ ਜੁਲਾਈ ਦੇ ਆਖ਼ਰੀ ਹਫ਼ਤੇ ਦੌਰਾਨ ਉਸ ਵੇਲੇ ਸ਼ੁਰੂ ਹੋਇਆ, ਜਦੋਂ ਹਜ਼ਾਰਾਂ ਪ੍ਰਵਾਸੀਆਂ ਨੇ ਮੋਰੱਕੋ ਤੋਂ ਸੇਉਟਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ। ਸਥਾਨਕ ਪ੍ਰਸ਼ਾਸਨ ਅਨੁਸਾਰ, ਇੱਕ ਹੀ ਦਿਨ ਵਿੱਚ ਕਰੀਬ 60 ਹਜ਼ਾਰ ਲੋਕ ਸਰਹੱਦ ਵੱਲ ਪਹੁੰਚੇ, ਜਿਸ ਕਾਰਨ ਸੁਰੱਖਿਆ ਪ੍ਰਬੰਧਾਂ 'ਤੇ ਭਾਰੀ ਦਬਾਅ ਪੈ ਗਿਆ।

ਪ੍ਰਵਾਸੀਆਂ ਦੀ ਵੱਡੀ ਆਮਦ ਤੋਂ ਬਾਅਦ ਕਈ ਥਾਵਾਂ 'ਤੇ ਤਣਾਅ ਅਤੇ ਝੜਪਾਂ ਦੀਆਂ ਘਟਨਾਵਾਂ ਵੀ ਸਾਹਮਣੇ ਆਈਆਂ। ਸਥਿਤੀ ਨੂੰ ਕਾਬੂ ਵਿੱਚ ਰੱਖਣ ਲਈ ਸਪੇਨੀ ਸਰਕਾਰ ਨੇ ਵਾਧੂ ਪੁਲਿਸ ਬਲ, ਸਿਵਲ ਗਾਰਡ ਅਤੇ ਫ਼ੌਜੀ ਜਵਾਨ ਤਾਇਨਾਤ ਕੀਤੇ ਹਨ। ਰਿਪੋਰਟਾਂ ਮੁਤਾਬਕ, ਸਪੇਨੀ ਪ੍ਰਸ਼ਾਸਨ ਵੱਲੋਂ ਸਰਹੱਦ 'ਤੇ ਸਖ਼ਤ ਕਾਰਵਾਈ ਕੀਤੇ ਜਾਣ ਤੋਂ ਬਾਅਦ ਲਗਭਗ 48 ਹਜ਼ਾਰ ਪ੍ਰਵਾਸੀਆਂ ਨੂੰ ਮੁੜ ਮੋਰੱਕੋ ਵਾਪਸ ਭੇਜਿਆ ਗਿਆ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਪ੍ਰਭਾਵਿਤ ਲੋਕਾਂ ਦੀ ਸੁਰੱਖਿਆ ਅਤੇ ਮਨੁੱਖੀ ਸਹਾਇਤਾ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ ਹੈ।

## ਜਿਨਸੀ ਸ਼ੋਸ਼ਣ ਮਾਮਲੇ ਵਿੱਚ ਸਜ਼ਾ ਕੱਟ ਰਹੇ ਆਸਾਰਾਮ ਨੂੰ ਰਾਜਸਥਾਨ ਹਾਈ ਕੋਰਟ ਵੱਲੋਂ 20 ਦਿਨਾਂ ਦੀ ਪੈਰੋਲ



ਜੋਧਪੁਰ: ਰਾਜਸਥਾਨ ਹਾਈ ਕੋਰਟ ਨੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਆਸਾਰਾਮ ਨੂੰ 20 ਦਿਨਾਂ ਦੀ ਪੈਰੋਲ ਦੇਣ ਦੇ ਹੁਕਮ ਜਾਰੀ ਕੀਤੇ ਹਨ। ਅਦਾਲਤ ਨੇ ਆਪਣੇ ਫ਼ੈਸਲੇ ਵਿੱਚ ਕਿਹਾ ਕਿ ਰਾਜ ਸਰਕਾਰ ਪੈਰੋਲ ਅਰਜ਼ੀ ਰੱਦ ਕਰਨ ਦੇ ਆਪਣੇ ਫ਼ੈਸਲੇ ਨੂੰ ਯਥੋਚਿਤ ਢੰਗ ਨਾਲ ਸਾਬਤ ਨਹੀਂ ਕਰ ਸਕੀ। ਕਾਰਜਕਾਰੀ ਚੀਫ਼ ਜਸਟਿਸ ਸੰਜੀਵ ਪ੍ਰਕਾਸ਼ ਸ਼ਰਮਾ ਅਤੇ ਜਸਟਿਸ ਸੰਜੀਤ ਪੁਰੋਹਿਤ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਆਸਾਰਾਮ ਲੰਬੇ ਸਮੇਂ ਤੋਂ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ ਅਤੇ ਉਸ ਦੇ ਚਾਲ-ਚਲਣ ਨੂੰ ਵੀ ਧਿਆਨ ਵਿੱਚ ਰੱਖਿਆ ਗਿਆ ਹੈ। ਅਦਾਲਤ ਨੇ ਨੋਟ ਕੀਤਾ ਕਿ ਆਸਾਰਾਮ ਕਰੀਬ 13 ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹੈ। ਇਸ ਤੋਂ ਇਲਾਵਾ ਉਸ ਨੂੰ ਪਹਿਲਾਂ ਵੀ ਅੰਤਰਿਮ ਰਾਹਤ ਮਿਲਦੀ ਰਹੀ ਹੈ ਅਤੇ ਉਨ੍ਹਾਂ ਮੌਕਿਆਂ ਦੌਰਾਨ ਉਸ ਵੱਲੋਂ ਕਿਸੇ ਵੀ ਸ਼ਰਤ ਦੀ ਉਲੰਘਣਾ ਕਰਨ, ਕਾਨੂੰਨੀ ਪ੍ਰਕਿਰਿਆ ਤੋਂ ਬਚਣ, ਗਵਾਹਾਂ ਨੂੰ ਪ੍ਰਭਾਵਿਤ ਕਰਨ ਜਾਂ ਅਮਨ-ਕਾਨੂੰਨ ਦੀ ਸਥਿਤੀ ਖ਼ਰਾਬ ਕਰਨ ਦਾ ਕੋਈ ਰਿਕਾਰਡ ਸਾਹਮਣੇ ਨਹੀਂ ਆਇਆ। ਇਨ੍ਹਾਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਹਾਈ ਕੋਰਟ ਨੇ ਆਸਾਰਾਮ ਨੂੰ 20 ਦਿਨਾਂ ਦੀ ਪੈਰੋਲ ਮਨਜ਼ੂਰ ਕਰ ਦਿੱਤੀ। ਹਾਲਾਂਕਿ, ਪੈਰੋਲ ਦੀ ਮਿਆਦ ਦੌਰਾਨ ਉਸ ਨੂੰ ਅਦਾਲਤ ਅਤੇ ਸੰਬੰਧਿਤ ਅਧਿਕਾਰੀਆਂ ਵੱਲੋਂ ਨਿਰਧਾਰਤ ਕੀਤੀਆਂ ਸਾਰੀਆਂ ਸ਼ਰਤਾਂ ਦੀ ਪਾਲਣਾ ਕਰਨੀ ਹੋਵੇਗੀ। ਜ਼ਿਕਰਯੋਗ ਹੈ ਕਿ ਆਸਾਰਾਮ ਨੂੰ ਸਾਲ 2013 ਦੇ ਨਾਬਾਲਗ ਨਾਲ ਜਿਨਸੀ ਸ਼ੋਸ਼ਣ ਦੇ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ ਅਤੇ ਉਹ ਇਸ ਸਮੇਂ ਜੋਧਪੁਰ ਕੇਂਦਰੀ ਜੇਲ੍ਹ ਵਿੱਚ ਸਜ਼ਾ ਕੱਟ ਰਿਹਾ ਹੈ।

## 7 ਸਾਲ ਅਮਰੀਕਾ 'ਚ ਰਹਿਣ ਵਾਲਿਆਂ ਲਈ ਗ੍ਰੀਨ ਕਾਰਡ ਦਾ ਖੁੱਲ੍ਹੇਗਾ ਰਾਹ!

ਵਾਸ਼ਿੰਗਟਨ- ਅਮਰੀਕਾ ਵਿੱਚ ਲੰਬੇ ਸਮੇਂ ਤੋਂ ਰਹਿ ਰਹੇ ਲੱਖਾਂ ਪ੍ਰਵਾਸੀਆਂ ਲਈ ਗ੍ਰੀਨ ਕਾਰਡ ਦਾ ਰਾਹ ਖੋਲ੍ਹਣ ਦੀ ਕੋਸ਼ਿਸ਼ ਇੱਕ ਵਾਰ ਫਿਰ ਸ਼ੁਰੂ ਹੋ ਗਈ ਹੈ। ਕੈਲੀਫੋਰਨੀਆ ਤੋਂ ਡੈਮੋਕ੍ਰੇਟਿਕ ਸੈਨੇਟਰ ਐਲੈਕਸ ਪਡੀਲਾ ਨੇ ਰੀਨਿਊਇੰਗ ਇਮੀਗ੍ਰੇਸ਼ਨ ਪ੍ਰੋਵੀਜ਼ਨਜ਼ ਆਫ ਦ ਇਮੀਗ੍ਰੇਸ਼ਨ ਐਕਟ ਆਫ 1929 ਨਾਮਕ ਬਿੱਲ ਦੁਬਾਰਾ ਸੈਨੇਟ ਵਿਚ ਪੇਸ਼ ਕੀਤਾ ਹੈ। ਜੇਕਰ ਇਹ ਬਿੱਲ ਕਾਨੂੰਨ ਬਣ ਜਾਂਦਾ ਹੈ, ਤਾਂ 7 ਸਾਲ ਤੋਂ ਲਗਾਤਾਰ ਅਮਰੀਕਾ ਵਿਚ ਰਹਿ ਰਹੇ ਅਤੇ ਹੋਰ ਯੋਗਤਾ ਸ਼ਰਤਾਂ ਪੂਰੀਆਂ ਕਰਨ ਵਾਲੇ ਲੱਖਾਂ ਲੋਕਾਂ ਨੂੰ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਦਾ ਮੌਕਾ ਮਿਲ ਸਕਦਾ ਹੈ। ਮੌਜੂਦਾ ਕਾਨੂੰਨ ਅਨੁਸਾਰ ਰਜਿਸਟਰੀ ਪ੍ਰਾਵਧਾਨ ਹੇਠ ਕੇਵਲ ਉਹੀ ਲੋਕ ਗ੍ਰੀਨ ਕਾਰਡ ਲਈ ਯੋਗ ਹਨ, ਜੋ 1 ਜਨਵਰੀ 1972 ਤੋਂ ਪਹਿਲਾਂ ਅਮਰੀਕਾ ਵਿਚ ਰਹਿ ਰਹੇ ਸਨ। ਇਹ ਤਾਰੀਖ 1986 ਤੋਂ ਅੱਜ ਤੱਕ ਨਹੀਂ ਬਦਲੀ, ਜਿਸ ਕਾਰਨ ਇਹ ਕਾਨੂੰਨੀ ਰਸਤਾ ਲਗਭਗ ਬੇਅਸਰ ਹੋ ਗਿਆ ਹੈ ਅਤੇ ਬਹੁਤ ਘੱਟ ਲੋਕ ਹੀ ਇਸ ਦਾ ਲਾਭ ਲੈ ਸਕਦੇ ਹਨ। ਸੈਨੇਟਰ ਪਡੀਲਾ ਦਾ ਬਿੱਲ ਇਸ ਪੁਰਾਣੀ ਤਾਰੀਖ ਨੂੰ ਹਟਾ ਕੇ ਰੋਲਿੰਗ 7 ਸਾਲ ਦੀ ਯੋਗਤਾ ਲਾਗੂ ਕਰਨ ਦਾ ਪ੍ਰਸਤਾਵ ਰੱਖਦਾ ਹੈ। ਇਸ ਤਹਿਤ ਜੋ ਵਿਅਕਤੀ ਅਰਜ਼ੀ ਦੇਣ ਤੋਂ ਪਹਿਲਾਂ ਘੱਟੋ-ਘੱਟ 7 ਸਾਲ ਲਗਾਤਾਰ ਅਮਰੀਕਾ ਵਿਚ ਰਹਿ ਚੁੱਕਾ ਹੋਵੇ, ਜਿਸ ਦਾ ਕੋਈ ਗੰਭੀਰ ਅਪਰਾਧਿਕ ਰਿਕਾਰਡ ਨਾ ਹੋਵੇ ਅਤੇ ਜੋ ਹੋਰ ਇਮੀਗ੍ਰੇਸ਼ਨ ਸ਼ਰਤਾਂ ਪੂਰੀਆਂ ਕਰਦਾ ਹੋਵੇ, ਉਹ ਰਜਿਸਟਰੀ ਰਾਹੀਂ ਗ੍ਰੀਨ ਕਾਰਡ ਲਈ ਅਰਜ਼ੀ ਦੇ ਸਕੇਗਾ। ਇਸ ਬਿੱਲ ਨਾਲ ਡ੍ਰੀਮਰਜ਼ ਟੈਂਪਰੇਰੀ ਪ੍ਰੋਟੈਕਟਿਡ ਸਟੇਟਸ (ਟੀ.ਪੀ.ਐੱਸ.) ਧਾਰਕ, ਲੰਬੇ ਸਮੇਂ ਤੋਂ ਗ੍ਰੀਨ ਕਾਰਡ ਦੀ ਉਡੀਕ ਕਰ ਰਹੇ ਕੁਝ ਐੱਚ-1ਬੀ ਵੀਜ਼ਾ ਧਾਰਕ, ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡ ਬੈਕਲਾਗ ਵਿਚ ਫਸੇ ਹਜ਼ਾਰਾਂ ਭਾਰਤੀ ਪੇਸ਼ੇਵਰ ਅਤੇ ਹੋਰ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਪ੍ਰਵਾਸੀ ਲਾਭ ਪ੍ਰਾਪਤ ਕਰ ਸਕਦੇ ਹਨ।

## ਅਗਲੀ ਰਾਸ਼ਟਰਪਤੀ ਚੋਣ ਲੜਨ ਬਾਰੇ ਅਜੇ ਮੈ ਕੋਈ ਫੈਸਲਾ ਨਹੀਂ ਲਿਆ-ਹੈਰਿਸ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ) - ਕਮਲਾ ਹੈਰਿਸ ਨੇ ਡੈਮੋਕ੍ਰੇਟਸ ਨੂੰ ਅਗਲੇ ਸਾਲ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਰਿਕਾਰਡ ਗਿਣਤੀ ਵਿੱਚ ਵੋਟਰਾਂ ਨੂੰ ਲਾਮਬੰਦ ਕਰਨ ਦੀ ਅਪੀਲ ਕੀਤੀ ਤੇ ਕਿਹਾ ਕਿ ਭਾਰੀ ਵੋਟਿੰਗ ਮੱਤਦਾਤਾ ਨੂੰ ਅਖੋਂ ਪਰੋਖੇ ਕਰਨ ਦੀਆਂ ਕੋਸ਼ਿਸ਼ਾਂ ਦਾ ਠੋਸ ਜਵਾਬ ਹੋਵੇਗਾ । ਨੈਸ਼ਵਿਲ ਵਿੱਚ ਨੈਸ਼ਨਲ ਅਰਬਨ ਲੀਗ ਦੇ ਸਾਲਾਨਾ ਸੰਮੇਲਨ ਵਿੱਚ ਬੋਲਦੇ ਹੋਏ, ਸਾਬਕਾ ਉਪ ਰਾਸ਼ਟਰਪਤੀ ਨੇ ਵੋਟਰ ਰਜਿਸਟਰੇਸ਼ਨ, ਪੋਲੰਗ ਸਥਾਨਾਂ ਦੀ ਜਾਂਚ ਅਤੇ ਭਾਰੀ ਮੱਤਦਾਨ ਉਪਰ ਵਾਰ ਵਾਰ ਜੋਰ ਦਿੱਤਾ । ਉਨਾਂ ਕਿਹਾ ਕਿ ਸਾਨੂੰ ਹੁਣ ਲੋਕਾਂ ਨੂੰ ਦੱਸਣਾ ਪਵੇਗਾ ਕਿ ਉਹ ਆਪਣੀ ਵੋਟਰ ਵਜੋਂ ਰਜਿਸਟਰੇਸ਼ਨ ਸਥਿਤੀ ਦੀ ਜਾਂਚ ਕਰਨ ਤੇ ਉਹ ਇਹ ਗੱਲ ਯੀਕੀਨੀ ਬਣਾਉਣ ਕਿ ਉਨਾਂ ਦੇ ਨਾਮ ਵੋਟਰ ਸੂਚੀਆਂ ਤੋਂ ਗਲਤ ਢੰਗ ਨਾਲ ਨਹੀਂ ਹਟਾਏ ਗਏ ਹਨ ਵੋਟਰ ਆਪਣੇ ਪੋਲੰਗ ਸਥਾਨਾਂ ਦੀ ਪੁਸ਼ਟੀ ਕਰਨ ਕਿਉਂਕ ਚੋਣ ਅਧਿਕਾਰੀ ਵੋਟਿੰਗ ਸਥਾਨਾਂ ਨੂੰ ਤਬਦੀਲ ਕਰ ਸਕਦੇ ਹਨ । ਹਮਲਾਵਰ ਵੋਟਰ ਲਾਮਬੰਦੀ ਯਤਨਾਂ ਉਪਰ ਜੋਰ ਦਿੰਦਿਆਂ ਹੈਰਿਸ ਨੇ ਕਿਹਾ ਕਿ ਸਾਡੇ ਵਿਰੋਧੀ ਬੇਰਹਿਮ ਹਨ । ਇਸ ਲਈ ਸਾਨੂੰ ਵੀ ਬੇਰਹਿਮ ਬਣਨਾ ਪਵੇਗਾ। ਉਨਾਂ ਕਿਹਾ ਕਿ ਇਸ ਵੇਲੇ ਉਨਾਂ ਦਾ ਧਿਆਨ 2026 ਦੀਆਂ ਮੱਧਕਾਲੀ ਚੋਣਾਂ 'ਤੇ ਕੇਂਦ੍ਰਿਤ ਹੈ ਅਤੇ ਅਜੇ ਤੱਕ ਮੈ ਇਹ ਫੈਸਲਾ ਨਹੀਂ ਕੀਤਾ ਕਿ 2028 ਵਿੱਚ ਰਾਸ਼ਟਰਪਤੀ ਅਹੁਦੇ ਦੀ ਚੋਣ ਲੜੇਗੀ ਜਾਂ ਨਹੀਂ ਇਸ ਤੋਂ ਇਲਾਵਾ, ਹੈਰਿਸ ਨੇ ਕਈ ਪ੍ਰਗਤੀਸ਼ੀਲ ਪ੍ਰਸਤਾਵਾਂ ਦੀ ਗੱਲ ਕੀਤੀ ਜਿਨਾਂ ਵਿੱਚ ਅਮਰੀਕੀ ਸੁਪਰੀਮ ਕੋਰਟ ਦਾ ਵਿਸਥਾਰ ਕਰਨਾ, ਇਲੈਕਟੋਰਲ ਕਾਲਜ ਨੂੰ ਮੁੜ ਵਿਚਾਰਨਾ ਅਤੇ ਵਾਸ਼ਿੰਗਟਨ, ਡੀ. ਸੀ. ਤੋਂ ਇਲਾਵਾ ਪੋਰਟੋ ਰੀਕੋ ਨੂੰ ਰਾਜ ਦਾ ਦਰਜਾ ਦਿਵਾਉਣਾ ਸ਼ਾਮਲ ਹਨ।

## 70 ਸਾਲ ਤੋਂ ਵੱਧ ਉਮਰ ਦੇ ਡਰਾਈਵਰਾਂ ਲਈ ਨਵਾਂ ਟੈਸਟ ਲਿਆਉਣ ਦੀ ਤਿਆਰੀ, ਐਂਡੀ ਬਰਨਹਮ ਵੱਡੇ ਕਾਨੂੰਨੀ ਬਦਲਾਅ ਦੇ ਹੱਕ ਵਿੱਚ

ਲੰਡਨ: ਇੰਗਲੈਂਡ ਦੇ ਗ੍ਰੇਟਰ ਮੈਨਚੈਸਟਰ ਦੇ ਮੇਅਰ ਐਂਡੀ ਬਰਨਹਮ ਨੇ 70 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਡਰਾਈਵਰਾਂ ਲਈ ਡਰਾਈਵਿੰਗ ਲਾਇਸੈਂਸ ਨਾਲ ਸੰਬੰਧਿਤ ਨਿਯਮਾਂ ਵਿੱਚ ਵੱਡੇ ਬਦਲਾਅ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸੜਕ ਸੁਰੱਖਿਆ ਨੂੰ ਹੋਰ ਮਜ਼ਬੂਤ ਬਣਾਉਣ ਲਈ ਸੀਨੀਅਰ ਡਰਾਈਵਰਾਂ ਲਈ ਇੱਕ ਵਾਧੂ ਯੋਗਤਾ ਜਾਂਚ ਜਾਂ ਮੁਲਾਂਕਣ ਦੀ ਵਿਵਸਥਾ 'ਤੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਬਰਨਹਮ ਦਾ ਮੰਨਣਾ ਹੈ ਕਿ ਉਮਰ ਵਧਣ ਨਾਲ ਨਜ਼ਰ, ਪ੍ਰਤੀਕਿਰਿਆ ਦੀ ਗਤੀ ਅਤੇ ਸਿਹਤ ਨਾਲ ਜੁੜੀਆਂ ਕੁਝ ਸਮੱਸਿਆਵਾਂ ਡਰਾਈਵਿੰਗ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਸ ਲਈ ਨਵੇਂ ਨਿਯਮਾਂ ਦਾ ਮਕਸਦ ਬਜ਼ੁਰਗ ਡਰਾਈਵਰਾਂ ਨੂੰ ਨਿਸ਼ਾਨਾ ਬਣਾਉਣਾ ਨਹੀਂ, ਸਗੋਂ ਸੜਕਾਂ 'ਤੇ ਹਰ ਯਾਤਰੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ। ਮੌਜੂਦਾ ਨਿਯਮਾਂ ਅਨੁਸਾਰ, ਯੂਕੇ ਵਿੱਚ 70 ਸਾਲ ਦੀ ਉਮਰ ਤੋਂ ਬਾਅਦ ਡਰਾਈਵਰਾਂ ਨੂੰ ਹਰ ਤਿੰਨ ਸਾਲ ਬਾਅਦ ਆਪਣਾ ਡਰਾਈਵਿੰਗ ਲਾਇਸੈਂਸ ਨਵਿਆਉਣਾ ਪੈਂਦਾ ਹੈ ਅਤੇ ਆਪਣੀ ਸਿਹਤ ਬਾਰੇ ਖ਼ੁਦ ਜਾਣਕਾਰੀ ਦੇਣੀ ਹੁੰਦੀ ਹੈ। ਹਾਲਾਂਕਿ, ਰੁਟੀਨ ਡਰਾਈਵਿੰਗ ਟੈਸਟ ਲਾਜ਼ਮੀ ਨਹੀਂ ਹੈ। ਬਰਨਹਮ ਦੇ ਸੁਝਾਅ ਤੋਂ ਬਾਅਦ ਇਸ ਮੁੱਦੇ 'ਤੇ ਚਰਚਾ ਤੇਜ਼ ਹੋ ਗਈ ਹੈ। ਕੁਝ ਸੜਕ ਸੁਰੱਖਿਆ ਸੰਸਥਾਵਾਂ ਇਸ ਨੂੰ ਹਾਦਸਿਆਂ ਨੂੰ ਘਟਾਉਣ ਵੱਲ ਇੱਕ ਸਕਾਰਾਤਮਕ ਕਦਮ ਮੰਨ ਰਹੀਆਂ ਹਨ, ਜਦਕਿ ਬਜ਼ੁਰਗਾਂ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਸਿਰਫ਼ ਉਮਰ ਦੇ ਆਧਾਰ 'ਤੇ ਵਾਧੂ ਟੈਸਟ ਲਾਗੂ ਕਰਨਾ ਉਚਿਤ ਨਹੀਂ ਹੋਵੇਗਾ। ਫਿਲਹਾਲ ਇਸ ਸਬੰਧੀ ਕੋਈ ਨਵਾਂ ਕਾਨੂੰਨ ਲਾਗੂ ਨਹੀਂ ਹੋਇਆ ਹੈ, ਪਰ ਇਸ ਪ੍ਰਸਤਾਵ ਨੇ ਯੂਕੇ ਵਿੱਚ ਸੀਨੀਅਰ ਡਰਾਈਵਰਾਂ ਲਈ ਭਵਿੱਖ ਦੇ ਨਿਯਮਾਂ ਬਾਰੇ ਨਵੀਂ ਚਰਚਾ ਛੇੜ ਦਿੱਤੀ ਹੈ।

# ਹਿੰਦ-ਪ੍ਰਸ਼ਾਂਤ ਖੇਤਰ ਵਿਚ ਚੀਨ ਦੀ ਘੇਰਾਬੰਦੀ

## ✪ ਅਮਰੀਕਾ ਨੇ ਸਾਈਨ ਕੀਤਾ ਇਤਿਹਾਸ ਦਾ ਸਭ ਤੋਂ ਵੱਡਾ ਪਨਡੁੱਬੀ ਸਮਝੌਤਾ



### ਚੀਨ ਦਾ ਵੱਧਦਾ ਵਿਸਥਾਰ ਅਤੇ ਅਮਰੀਕਾ ਦੀ ਚਿੰਤਾ

ਭਾਵੇਂ ਗਿਣਤੀ ਅਤੇ ਤਕਨਾਲੋਜੀ ਦੇ ਮਾਮਲੇ ਵਿੱਚ ਅਮਰੀਕਾ ਚੀਨ ਤੋਂ ਬਹੁਤ ਅੱਗੇ ਹੈ, ਪਰ ਹਾਲ ਹੀ ਦੇ ਸਾਲਾਂ ਵਿੱਚ ਚੀਨ ਨੇ ਆਪਣੇ ਸ਼ਿਪਯਾਰਡਾਂ ਦੀ ਸਮਰੱਥਾ ਵਿੱਚ ਰਿਕਾਰਡ ਵਾਧਾ ਕੀਤਾ ਹੈ। ਚੀਨ ਜਿਸ ਰਫ਼ਤਾਰ ਨਾਲ ਨਵੇਂ ਯੁੱਧਪੋਤ ਅਤੇ ਪਰਮਾਣੂ ਪਨਡੁੱਬੀਆਂ ਬਣਾ ਰਿਹਾ ਹੈ, ਉਸ ਨਾਲ ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਸ਼ਕਤੀ ਦਾ ਸੰਤੁਲਨ ਵਿਗੜਨ ਦਾ ਖਤਰਾ ਬਣ ਗਿਆ ਹੈ।

ਇਸੇ ਖਤਰੇ ਨੂੰ ਦੇਖਦਿਆਂ ਅਮਰੀਕਾ ਨੇ ਆਪਣੀ ਰੱਖਿਆ ਉਦਯੋਗਿਕ ਸਮਰੱਥਾ ਨੂੰ ਰਿਕਾਰਡ ਪੱਧਰ 'ਤੇ ਅੱਪਗ੍ਰੇਡ ਕਰਨ ਦਾ ਫੈਸਲਾ ਕੀਤਾ ਹੈ। ਇਸ 76.6 ਅਰਬ ਡਾਲਰ ਦੇ ਸੌਦੇ ਨਾਲ ਅਮਰੀਕਾ ਨਾ ਸਿਰਫ਼ ਆਪਣੀ ਤਕਨੀਕੀ ਵਾਧਾ ਬਣਾ ਕੇ ਰੱਖੇਗਾ, ਸਗੋਂ ਚੀਨ ਨੂੰ ਕਿਸੇ ਵੀ ਸਮੁੰਦਰੀ ਦਖਲਅੰਦਾਜ਼ੀ ਤੋਂ ਰੋਕਣ ਲਈ ਆਪਣੀ ਪਕੜ ਹੋਰ ਮਜ਼ਬੂਤ ਕਰੇਗਾ।

ਵਾਸ਼ਿੰਗਟਨ-ਹਿੰਦ-ਪ੍ਰਸ਼ਾਂਤ ਖੇਤਰ ਵਿੱਚ ਚੀਨ ਦੀ ਨੌਸੈਨਿਕ ਤਾਕਤ ਦੇ ਤੇਜ਼ੀ ਨਾਲ ਹੋ ਰਹੇ ਵਿਸਥਾਰ ਨੇ ਅਮਰੀਕੀ ਪ੍ਰਸ਼ਾਸਨ ਅਤੇ ਰੱਖਿਆ ਮਾਹਿਰਾਂ ਦੀ ਚਿੰਤਾ ਵਧਾ ਦਿੱਤੀ ਹੈ। ਸਮੁੰਦਰ ਦੇ ਹੇਠਾਂ ਆਪਣੀ ਪੂਰਨ ਸਰਦਾਰੀ ਨੂੰ ਕਾਇਮ ਰੱਖਣ ਅਤੇ ਚੀਨ ਦੀ ਵੱਧਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਅਮਰੀਕੀ ਨਵੀ ਨੇ ਇੱਕ ਇਤਿਹਾਸਕ ਕਦਮ ਚੁੱਕਿਆ ਹੈ।

ਅਮਰੀਕਾ ਨੇ 14 ਨਵੀਆਂ ਪਰਮਾਣੂ-ਸੰਚਾਲਿਤ ਪਨਡੁੱਬੀਆਂ ਦੇ ਨਿਰਮਾਣ ਲਈ 76.6 ਅਰਬ ਡਾਲਰ ਦੇ ਵਿਸ਼ਾਲ ਸਮਝੌਤੇ 'ਤੇ ਦਸਤਖਤ ਕੀਤੇ ਹਨ। ਇਹ ਅਮਰੀਕੀ ਇਤਿਹਾਸ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਪਨਡੁੱਬੀ ਸਮਝੌਤਾ ਮੰਨਿਆ ਜਾ ਰਿਹਾ ਹੈ।

### ਸਮਝੌਤੇ ਦਾ ਪੂਰਾ ਵੇਰਵਾ ਅਤੇ ਪਨਡੁੱਬੀਆਂ ਦੀਆਂ ਸ਼੍ਰੇਣੀਆਂ

ਇਸ ਇਤਿਹਾਸਕ ਸਮਝੌਤੇ ਤਹਿਤ ਅਮਰੀਕੀ ਜਲ ਸੈਨਾ ਆਪਣੇ ਬੇੜੇ ਵਿੱਚ ਦੋ ਵੱਖ-ਵੱਖ ਪ੍ਰਮੁੱਖ ਸ਼੍ਰੇਣੀਆਂ ਦੀਆਂ ਪਨਡੁੱਬੀਆਂ ਨੂੰ ਸ਼ਾਮਲ ਕਰੇਗੀ, ਜਿਸ ਦਾ ਮੁੱਖ ਮਕਸਦ ਦੇਸ਼ ਦੀ 'ਨਿਊਕਲੀਅਰ ਟਰਾਈਏਡ'- ਥਲ, ਜਲ ਅਤੇ ਆਕਾਸ਼ ਤੋਂ ਪਰਮਾਣੂ ਹਮਲਾ ਕਰਨ ਦੀ ਸਮਰੱਥਾ ਨੂੰ ਹੋਰ ਮਜ਼ਬੂਤ ਕਰਨਾ ਹੈ। ਇਹ ਪਨਡੁੱਬੀਆਂ ਅਮਰੀਕਾ ਦੇ ਪੁਰਾਣੇ ਹੋ ਰਹੇ ਪਰਮਾਣੂ ਨਿਵਾਰਕ ਬੇੜੇ ਦੀ ਜਗ੍ਹਾ ਲੈਣਗੀਆਂ।

ਇਹ ਸਮੁੰਦਰ ਦੇ ਅੰਦਰੋਂ ਲੰਬੀ ਦੂਰੀ ਤੱਕ ਪਰਮਾਣੂ ਮਿਜ਼ਾਈਲਾਂ ਦਾਗਣ ਦੀ ਅਦਭੁੱਤ ਸਮਰੱਥਾ ਰੱਖਦੀਆਂ ਹਨ, ਜੋ ਅਮਰੀਕਾ ਦੀ ਸਮੁੰਦਰ-ਆਧਾਰਿਤ ਰਣਨੀਤਕ ਸੁਰੱਖਿਆ ਦਾ ਰੀੜ੍ਹ ਆਧਾਰ ਬਣਨਗੀਆਂ।

ਵਰਜੀਨੀਆ-ਕਲਾਸ ਪਨਡੁੱਬੀਆਂ ਅਮਰੀਕਾ ਦੀਆਂ ਮੁੱਖ ਟੈਕਟੀਕਲ ਸਟ੍ਰਾਈਕ ਅਤੇ ਮਲਟੀ-ਮਿਸ਼ਨ ਪਲੇਟਫਾਰਮ ਹਨ। ਇਹ ਪਨਡੁੱਬੀਆਂ ਦੁਸ਼ਮਣ ਦੇ ਜਹਾਜ਼ਾਂ ਅਤੇ ਪਨਡੁੱਬੀਆਂ ਨੂੰ ਤਬਾਹ ਕਰਨ, ਗੁਪਤ ਜਾਣਕਾਰੀ ਇਕੱਠੀ ਕਰਨ ਅਤੇ ਜ਼ਮੀਨੀ ਨਿਸ਼ਾਨਿਆਂ 'ਤੇ ਸਟੀਕ ਹਮਲੇ ਕਰਨ ਵਿੱਚ ਮਾਹਿਰ ਹਨ।

### ਕਿਸ ਨੂੰ ਮਿਲਿਆ ਨਿਰਮਾਣ ਦਾ ਠੇਕਾ ਅਤੇ ਸਮਾਂ-ਸੀਮਾ ?

ਇਸ ਵਿਸ਼ਾਲ ਪ੍ਰੋਜੈਕਟ ਨੂੰ ਪੂਰਾ ਕਰਨ ਲਈ ਅਮਰੀਕਾ ਦੀਆਂ ਦੋ ਪ੍ਰਮੁੱਖ ਡਿਫੈਂਸ ਸ਼ਿਪਬਿਲਡਿੰਗ ਕੰਪਨੀਆਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਜਨਰਲ ਡਾਇਨਾਮਿਕਸ ਇਲੈਕਟ੍ਰਿਕ ਬੋਟ ਕੰਪਨੀ ਨੂੰ ਕੋਲੰਬੀਆ-ਕਲਾਸ ਪਨਡੁੱਬੀਆਂ ਦੇ ਨਿਰਮਾਣ ਦਾ ਮੁੱਖ ਠੇਕਾ ਦਿੱਤਾ ਗਿਆ ਹੈ।

ਐਚਐਚਐਲ-ਨਿਊਪੋਰਟ ਨਿਊਜ਼ ਸ਼ਿਪਬਿਲਡਿੰਗ ਕੰਪਨੀ ਜਨਰਲ ਡਾਇਨਾਮਿਕਸ ਇਲੈਕਟ੍ਰਿਕ ਬੋਟ ਕੰਪਨੀ ਦੇ ਨਾਲ ਮਿਲ ਕੇ 2025 ਤੋਂ 2029 ਦੇ ਵਿੱਤੀ ਸਾਲਾਂ ਦੌਰਾਨ ਵਰਜੀਨੀਆ-ਕਲਾਸ ਦੀਆਂ 9 ਅਟੈਕ ਪਨਡੁੱਬੀਆਂ ਦਾ ਨਿਰਮਾਣ ਕਰੇਗੀ।

ਅਮਰੀਕੀ ਨਵੀ ਨੀਤੀ ਅਨੁਸਾਰ, ਜੁਲਾਈ 2038 ਤੱਕ ਇਹ ਸਾਰੀਆਂ 14 ਨਵੀਆਂ ਪਰਮਾਣੂ ਪਨਡੁੱਬੀਆਂ ਪੂਰੀ ਤਰ੍ਹਾਂ ਤਿਆਰ ਹੋ ਕੇ ਅਮਰੀਕੀ ਜਲ ਸੈਨਾ ਵਿੱਚ ਸ਼ਾਮਲ ਕਰ ਲਈਆਂ ਜਾਣਗੀਆਂ। ਸਮੁੰਦਰੀ ਪ੍ਰੋਗਰਾਮ ਦੇ ਡਾਇਰੈਕਟਰ ਵਾਈਸ ਐਡਮਿਰਲ ਰੌਬਰਟ ਗੌਚਰ ਨੇ ਦੱਸਿਆ ਕਿ ਇਹ ਨਿਵੇਸ਼ ਸਮੁੰਦਰ ਦੇ ਹੇਠਾਂ ਅਮਰੀਕੀ ਸਰਦਾਰੀ ਨੂੰ ਕਦੇ ਖਤਮ ਨਾ ਹੋਣ ਦੇਣ ਲਈ ਬਹੁਤ ਜ਼ਰੂਰੀ ਹੈ।

### ਅਮਰੀਕਾ ਬਨਾਮ ਚੀਨ ਦੀ ਸਮੁੰਦਰੀ ਤਾਕਤ ਦਾ ਤੁਲਨਾਤਮਕ ਵਿਸ਼ਲੇਸ਼ਣ

ਅੰਤਰਰਾਸ਼ਟਰੀ ਡਿਫੈਂਸ ਥਿੰਕ-ਟੈਂਕ IISS (ਇੰਟਰਨੈਸ਼ਨਲ ਇੰਸਟੀਚਿਊਟ ਫਾਰ ਸਟਰੈਜਿਕ ਸਟਡੀਜ਼ ) ਦੀ ਤਾਜ਼ਾ ਰਿਪੋਰਟ ਦੇ ਅੰਕੜਿਆਂ ਅਨੁਸਾਰ ਦੋਵਾਂ ਦੇਸ਼ਾਂ ਦੀ ਪਨਡੁੱਬੀ ਤਾਕਤ ਵਿੱਚ ਵੱਡਾ ਅੰਤਰ ਹੈ। ਅਮਰੀਕਾ ਕੋਲ ਇਸ ਵੇਲੇ 65 ਤੋਂ ਵੱਧ ਸਰਗਰਮ ਪਰਮਾਣੂ ਪਨਡੁੱਬੀਆਂ ਦਾ ਵਿਸ਼ਾਲ ਬੇੜਾ ਹੈ। ਅਮਰੀਕਾ ਦੀਆਂ 'ਵਰਜੀਨੀਆ' ਅਤੇ 'ਸੀ-ਵੁਲਫ਼' ਕਲਾਸ ਦੀਆਂ ਪਨਡੁੱਬੀਆਂ ਦੁਨੀਆ ਵਿੱਚ ਸਭ ਤੋਂ ਵੱਧ ਸ਼ਾਂਤ ਮੰਨੀਆਂ ਜਾਂਦੀਆਂ ਹਨ। ਸਮੁੰਦਰ ਦੀਆਂ ਡੂੰਘਾਈਆਂ ਵਿੱਚ ਇਹ ਬਿਨਾਂ ਕੋਈ ਆਵਾਜ਼ ਕੀਤੇ ਚੱਲਦੀਆਂ ਹਨ, ਜਿਸ ਕਾਰਨ ਇਨ੍ਹਾਂ ਨੂੰ ਸੋਨਾਰ ਨਾਲ ਟਰੈਕ ਕਰਨਾ ਲਗਭਗ ਅਸੰਭਵ ਹੁੰਦਾ ਹੈ। ਦੂਜੇ ਪਾਸੇ ਚੀਨ ਕੋਲ ਇਸ ਵੇਲੇ ਸਿਰਫ਼ 12 ਸਰਗਰਮ ਪਰਮਾਣੂ ਪਨਡੁੱਬੀਆਂ ਹਨ। ਪਰ ਚੀਨ ਕੋਲ ਲਗਭਗ 46 ਪਾਰੰਪਰਿਕ (ਡੀਜ਼ਲ-ਇਲੈਕਟ੍ਰਿਕ) ਪਨਡੁੱਬੀਆਂ ਵੀ ਹਨ, ਜੋ ਤਟੀ ਰੱਖਿਆ ਲਈ ਕਾਫ਼ੀ ਮਜ਼ਬੂਤ ਹਨ। ਚੀਨੀ ਪਰਮਾਣੂ ਪਨਡੁੱਬੀਆਂ ਦੇ ਪੁਰਾਣੇ ਮਾਡਲ ਚੱਲਣ ਵੇਲੇ ਕਾਫ਼ੀ ਰੌਲਾ ਪਾਉਂਦੇ ਹਨ, ਜਿਸ ਕਾਰਨ ਅਮਰੀਕੀ ਰੋਡਾਰ ਅਤੇ ਸੋਨਾਰ ਸਿਸਟਮ ਇਨ੍ਹਾਂ ਨੂੰ ਆਸਾਨੀ ਨਾਲ ਫੜ ਲੈਂਦੇ ਹਨ।

# ਬਾਫ਼ੀਪੁਰ ਬਿਹਾਰ ਦਾ ਸੁਨੇਹਾ: ਬਦਲਦੀ ਸਿਆਸਤ, ਯੂਥ ਫੈਕਟਰ ਅਤੇ ਪਰੰਪਰਾਗਤ ਸਮੀਕਰਨ

ਨਵੀਂ ਦਿੱਲੀ-ਬਿਹਾਰ ਦੀ ਬਾਫ਼ੀਪੁਰ ਵਿਧਾਨ ਸਭਾ ਜ਼ਿਮਨੀ ਚੋਣ ਦੇ ਨਤੀਜਿਆਂ ਨੇ ਰਾਜ ਅਤੇ ਦੇਸ਼ ਦੀ ਰਾਜਨੀਤੀ ਵਿੱਚ ਇੱਕ ਵੱਡੀ ਹਲਚਲ ਪੈਦਾ ਕਰ ਦਿੱਤੀ ਹੈ। ਭਾਰਤੀ ਜਨਤਾ ਪਾਰਟੀ (ਬੀਜੇਪੀ) ਦੇ ਮਜ਼ਬੂਤ ਗੜ੍ਹ ਮੰਨੇ ਜਾਂਦੇ ਇਸ ਸ਼ਹਿਰੀ ਖੇਤਰ ਵਿੱਚੋਂ 'ਜਨ ਸੁਰਾਜ ਪਾਰਟੀ' ਦੇ ਸੰਸਥਾਪਕ ਪ੍ਰਸ਼ਾਂਤ ਕਿਸ਼ੋਰ ਦੀ ਸ਼ਾਨਦਾਰ ਜਿੱਤ ਕੇਵਲ ਇੱਕ ਸੀਟ ਦਾ ਫੇਰਬਦਲ ਨਹੀਂ ਹੈ, ਸਗੋਂ ਇਹ ਰਵਾਇਤੀ ਜਾਤੀਗਤ ਰਾਜਨੀਤੀ ਅਤੇ ਸੱਤਾਧਾਰੀ ਧਿਰ ਦੇ ਨੈਰੇਟਿਵ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਬੀਜੇਪੀ ਦੇ ਰਾਸ਼ਟਰੀ ਪ੍ਰਧਾਨ ਨਿਤਿਨ ਨਵੀਨ ਦਾ ਖੇਤਰ ਹੋਣ ਦੇ ਨਾਲ-ਨਾਲ ਬੀਜੇਪੀ ਦੇ ਦਹਾਕਿਆਂ ਪੁਰਾਣੇ ਦਬਦਬੇ ਵਾਲੀ ਇਸ ਸੀਟ 'ਤੇ ਮਿਲੀ ਹਾਰ ਨੇ ਸੱਤਾਧਾਰੀ ਗਠਜੋੜ ਦੇ ਨਾਲ-ਨਾਲ ਮੁੱਖ ਵਿਰੋਧੀ ਧਿਰ ਆਰ.ਜੇ.ਡੀ. ਲਈ ਵੀ ਖ਼ਤਰੇ ਦੀ ਘੰਟੀ ਵਜਾ ਦਿੱਤੀ ਹੈ।

ਇਸ ਚੋਣ ਨਤੀਜੇ ਦਾ ਸਭ ਤੋਂ ਅਹਿਮ ਪਹਿਲੂ ਨੌਜਵਾਨਾਂ ਦਾ ਰੋਸ ਅਤੇ ਹਾਲ ਹੀ ਵਿੱਚ ਹੋਏ 'ਸੀ.ਜੇ.ਪੀ.' ਵਿਦਿਆਰਥੀ ਅੰਦੋਲਨ ਦਾ ਪ੍ਰਭਾਵ ਹੈ। ਦਿੱਲੀ ਅਤੇ ਪਟਨਾ ਵਿੱਚ ਪੇਪਰ ਲੀਕ ਅਤੇ ਪ੍ਰੀਖਿਆ ਪ੍ਰਣਾਲੀ ਦੇ ਵਿਰੋਧ ਵਿੱਚ ਹੋਏ ਪ੍ਰਦਰਸ਼ਨਾਂ ਨੇ ਸ਼ਹਿਰੀ ਮੱਧਵਰਗ ਅਤੇ ਨੌਜਵਾਨਾਂ ਵਿੱਚ ਜ਼ਬਰਦਸਤ ਅਸੰਤੋਸ਼ ਪੈਦਾ ਕੀਤਾ ਸੀ।

ਪ੍ਰਸ਼ਾਂਤ ਕਿਸ਼ੋਰ ਨੇ ਪਰੰਪਰਾਗਤ ਜਾਤੀ ਸਮੀਕਰਨਾਂ ਤੋਂ ਉੱਪਰ ਉੱਠ ਕੇ ਬੇਰੁਜ਼ਗਾਰੀ, ਸਿੱਖਿਆ ਅਤੇ ਨੌਜਵਾਨਾਂ ਦੇ ਭਵਿੱਖ ਦੇ ਮੁੱਦਿਆਂ ਨੂੰ ਕੇਂਦਰ ਵਿੱਚ ਰੱਖਿਆ, ਜਿਸ ਨੂੰ ਮੱਧਵਰਗੀ ਵੋਟਰਾਂ ਅਤੇ ਯੂਥ ਨੇ ਖੁੱਲ੍ਹ ਕੇ ਸਮਰਥਨ ਦਿੱਤਾ। ਇਸ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਜਦੋਂ ਨੌਜਵਾਨਾਂ ਦੇ ਭਵਿੱਖ ਨਾਲ ਖਿਲਵਾੜ ਹੁੰਦਾ ਹੈ, ਤਾਂ ਉਹ ਰਾਜਨੀਤਕ ਧਿਰਾਂ ਲਈ ਵੱਡੀ ਚੁਣੌਤੀ ਬਣ ਸਕਦੇ ਹਨ।

ਦੂਜੇ ਪਾਸੇ, ਬਿਹਾਰ ਵਿੱਚ ਮੁੱਖ ਮੰਤਰੀ ਨੀਤੀਸ਼ ਕੁਮਾਰ ਨੂੰ ਅਹੁਦੇ ਤੋਂ ਹਟਾ ਕੇ ਰਾਜ ਸਭਾ ਭੇਜਣ ਤੋਂ ਬਾਅਦ ਪੈਦਾ ਹੋਇਆ ਸਿਆਸੀ ਖਲਾਅ ਅਤੇ ਕੁਰਮੀ-ਕੁਸ਼ਵਾਹਾ ਵੋਟ ਬੈਂਕ ਦੀ ਨਾਰਾਜ਼ਗੀ ਵੀ ਬੀਜੇਪੀ ਨੂੰ ਭਾਰੀ ਪਈ ਹੈ। ਨਵੇਂ ਬਣੇ ਮੁੱਖ ਮੰਤਰੀ ਸਮਰਾਟ ਚੌਧਰੀ ਦੀ ਅਗਵਾਈ ਅਤੇ ਸਵੀਕਾਰਤਾ 'ਤੇ ਇਸ ਨਤੀਜੇ ਨੇ ਸਿੱਧੇ ਸਵਾਲ ਖੜ੍ਹੇ ਕੀਤੇ ਹਨ। ਇਸ ਤੋਂ ਇਲਾਵਾ, ਭਰਤ ਭੂਸ਼ਣ ਤਿਵਾੜੀ ਕਥਿਤ ਪੁਲਿਸ ਐਨਕਾਊਂਟਰ ਦੀ ਘਟਨਾ ਨੇ ਉੱਚ ਜਾਤੀ ਦੇ ਵੋਟਰਾਂ, ਵਿਸ਼ੇਸ਼ ਤੌਰ 'ਤੇ ਬ੍ਰਾਹਮਣਾਂ ਵਿੱਚ ਬੀਜੇਪੀ ਪ੍ਰਤੀ ਭਾਰੀ ਗੁੱਸਾ ਪੈਦਾ ਕੀਤਾ, ਜਿਸ ਦਾ ਫਾਇਦਾ ਜਨ ਸੁਰਾਜ ਨੂੰ ਮਿਲਿਆ।

ਆਰ.ਜੇ.ਡੀ. ਲਈ ਵੀ ਇਹ ਨਤੀਜੇ ਆਤਮ-ਚਿੰਤਨ ਦਾ ਵਿਸ਼ਾ ਹਨ। ਪ੍ਰਸ਼ਾਂਤ ਕਿਸ਼ੋਰ ਨੇ ਆਰ.ਜੇ.ਡੀ. ਦੇ ਰਵਾਇਤੀ 'ਮੁਸਲਿਮ-ਯਾਦਵ' ਵੋਟ ਬੈਂਕ ਵਿੱਚ ਵੱਡੀ ਸੰਨ੍ਹ ਲਗਾਈ ਹੈ। ਤੇਜਸਵੀ ਯਾਦਵ ਦੀ ਸਰਗਰਮੀ ਵਿੱਚ ਕਮੀ ਅਤੇ ਵਿਰੋਧੀ ਧਿਰ ਵਜੋਂ ਢਿੱਲੀ ਭੂਮਿਕਾ ਕਾਰਨ ਮੁਸਲਿਮ ਅਤੇ ਯਾਦਵ ਵੋਟਰਾਂ ਦਾ ਇੱਕ ਵੱਡਾ ਹਿੱਸਾ ਬੀਜੇਪੀ ਨੂੰ ਹਰਾਉਣ ਲਈ ਜਨ ਸੁਰਾਜ ਦੇ ਨਾਲ ਖੜ੍ਹਾ ਹੁੰਦਾ ਨਜ਼ਰ ਆਇਆ।

ਬਾਫ਼ੀਪੁਰ ਦਾ ਇਹ ਫੈਸਲਾ ਇਹ ਸੰਕੇਤ ਦਿੰਦਾ ਹੈ ਕਿ ਭਾਰਤੀ ਵੋਟਰ ਹੁਣ ਕੇਵਲ ਰਵਾਇਤੀ ਚਿਹਰਿਆਂ ਜਾਂ ਜਾਤੀਗਤ ਗਠਜੋੜਾਂ ਤੱਕ ਸੀਮਤ ਨਹੀਂ ਰਹਿਣਾ ਚਾਹੁੰਦਾ, ਸਗੋਂ ਉਹ ਇੱਕ ਮਜ਼ਬੂਤ ਅਤੇ ਵਿਕਾਸਮੁਖੀ ਨਵੇਂ ਵਿਕਲਪ ਨੂੰ ਅਪਣਾਉਣ ਲਈ ਤਿਆਰ ਹੈ। ਹਾਲਾਂਕਿ ਇੱਕ ਉਪ-ਚੋਣ ਪੂਰੇ ਰਾਜ ਦੇ ਮੂਡ ਦਾ ਅੰਤਿਮ ਫੈਸਲਾ ਨਹੀਂ ਹੋ ਸਕਦੀ, ਪਰ ਪ੍ਰਸ਼ਾਂਤ ਕਿਸ਼ੋਰ ਦੀ ਇਹ ਜਿੱਤ ਬਿਹਾਰ ਦੀ ਸਿਆਸਤ ਵਿੱਚ ਇੱਕ ਨਵੇਂ ਯੁਗ ਦੇ ਉਭਾਰ ਦੀ ਸ਼ੁਰੂਆਤ ਜ਼ਰੂਰ ਹੈ। ਸੱਤਾਧਾਰੀ ਅਤੇ ਵਿਰੋਧੀ ਧਿਰਾਂ ਦੋਵਾਂ ਲਈ ਬਿਹਤਰ ਹੋਵੇਗਾ ਕਿ ਉਹ ਜਨਤਾ ਅਤੇ ਨੌਜਵਾਨਾਂ ਦੇ ਇਸ ਸੁਨੇਹੇ ਨੂੰ ਗੰਭੀਰਤਾ ਨਾਲ ਸਮਝਣ।

# ਰਾਜ ਸਭਾ ਵਿਚ ਚਿੰਤਾਜਨਕ ਖੁਲਾਸਾ, ਪੰਜਾਬ ਵਿਚ ਤੇਜ਼ੀ ਨਾਲ ਵਧ ਰਹੇ ਨੇ ਕੈਂਸਰ ਦੇ ਮਾਮਲੇ

## ✪ ਮਾਲਵਾ ਖੇਤਰ ਦੇ ਜ਼ਿਲ੍ਹੇ ਸਭ ਤੋਂ ਵੱਧ ਪ੍ਰਭਾਵਿਤ, ਕੀਟਨਾਸ਼ਕਾਂ ਅਤੇ ਦੂਸ਼ਿਤ ਪਾਣੀ ਦੀ ਮਾਰ ✪ ਉੱਤਰੀ ਭਾਰਤ ਵਿਚ 10% ਵਧੇਗਾ ਕੈਂਸਰ ਦਾ ਪ੍ਰਕੋਪ, ਪੰਜਾਬ ਵਿਚ ਅੰਕੜਾ 43 ਹਜ਼ਾਰ ਦੇ ਪਾਰ ਜਾਣ ਦਾ ਅਨੁਮਾਨ

### ਨਿਊਜ਼ ਵਿਸ਼ਲੇਸ਼ਣ

ਉੱਤਰੀ ਭਾਰਤ ਵਿੱਚ ਕੈਂਸਰ ਵਰਗੀ ਗੰਭੀਰ ਬੀਮਾਰੀ ਦਾ ਬੋਝ ਦਿਨ-ਬ-ਦਿਨ ਲਗਾਤਾਰ ਵਧਦਾ ਜਾ ਰਿਹਾ ਹੈ। ਪੰਜਾਬ, ਹਰਿਆਣਾ, ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਜੰਮੂ-ਕਸ਼ਮੀਰ ਵਰਗੇ ਰਾਜਾਂ ਵਿੱਚ ਕੈਂਸਰ ਦੇ ਨਵੇਂ ਮਾਮਲੇ ਤੇਜ਼ੀ ਨਾਲ ਵਧਣ ਦਾ ਅਨੁਮਾਨ ਹੈ। ਰਾਜ ਸਭਾ ਵਿੱਚ ਪੇਸ਼ ਕੀਤੇ ਗਏ ਕੇਂਦਰ ਸਰਕਾਰ ਦੇ ਅੰਕੜਿਆਂ ਅਨੁਸਾਰ, ਸਾਲ 2025 ਤੱਕ ਦੇਸ਼ ਭਰ ਵਿੱਚ ਕੈਂਸਰ ਦੇ ਨਵੇਂ ਮਰੀਜ਼ਾਂ ਦੀ ਗਿਣਤੀ ਲਗਭਗ 15.70 ਲੱਖ ਤੱਕ ਪਹੁੰਚਣ ਦੀ ਸੰਭਾਵਨਾ ਹੈ।



ਸਿਹਤ ਅਤੇ ਪਰਿਵਾਰ ਭਲਾਈ ਰਾਜ ਮੰਤਰੀ ਪ੍ਰਤਾਪਰਾਵ ਜਾਧਵ ਨੇ ਰਾਜ ਸਭਾ ਵਿਚ ਦੱਸਿਆ ਕਿ ਆਈ.ਸੀ.ਐੱਮ.ਆਰ. ਦੇ ਰਾਸ਼ਟਰੀ ਕੈਂਸਰ ਰਜਿਸਟਰੀ ਪ੍ਰੋਗਰਾਮ ਦੇ ਅਨੁਸਾਰ ਦੇਸ਼ ਭਰ ਵਿਚ 2021 ਦੌਰਾਉ 14,26,447 ਮਾਮਲੇ ਸਨ, ਜੋ 2025 ਵਿੱਚ ਵਧ ਕੇ 15,69,793 ਹੋਣ ਦਾ ਅਨੁਮਾਨ ਹੈ। ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਕੈਸਾ। 2021 ਵਿੱਚ 39,521 ਮਾਮਲਿਆਂ ਤੋਂ ਵਧ ਕੇ 2025 ਵਿੱਚ 43,196 ਹੋ ਜਾਣਗੇ।

ਹਰਿਆਣਾ ਵਿਚ ਮਾਮਲੇ 30,015 ਤੋਂ ਵਧ ਕੇ 33,395 ਹੋਣ ਦਾ ਅਨੁਮਾਨ ਹੈ।

ਦਿੱਲੀ: 25,969 ਤੋਂ ਵਧ ਕੇ 29,238 ਹੋਣ ਦੀ ਸੰਭਾਵਨਾ।

ਜੰਮੂ-ਕਸ਼ਮੀਰ ਵਿਚ 13,060 ਤੋਂ ਵਧ ਕੇ 14,493 ਤੱਕ ਪਹੁੰਚਣ ਦਾ ਅਨੁਮਾਨ ਹੈ।

ਹਿਮਾਚਲ ਪ੍ਰਦੇਸ਼ ਵਿਚ 8,978 ਤੋਂ ਵਧ ਕੇ 9,761 ਹੋ ਸਕਦੇ ਹਨ।

### ਪੰਜਾਬ ਸਭ ਤੋਂ ਵੱਧ ਪ੍ਰਭਾਵਿਤ ਕਿਉਂ?

ਪੰਜਾਬ ਵਿੱਚ ਕੈਂਸਰ ਦੇ ਸਭ ਤੋਂ ਵੱਧ ਮਾਮਲੇ ਸਾਹਮਣੇ ਆਉਣ ਦੇ ਕਈ ਮੁੱਖ ਵਾਤਾਵਰਣਕ ਅਤੇ ਜੀਵਨ-ਸ਼ੈਲੀ ਨਾਲ ਜੁੜੇ ਕਾਰਨ ਹਨ:

ਕੀਟਨਾਸ਼ਕਾਂ ਅਤੇ ਰਸਾਇਣਾਂ ਦੀ ਅੰਧਾਧੁੰਦ ਵਰਤੋਂ: ਹਰੀ ਕ੍ਰਾਂਤੀ ਤੋਂ ਬਾਅਦ ਖੇਤੀ ਵਿੱਚ ਕੀਟਨਾਸ਼ਕਾਂ ਅਤੇ ਯੂਰੀਆ/ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਹੋਈ ਹੈ, ਜਿਸ ਨਾਲ ਜ਼ਹਿਰੀਲੇ ਤੱਤ ਧਰਤੀ ਹੇਠਲੇ ਪਾਣੀ ਅਤੇ ਖਾਣ-ਪੀਣ ਦੀਆਂ ਵਸਤੂਆਂ ਵਿੱਚ ਮਿਲ ਚੁੱਕੇ ਹਨ।

ਧਰਤੀ ਹੇਠਲਾ ਦੂਸ਼ਿਤ ਪਾਣੀ: ਸੂਬੇ ਦੇ ਕਈ ਇਲਾਕਿਆਂ 'ਚ ਪਾਣੀ ਵਿੱਚ ਹੈਵੀ ਮੈਟਲਜ਼ (ਜਿਵੇਂ ਯੂਰੇਨੀਅਮ, ਆਰਸੈਨਿਕ ਅਤੇ ਸੀਸਾ) ਦੀ ਮਾਤਰਾ ਖਤਰਨਾਕ ਪੱਧਰ 'ਤੇ ਪਾਈ ਗਈ ਹੈ।

ਜੀਵਨ-ਸ਼ੈਲੀ ਅਤੇ ਖਾਣ-ਪੀਣ ਵਿਚ ਬਦਲਾਅ ਕਾਰਨ ਕੈਂਸਰ ਵਿਚ ਇਜ਼ਾਫ਼ਾ ਹੋਇਆ ਹੈ। ਪ੍ਰਸੈਸਡ ਫੂਡ, ਤੰਬਾਕੂ ਅਤੇ ਸ਼ਰਾਬ ਦੀ ਵਰਤੋਂ ਦੇ ਨਾਲ-ਨਾਲ ਸਰੀਰਕ ਗਤੀਵਿਧੀਆਂ ਦੀ ਘਾਟ ਕੈਂਸਰ ਦਾ ਕਾਰਣ ਹਨ।

ਪੰਜਾਬ ਵਿੱਚ ਹੁਣ ਬੀਮਾਰੀ ਦੀ ਪਛਾਣ ਲਈ ਜਾਗਰੂਕਤਾ ਵਧੀ ਹੈ, ਜਿਸ ਕਾਰਨ ਨਵੇਂ ਮਾਮਲੇ ਜ਼ਿਆਦਾ ਦਰਜ ਹੋ ਰਹੇ ਹਨ।

### ਪੰਜਾਬ ਦੇ ਸਭ ਤੋਂ ਪ੍ਰਭਾਵਿਤ ਜ਼ਿਲ੍ਹੇ

ਪੰਜਾਬ ਦਾ ਮਾਲਵਾ ਖੇਤਰ ਕੈਂਸਰ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੈ। ਸਭ ਤੋਂ ਪ੍ਰਭਾਵਿਤ ਜ਼ਿਲ੍ਹੇ ਬਠਿੰਡਾ (ਸਭ ਤੋਂ ਪ੍ਰਭਾਵਿਤ ਜ਼ਿਲ੍ਹਾ, ਜਿੱਥੋਂ ਦੀ 'ਕੈਂਸਰ ਟ੍ਰੇਨ' ਪੂਰੇ ਦੇਸ਼ ਵਿਚ ਚਰਚਾ ਦਾ ਵਿਸ਼ਾ ਰਹੀ ਹੈ), ਮਾਨਸਾ, ਮੁਕਤਸਰ ਸਾਹਿਬ, ਫਾਜ਼ਿਲਕਾ, ਸੰਗਰੂਰ, ਫ਼ਰੀਦਕੋਟ ਹਨ। ਮਾਲਵਾ ਦੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਪ੍ਰਤੀ ਲੱਖ ਆਬਾਦੀ ਪਿੱਛੇ ਕੈਂਸਰ ਮਰੀਜ਼ਾਂ ਦੀ ਦਰ ਰਾਸ਼ਟਰੀ ਔਸਤ ਨਾਲੋਂ ਕਾਫ਼ੀ ਜ਼ਿਆਦਾ ਹੈ।

### ਸਰਕਾਰ ਦੇ ਕਦਮ ਅਤੇ ਨਵੀਂ ਨੀਤੀ

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਪੁਰਾਣੀ 'ਖੇਤਰੀ ਕੈਂਸਰ ਕੇਂਦਰ (ਆਰਸੀਸੀ)' ਯੋਜਨਾ ਨੂੰ ਬੰਦ ਕਰਕੇ ਹੁਣ ਐਨਪੀ-ਐਨਸੀਡੀ ਪ੍ਰੋਗਰਾਮ ਦੇ ਤਹਿਤ ਕੈਂਸਰ ਦੇ ਇਲਾਜ ਲਈ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ ਜਾ ਰਿਹਾ ਹੈ। ਦੇਸ਼ ਭਰ ਵਿੱਚ 19 ਸਟੇਟ ਕੈਂਸਰ ਇੰਸਟੀਚਿਊਟ ਅਤੇ 20 ਟਰਸ਼ਰੀ ਕੇਅਰ ਕੈਂਸਰ ਸੈਂਟਰ ਨੂੰ ਮਨਜ਼ੂਰੀ ਦਿੱਤੀ ਗਈ ਹੈ। ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ ਨੂੰ ਸਟੇਟ ਕੈਂਸਰ ਇੰਸਟੀਚਿਊਟ ਅਤੇ ਸਿਵਲ ਹਸਪਤਾਲ, ਫਾਜ਼ਿਲਕਾ ਨੂੰ ਟਰਸ਼ਰੀ ਕੇਅਰ ਕੈਂਸਰ ਸੈਂਟਰ ਵਜੋਂ ਵਿਕਸਿਤ ਕੀਤਾ ਗਿਆ ਹੈ। ਸਿਵਲ ਹਸਪਤਾਲ, ਅੰਬਾਲਾ ਛਾਉਣੀ ਵਿਖੇ ਟਰਸ਼ਰੀ ਕੇਅਰ ਕੈਂਸਰ ਸੈਂਟਰ ਸਫਲਤਾਪੂਰਵਕ ਚੱਲ ਰਿਹਾ ਹੈ।

# ਬ੍ਰੈਂਪਟਨ ਵਿਖੇ ਪਹਿਲੀਆਂ 'ਓਨਟਾਰੀਓ ਸਿੱਖ ਗੇਮਜ਼' ਦਾ ਸਫ਼ਲ ਆਯੋਜਨ

ਬ੍ਰੈਂਪਟਨ (ਕੈਨੇਡਾ)-ਬ੍ਰੈਂਪਟਨ ਦੇ 'ਬ੍ਰੈਂਪਟਨ ਸਾਕਰ ਸੈਂਟਰ' ਅਤੇ 'ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ' ਵਿਖੇ ਬੀਤੇ ਵੀਕਐਂਡ ਓਨਟਾਰੀਓ ਦੀਆਂ ਪਹਿਲੀਆਂ 'ਸਿੱਖ ਗੇਮਜ਼' ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। 'ਓਨਟਾਰੀਓ ਗੁਰਦੁਆਰਾਜ਼ ਕਮੇਟੀ' ਵੱਲੋਂ 31 ਜੁਲਾਈ ਤੋਂ 3 ਅਗਸਤ, 2026 ਤੱਕ ਕਰਵਾਈਆਂ ਗਈਆਂ ਇਹਨਾਂ ਖੇਡਾਂ ਵਿੱਚ ਵੱਡੀ ਗਿਣਤੀ ਵਿੱਚ ਖਿਡਾਰੀਆਂ ਅਤੇ ਦਰਸ਼ਕਾਂ ਨੇ ਭਾਗ ਲਿਆ।




ਇਸ ਚਾਰ ਦਿਨਾ ਖੇਡ ਮੇਲੇ ਦਾ ਮੁੱਖ ਮਕਸਦ ਨੌਜਵਾਨਾਂ ਵਿੱਚ ਖੇਡ ਭਾਵਨਾ, ਲੀਡਰਸ਼ਿਪ ਅਤੇ ਆਪਸੀ ਸਾਂਝ ਨੂੰ ਵਧਾਵਾ ਦੇਣਾ ਸੀ।

ਇਹਨਾਂ ਖੇਡਾਂ ਵਿੱਚ ਰਵਾਇਤੀ ਅਤੇ ਆਧੁਨਿਕ ਖੇਡਾਂ ਦਾ ਵਧੀਆ ਸੁਮੇਲ ਦੇਖਣ ਨੂੰ ਮਿਲਿਆ, ਜਿਸ ਵਿੱਚ ਸ਼ਾਮਲ ਸਨ:

ਸਾਕਰ (ਫੁੱਟਬਾਲ): ਅੰਡਰ-8, ਅੰਡਰ-15, ਓਪਨ ਅਤੇ 40+ ਸ਼੍ਰੇਣੀਆਂ

ਕਬੱਡੀ: ਅੰਡਰ-21 ਅਤੇ ਲੜਕੀਆਂ ਦੇ ਵਿਸ਼ੇਸ਼ ਮੁਕਾਬਲੇ

ਹੋਰ ਖੇਡਾਂ: ਗੱਤਕਾ (ਸਿੱਖ ਯੁੱਧ ਕਲਾ), ਵਾਲੀਬਾਲ, ਫੀਲਡ ਹਾਕੀ, ਬਾਸਕਟਬਾਲ, ਵੇਟਲਿਫਟਿੰਗ ਅਤੇ 5 ਕਿਲੋਮੀਟਰ ਦੌੜ।

ਇਹ ਖੇਡਾਂ ਓਨਟਾਰੀਓ ਦੇ ਪੱਕੇ ਵਸਨੀਕ ਸਿੱਖ ਖਿਡਾਰੀਆਂ ਲਈ ਖੁੱਲ੍ਹੀਆਂ ਸਨ ਅਤੇ ਦਰਸ਼ਕਾਂ ਲਈ ਦਾਖਲਾ ਬਿਲਕੁਲ ਮੁਫ਼ਤ ਰੱਖਿਆ ਗਿਆ ਸੀ।

ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਅਤੇ ਹੋਰ ਸਥਾਨਕ ਰਾਜਨੇਤਾਵਾਂ ਨੇ ਖੇਡਾਂ ਵਿੱਚ ਸ਼ਿਰਕਤ ਕੀਤੀ ਅਤੇ ਖਿਡਾਰੀਆਂ ਦਾ ਹੌਸਲਾ ਵਧਾਇਆ।

“ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨਾ ਬਹੁਤ ਜ਼ਰੂਰੀ ਹੈ, ਇਸ ਨਾਲ ਉਹ ਟੀਮ ਵਰਕ ਅਤੇ ਅਗਵਾਈ (ਲੀਡਰਸ਼ਿਪ) ਵਰਗੇ ਮਹੱਤਵਪੂਰਨ ਗੁਣ ਸਿੱਖਦੇ ਹਨ ਜੋ ਜ਼ਿੰਦਗੀ ਭਰ ਕੰਮ ਆਉਂਦੇ ਹਨ।” -ਡੱਗ ਫੋਰਡ, ਪ੍ਰੀਮੀਅਰ (ਓਨਟਾਰੀਓ)

ਉਹਨਾਂ ਨੇ ਇਸ ਸਫ਼ਲ ਆਯੋਜਨ ਲਈ 'ਓਨਟਾਰੀਓ ਗੁਰਦੁਆਰਾਜ਼ ਕਮੇਟੀ' ਦਾ ਵਿਸ਼ੇਸ਼ ਧੰਨਵਾਦ ਕੀਤਾ।

### ਭਾਈਚਾਰਕ ਸਾਂਝ ਦਾ ਸੁਨੇਹਾ

ਓਨਟਾਰੀਓ ਗੁਰਦੁਆਰਾਜ਼ ਕਮੇਟੀ, ਜੋ ਕਿ ਓਨਟਾਰੀਓ ਅਤੇ ਕਿਊਬਿਕ ਦੇ 20 ਤੋਂ ਵੱਧ ਗੁਰਦੁਆਰਾ ਸਾਹਿਬਾਨ ਦੀ ਨੁਮਾਇੰਦਗੀ ਕਰਦੀ ਹੈ, ਵੱਲੋਂ ਨਗਰ ਕੀਰਤਨਾਂ ਤੋਂ ਬਾਅਦ ਹੁਣ ਖੇਡਾਂ ਦੇ ਖੇਤਰ ਵਿੱਚ ਇਹ ਨਵੀਂ ਪਹਿਲਕਦਮੀ ਕੀਤੀ ਗਈ ਹੈ।

ਆਯੋਜਕਾਂ ਅਨੁਸਾਰ, ਇਹ ਖੇਡਾਂ ਸਿਰਫ਼ ਜਿੱਤ-ਹਾਰ ਤੱਕ ਸੀਮਤ ਨਹੀਂ ਸਨ, ਬਲਕਿ ਪਰਿਵਾਰਾਂ ਨੂੰ ਇੱਕਜੁੱਟ ਕਰਨ, ਆਪਣੀ ਹੋਣਹਾਰ ਜਵਾਨੀ ਨੂੰ ਮੰਚ ਦੇਣ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਇੱਕ ਵੱਡਾ ਜ਼ਰੀਆ ਬਣੀਆਂ ਹਨ।

# ਲਾਲ ਸਾਗਰ ਹਮਲਾ: ਭਾਰਤੀ ਝੰਡੇ ਵਾਲਾ ਜਹਾਜ਼ ਡੁੱਬਿਆ; 13 ਭਾਰਤੀਆਂ ਨੂੰ ਸੁਰੱਖਿਅਤ ਬਚਾਇਆ ਗਿਆ



ਯਮਨ-ਯਮਨ ਦੇ ਤਟ ਨੇੜੇ ਲਾਲ ਸਾਗਰ ਵਿੱਚ ਭਾਰਤੀ ਝੰਡੇ ਵਾਲੇ ਮਾਲਵਾਹਕ ਜਹਾਜ਼ 'ਐੱਮ ਐੱਸ ਵੀ ਫੈਜ਼ ਨੂਰ ਔਲੀਆ 'ਤੇ ਹਮਲਾ ਹੋਣ ਤੋਂ ਬਾਅਦ ਜਹਾਜ਼ ਡੁੱਬ ਗਿਆ। ਜਹਾਜ਼ 'ਚ ਸਵਾਰ ਸਾਰੇ 13 ਭਾਰਤੀ ਨਾਗਰਿਕਾਂ ਨੂੰ ਸੁਰੱਖਿਅਤ ਬਚਾ ਲਿਆ ਗਿਆ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਇਸ ਹਮਲੇ ਦੀ ਸਖ਼ਤ ਨਿੰਦਾ ਕਰਦਿਆਂ ਯਮਨੀ ਅਧਿਕਾਰੀਆਂ ਦਾ ਧੰਨਵਾਦ ਕੀਤਾ ਹੈ ਅਤੇ ਖੇਤਰ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲੇ ਤੁਰੰਤ ਬੰਦ ਕਰਕੇ ਅੰਤਰਰਾਸ਼ਟਰੀ ਜਲ ਮਾਰਗਾਂ ਰਾਹੀਂ ਮੁਫ਼ਤ ਅਤੇ ਅਮਨ-ਅਮਾਨ ਨਾਲ ਵਪਾਰ ਬਹਾਲ ਕਰਨ ਦੀ ਮੰਗ ਕੀਤੀ ਹੈ।

# ਭਾਰਤ ਦੀ ਵੱਡੀ ਕੂਟਨੀਤਕ ਜਿੱਤ: 2019 ਤੋਂ ਹੁਣ ਤੱਕ ਵਿਦੇਸ਼ਾਂ ਤੋਂ 274 ਭਗੌੜੇ ਅਪਰਾਧੀ ਲਿਆਂਦੇ ਗਏ ਵਾਪਸ

ਨਵੀਂ ਦਿੱਲੀ-ਕੇਂਦਰੀ ਗ੍ਰਹਿ ਮੰਤਰਾਲੇ ਨੇ ਜਾਣਕਾਰੀ ਦਿੱਤੀ ਹੈ ਕਿ ਭਾਰਤ ਨੇ 2019 ਤੋਂ ਜੁਲਾਈ 2026 ਦਰਮਿਆਨ 36 ਦੇਸ਼ਾਂ ਤੋਂ 274 ਭਗੌੜੇ ਅਪਰਾਧੀਆਂ ਨੂੰ ਸਫਲਤਾਪੂਰਵਕ ਵਾਪਸ ਲਿਆਂਦਾ ਹੈ। ਸਰਕਾਰ ਅਨੁਸਾਰ ਇਹ ਪ੍ਰਾਪਤੀ ਮਜ਼ਬੂਤ ਕਾਨੂੰਨੀ ਪ੍ਰਬੰਧਾਂ, ਗਲੋਬਲ ਓਪਰੇਸ਼ਨਾਂ, ਅੰਤਰਰਾਸ਼ਟਰੀ ਸਹਿਯੋਗ ਅਤੇ ਵੱਖ-ਵੱਖ ਏਜੰਸੀਆਂ ਵਿਚਕਾਰ ਬਿਹਤਰ ਤਾਲਮੇਲ ਸਦਕਾ ਸੰਭਵ ਹੋਈ ਹੈ। ਪਹਿਲਾਂ ਦੇ ਮੁਕਾਬਲੇ ਵਾਪਸੀ ਦੀ ਦਰ 'ਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ, ਜੋ ਰਾਸ਼ਟਰੀ ਸੁਰੱਖਿਆ, ਆਰਥਿਕ ਸਥਿਰਤਾ ਅਤੇ ਕਾਨੂੰਨ ਵਿਵਸਥਾ ਪ੍ਰਤੀ ਭਾਰਤ ਦੇ ਨਵੇਂ ਅਤੇ ਮਜ਼ਬੂਤ ਦ੍ਰਿਸ਼ਟੀਕੋਣ ਨੂੰ ਦਰਸ਼ਾਉਂਦਾ ਹੈ।

# ਅਮਰੀਕਾ ਵੱਲੋਂ 43 ਹੋਰ ਚੀਨੀ ਕੰਪਨੀਆਂ ਤੋਂ ਦਰਾਮਦ 'ਤੇ ਪਾਬੰਦੀ

ਵਾਸ਼ਿੰਗਟਨ- ਅਮਰੀਕਾ ਨੇ ਉਈਗਰ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ 43 ਚੀਨੀ ਕੰਪਨੀਆਂ ਤੋਂ ਦਰਾਮਦ ਤੇ ਪਾਬੰਦੀ ਲਗਾ ਦਿੱਤੀ ਹੈ। ਇਸ ਸੂਚੀ ਚ ਚੀਨ ਦੀਆਂ ਸਭ ਤੋਂ ਵੱਡੀਆਂ ਕੈਪੇਸੀਟਰ ਨਿਰਮਾਤਾ ਕੰਪਨੀਆਂ ਚੋਂ ਇੱਕ ਹੁਨਾਨ ਆਈਹੁਆ ਗਰੁੱਪ (603989.ਐੱਸ.ਐੱਸ.) ਵੀ ਸ਼ਾਮਲ ਹੈ।

ਇਹ ਜਾਣਕਾਰੀ ਸਰਕਾਰੀ ਨੋਟੀਫਿਕੇਸ਼ਨ ਚ ਦਿੱਤੀ ਗਈ ਹੈ। ਇਨ੍ਹਾਂ ਕੰਪਨੀਆਂ ਨੂੰ ਉਈਗਰ ਫੋਰਸਡ ਲੇਬਰ ਪ੍ਰੀਵੈਂਸ਼ਨ ਐਕਟ ਐਂਟੀਟੀ ਲਿਸਟ ਚ ਸ਼ਾਮਲ ਕੀਤਾ ਗਿਆ ਹੈ। ਇਸ ਕਾਨੂੰਨ ਤਹਿਤ ਉਨ੍ਹਾਂ ਵਸਤੂਆਂ ਦੀ ਅਮਰੀਕਾ ਚ ਦਰਾਮਦ ਤੇ ਪਾਬੰਦੀ ਹੈ, ਜਿਨ੍ਹਾਂ ਦਾ ਸਬੰਧ ਅਮਰੀਕਾ ਵੱਲੋਂ ਨਿਰਧਾਰਤ ਚੀਨ ਦੇ ਸ਼ਿਨਜਿਆਂਗ ਖੇਤਰ ਚ ਹੋ ਰਹੇ ਮਨੁੱਖੀ ਅਧਿਕਾਰਾਂ ਦੇ ਉਲੰਘਣਾ ਅਤੇ ਚੱਲ ਰਹੇ ਨਸਲਕੁਸ਼ੀ ਨਾਲ ਜੁੜਿਆ ਹੋਇਆ ਹੈ।ਹਾਲ ਹੀ ਚ ਸ਼ਾਮਲ ਕੀਤੀਆਂ ਗਈਆਂ ਕੰਪਨੀਆਂ ਵਿਚ ਫਾਰਮਾਸਿਊਟੀਕਲ, ਧਾਤ, ਕਪਾਹ, ਭੋਜਨ ਅਤੇ ਲਿਥੀਅਮ ਉਤਪਾਦਨ ਖੇਤਰਾਂ ਨਾਲ ਸਬੰਧਤ ਕੰਪਨੀਆਂ ਸ਼ਾਮਲ ਹਨ। ਇਹ ਨੋਟੀਫਿਕੇਸ਼ਨ ਟਰੰਪ ਪ੍ਰਸ਼ਾਸਨ ਅਧੀਨ ਪਹਿਲੀ ਵਾਰ ਹੈ, ਜਦੋਂ ਕਿਸੇ ਕੰਪਨੀ ਨੂੰ ਇਸ ਸੂਚੀ ਚ ਸ਼ਾਮਲ ਕੀਤਾ ਗਿਆ ਹੈ। ਇਸ ਨਾਲ ਸੂਚੀ ਚ ਸ਼ਾਮਲ ਸੰਸਥਾਵਾਂ ਦੀ ਗਿਣਤੀ 144 ਤੋਂ ਵਧ ਕੇ 187 ਹੋ ਗਈ ਹੈ।


## CHANGE OF NAME

Please one tick box
- ☐ £30 Print in UK only
- ☐ £60 Print UK & India
- ☐ £85 Print UK & India (Express)

NOTE: Please allow 6 weeks for India delivery or 2 weeks for Express Courier

I MR / MRS / MISS ____________

SON / DAUGHTER / WIFE OF MR ____________

WHOSE PERMANENT ADDRESS IN INDIA IS ____________

____________

AND IS NOW LIVING AT ____________

____________ HEREBY GIVE NOTICE OF MY INTENTION

TO CHANGE MY NAME TO ____________

TEL ____________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**


**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85


# ਅੰਦੋਲਨ ਹਰ ਮੁਲਕ ਵਿੱਚ ਹੁੰਦੇ ਆਏ ਹਨ, ਹੁੰਦੇ ਰਹਿਣੇ ਹਨ

## ਪਾਠਕਾਂ ਦੇ ਪੱਤਰ

ਅਗਰ ਸਰਕਾਰ ਕਿਸੇ ਭੀ ਦਾਇਰੇ ਦਾ ਕੁਝ ਭੀ ਠੀਕ ਨਹੀਂ ਕਰਦੀ ਤਦ ਆਮ ਜਨਤਾ ਆਪਣੇ ਰੋਸ ਪ੍ਰਗਟ ਕਰਨ ਲਈ ਅੰਦੋਲਨ ਦਾ ਰਾਹ ਅਖਤਿਆਰ ਕਰਦੀ ਹੈ। ਅਕਸਰ ਇਹ ਪਹਿਲਾਂ ਆਮ ਅਫ਼ਸਰਾਂ ਦੇ ਦਫ਼ਤਰਾਂ ਮੋਹਰੇ ਧਰਨੇ ਦੇਣੇ ਆਦਿ, ਫਿਰ ਅੱਗੇ ਤੋਂ ਅੱਗੇ ਵਧਦੇ ਜਾਂਦੇ ਹਨ। ਇੰਗਲੈਂਡ ਵਿੱਚ ਕਿਤਨੀ ਦਫ਼ਾ ਇਹ ਹੁੰਦਾ ਹੈ ਹਰ ਵਰਗ ਆਪਣੀ ਮੰਗ ਲਈ ਸਰਕਾਰ ਖਿਲਾਫ਼ ਜਾਂ ਹਾਈ ਕਮਿਸ਼ਨਰ ਦਫ਼ਤਰ ਸਾਹਮਣੇ ਆਪਣਾ ਰੋਸ ਜ਼ਾਹਿਰ ਕਰਦੇ ਹਨ। ਅਕਸਰ ਪੁਲਸ ਲਾਠੀਚਾਰਜ ਕਰਦੀ ਹੈ ਜੋ ਹੋ ਸਕੇ ਆਮ ਜਨਤਾ ਨੂੰ ਰੋਕਦੀ ਹੈ ਟੋਕਦੀ ਹੈ, ਲੈਕਚਰਬਾਜ਼ੀ ਕਰਦੇ ਹਨ। ਅਖੀਰ ਵਿੱਚ ਹੱਲ ਕਰਨ ਲਈ ਸਾਂਝੀ ਮੀਟਿੰਗ ਹੁੰਦੀ ਹੈ ਉਸ ਵਿੱਚ ਹੱਲ ਬੈਠ ਕੇ ਕੱਢਿਆ ਜਾਂਦਾ, ਆਪਣੀ-ਆਪਣੀ ਦਲੀਲ ਦਿੱਤੀ ਜਾਂਦੀ ਹੈ। ਉਸ ਵਿੱਚ ਬਹਿਸ ਭੀ ਹੁੰਦੀ ਹੈ, ਕਈ-ਕਈ ਬੈਠਕਾਂ ਹੁੰਦੀਆਂ ਹਨ, ਮਿਸਾਲ ਹੁਣ ਅਮਰੀਕਾ ਈਰਾਨ ਦਾ ਝਗੜਾ ਹੈ, ਇਜ਼ਰਾਈਲ ਹੈ ਬਾਕੀ ਮੁਲਕਾਂ ਨਾਲ ਲੜਾਈ ਹੈ। ਪਰ ਹੱਲ ਅਕਸਰ ਗੱਲਬਾਤ ਰਾਹੀਂ ਹੀ ਨਿਕਲਦਾ ਹੈ। ਘਰੇਲੂ ਝਗੜਾ ਦੇਖ ਲਉ ਅਕਸਰ ਰਿਸ਼ਤੇਦਾਰ ਆਪਸ ਵਿੱਚ ਲੜ ਪੈਂਦੇ ਹਨ, ਭੈਣ-ਭਰਾ ਦਾ ਝਗੜਾ ਹੁੰਦਾ ਹੈ, ਕਈ ਵਾਰ ਬਹੁਤ ਵੱਧ ਜਾਂਦਾ ਹੈ, ਹਰ ਤਰ੍ਹਾਂ ਕੋਸ਼ਿਸ਼ ਕੀਤੀ ਜਾਂਦੀ ਹੈ। ਅਖੀਰ ਵਿੱਚ ਰਿਸ਼ਤੇਦਾਰ ਇਕੱਠੇ ਹੋ ਕੇ ਹੱਲ ਲੱਭ ਲੈਂਦੇ ਹਨ, ਬੈਠ ਕੇ ਮੀਟਿੰਗ ਹੁੰਦੀ ਹੈ। ਸੁਲਾਹ-ਸਫਾਈ ਹੋ ਜਾਂਦੀ ਹੈ। ਹੁਣ ਦੇਖੋ ਆਪਣੇ ਦੇਸ਼ ਵਿੱਚ ਕੀ ਹੋ ਰਿਹਾ ਹੈ। ਕਿਸਾਨ ਮਜ਼ਦੂਰ ਮੋਰਚਾ ਲਾਈ ਬੈਠੇ ਹਨ, ਝਗੜਾ ਹੈ ਕਿ ਸਰਕਾਰ ਨੇ ਅਮਰੀਕਾ ਨਾਲ ਜੋ ਸਮਝੋਤਾ ਕੀਤਾ ਹੈ ਉਹ ਕਿਸਾਨ ਮਜ਼ਦੂਰਾਂ ਦੇ ਹੱਕ ਵਿੱਚ ਨਹੀਂ। ਪਰ ਸਰਕਾਰ ਕਹਿ ਰਹੀ ਹੈ ਇਹ ਹੈ ਹੀ ਕਿਸਾਨ ਮਜ਼ਦੂਰਾਂ ਲਈ ਬਹੁਤ ਚੰਗਾ, ਸੋ ਆਪਸ ਵਿੱਚ ਵਿਚਾਰਾਂ ਦਾ ਟਕਰਾਅ ਹੋ ਗਿਆ, ਜਿਸ ਕਾਰਨ ਇਹ ਦਿਨੋ ਦਿਨ ਵੱਧ ਰਿਹਾ ਹੈ। ਦੂਸਰਾ ਇਹ ਨਵੀਂ ਪਾਰਟੀ ਦਾ ਹੈ, ਉਨ੍ਹਾਂ ਦੇ ਵਿਚਾਰ ਵੱਖਰੇ ਹਨ ਜੋ ਉਹ ਚਾਹੁੰਦੇ ਹਨ ਸਰਕਾਰ ਦੇ ਨਹੀਂ ਰਹੀ, ਉਨ੍ਹਾਂ ਦੇ ਲੀਡਰ ਨੇ ਮਰਨ ਵਰਤ ਰੱਖ ਦਿੱਤਾ ਹੈ, ਦੇਖੋ ਅੱਗੇ ਕੀ ਹੋਵੇਗਾ, ਅੱਗੇ ਕੁਝ ਭੀ ਹੋ ਸਕਦਾ ਹੈ। ਅਖੀਰ ਹੁਣ ਗੱਲ ਕਰੀਏ ਬੱਚਿਆਂ ਦੀ ਪੜ੍ਹਾਈ ਬਾਰੇ, ਕਈ ਸਾਲ ਤੋਂ ਇਹ ਪੇਪਰ ਲੀਕ ਹੋ ਰਹੇ ਹਨ, ਸ਼ਾਇਦ ਪਹਿਲਾਂ ਇਸ ਤਰ੍ਹਾਂ ਬਹੁਤ ਘੱਟ ਹੋਇਆ, ਹੁਣ ਤਾਂ ਕਈ ਵਾਰੀ ਪੇਪਰ ਲੀਕ ਹੋ ਜਾਂਦੇ, ਬੱਚੇ ਮਿਹਨਤ ਨਾਲ ਪੜ੍ਹਦੇ ਹਨ, ਜਦੋਂ ਪੇਪਰ ਲੀਕ ਹੁੰਦਾ ਹੈ ਜਿਹੜੇ ਅਮੀਰਾਂ ਦੇ ਬੱਚੇ ਹਨ ਉਨ੍ਹਾਂ ਦੀ ਪਹੁੰਚ ਉਪਰ ਜ਼ਿਆਦਾ ਹੁੰਦੀ ਹੈ, ਉਸ ਦਾ ਲਾਭ ਜ਼ਿਆਦਾ ਉਹ ਉਠਾ ਲੈਂਦੇ ਹਨ, ਗਰੀਬਾਂ ਦੇ ਬੱਚੇ ਅਕਸਰ ਪਹੁੰਚ ਨਹੀਂ ਕਰ ਸਕਦੇ, ਉਨ੍ਹਾਂ ਨੂੰ ਅੱਗੇ ਚਾਂਸਜ਼ ਨਹੀਂ ਮਿਲਦੇ, ਨੌਕਰੀਆਂ ਵਿੱਚ ਆਸ ਘੱਟ ਜਾਂਦੀ ਹੈ, ਉਹ ਮਜਬੂਰੀ ਕਾਰਨ ਅੰਦੋਲਨ ਸ਼ੁਰੂ ਕਰ ਦਿੰਦੇ ਹਨ, ਹੁਣ ਦੇਖੋ ਸਾਰੇ ਇਹ ਵਿੱਦਿਆਰਥੀ ਸਟੂਡੈਂਟ ਇਕੱਠੇ ਹੋ ਕੇ ਦਿੱਲੀ ਗਰਾਊਂਡ ਵਿੱਚ ਆਪਣੀਆਂ ਮੰਗਾਂ ਹਾਈ ਕਮਾਨ ਤੀਕਰ ਪਹੁੰਚਾ ਰਹੇ ਹਨ, ਉਨ੍ਹਾਂ ਦੀ ਸੁਣਾਈ ਦੀ ਥਾਂ ਕੁੱਟਮਾਰ ਹੋ ਰਹੀ ਹੈ। ਜੋ ਇਕ ਡੈਮੋਕ੍ਰੇਸੀ ਰਾਜ ਵਿੱਚ ਇਹ ਢੰਗ ਠੀਕ ਨਹੀਂ, ਬਿਜਾਏ ਉਨ੍ਹਾਂ ਨਾਲ ਮੀਟਿੰਗ ਕਰਦੇ, ਗੱਲਬਾਤ ਨਾਲ ਹੱਲ ਲੱਭਦੇ ਹੋਇਆ ਉਲਟ, ਹੁਣ ਨਤੀਜਾ ਪਤਾ ਨਹੀਂ ਕੀ ਨਿਕਲੇ। ਕਿਸੇ ਦੀ ਸ਼ਾਨ ਦੇ ਖ਼ਿਲਾਫ਼ ਲਿਖ ਦਿੱਤਾ ਹੋਵੇ ਗਲਤੀ ਮੁਆਫ਼।



-ਦਾਸ-K.Jogi


## CHANGE OF NAME

I, TULSA SINGH S/O MR KARTAR SINGH WHOSE PERMANENT ADDRESS IN INDIA IS VILL: HARI PUR, NAKODAR, DISTT: JALANDHAR, PUNJAB AND NOW LIVING AT 46 BRISTNALL HALL ROAD, OLDBURY, WEST MIDLANDS, B68 9TU, UK HEREBY GIVE NOTICE OF MY INTENTION TO CHANGE MY NAME TO TULSA SINGH MATHARU. (U/I)

I, MR NAVEEN SINGH SON OF JAI SINGH WHOSE PERMANENT ADDRESS IN INDIA IS VILL KHIZERPURA, PO KAMODA, TEH: PEHOWA, KURUKSHETRA, PIN: 136118, HARYANA, AND NOW LIVING AT 4 CHESTERFIELD ROAD, BASINGSTOKE, RG21 3BQ, UK HEREBY GIVE NOTICE OF MY INTENTION TO CHANGE MY NAME TO NAVEEN SINGH. (U/I)

I, SAVLEEN D/O MR SURJEET SINGH WHOSE PERMANENT ADDRESS IN INDIA IS HNO 364, WARD NO 11, ASSANDH, KARNAL, HARYANA PIN 132039 AND NOW LIVING AT 2 RIVINGTON CRESCENT, KINGSTANDING, BIRMINGHAM, B44 0PN, UK HEREBY GIVE NOTICE OF MY INTENTION TO CHANGE MY NAME TO SAVLEEN (GIVEN NAME) KAUR (SURNAME). (U/I)

I, MR HARDEEP SINGH SON OF SWARN SINGH WHOSE PERMANENT ADDRESS IN INDIA IS VPO DAGRU, MOGA, PIN: 142001, PUNJAB AND NOW LIVING AT 12A TUDOR WAY, LONDON, N14 6PS, UK HEREBY GIVE NOTICE OF MY INTENTION TO CHANGE MY NAME TO HARDEEP SINGH (GIVEN NAME) SANDHU (SURNAME). (U/I)

# ਫਰਾਂਸ ਵਿੱਚ ਇਕੱਠੇ ਨਜ਼ਰ ਆਏ ਜਸਟਿਨ ਟਰੂਡੋ ਤੇ ਕੇਟੀ ਪੈਰੀ, ਤਸਵੀਰਾਂ ਨਾਲ ਰਿਸ਼ਤਿਆਂ ਦੀਆਂ ਚਰਚਾਵਾਂ ਤੇਜ਼



ਓਟਾਵਾ: ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ Justin Trudeau ਅਤੇ ਅਮਰੀਕੀ ਪੌਪ ਸਟਾਰ Katy Perry ਇੱਕ ਵਾਰ ਫਿਰ ਸੁਰਖੀਆਂ ਵਿੱਚ ਹਨ। ਦੋਵਾਂ ਨੂੰ ਯੂਰਪ ਦੌਰੇ ਦੌਰਾਨ ਫਰਾਂਸ ਦੇ ਤੱਟੀ ਇਲਾਕੇ ਵਿੱਚ ਇਕੱਠੇ ਛੁੱਟੀਆਂ ਮਨਾਉਂਦੇ ਦੇਖਿਆ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਬਾਰੇ ਸੋਸ਼ਲ ਮੀਡੀਆ ਅਤੇ ਮਨੋਰੰਜਨ ਜਗਤ ਵਿੱਚ ਚਰਚਾਵਾਂ ਹੋਰ ਤੇਜ਼ ਹੋ ਗਈਆਂ ਹਨ।ਸਾਹਮਣੇ ਆਈਆਂ ਤਸਵੀਰਾਂ ਵਿੱਚ ਟਰੂਡੋ ਅਤੇ ਕੇਟੀ ਪੈਰੀ ਦੋਸਤਾਂ ਨਾਲ ਸਮੁੰਦਰੀ ਕਿਸ਼ਤੀ ਦੀ ਸੈਰ ਦਾ ਆਨੰਦ ਲੈਂਦੇ ਨਜ਼ਰ ਆ ਰਹੇ ਹਨ। ਦੋਵੇਂ ਕਾਫ਼ੀ ਆਰਾਮਦਾਇਕ ਅਤੇ ਬੇਫ਼ਿਕਰ ਅੰਦਾਜ਼ ਵਿੱਚ ਦਿਖਾਈ ਦਿੱਤੇ, ਜਿਸ ਕਾਰਨ ਉਨ੍ਹਾਂ ਦੇ ਰਿਸ਼ਤੇ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਕਿਆਸਅਰਾਈਆਂ ਕੀਤੀਆਂ ਜਾ ਰਹੀਆਂ ਹਨ।ਇਸ ਤੋਂ ਪਹਿਲਾਂ ਜੁਲਾਈ ਮਹੀਨੇ ਵਿੱਚ ਮਾਲਟਾ ਵਿੱਚ ਹੋਏ ਇੱਕ ਸੰਗੀਤ ਸਮਾਰੋਹ ਦੌਰਾਨ ਵੀ ਦੋਵੇਂ ਇਕੱਠੇ ਚਰਚਾ ਵਿੱਚ ਆਏ ਸਨ। ਸਮਾਗਮ ਵਿੱਚ ਕੇਟੀ ਪੈਰੀ ਨੇ ਆਪਣੀ ਪੇਸ਼ਕਾਰੀ ਦੌਰਾਨ ਮੰਚ ਤੋਂ ਜਸਟਿਨ ਟਰੂਡੋ ਦਾ ਜ਼ਿਕਰ ਕਰਦੇ ਹੋਏ ਇੱਕ ਗੀਤ ਉਨ੍ਹਾਂ ਨੂੰ ਸਮਰਪਿਤ ਕੀਤਾ ਸੀ ਅਤੇ ਕਿਹਾ ਸੀ ਕਿ ਉਨ੍ਹਾਂ ਦੀ ਮੌਜੂਦਗੀ ਉਨ੍ਹਾਂ ਲਈ ਖੁਸ਼ੀ ਦੀ ਗੱਲ ਹੈ।ਕੇਟੀ ਪੈਰੀ ਇਨ੍ਹੀਂ ਦਿਨੀਂ ਆਪਣੇ ਯੂਰਪੀ ਸੰਗੀਤ ਦੌਰੇ ਵਿੱਚ ਰੁੱਝੇ ਹੋਏ ਹਨ ਅਤੇ ਇਸ ਦੌਰੇ ਦੀ ਆਖ਼ਰੀ ਪੇਸ਼ਕਾਰੀ ਕੋਸੋਵੋ ਦੀ ਰਾਜਧਾਨੀ ਪ੍ਰਿਸਟੀਨਾ ਵਿੱਚ ਹੋਣ ਵਾਲੇ ਸਨੀ ਹਿੱਲ ਫੈਸਟੀਵਲ ਵਿੱਚ ਕਰਨੀ ਹੈ।ਹਾਲਾਂਕਿ, ਜਸਟਿਨ ਟਰੂਡੋ ਅਤੇ ਕੇਟੀ ਪੈਰੀ ਵੱਲੋਂ ਆਪਣੇ ਰਿਸ਼ਤੇ ਨੂੰ ਲੈ ਕੇ ਅਜੇ ਤੱਕ ਕੋਈ ਅਧਿਕਾਰਕ ਬਿਆਨ ਜਾਰੀ ਨਹੀਂ ਕੀਤਾ ਗਿਆ। ਇਸ ਲਈ ਉਨ੍ਹਾਂ ਦੇ ਰਿਸ਼ਤੇ ਸਬੰਧੀ ਚੱਲ ਰਹੀਆਂ ਸਾਰੀਆਂ ਗੱਲਾਂ ਇਸ ਵੇਲੇ ਸਿਰਫ਼ ਅਟਕਲਾਂ ਹੀ ਮੰਨੀਆਂ ਜਾ ਰਹੀਆਂ ਹਨ।

# ਡੰਗ ਮਨਚੰਦੇ ਦੇ

rajinder.pardesi7@gmail.com



ਤੇਜਿੰਦਰ ਮਨਚੰਦਾ ਪ੍ਰਦੇਸੀ




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, BRIDLE GATE LANE, DERBY, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

## ਆਓ ਹੇਠਾਂ ਦਿੱਤੇ ਅੱਖਰਾਂ ਨੂੰ ਪੜ੍ਹਨਾ ਤੇ ਲਿਖਣਾ ਸਿਖੀਏ...

| | |
|---|---|
| ਗਲੀ | Lane |
| ਕੂਚਾ | Street |
| ਰਸਤਾ | Way |
| ਗੁਰਦਵਾਰਾ | Sikh Temple |
| ਮੈਦਾਨ | Plain, Ground |
| ਕਬਰਸਤਾਨ | Graveyard |
| ਦਿਸ਼ਾਵਾਂ | Directions |
| ਪੂਰਬ | East |
| ਪੱਛਮ | West |
| ਉੱਤਰ | North |
| ਦੱਖਣ | South |
| ਸੱਜਾ | Right |
| ਖੱਬਾ | Left |
| ਥੱਲੇ | Below |
| ਉੱਪਰ | Up |
| ਅੰਦਰ | Inside |
| ਬਾਹਰ | Outside |
| ਕੁਦਰਤ | Nature |
| ਦੁਨੀਆਂ | World |
| ਭੂਮੀ /ਧਰਤੀ | Earth |
| ਸਮੁੰਦਰ | Ocean |
| ਅੱਗ | Fire |
| ਪਾਣੀ | Water |
| ਹਵਾ | Air |
| ਤੂਫ਼ਾਨ | Storm |

Sikhya - Gurmukhi viii V1.1

# MANAK SOLICITORS



**Samir Moftah LL.B (Hons.)**
Deputy Head of Employment & Litigation Department

Samir advises on employment law, criminal defence, fare evasion, and litigation. His clear guidance and practical expertise help clients navigate complex cases with confidence. Known for his approachable style, he is dedicated to achieving the best possible results.

Contact Samir today for trusted legal support on telephone 01689 870769 or by email Samir.Moftah@manaksolicitors.co.uk

**Biggin Hill I Gravesend I Orpington I Sevenoaks**



manaksolicitors.co.uk
01689 870 769

reviewsolicitors Excellent

Lexcel Legal Practice Quality Mark Law Society Accredited



Rajbir Singh Manak MA (Hons)

Surinder Singh Manak LLB (Hons)

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰਬਾਣੀ ਮਨੁੱਖ ਨੂੰ ਜੀਵਨ ਜਿਉਣ ਦੀ ਜਾਚ ਸਿਖਾਉਂਦੀ ਹੈ, ਗੁਰਬਾਣੀ ਦੇ ਜਾਪ ਨਾਲ ਵਿਚਾਰ ਅਤੇ ਅਮਲ ਦੀ ਲੋੜ ਹੈ: ਭਾਈ ਸਰਬਜੀਤ ਸਿੰਘ ਧੂੰਦਾ



ਕੋਲਨ (ਜਰਮਨੀ): ਜਰਮਨੀ ਦੀ ਪੰਥਕ ਸਟੇਜ ਵਜੋਂ ਪ੍ਰਸਿੱਧ ਗੁਰਦੁਆਰਾ ਦਸ਼ਮੇਸ਼ ਸ੍ਰੀ ਗੁਰੂ ਸਿੰਘ ਸਭਾ ਕੋਲਨ ਵਿਖੇ ਹਫ਼ਤਾਵਾਰੀ ਵਿਸ਼ੇਸ਼ ਦੀਵਾਨ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਜਾਏ ਗਏ। ਸਮਾਗਮ ਦੀ ਸ਼ੁਰੂਆਤ ਅੰਮ੍ਰਿਤਮਈ ਬਾਣੀ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਹੋਈ, ਜਿਸ ਉਪਰੰਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਾਮ-ਰਸ ਨਾਲ ਜੋੜਿਆ ਗਿਆ।

ਸੰਗਤਾਂ ਦੀ ਪੁਰਜ਼ੋਰ ਮੰਗ 'ਤੇ ਜਰਮਨੀ ਪਹੁੰਚੇ ਕੌਮ ਦੇ ਪ੍ਰਸਿੱਧ ਗੁਰਮਤਿ ਵਿਦਵਾਨ ਭਾਈ ਸਰਬਜੀਤ ਸਿੰਘ ਧੂੰਦਾ ਨੇ ਗੁਰਬਾਣੀ ਸ਼ਬਦ ਦੀ ਗਹਿਰਾਈ ਨਾਲ ਵਿਚਾਰ ਕਰਦਿਆਂ ਕਿਹਾ ਕਿ ਗੁਰਬਾਣੀ ਮਨੁੱਖ ਦੇ ਮਨ ਨੂੰ ਟਿਕਾਉਂਦੀ, ਮਨੋਬਲ ਨੂੰ ਉੱਚਾ ਚੁੱਕਦੀ ਅਤੇ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ। ਉਨ੍ਹਾਂ ਕਿਹਾ ਕਿ ਅੱਜ ਸਾਡਾ ਸਮਾਜ ਗੁਰਬਾਣੀ ਦੀ ਵਿਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਅਸੀਂ ਗੁਰਬਾਣੀ ਨੂੰ ਸਮਝਣ ਅਤੇ ਜੀਵਨ ਵਿੱਚ ਉਤਾਰਨ ਦੀ ਬਜਾਏ ਕੇਵਲ ਪਾਠ ਕਰਨ ਤੱਕ ਹੀ ਸੀਮਤ ਹੋ ਗਏ ਹਾਂ।

ਭਾਈ ਧੂੰਦਾ ਨੇ ਕਿਹਾ ਕਿ ਅਸੀਂ ਅਕਸਰ ਪਰਮਾਤਮਾ ਕੋਲ ਦੁਨਿਆਵੀ ਪਦਾਰਥਾਂ ਦੀ ਮੰਗ ਕਰਦੇ ਹਾਂ, ਜਦਕਿ ਅਸਲ ਅਰਦਾਸ ਇਹ ਹੋਣੀ ਚਾਹੀਦੀ ਹੈ ਕਿ ਹੇ ਅਕਾਲ ਪੁਰਖ! ਸਾਨੂੰ ਸਬਰ, ਸੰਤੋਖ, ਸੂਝ-ਬੂਝ ਅਤੇ ਗੁਰਮਤਿ ਅਨੁਸਾਰ ਜੀਵਨ ਜਿਉਣ ਦੀ ਸਮਝ ਬਖ਼ਸ਼। ਉਨ੍ਹਾਂ ਕਿਹਾ ਕਿ ਜੇ ਮਨੁੱਖ ਨੂੰ ਜੀਵਨ ਜਿਉਣ ਦੀ ਸਹੀ ਜਾਚ ਆ ਜਾਵੇ ਤਾਂ ਉਹ ਨਿਰਾਸ਼ਾ ਅਤੇ ਹਤਾਸ਼ਾ ਵਿੱਚ ਡੁੱਬ ਕੇ ਆਤਮਹੱਤਿਆ ਵਰਗੇ ਦੁਖਦਾਈ ਕਦਮ ਕਦੇ ਨਾ ਚੁੱਕੇ।

ਉਨ੍ਹਾਂ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਉੱਤੇ ਦ੍ਰਿੜਤਾ ਨਾਲ ਪਹਿਰਾ ਦੇਣ ਦਾ ਸੱਦਾ ਦਿੰਦਿਆਂ ਕਿਹਾ ਕਿ ਗੁਰਬਾਣੀ ਨੂੰ ਸਿਰਫ਼ ਪੜ੍ਹਨਾ ਹੀ ਨਹੀਂ, ਸਗੋਂ ਸਮਝਣਾ, ਵਿਚਾਰਨਾ ਅਤੇ ਆਪਣੇ ਜੀਵਨ ਦਾ ਅੰਗ ਬਣਾਉਣਾ ਹੀ ਅਸਲ ਗੁਰਸਿੱਖੀ ਹੈ।

ਸਮਾਗਮ ਦੇ ਅੰਤ ਵਿੱਚ ਵਰਲਡ ਸਿੱਖ ਪਾਰਲੀਮੈਂਟ ਦੇ ਕੋ-ਕੋਆਰਡੀਨੇਟਰ ਸਰਦਾਰ ਗੁਰਚਰਨ ਸਿੰਘ ਗੁਰਾਇਆ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਖਾਲਿਸਤਾਨ ਦੇ ਨਾਮ ਹੇਠ ਸਿੱਖ ਪ੍ਰਚਾਰਿਕਾ ਤੇ ਉਹਨਾਂ ਨੂੰ ਸੁਣਨ ਵਾਲੀਆਂ ਸੰਗਤਾਂ ਪ੍ਰਤੀ ਅੱਪ ਸ਼ਬਦ ਤੇ ਧਮਕੀਆਂ ਦੇਣ ਵਾਲਿਆ ਦਾ ਖਾਲਿਸਤਾਨ ਦੀ ਅਜ਼ਾਦੀ ਦੇ ਸੰਘਰਸ਼ ਦਾ ਕੋਈ ਸਬੰਧ ਨਹੀਂ ਸਗੋਂ ਇਹ ਲੋਕ ਸੰਘਰਸ਼ ਦੀ ਜੜ੍ਹਾਂ ਖੋਖਲੀਆਂ ਕਰਨ ਦਾ ਕੰਮ ਕਰ ਰਹੇ ਹਨ । ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਗੁਰਪਾਲ ਸਿੰਘ ਪਾਲਾ ਅਤੇ ਸਕੱਤਰ ਭਾਈ ਕੁਲਦੀਪ ਸਿੰਘ ਹੈਪੀ ਨੇ ਭਾਈ ਸਰਬਜੀਤ ਸਿੰਘ ਧੂੰਦਾ ਦਾ ਕੋਲਨ ਪਹੁੰਚਣ 'ਤੇ ਧੰਨਵਾਦ ਕਰਦਿਆਂ ਦੂਰੋਂ-ਨੇੜਿਓਂ ਪਹੁੰਚੀਆਂ ਸਮੂਹ ਸੰਗਤਾਂ ਦਾ ਨਿੱਘਾ ਸਵਾਗਤ ਕੀਤਾ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਦਸ਼ਮੇਸ਼ ਸ੍ਰੀ ਗੁਰੂ ਸਿੰਘ ਸਭਾ ਕੋਲਨ ਦੀ ਸਟੇਜ ਪੰਥਕ ਸਟੇਜ ਹੈ ਅਤੇ ਇਸ ਸਟੇਜ ਤੋਂ ਉਹੀ ਪ੍ਰਚਾਰਕ ਜਾਂ ਬੁਲਾਰਾ ਸੰਗਤਾਂ ਨੂੰ ਸੰਬੋਧਨ ਕਰ ਸਕਦਾ ਹੈ ਜੋ ਤਨ, ਮਨ ਅਤੇ ਬਚਨ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਰਹਿਤ ਮਰਿਆਦਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਪ੍ਰਤੀ ਪੂਰੀ ਨਿਸ਼ਠਾ ਰੱਖਦਾ ਹੋਵੇ।ਇਸ ਮੌਕੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਵੱਲੋਂ ਭਾਈ ਸਰਬਜੀਤ ਸਿੰਘ ਧੂੰਦਾ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਅੰਤ ਵਿੱਚ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਜਗਜੀਤ ਸਿੰਘ ਚੀਮਾ ਵੱਲੋਂ ਅਰਦਾਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਹਜ਼ੂਰੀ ਵਿੱਚੋਂ ਹੁਕਮਨਾਮਾ ਸਰਵਣ ਕਰਵਾ ਕੇ ਦੀਵਾਨ ਦੀ ਸਮਾਪਤੀ ਕੀਤੀ ਗਈ।

# ਗਲਾਸਗੋ ਕਾਮਨਵੈਲਥ ਖੇਡਾਂ 2026: 11 ਦਿਨਾਂ ਵਿੱਚ 1,168 ਤਗਮੇ, 6.3 ਲੱਖ ਤੋਂ ਵੱਧ ਲੋਕਾਂ ਦੀ ਸ਼ਮੂਲੀਅਤ, 4,000 ਤੋਂ ਵੱਧ ਵਲੰਟੀਅਰਾਂ ਨੇ ਨਿਭਾਈ ਅਹਿਮ ਭੂਮਿਕਾ

ਗਲਾਸਗੋ,(ਹਰਜੀਤ ਸਿੰਘ ਦੁਸਾਂਝ ਪੁਆਦੜਾ) - ਗਲਾਸਗੋ ਰਾਸ਼ਟਰਮੰਡਲ ਖੇਡਾਂ 2026 ਦਾ ਸਫ਼ਲ ਸਮਾਪਨ ਹੋ ਗਿਆ ਹੈ। ਇੱਕ ਸੁਤੰਤਰ ਮੁਲਾਂਕਣ ਅਨੁਸਾਰ ਇਨ੍ਹਾਂ ਖੇਡਾਂ ਨੂੰ ਰਾਸ਼ਟਰਮੰਡਲ ਖੇਡਾਂ ਦੇ ਭਵਿੱਖ ਲਈ "ਨਵੇਂ ਮਾਡਲ ਦਾ ਸਬੂਤ" ਕਰਾਰ ਦਿੰਦਿਆਂ ਕਿਹਾ ਹੈ ਕਿ ਗਲਾਸਗੋ ਨੇ ਘੱਟ ਖ਼ਰਚ, ਟਿਕਾਊ ਵਿਕਾਸ ਅਤੇ ਸਮਾਜਿਕ ਸ਼ਮੂਲੀਅਤ ਨਾਲ ਵੱਡੇ ਅੰਤਰਰਾਸ਼ਟਰੀ ਖੇਡ ਸਮਾਗਮ ਕਰਵਾਉਣ ਦਾ ਨਵਾਂ ਰਾਹ ਦਿਖਾਇਆ ਹੈ। 11 ਦਿਨ ਚੱਲੀਆਂ ਖੇਡਾਂ ਵਿੱਚ 74 ਦੇਸ਼ਾਂ ਅਤੇ ਖੇਤਰਾਂ ਦੇ ਐਥਲੀਟਾਂ ਨੇ 10 ਖੇਡਾਂ ਅਤੇ 6 ਪੈਰਾ ਖੇਡਾਂ ਵਿੱਚ ਹਿੱਸਾ ਲਿਆ। ਕੁੱਲ 215 ਮੈਡਲ ਮੁਕਾਬਲਿਆਂ ਵਿੱਚ 1,168 ਤਗਮੇ ਦਿੱਤੇ ਗਏ। ਮੁਕਾਬਲਿਆਂ, ਲਾਈਵ ਸਾਈਟਾਂ ਅਤੇ ਗਲਾਸਗੋ 2026 ਫੈਸਟੀਵਲ ਰਾਹੀਂ 6.3 ਲੱਖ ਤੋਂ ਵੱਧ ਲੋਕਾਂ ਨੇ ਖੇਡਾਂ ਦਾ ਅਨੁਭਵ ਕੀਤਾ, ਜਦਕਿ ਖੇਡਾਂ ਦੇ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਲਗਭਗ 50 ਕਰੋੜ (ਅੱਧਾ ਅਰਬ) ਵਾਰ ਦੇਖਿਆ ਗਿਆ।ਖੇਡਾਂ ਦੀ ਸਫ਼ਲਤਾ ਵਿੱਚ 4,000 ਤੋਂ ਵੱਧ ਵਲੰਟੀਅਰਾਂ ਦਾ ਵੀ ਵੱਡਾ ਯੋਗਦਾਨ ਰਿਹਾ, ਜਿਨ੍ਹਾਂ ਨੇ ਮਿਲ ਕੇ 1,56,110 ਘੰਟੇ ਸੇਵਾ ਦਿੱਤੀ।

16 ਤੋਂ 96 ਸਾਲ ਦੀ ਉਮਰ ਦੇ ਵਲੰਟੀਅਰਾਂ ਨੇ ਦਰਸ਼ਕਾਂ ਅਤੇ ਖਿਡਾਰੀਆਂ ਦੀ ਹਰ ਪੱਖੋਂ ਸਹਾਇਤਾ ਕੀਤੀ।ਇਸ ਵਾਰ ਦੀਆਂ ਖੇਡਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਸਾਰੇ ਮੁਕਾਬਲੇ ਪਹਿਲਾਂ ਤੋਂ ਮੌਜੂਦ ਸਟੇਡੀਅਮਾਂ ਵਿੱਚ ਸਿਰਫ਼ ਅੱਠ ਮੀਲ ਦੇ ਘੇਰੇ ਅੰਦਰ ਕਰਵਾਏ ਗਏ।ਨਵਾਂ ਸਟੇਡੀਅਮ ਬਣਾਉਣ ਦੀ ਬਜਾਏ ਮੌਜੂਦਾ ਢਾਂਚੇ ਦੀ ਵਰਤੋਂ ਕੀਤੀ ਗਈ ਅਤੇ ਸਾਰੇ ਮੁਕਾਬਲੇ ਵਾਲੇ ਸਥਾਨਾਂ ਨੂੰ 100 ਫੀਸਦੀ ਨਵਿਆਉਣਯੋਗ ਬਿਜਲੀ ਨਾਲ ਚਲਾਇਆ ਗਿਆ। ਖੇਡਾਂ ਨੂੰ ਟਿਕਾਊ ਸਮਾਗਮ ਪ੍ਰਬੰਧਨ ਲਈ ਇੱਸੋ 20121 ਅੰਤਰਰਾਸ਼ਟਰੀ ਮਿਆਰ ਵੀ ਪ੍ਰਾਪਤ ਹੋਇਆ। ਗਲਾਸਗੋ 2026 ਨੇ ਰਾਸ਼ਟਰਮੰਡਲ ਖੇਡਾਂ ਦੇ ਇਤਿਹਾਸ ਦਾ ਸਭ ਤੋਂ ਵੱਡਾ ਇੰਟੀਗ੍ਰੇਟਡ ਪੈਰਾ ਸਪੋਰਟਸ ਪ੍ਰੋਗਰਾਮ ਵੀ ਕਰਵਾਇਆ। ਛੇ ਪੈਰਾ ਖੇਡਾਂ ਵਿੱਚ 47 ਪੈਰਾ ਮੈਡਲ ਮੁਕਾਬਲੇ ਹੋਏ ਅਤੇ ਪਹਿਲੀ ਵਾਰ ਖੇਡਾਂ ਦਾ ਪਹਿਲਾ ਸੋਨ ਤਮਗਾ ਇੱਕ ਪੈਰਾ ਖੇਡ ਵਿੱਚ ਦਿੱਤਾ ਗਿਆ, ਜਿੱਥੇ ਇੰਗਲੈਂਡ ਦੇ ਮਾਰਕ ਸਵਾਨ ਨੇ ਪੈਰਾ ਪਾਵਰਲਿਫਟਿੰਗ ਵਿੱਚ ਸੋਨਾ ਜਿੱਤਿਆ।

ਵਾਤਾਵਰਣ ਸੁਰੱਖਿਆ ਲਈ ਵੀ ਖਾਸ ਕਦਮ ਚੁੱਕੇ ਗਏ। ਖੇਡਾਂ ਦੇ ਮੈਨੂ ਵਿੱਚ 59 ਫੀਸਦੀ ਭੋਜਨ ਸ਼ਾਕਾਹਾਰੀ ਜਾਂ ਪਲਾਂਟ-ਬੇਸਡ ਰਿਹਾ, 90 ਫੀਸਦੀ ਤੋਂ ਵੱਧ ਅਸਥਾਈ ਢਾਂਚਿਆਂ ਨੂੰ ਮੁੜ ਵਰਤੋਂ ਲਈ ਰੀਸਾਈਕਲ ਕੀਤਾ ਗਿਆ ਅਤੇ 99,401 ਪਲਾਸਟਿਕ ਦੀਆਂ ਬੋਤਲਾਂ ਨੂੰ ਰੀਸਾਈਕਲ ਕਰਕੇ ਸਟੇਡੀਅਮਾਂ ਦੇ ਬੈਨਰ ਬਣਾਏ ਗਏ। ਇਸ ਤੋਂ ਇਲ-ਾਵਾ 71 ਫੀਸਦੀ ਖੇਡ ਵਾਹਨ ਹਾਈਬ੍ਰਿਡ ਜਾਂ ਇਲੈਕਟ੍ਰਿਕ ਸਨ, ਜਿਨ੍ਹਾਂ ਵਿੱਚੋਂ 63 ਫੀਸਦੀ ਪੂਰੀ ਤਰ੍ਹਾਂ ਇਲੈਕਟ੍ਰਿਕ ਸਨ।ਆਯੋਜਕ ਕੰਪਨੀ ਨੇ ਖੇਡਾਂ ਨੂੰ ਲਗਭਗ 18 ਮਹੀਨਿਆਂ ਵਿੱਚ ਤਿਆਰ ਕੀਤਾ ਅਤੇ ਕੁੱਲ ਖ਼ਰਚ ਦਾ ਅੰਦਾਜ਼ਾ 162.6 ਮਿਲੀਅਨ ਪੌਂਡ ਹੈ, ਜੋ ਕਿ ਗਲਾਸ-ਗੋ 2014 (543 ਮਿਲੀਅਨ ਪੌਂਡ) ਅਤੇ ਬਰਮਿੰਘਮ 2022 (680 ਮਿਲੀਅਨ ਪੌਂਡ) ਨਾਲੋਂ ਕਾਫ਼ੀ ਘੱਟ ਹੈ।ਗਲਾਸਗੋ 2026 ਦੇ ਮੁੱਖ ਕਾਰਜਕਾਰੀ ਫਿਲ ਬੈਟੀ ਨੇ ਕਿਹਾ ਕਿ ਇਨ੍ਹਾਂ ਖੇਡਾਂ ਨੇ ਸਾਬਤ ਕਰ ਦਿੱਤਾ ਹੈ ਕਿ ਵੱਡੇ ਖੇਡ ਸਮਾਗਮ ਘੱਟ ਖ਼ਰਚੇ, ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਅਤੇ ਲੋਕਾਂ ਦੀ ਭਾਗੀਦਾਰੀ ਨਾਲ ਵੀ ਸਫ਼ਲਤਾਪੂਰਵਕ ਕਰਵਾਏ ਜਾ ਸਕਦੇ ਹਨ। ਉਨ੍ਹਾਂ ਕਿਹਾ ਕਿ ਗਲਾਸਗੋ 2026 ਦੀ ਸਭ ਤੋਂ ਵੱਡੀ ਵਿਰਾਸਤ ਇਹ ਹੈ ਕਿ ਇਸ ਨੇ ਦੁਨੀਆ ਨੂੰ ਰਾਸ਼ਟਰਮੰਡਲ ਖੇਡਾਂ ਦੇ ਭਵਿੱਖ 'ਤੇ ਮੁੜ ਭਰੋਸਾ ਦਿਵਾਇਆ ਹੈ।




2030 ਦੀਆਂ ਸ਼ਤਾਬਦੀ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਅਹਿਮਦਾਬਾਦ (ਭਾਰਤ) ਕਰੇਗਾ ਅਤੇ ਕਈ ਹੋਰ ਦੇਸ਼ਾਂ ਨੇ ਵੀ ਭਵਿੱਖ ਵਿੱਚ ਇਸ ਨਵੇਂ, ਘੱਟ-ਲਾਗਤ ਅਤੇ ਟਿਕਾਊ ਮਾਡਲ ਨੂੰ ਅਪਣਾਉਂਦੇ ਹੋਏ ਰਾਸ਼ਟਰਮੰਡਲ ਖੇਡਾਂ ਦੀ ਮੇਜ਼ਬਾਨੀ ਕਰਨ ਵਿੱਚ ਦਿਲਚਸਪੀ ਦਿਖਾਈ ਹੈ।

# ਕੁਲਦੀਪ ਕੌਰ ਧੰਜੂ ਦਾ ਕਾਵਿ-ਸੰਗ੍ਰਹਿ 'ਇਜ਼ਹਾਰ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ


**ਉਜਾਗਰ ਸਿੰਘ**



ਕੁਲਦੀਪ ਕੌਰ ਸੰਧੂ ਲੋਕ ਹਿਤਾਂ 'ਤੇ ਪਹਿਰਾ ਦੇਣ ਵਾਲੀਆਂ ਕਵਿਤਾਵਾਂ ਲਿਖਣ ਵਾਲੀ ਸ਼ਾਇਰਾ ਹੈ। ਉਹ ਬਹੁਤ ਹੀ ਸੰਵੇਦਨਸ਼ੀਲ ਕਵਿਤਰੀ ਹੈ। ਕਵਿਤਰੀ ਨੇ ਵੱਡੀ ਉਮਰ ਵਿੱਚ ਜਾ ਕੇ ਲਿਖਣਾ ਸ਼ੁਰੂ ਕੀਤਾ ਹੈ, ਇਸ ਲਈ ਉਸਦਾ ਜ਼ਿੰਦਗੀ ਦਾ ਤਜ਼ਰਬਾ ਵਿਸ਼ਾਲ ਹੈ। ਇਸ ਤਜ਼ਰਬੇ ਦੇ ਆਧਾਰ 'ਤੇ ਜੋ ਉਸਨੇ ਸੰਸਾਰ ਵਿੱਚ ਆਪਣੇ ਆਲੇ ਦੁਆਲੇ ਵਾਪਰਦਾ ਵੇਖਿਆ ਹੈ, ਉਸਨੂੰ ਆਪਣੀਆਂ ਕਵਿਤਾਵਾਂ ਵਿੱਚ ਦ੍ਰਿਸ਼ਟਾਂਤਿਕ ਢੰਗ ਨਾਲ ਲਿਖਿਆ ਹੈ। ਭਾਵ ਉਸਦੇ ਨਿੱਜੀ ਤਜ਼ਰਬੇ ਨੇ ਕਵਿਤਾਵਾਂ ਵਿੱਚ ਇਨਸਾਨੀ ਜ਼ਿੰਦਗੀ ਦਾ ਪ੍ਰਤੀਬਿੰਬ ਦੇ ਤੌਰ 'ਤੇ ਲਿਖ ਦਿੱਤਾ ਹੈ। ਇਸ ਕਰਕੇ ਹੀ ਉਸਦੀਆਂ ਕਵਿਤਾਵਾਂ ਸਚਾਈ ਦੇ ਨੇੜੇ ਅਤੇ ਸਮਾਜਿਕ ਸਰੋਕਾਰਾਂ ਨਾਲ ਗੜੁਚ ਹਨ। ਆਮ ਤੌਰ 'ਤੇ ਕਵਿਤਰੀਆਂ ਰੁਮਾਂਸਵਾਦੀ ਕਵਿਤਾਵਾਂ ਲਿਖਦੀਆਂ ਹੋਈਆਂ ਔਰਤਾਂ ਦੇ ਦਰਦਾਂ ਦੀ ਦਾਸਤਾਂ ਕਹਿੰਦੀਆਂ ਹਨ, ਪ੍ਰੰਤੂ ਕੁਲਦੀਪ ਕੌਰ ਸੰਧੂ ਦੇ ਪਲੇਠੇ ਕਾਵਿ-ਸੰਗ੍ਰਹਿ 'ਇਜ਼ਹਾਰ' ਵਿਚਲੀਆਂ ਬਹੁਤੀਆਂ ਕਵਿਤਾਵਾਂ ਸਮਾਜਿਕ ਹਿੱਤਾਂ 'ਤੇ ਪਹਿਰਾ ਦੇਣ ਵਾਲੀਆਂ ਹਨ। ਇਸ ਤੋਂ ਪਹਿਲਾਂ ਕਵਿਤਰੀ ਦੀਆਂ ਕਵਿਤਾਵਾਂ 6 ਪੰਜਾਬੀ ਅਤੇ 6 ਹਿੰਦੀ ਦੇ ਕਾਵਿ-ਸੰਗ੍ਰਹਿਾਂ ਵਿੱਚ ਪ੍ਰਕਾਸ਼ਤ ਹੋ ਚੁੱਕੀਆਂ ਹਨ, ਪ੍ਰੰਤੂ ਨਿਰੋਲ ਉਸਦੀਆਂ ਆਪਣੀਆਂ ਕਵਿਤਾਵਾਂ ਵਾਲਾ ਇਹ ਪਹਿਲਾ ਕਾਵਿ-ਸੰਗ੍ਰਹਿ ਹੈ। ਉਸਦੀਆਂ ਕਵਿਤਾਵਾਂ ਦੇ ਵਿਸ਼ੇ ਸਮਾਜ ਵਿੱਚ ਫ਼ੈਲੀਆਂ ਸਮਾਜਿਕ ਕੁਰੀਤੀਆਂ ਦੀ ਗੱਲ ਕਰਦੇ ਹਨ। ਇਸ ਕਾਵਿ-ਸੰਗ੍ਰਹਿ ਵਿੱਚ 62 ਕਵਿਤਾਵਾਂ ਹਨ, ਜਿਹੜੀਆਂ ਸਾਰੀਆਂ ਹੀ ਲੋਕਾਈ ਦੇ ਦਰਦ ਦਾ ਪ੍ਰਗਟਾਵਾ ਕਰਦੀਆਂ ਹਨ। ਉਨ੍ਹਾਂ ਵਿੱਚੋਂ ਪਹਿਲੀ ਹੀ ਕਵਿਤਾ 'ਅਰਦਾਸ' ਵਿੱਚ ਕਵਿਤਰੀ ਨੇ ਕਈ ਵਿਸ਼ੇ ਛੋਹੇ ਹਨ, ਜਿਨ੍ਹਾਂ ਵਿੱਚ ਗ਼ਰੀਬਾਂ ਮਜ਼ਲੂਮਾਂ ਤੇ ਜ਼ੁਲਮ, ਬੇਰੋਜ਼ਗਾਰੀ, ਨਸ਼ਿਆਂ, ਅਮਨ ਕਾਨੂੰਨ ਦੀ ਮਾੜੀ ਸਥਿਤੀ ਕਰਕੇ ਸਮਾਜ ਵਿੱਚ ਡਰ ਦਾ ਮਾਹੌਲ ਬਣਿਆਂ ਹੋਇਆ ਹੈ, ਸ਼ਾਮਲ ਹਨ। ਲੋਕਾਂ 'ਤੇ ਜ਼ੁਲਮ ਹੋ ਰਹੇ ਹਨ, ਲੋਕ ਬੇਬਸ ਹੋਏ ਪਏ ਹਨ, ਲੁੱਟਾਂ ਖੋਹਾਂ ਹੋ ਰਹੀਆਂ ਹਨ, ਸਾਧੂਆਂ ਦੇ ਭੇਸ ਵਿੱਚ ਮਲਕ ਭਾਗੋ ਫਿਰ ਰਹੇ ਹਨ। ਕਾਵਿ-ਸੰਗ੍ਰਹਿ ਵਿੱਚ ਔਰਤਾਂ ਸੰਬੰਧੀ 18 ਕਵਿਤਾਵਾਂ ਹਨ, ਜਿਨ੍ਹਾਂ ਵਿੱਚ 'ਜੀਵਨ ਦਾ ਚੱਪੂ', 'ਅਣਜੰਮੀ ਧੀ ਦੀ ਅਰਜੋਈ', 'ਔਰਤ ਇੱਕ ਅਜ਼ੀਮ ਸ਼ਕਤੀ', 'ਅਧੂਰੀ ਖ਼ੁਸ਼ੀ', 'ਕਵਿੱਤਰੀ', 'ਤ੍ਰਿਸ਼ਨਾ', 'ਨਾਰੀ ਦੀ ਵੇਦਨਾ', 'ਸਮਝੌਤੇ', 'ਰਿਸ਼ਤੇ', 'ਇਹਸਾਸ', ਜ਼ਿੰਦਗੀ', 'ਕੀ ਮੇਰਾ ਹੈ ਕਸੂਰ', 'ਬੇਪਨਾਹ ਪਿਆਰ', 'ਉਹ ਮਜ਼ਬੂਰ ਯਾਦਾਂ', 'ਔਰਤ', 'ਖੁਦ ਦੀ ਤਲਾਸ਼', 'ਅਕਸ' ਅਤੇ 'ਮੈਂ ਅਜੇ ਥੱਕੀ ਨਹੀਂ' ਕਵਿਤਾਵਾਂ ਹਨ, ਜਿਹੜੀਆਂ ਔਰਤ ਦੀ ਜ਼ਿੰਦਗੀ ਦੀ ਜਦੋਜਹਿਦ ਦੀ ਬਾਤ ਤਾਂ ਪਾ ਰਹੀਆਂ ਹਨ, ਪ੍ਰੰਤੂ ਇਨ੍ਹਾਂ ਕਵਿਤਾਵਾਂ ਵਿੱਚ ਇਸਤਰੀਆਂ ਨਾਲ ਹੋ ਰਹੀਆਂ ਜ਼ੋਰ ਜ਼ਬਰਦਸਤੀਆਂ ਦੇ ਸੰਤਾਪ ਦਾ ਵਿਵਰਣ ਦਿੰਦੀ ਹੋਈ ਕਵਿਤਰੀ ਇਸਤਰੀ ਦੀ ਮਾਨਸਿਕਤਾ ਦਾ ਪ੍ਰਗਟਾਵਾ ਕਰ ਰਹੀ ਹੈ, ਭਾਵ ਔਰਤਾਂ ਦੇ ਮਨ ਦੀ ਵੇਦਨਾ ਨੂੰ ਕਵਿਤਾਵਾਂ ਵਿੱਚ ਦਰਸਾਇਆ ਗਿਆ ਹੈ। ਇਹ ਕਵਿਤਾਵਾਂ ਔਰਤਾਂ ਨੂੰ ਕਮਜ਼ੋਰ ਸਾਬਤ ਨਹੀਂ ਕਰਦੀਆਂ, ਸਗੋਂ ਔਰਤਾਂ ਨੂੰ ਸਮਾਜ ਵਿੱਚ ਬਰਾਬਰ ਦੇ ਰੁਤਬੇ ਅਤੇ ਹੱਕਾਂ ਦੀ ਵਕਾਲਤ ਕਰ ਰਹੀਆਂ ਹਨ। ਔਰਤਾਂ 'ਤੇ ਜ਼ੁਲਮ ਹੋ ਰਹੇ ਹਨ। ਉਸ ਦੀਆਂ ਕਵਿਤਾਵਾਂ ਅਨੁਸਾਰ ਔਰਤਾਂ ਇਨ੍ਹਾਂ ਜ਼ੰਜ਼ੀਰਾਂ ਨੂੰ ਤੋੜ ਸੁੱਟਣਗੀਆਂ। ਕਵਿਤਰੀ 'ਪੰਛੀ' ਸਿਰਲੇਖ ਵਾਲੀ ਕਵਿਤਾ ਵਿੱਚ ਪਰਵਾਸ ਦੀ ਸਮੱਸਿਆ ਦਾ ਜ਼ਿਕਰ ਕਰਦੀ ਲਿਖਦੀ ਹੈ ਕਿ ਪਰਵਾਸ ਵਿੱਚ ਰੋਜ਼ੀ ਰੋਟੀ ਲਈ ਜਾਣਾ ਕੋਈ ਗ਼ਲਤ ਨਹੀਂ ਕਿਹਾ ਜਾ ਸਕਦਾ ਹੈ, ਪ੍ਰੰਤੂ ਪਰਵਾਸ ਵਿੱਚ ਜਾ ਕੇ ਉਥੇ ਜੋਗੇ ਹੀ ਹੋ ਜਾਣਾ ਬਹੁਤ ਵੱਡਾ ਸੰਤਾਪ ਹੈ। ਪੰਜਾਬੀਆਂ ਦਾ ਉਥੇ ਜਾ ਕੇ ਵਸ ਜਾਣਾ ਜ਼ਾਇਜ ਨਹੀਂ। ਪੰਛੀ ਵੀ ਸਾਰੀ ਦਿਹਾੜੀ ਚੋਗਾ ਚੁਗਣ ਤੋਂ ਬਾਅਦ ਸ਼ਾਮ ਨੂੰ ਆਪਣੇ ਆਲ੍ਹਣੇ ਵਿੱਚ ਆ ਜਾਂਦੇ ਹਨ, ਪ੍ਰੰਤੂ ਸਾਡੇ ਪਰਵਾਸੀ ਵਾਪਸ ਆਉਣ ਨੂੰ ਤਿਆਰ ਹੀ ਨਹੀਂ। ਮਾਪੇ ਪਿਛੇ ਤੜਪਦੇ ਸਵਾਸ ਤਿਆਗ ਜਾਂਦੇ ਹਨ। ਕਵਿਤਰੀ ਸਮਾਜਿਕ ਤਾਣੇ-ਬਾਣੇ 'ਤੇ ਕਿੰਤੂ-ਪ੍ਰੰਤੂ ਕਰਦੀ ਕਹਿੰਦੀ ਹੈ ਕਿ ਖ਼ੁਦਗਰਜ਼ ਲੋਕ ਸਮਾਜ 'ਤੇ ਕਲੰਕ ਹਨ, ਜਿਨ੍ਹਾਂ ਦੇ ਕਿਰਦਾਰ ਸਮਾਜਕ ਭਾਈਚਾਰੇ ਦਾ ਨੁਕਸਾਨ ਕਰ ਰਹੇ ਹਨ। ਇਨ੍ਹਾਂ ਸਮਾਜਿਕ ਵਿਸੰਗਤੀਆਂ ਲਈ ਸਾਡੀ ਪ੍ਰਸ਼ਾਸ਼ਨਿਕ ਪ੍ਰਣਾਲੀ ਨੂੰ ਬਰਾਬਰ ਜ਼ਿੰਮੇਵਾਰ ਠਹਿਰਾਉਂਦੀ ਹੈ। ਸਿਆਸਤਦਾਨ ਮਨਮਰਜ਼ੀਆਂ ਕਰ ਰਹੇ ਹਨ, ਚੋਰ ਤੇ ਕੁੱਤੀ ਰਲੇ ਹੋਏ ਹਨ, ਸਿਆਸਤਦਾਨ ਜ਼ਾਲਮ ਬਣ ਗਏ ਹਨ, ਉਨ੍ਹਾਂ ਵੱਲੋਂ ਨਫ਼ਰਤਾਂ ਦੇ ਬੀਜ ਬੀਜੇ ਜਾ ਰਹੇ ਹਨ, ਰਿਸ਼ਵਤਾਂ ਦਾ ਬੋਲਬ-ਾਲਾ ਹੈ। ਮਨੁੱਖਤਾ ਲਾਲਚ ਵਿੱਚ ਗ੍ਰਸਤ ਹੋ ਗਈ ਹੈ, ਸਾਂਝੇ ਪਰਿਵਾਰ ਖ਼ਤਮ ਹੋ ਗਏ, ਬਜ਼ੁਰਗ ਬ੍ਰਿਧ ਆਸ਼ਰਮਾ ਵਿੱਚ ਰੁਲ ਰਹੇ ਹਨ, ਬੱਚੇ ਪਰਵਾਸ ਵਿੱਚ ਮੌਜ ਮਸਤੀਆਂ ਕਰ ਰਹੇ ਹਨ, ਵਿਖਾਵੇ ਦਾ ਜ਼ਮਾਨਾ ਹੈ। 'ਵੇਖ ਲਓ' ਸਿਰਲੇਖ ਵਾਲੀ ਕਵਿਤਾ ਵਿੱਚ ਕਵਿਤਰੀ ਲੋਕਾਈ ਨੂੰ ਗ਼ਰੀਬਾਂ ਦਾ ਸਹਾਰਾ ਬਣਨ ਦੀ ਗੱਲ ਕਰਦੀ ਲਿਖਦੀ ਹੈ:

ਉਮਰ ਭਰ ਦੇਣਗੇ ਦੁਆਵਾਂ,
ਉਹ ਗ਼ਰੀਬ ਤੇ ਮਜ਼ਬੂਰ।
ਉਹਨਾਂ ਦੀਆਂ ਮਜ਼ਬੂਰੀਆਂ ਕੁਝ,
ਵੰਡ-ਵੰਡਾ ਕੇ ਵੇਖ ਲਓ।

ਕੁਲਦੀਪ ਕੌਰ ਧੰਜੂ ਸਮਾਜ ਨੂੰ ਇਸਤਰੀਆਂ ਦਾ ਪੱਖ ਪੂਰਨ ਦੀ ਤਾਕੀਦ ਕਰਦੀ ਹੈ। ਔਰਤ ਤੇ ਮਰਦ ਇੱਕ ਦੂਜੇ ਦੇ ਪੂਰਕ ਹਨ, ਔਰਤ ਸਮਾਜ ਦੀ ਸਿਰਜਣਾ ਕਰਦੀ ਹੈ, ਇਸ ਲਈ ਇਸਦਾ ਸਤਿਕਾਰ ਤੇ ਸਨਮਾਨ ਜ਼ਰੂਰੀ ਹੈ। ਰਿਸ਼ਤਿਆਂ ਵਿੱਚ ਆਈ ਗਿਰਾਵਟ ਕਰਕੇ ਬਜ਼ੁਰਗਾਂ ਦੀ ਬੇਕਦਰੀ ਹੋ ਰਹੀ ਹੈ। ਨੌਜਵਾਨ ਆਪ ਤਾਂ ਐਸ਼ ਆਰਾਮ ਦੀ ਜ਼ਿੰਦਗੀ ਜਿਉਂਦੇ ਹਨ, ਪ੍ਰੰਤੂ ਮਾਪਿਆਂ ਨੂੰ ਅਣਡਿਠ ਕਰਦੇ ਹਨ। ਕਵਿਤਰੀ 'ਮਜ਼ਬੂਰਨ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦੀ ਹੈ:






ਰਿਸ਼ਤਿਆਂ ਦੇ ਬੋਝ ਨੂੰ ਝਟਕ ਕੇ,
ਸਾਂਝੇ ਫ਼ਿਕਰਾਂ ਤੋਂ ਥੋੜ੍ਹਾ ਪਾਸੇ ਸਰਕ ਕੇ।
ਛੱਡ ਕੇ ਬਜ਼ੁਰਗਾਂ ਨੂੰ ਬਿਰਧ ਆਸ਼ਰਮਾਂ 'ਚ, ਕਰਨਾ ਚਾਹੁੰਦੇ ਨੇ ਬਸ ਮੌਜਾਂ ਰੱਜ ਰੱਜ ਕੇ।

ਕੁਲਦੀਪ ਕੌਰ ਧੰਜੂ ਆਸ਼ਾਵਾਦੀ ਹੋਣ ਕਰਕੇ ਹਿੰਮਤ ਨਾਲ ਬੁਲੰਦੀਆਂ 'ਤੇ ਪਹੁੰਚਣ ਦੀ ਤਾਕੀਦ ਕਰਦੀ ਹੋਈ ਲਿਖਦੀ ਹੈ ਕਿ ਘਬਰਾਉਣ ਦੀ ਲੋੜ ਨਹੀਂ ਦੁੱਖ ਸੁੱਖ ਜ਼ਿੰਦਗੀ ਦਾ ਹਿੱਸਾ ਹਨ, ਇਨ੍ਹਾਂ ਤੋਂ ਘਬਰਾਉਣਾ ਨਹੀਂ ਚਾਹੀਦਾ। ਕਵਿਤਰੀ ਦੀਆਂ 6 ਕਵਿਤਾਵਾਂ ਵਿੱਚੋਂ ਆਸ਼ਾਵਾਦੀ ਹੋਣ ਦੀ ਝਲਕ ਆਉਂਦੀ ਹੈ। ਮਿਹਨਤ ਕਰਦੇ ਰਹੋ ਇੱਕ ਨਾ ਇੱਕ ਦਿਨ ਜ਼ਰੂਰ ਸਫ਼ਲਤਾ ਤੁਹਾਡੇ ਪੈਰ ਚੁੰਮੇਗੀ। 'ਜਿੱਤ' ਸਿਰਲੇਖ ਵਾਲੀ ਕਵਿਤਾ ਵਿੱਚ ਲਿਖਦੀ ਹੈ:

ਬਾਮਸ਼ੱਕਤ ਮਿਹਨਤ ਤੇਰੀ ਇੱਕ ਦਿਨ ਰੰਗ ਲਿਆਏਗੀ,
ਕੇਵਲ ਤੇਰੀ ਮਿਹਨਤ ਹੀ ਤੈਨੂੰ ਤੇਰੀ ਮੰਜ਼ਲ ਤੱਕ ਪਹੁੰਚਾਏਗੀ।

ਲੋਕਾਈ ਵੱਲੋਂ ਪਾਣੀ, ਹਵਾ ਤੇ ਧਰਤੀ ਨੂੰ ਪਲੀਤ ਕਰਕੇ ਵਾਤਾਵਰਨ ਨੂੰ ਦੂਸ਼ਤ ਕਰਨ 'ਤੇ ਕਵਿਤਰੀ ਚਿੰਤਾ ਪ੍ਰਗਟ ਕਰਦੀ ਹੋਈ ਕਹਿੰਦੀ ਹੈ ਕਿ ਰਹਿੰਦੀ ਖੂੰਹਦੀ ਕਸਰ ਰੁੱਖਾਂ ਨੂੰ ਕੱਟਕੇ ਲੋਕਾਈ ਆਪਣੇ ਪੈਰੀਂ ਆਪ ਕੁਹਾੜੀ ਮਾਰ ਰਹੀ ਹੈ। ਪਾਣੀ ਤਾਂ ਵਿਕਣ ਲੱਗ ਗਿਆ ਹੈ, ਪ੍ਰੰਤੂ ਜਿਹੋ ਜਹੇ ਹਾਲਾਤ ਬਣ ਰਹੇ ਹਨ, ਕਿਤੇ ਹਵਾ ਵੀ ਮੁੱਲ ਵਿਕਣ ਲੱਗ ਸਕਦੀ ਹੈ। 'ਦੁਚਿੱਤੀ ਦਾ ਮਾਹੌਲ' ਕਵਿਤਾ ਵਿੱਚ ਕੁਲਦੀਪ ਕੌਰ ਧੰਜੂ ਲਿਖਦੀ ਹੈ:

ਪਾਣੀ ਤਾਂ ਧਰਤੀ ਉੱਤੇ ਪਹਿਲਾਂ ਹੀ ਵਿਕਦਾ ਸੀ, ਡਰ ਹੈ ਕਿਤੇ ਹਵਾ ਵੀ ਨਾ ਵਿਕ ਜਾਵੇ।
ਜ਼ਮੀਨ ਤਾਂ ਪਹਿਲਾਂ ਹੀ ਵਿਕਦੀ ਸੀ, ਡਰ ਹੈ ਕਿਤੇ ਅਸਮਾਨ ਵੀ ਨਾ ਵਿਕ ਜਾਵੇ।

ਕੁਲਦੀਪ ਕੌਰ ਧੰਜੂ ਜ਼ਿੰਦਗੀ ਦੇ ਵਿੱਚ ਇਸ਼ਕ, ਮੁਹੱਬਤ ਅਤੇ ਪਿਆਰ ਦਾ ਸਥਾਨ ਵੀ ਮਹੱਤਵਪੂਰਨ ਸਮਝਦੀ ਹੈ। ਮੁਹੱਬਤ ਨਾਲ ਜੀਵਨ ਸੁਹਾਵਣਾ ਹੋ ਜਾਂਦਾ ਹੈ, ਪ੍ਰੰਤੂ ਮੁਹੱਬਤ ਦੀ ਪਾਕੀਜਗੀ ਜ਼ਰੂਰੀ ਹੈ। ਉਹ ਇਹ ਵੀ ਕਹਿੰਦੀ ਹੈ ਕਿ ਪਿਆਰ ਕਰਨ ਵਾਲਿਆਂ ਲਈ ਮੁਹੱਬਤ ਤੋਂ ਵੱਡੀ ਕੋਈ ਸ਼ਾਹੂਕਾਰੀ ਨਹੀਂ। ਉਸਨੇ ਕੁਝ ਕਵਿਤਾਵਾਂ ਰੁਮਾਂਟਿਕ ਵੀ ਲਿਖੀਆਂ ਹਨ, ਜਿਨ੍ਹਾਂ ਵਿੱਚ 'ਬੇਪਨਾਹ ਪਿਆਰ', 'ਉਹ ਮਜ਼ਬੂਰ ਯਾਦਾਂ', 'ਪਿਆਰ ਨਾ ਮੰਗੋ', 'ਤਾਂ ਹੀ ਪਿਆਰ ਕਰਨ', 'ਮੁਲਾਕਾਤ', 'ਪੱਥਰ ਦਿਲ' ਅਤੇ 'ਇਸ਼ਕ' ਸ਼ਾਮਲ ਹਨ। 'ਪੱਥਰ ਦਿਲ' ਕਵਿਤਾ ਵਿੱਚ ਕਵਿਤਰੀ ਲਿਖਦੀ ਹੈ:

ਜ਼ਾਲਮ ਨੇ ਸੱਟ ਬੇਵਫ਼ਾਈ ਦੀ ਬੜੀ ਹੀ ਮਾਰੀ ਗੁੱਝੀ,
ਆਪਣੇ ਹੱਥੀਂ ਹੀ ਲਕੀਰ ਕਿਸਮਤ ਦੀ ਮਿਟਾ ਬੈਠੇ।

ਭਵਿਖ ਵਿੱਚ ਕੁਲਦੀਪ ਕੌਰ ਧੰਜੂ ਤੋਂ ਹੋਰ ਬਿਹਤਰੀਨ ਕਵਿਤਾਵਾਂ ਲਿਖਣ ਦੀ ਆਸ ਕੀਤੀ ਜਾ ਸਕਦੀ ਹੈ। 123 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਜ਼ੋਹਰਾ ਪਬਲੀਕੇਸ਼ਨ, ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।

ਸੰਪਰਕ ਕੁਲਦੀਪ ਕੌਰ ਧੰਜੂ :
9463369202
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarisngh48@yahoo.com

**ਮਾਂ ਬੋਲੀ ਜੇ ਭੁੱਲ ਜਾਓਗੇ ਕੱਖਾਂ ਵਾਂਗੂੰ ਰੁਲ ਜਾਓਗੇ**

ਮਾਂ ਬੋਲੀ ਦੀ ਸੇਵਾ ਸਾਡਾ ਸਾਰਿਆਂ ਦਾ ਪਹਿਲਾ ਫਰਜ਼ ਹੈ। ਆਪਣੀ ਬੋਲੀ ਨਾ ਰਹੀ ਤਾਂ ਕੁਝ ਵੀ ਨਹੀਂ ਰਹੇਗਾ। ਮਾਂ ਬੋਲੀ ਨੂੰ ਜਿਉਂਦਾ ਰੱਖਣ ਲਈ ਆਪ ਪੰਜਾਬੀ ਅਖ਼ਬਾਰ ਪੰਜਾਬ ਟਾਈਮਜ਼ ਪੜ੍ਹੋ ਅਤੇ ਆਪਣੇ ਬੱਚਿਆਂ ਨੂੰ ਵੀ ਪੰਜਾਬੀ ਪੜ੍ਹਨ ਲਈ ਉਤਸਾਹਿਤ ਕਰੋ।
ਬੈਠੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ।
ਫ਼ੋਨ: 01332 372851

# ਵਾਮਪੰਥੀ ਉਗਰਵਾਦ ਖਿਲਾ.ਫ ਟਰੰਪ ਦੀ ਆਲਮੀ ਜੰਗ

**✪ ਵਾਸ਼ਿੰਗਟਨ ਵਿਚ 65 ਤੋਂ ਵੱਧ ਦੇਸ਼ਾਂ ਦੀ ਹੰਗਾਮੀ ਬੈਠਕ ਹੋਈ ✪ ਯੂਰਪ ਵਿਚ ਵਾਮਪੰਥੀ ਹਿੰਸਾ ਦਾ ਕਹਿਰ, ਬੁਨਿਆਦੀ ਢਾਂਚੇ ਅਤੇ ਰੇਲ ਸੇਵਾਵਾਂ ’ਤੇ ਵੱਡੇ ਹਮਲੇ ✪ ਅਮਰੀਕਾ ਵਲੋਂ ਯੂਰਪ ਦੇ 4 ਵਾਮਪੰਥੀ ਗਰੁੱਪ ਅੱਤਵਾਦੀ ਸੰਗਠਨ ਘੋਸ਼ਿਤ ✪ ਆਰਟੀ ਇੰਟਰਨੈਸ਼ਨਲ ਵਿਚ ਛਪੇ ਆਰਟੀਕਲ ਦਾ ਨਿਊਜ਼ ਵਿਸ਼ਲੇਸ਼ਣ**

ਲੰਮੇ ਸਮੇਂ ਤੋਂ ਪੱਛਮੀ ਦੇਸ਼ਾਂ ਵਿੱਚ ਇਹ ਮੰਨਿਆ ਜਾਂਦਾ ਸੀ ਕਿ ਵਾਮਪੰਥੀ ਉਗਰਵਾਦ ਕੋਈ ਵੱਡਾ ਖ਼ਤਰਾ ਨਹੀਂ ਹੈ ਅਤੇ ਇਹ ਸ਼ੀਤ ਯੁੱਧ ਦੇ ਨਾਲ ਹੀ ਖ਼ਤਮ ਹੋ ਚੁੱਕਾ ਹੈ। ਪਿਛਲੇ ਦੋ ਦਹਾਕਿਆਂ ਦੌਰਾਨ ਦੁਨੀਆ ਦੀਆਂ ਸੁਰੱਖਿਆ ਏਜੰਸੀਆਂ ਦਾ ਧਿਆਨ ਮੁੱਖ ਤੌਰ ’ਤੇ ਧਾਰਮਿਕ ਕੱਟੜਪੰਥ ਅਤੇ ਅੰਤਿਮ-ਸੱਜੇਪੱਖੀ ਸਮੂਹਾਂ ’ਤੇ ਹੀ ਰਿਹਾ। ਹਾਲਾਂਕਿ, ਲਾਡਿਸਲਾਵ ਜ਼ੇਮਾਨੇਕ ਦੇ ਆਰਟੀ ਇੰਟਰਨੈਸ਼ਨਲ ਵਿਚ ਛਪੇ ਲੇਖ ਵਿੱਚ ਪੇਸ਼ ਕੀਤੇ ਗਏ ਤੱਥ ਦਰਸਾਉਂਦੇ ਹਨ ਕਿ ਅਤਿ-ਵਾਮਪੰਥੀ ਹਿੰਸਾ ਹੁਣ ਸਿਰ.ਫ ਸੜਕਾਂ ’ਤੇ ਨਾਅਰੇਬਾਜ਼ੀ ਜਾਂ ਧਰਨੇ-ਪ੍ਰਦਰਸ਼ਨਾਂ ਤੱਕ ਸੀਮਤ ਨਹੀਂ ਰਹੀ। ਇਹ ਹੁਣ ਇੱਕ ਸੰਗਠਿਤ, ਹਿੰਸਕ ਅਤੇ ਅੰਤਰਰਾਸ਼ਟਰੀ ਨੈੱਟਵਰਕ ਬਣ ਚੁੱਕੀ ਹੈ, ਜੋ ਦੇਸ਼ਾਂ ਦੇ ਬੁਨਿਆਦੀ ਢਾਂਚੇ (ਬਿਜਲੀ, ਰੇਲਵੇ, ਊਰਜਾ) ਨੂੰ ਨਿਸ਼ਾਨਾ ਬਣਾ ਰਹੀ ਹੈ। ਵਾਸ਼ਿੰਗਟਨ ਵਿੱਚ ਅਮਰੀਕਾ ਦੀ ਅਗਵਾਈ ਹੇਠ 65 ਤੋਂ ਵੱਧ ਦੇਸ਼ਾਂ ਦਾ ਇੱਕਜੁੱਟ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਵਿਸ਼ਵ ਦੀਆਂ ਸਰਕਾਰਾਂ ਹੁਣ ਇਸ ਨੂੰ ਇੱਕ ਗੰਭੀਰ ਆਲਮੀ ਖ਼ਤਰਾ ਮੰਨਣ ਲੱਗੀਆਂ ਹਨ।



## ਯੂਰਪ ਵਿੱਚ ਤੋੜ-ਫੋੜ ਅਤੇ ਆਮ ਜੀਵਨ ’ਤੇ ਹਮਲੇ

ਲੇਖ ਵਿੱਚ ਯੂਰਪ ਦੇ ਵੱਖ-ਵੱਖ ਦੇਸ਼ਾਂ ਵਿੱਚ ਵਾਪਰੀਆਂ ਘਟਨਾਵਾਂ ਦੇ ਅੰਕੜੇ ਦੇ ਕੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਵਾਮਪੰਥੀ ਸਮੂਹ ਕਿਸ ਤਰ੍ਹਾਂ ਆਮ ਲੋਕਾਂ ਦੀ ਜ਼ਿੰਦਗੀ ਨੂੰ ਦਹਿਸ਼ਤ ਭਰਪੂਰ ਬਣਾ ਰਹੇ ਹਨ।

* ਜਰਮਨੀ ਵਿੱਚ ਸਾਲ 2025 ਦੌਰਾਨ ਤੋੜ-ਫੋੜ ਦੇ 321 ਤੋਂ ਵੱਧ ਮਾਮਲੇ ਦਰਜ ਕੀਤੇ ਗਏ, ਜੋ ਕਿ ਜ਼ਿਆਦਾਤਰ ਫੌਜ, ਪੁਲਿਸ, ਰੇਲਵੇ ਅਤੇ ਊਰਜਾ ਗ੍ਰਿਡਾਂ ਨਾਲ ਸਬੰਧਿਤ ਸਨ। 2026 ਦੇ ਸ਼ੁਰੂ ਵਿੱਚ ‘ਵੋਲਕੇਨੋ ਗਰੁੱਪ’ ਨਾਮਕ ਵਾਮਪੰਥੀ ਸੰਗਠਨ ਨੇ ਬਰਲਿਨ ਵਿੱਚ ਪਾਵਰ ਕੇਬਲਾਂ ਨੂੰ ਅੱਗ ਲਗਾ ਦਿੱਤੀ ਸੀ, ਜਿਸ ਨਾਲ ਕੜਾਕੇ ਦੀ ਠੰਢ ਵਿੱਚ ਹਜ਼ਾਰਾਂ ਘਰਾਂ, ਹਸਪਤਾਲਾਂ ਅਤੇ ਰੇਲ ਸੇਵਾਵਾਂ ਦੀ ਬਿਜਲੀ ਕਈ ਦਿਨਾਂ ਲਈ ਗੁੱਲ ਹੋ ਗਈ ਸੀ।

* ਇਟਲੀ ਵਿੱਚ ‘ਵਿੰਟਰ ਓਲੰਪਿਕ’ ਦੌਰਾਨ ਰੇਲਵੇ ਲਾਈਨਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ, ਜਿਸ ਕਾਰਨ ਲਗਭਗ 40,000 ਟ੍ਰੇਨਾਂ ਰੱਦ ਕਰਨੀਆਂ ਪਈਆਂ। ਅੰਕੜੇ ਦੱਸਦੇ ਹਨ ਕਿ ਇਟਲੀ ਵਿੱਚ ਰੇਲਵੇ ’ਤੇ ਹਮਲਿਆਂ ਵਿੱਚ 450% ਦਾ ਵਾਧਾ ਹੋਇਆ ਸੀ।

ਯੂਨਾਨ ਵਿੱਚ 80% ਤੋਂ ਵੱਧ ਸਿਆਸੀ ਹਿੰਸਾ ਅਤਿ-ਵਾਮਪੰਥੀ ਸਮੂਹਾਂ ਦੁਆਰਾ ਕੀਤੀ ਜਾ ਰਹੀ ਹੈ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਵਾਤਾਵਰਣ ਬਚਾਉਣ ਜਾਂ ਪੂੰਜੀਵਾਦ-ਵਿਰੋਧ ਦੇ ਨਾਂ ’ਤੇ ਸ਼ੁਰੂ ਹੋਏ ਅੰਦੋਲਨ ਹੁਣ ਹਿੰਸਕ ਰੂਪ ਧਾਰਨ ਕਰ ਚੁੱਕੇ ਹਨ।

## ਮੀਡੀਆ ਅਤੇ ਉਦਾਰਵਾਦੀ ਸਥਾਪਤੀ ’ਤੇ ਦੋਹਰੇ ਮਾਪਦੰਡਾਂ ਦਾ ਦੋਸ਼

ਇਸ ਲੇਖ ਦਾ ਇੱਕ ਮਹੱਤਵਪੂਰਨ ਪੱਖ ਪੱਛਮੀ ਦੇਸ਼ਾਂ ਦੇ ਮੀਡੀਆ ਅਤੇ ਸਿਆਸੀ ਨੇਤਾਵਾਂ ਦੇ ਦੋਹਰੇ ਮਾਪਦੰਡਾਂ ਨੂੰ ਨੰਗਾ ਕਰਨਾ ਹੈ: ‘‘ਜਦੋਂ ਸੱਜੇਪੱਖੀ ਗਰੁੱਪ ਕੋਈ ਘਟਨਾ ਕਰਦੇ ਹਨ, ਤਾਂ ਮੀਡੀਆ ਉਸ ਨੂੰ ਤੁਰੰਤ ’ਲੋਕਤੰਤਰ ਲਈ ਖ਼ਤਰਾ’ ਘੋਸ਼ਿਤ ਕਰ ਦਿੰਦਾ ਹੈ। ਪਰ ਜਦੋਂ ਵਾਮਪੰਥੀ ਗਰੁੱਪ ਬਿਜਲੀ ਗ੍ਰਿਡ ਫੂਕਦੇ ਹਨ ਜਾਂ ਰੇਲਵੇ ਲਾਈਨਾਂ ਤਬਾਹ ਕਰਦੇ ਹਨ, ਤਾਂ ਉਸ ਨੂੰ ‘ਸਮਾਜਿਕ ਵਿਰੋਧ’ ਜਾਂ ‘ਇਨਸਾ.ਫ ਦੀ ਲੜਾਈ’ ਕਹਿ ਕੇ ਟਾਲ ਦਿੱਤਾ ਜਾਂਦਾ ਹੈ।’’

ਲੇਖਕ ਅਨੁਸਾਰ ਇਸ ਅਣਗਹਿਲੀ ਕਾਰਨ ਹੀ ਇਹਨਾਂ ਉਗਰਵਾਦੀ ਗਰੁੱਪਾਂ ਦੇ ਹੌਸਲੇ ਬੁਲੰਦ ਹੋਏ ਹਨ। ਉਹਨਾਂ ਨੂੰ ਲੱਗਦਾ ਹੈ ਕਿ ਉਹ ਆਦਰਸ਼ਵਾਦ ਦੇ ਨਾਂ ’ਤੇ ਕੋਈ ਵੀ ਹਿੰਸਾ ਕਰ ਸਕਦੇ ਹਨ ਅਤੇ ਉਹਨਾਂ ਨੂੰ ਕੋਈ ਸਜ਼ਾ ਨਹੀਂ ਮਿਲੇਗੀ।

## ਫੰਡਿੰਗ ਨੈੱਟਵਰਕ ਅਤੇ ਸੰਸਥਾਗਤ ਮਦਦ

ਵਾਮਪੰਥੀ ਉਗਰਵਾਦ ਸਿਰ.ਫ ਸੜਕਾਂ ਤੱਕ ਸੀਮਤ ਨਹੀਂ ਹੈ, ਇਸ ਦੇ ਪਿੱਛੇ ਇੱਕ ਵੱਡਾ ਵਿੱਤੀ ਅਤੇ ਬੌਧਿਕ ਨੈੱਟਵਰਕ ਕੰਮ ਕਰ ਰਿਹਾ ਹੈ:

ਲੇਖ ਵਿੱਚ ਦੋਸ਼ ਲਗਾਇਆ ਗਿਆ ਹੈ ਕਿ ਜਾਰਜ ਸੋਰੋਸ ਦੀਆਂ ਸੰਸਥਾਵਾਂ ਅਤੇ ਜਰਮਨੀ ਦੀ ‘ਰੋਜ਼ਾ ਲਕਸਮਬਰਗ ਸਟਿਫਟੰਗ’ ਵਰਗੇ ਐਨਜੀਓ ਅਸਿੱਧੇ ਤੌਰ ’ਤੇ ਇਹਨਾਂ ਰੈਡੀਕਲ ਗਰੁੱਪਾਂ ਨੂੰ ਪੈਸਾ ਅਤੇ ਕਾਨੂੰਨੀ ਮਦਦ ਮੁਹੱਈਆ ਕਰਵਾਉਂਦੇ ਹਨ। ਇਹਨਾਂ ਨੈੱਟਵਰਕਾਂ ਨੇ ਯੂਰਪੀਅਨ ਯੂਨੀਅਨ ਦੀਆਂ ਕਈ ਸਰਕਾਰੀ ਸੰਸਥਾਵਾਂ, ਯੂਨੀਵਰਸਿਟੀਆਂ ਅਤੇ ਥਿੰਕ-ਟੈਂਕਾਂ ਵਿੱਚ ਆਪਣੇ ਵਿਚਾਰਧਾਰਕ ਪੈਰ ਪਸਾਰ ਲਏ ਹਨ, ਜਿਸ ਕਾਰਨ ਸਰਕਾਰਾਂ ਇਹਨਾਂ ਖਿਲਾ.ਫ ਸਖ਼ਤ ਕਾਰਵਾਈ ਕਰਨ ਤੋਂ ਝਿਜਕਦੀਆਂ ਹਨ।

## ਟਰੰਪ ਪ੍ਰਸ਼ਾਸਨ ਦਾ ਆਲਮੀ ਐਕਸ਼ਨ ਪਲਾਨ

ਅਮਰੀਕਾ ਵਿੱਚ ਡੋਨਾਲਡ ਟਰੰਪ ਦੀ ਸਰਕਾਰ ਨੇ ਇਸ ਸਮੱਸਿਆ ਨਾਲ ਨਜਿੱਠਣ ਲਈ ਇੱਕ ਆਲਮੀ ਮੋਰਚਾ ਖੋਲ੍ਹਿਆ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੁਆਰਾ ਬੁਲਾਈ ਗਈ 65 ਦੇਸ਼ਾਂ ਦੀ ਬੈਠਕ ਵਿੱਚ ਤਿੰਨ ਮੁੱਖ ਫੈਸਲੇ ਲਏ ਗਏ:

* ਜਰਮਨੀ, ਇਟਲੀ ਅਤੇ ਯੂਨਾਨ ਦੇ 4 ਹਿੰਸਕ ਵਾਮਪੰਥੀ ਸਮੂਹਾਂ ਨੂੰ ਅਮਰੀਕਾ ਨੇ ਅੱਤਵਾਦੀ ਸੰਗਠਨਾਂ ਦੀ ਸੂਚੀ ਵਿੱਚ ਪਾ ਦਿੱਤਾ ਹੈ।

* ਦੇਸ਼ਾਂ ਵਿਚਕਾਰ ਗੁਪਤ ਜਾਣਕਾਰੀ ਦਾ ਆਦਾਨ-ਪ੍ਰਦਾਨ ਵਧਾਇਆ ਜਾਵੇਗਾ ਅਤੇ ਅਜਿਹੇ ਅਨਸਰਾਂ ’ਤੇ ਯਾਤਰਾ ਪਾਬੰਦੀਆਂ ਲਗਾਈਆਂ ਜਾਣਗੀਆਂ।

* ਇਹਨਾਂ ਗਰੁੱਪਾਂ ਨੂੰ ਮਿਲਣ ਵਾਲੇ ਪੈਸੇ ਦੇ ਸਰੋਤਾਂ ਨੂੰ ਬੰਦ ਕਰਨ ਲਈ ਅਮਰੀਕੀ ਖਜ਼ਾਨਾ ਵਿਭਾਗ ਵੱਲੋਂ ਲੱਖਾਂ ਡਾਲਰ ਦੇ ਇਨਾਮ ਰੱਖੇ ਗਏ ਹਨ ਅਤੇ ਵੀਜ਼ਾ ਰੋਕਾਂ ਲਗਾਈਆਂ ਜਾ ਰਹੀਆਂ ਹਨ।

## ਰੂਸ ਅਤੇ ਚੀਨ ਦਾ ਦ੍ਰਿਸ਼ਟੀਕੋਣ

ਇਹ ਲੇਖ ਰੂਸੀ ਰਾਜ-ਸੰਬੰਧਿਤ ਮੀਡੀਆ ਆਰਟੀ ਇੰਟਰਨੈਸ਼ਨਲ ’ਤੇ ਛਪਿਆ ਹੈ ਅਤੇ ਇਸ ਦੇ ਲੇਖਕ ਰੂਸ ਦੇ ‘ਵਾਲਦਾਈ ਕਲੱਬ’ ਨਾਲ ਜੁੜੇ ਹੋਏ ਹਨ। ਇਸ ਦਾ ਭੂ-ਰਾਜਨੀਤਿਕ ਅਰਥ ਬਹੁਤ ਡੂੰਘਾ ਹੈ।

* ਰੂਸ ਅਤੇ ਚੀਨ ਹਮੇਸ਼ਾ ਆਪਣੇ ਦੇਸ਼ਾਂ ਅੰਦਰ ਵਿਚਾਰਧਾਰਕ ਅਰਾਜਕਤਾ ਅਤੇ ਪੱਛਮੀ ਐਨਜੀਓ ਦੇ ਪ੍ਰਭਾਵ ਨੂੰ ਰੋਕਦੇ ਆਏ ਹਨ। ਲੇਖਕ ਸੁਝਾਅ ਦਿੰਦਾ ਹੈ ਕਿ ਵਾਮਪੰਥੀ ਅੱਤਵਾਦ ਖਿਲਾ.ਫ ਲੜਾਈ ਵਿੱਚ ਰੂਸ ਤੇ ਚੀਨ ਵੀ ਅਮਰੀਕਾ ਨਾਲ ਸਹਿਯੋਗ ਕਰ ਸਕਦੇ ਹਨ, ਕਿਉਂਕਿ ਦੋਵੇਂ ਦੇਸ਼ ਆਪਣੇ ਅੰਦਰ ਸਥਿਰਤਾ ਤੇ ਅਮਨ-ਕਾਨੂੰਨ ਨੂੰ ਪਹਿਲ ਦਿੰਦੇ ਹਨ। ਰੂਸੀ ਮੀਡੀਆ ਇਸ ਮੁੱਦੇ ਜ਼ਰੀਏ ਪੱਛਮੀ ਦੇਸ਼ਾਂ (ਅਮਰੀਕਾ ਅਤੇ ਯੂਰਪ) ਦੇ ਅੰਦਰੂਨੀ ਮਤਭੇਦਾਂ ਤੇ ਉਦਾਰਵਾਦੀ ਨੀਤੀਆਂ ਦੀਆਂ ਨਾਕਾਮੀਆਂ ਨੂੰ ਉਜਾਗਰ ਕਰ ਰਿਹਾ ਹੈ।

ਲਾਡਿਸਲਾਵ ਜ਼ੇਮਾਨੇਕ ਦਾ ਇਹ ਲੇਖ ਅੰਤਰਰਾਸ਼ਟਰੀ ਸੁਰੱਖਿਆ ਨੀਤੀ ਵਿੱਚ ਆ ਰਹੇ ਇੱਕ ਵੱਡੇ ਬਦਲਾਅ ਦਾ ਸੰਕੇਤ ਹੈ। ਇਸ ਦਾ ਨਿਚੋੜ ਇਹ ਹੈ ਕਿ ਹਿੰਸਾ ਦਾ ਕੋਈ ਧਰਮ ਜਾਂ ਸਿਆਸੀ ਪੱਖ ਨਹੀਂ ਹੁੰਦਾ। ਚਾਹੇ ਹਿੰਸਾ ਸੱਜੇਪੱਖੀ ਸੋਚ ਤੋਂ ਪ੍ਰੇਰਿਤ ਹੋਵੇ, ਧਾਰਮਿਕ ਕੱਟੜਤਾ ਤੋਂ ਜਾਂ ਵਾਮਪੰਥੀ ਵਿਚਾਰਧਾਰਾ ਤੋਂ-ਜਦੋਂ ਇਹ ਆਮ ਨਾਗਰਿਕਾਂ ਦੀ ਸੁਰੱਖਿਆ, ਬਿਜਲੀ-ਪਾਣੀ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ’ਤੇ ਹਮਲਾ ਕਰਦੀ ਹੈ, ਤਾਂ ਇਸ ਨੂੰ ‘‘ਵਿਰੋਧ ਪ੍ਰਦਰਸ਼ਨ’’ ਨਹੀਂ, ਸਗੋਂ ਅੱਤਵਾਦ ਹੀ ਮੰਨਿਆ ਜਾਣਾ ਚਾਹੀਦਾ ਹੈ। ਅਮਰੀਕਾ ਦੁਆਰਾ ਸ਼ੁਰੂ ਕੀਤੀ ਗਈ ਇਹ ਆਲਮੀ ਮੁਹਿੰਮ ਭਵਿੱਖ ਵਿੱਚ ਅੰਤਰਰਾਸ਼ਟਰੀ ਸੁਰੱਖਿਆ ਦੇ ਨਿਯਮਾਂ ਨੂੰ ਬਦਲਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀ ਹੈ। ਪਿਛਲੇ 25-30 ਸਾਲਾਂ ਤੋਂ ਅੰਤਰਰਾਸ਼ਟਰੀ ਸੁਰੱਖਿਆ ਏਜੰਸੀਆਂ ਦਾ ਧਿਆਨ ਮੁੱਖ ਤੌਰ ’ਤੇ ਧਾਰਮਿਕ ਕੱਟੜਪੰਥੀ ਸਮੂਹਾਂ (ਜਿਵੇਂ ਅਲ-ਕਾਇਦਾ, ਆਈ. ਐਸ. ਆਈ. ਐਸ.) ਜਾਂ ਨਿਓ-ਨਾਜ਼ੀ/ਸੱਜੇਪੱਖੀ ਹਿੰਸਾ ’ਤੇ ਹੀ ਸੀ।

ਹੁਣ (ਨਵਾਂ ਨਿਯਮ): ਇਸ ਮੁਹਿੰਮ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅੱਤਵਾਦ ਸਿਰ.ਫ ਧਰਮ ਜਾਂ ਨਸਲ ਤੱਕ ਸੀਮਤ ਨਹੀਂ ਹੈ। ਜੇਕਰ ਕੋਈ ਵਾਮਪੰਥੀ ਜਾਂ ਆਦਰਸ਼ਵਾਦੀ ਵਿਚਾਰਧਾਰਾ ਦੇ ਨਾਂ ’ਤੇ ਵੀ ਹਿੰਸਾ ਕਰਦਾ ਹੈ, ਤਾਂ ਉਸ ਨੂੰ ਵੀ ਅੱਤਵਾਦ ਹੀ ਮੰਨਿਆ ਜਾਵੇਗਾ। ਹੁਣ ਅਜਿਹੇ ਗਰੁੱਪਾਂ ਨਾਲ ਜੁੜੇ ਲੋਕਾਂ ’ਤੇ ਗਲੋਬਲ ਟਰੈਵਲ ਬੈਨ (ਯਾਤਰਾ ਪਾਬੰਦੀਆਂ) ਅਤੇ ਬੈਂਕ ਖਾਤੇ ਸੀਲ ਕਰਨ ਵਰਗੇ ਕਾਨੂੰਨ ਲਾਗੂ ਹੋਣਗੇ, ਜੋ ਪਹਿਲਾਂ ਸਿਰ.ਫ ਅੰਤਰਰਾਸ਼ਟਰੀ ਅੱਤਵਾਦੀਆਂ ’ਤੇ ਲੱਗਦੇ ਸਨ। ਉਹਨਾਂ ਗੈਰ-ਸਰਕਾਰੀ ਸੰਸਥਾਵਾਂ ਅਤੇ ਫਾਊਂਡੇਸ਼ਨਾਂ ਦੀ ਜਾਂਚ ਵਧੇਗੀ ਜੋ ਅਸਿੱਧੇ ਤੌਰ ’ਤੇ ਹਿੰਸਕ ਅੰਦੋਲਨਾਂ ਨੂੰ ਪੈਸਾ ਮੁਹੱਈਆ ਕਰਵਾਉਂਦੀਆਂ ਹਨ। ਅਮਰੀਕਾ ਦਾ ਇਹ ਕਦਮ ਆਉਣ ਵਾਲੇ ਸਮੇਂ ਵਿੱਚ ਦੁਨੀਆ ਭਰ ਦੀਆਂ ਪੁਲਿਸ, ਅਦਾਲਤਾਂ ਤੇ ਗੁਪਤਚਰ ਏਜੰਸੀਆਂ ਦੇ ਕੰਮ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ। ਹੁਣ ਕੋਈ ਵੀ ਸੰਗਠਨ ‘‘ਰਾਜਨੀਤਿਕ ਵਿਚਾਰਧਾਰਾ’’ ਦਾ ਬਹਾਨਾ ਬਣਾ ਕੇ ਕਾਨੂੰਨ ਤੋਂ ਨਹੀਂ ਬਚ ਸਕੇਗਾ।

# ਗਿਦੜਿਆਣੀ ਦੀ ਮਿੱਟੀ ਉਗਲ ਰਹੀ 'ਸੋਨਾ'

## ✪ ਸੰਗਰੂਰ ਦੇ ਕਿਸਾਨਾਂ ਨੇ ਦਿਖਾਈ ਨਵੀਂ ਰਾਹ, ਫੁੱਲਾਂ ਦੀ ਖੇਤੀ ਨਾਲ ਮਜ਼ਦੂਰਾਂ ਨੂੰ ਵੀ ਮਿਲ ਰਿਹਾ ਰੁਜ਼ਗਾਰ

### ਨਿਊਜ਼ ਸਟੋਰੀ




ਪੰਜਾਬ ਦੀ ਕਿਸਾਨੀ ਅਕਸਰ ਕਣਕ ਅਤੇ ਝੋਨੇ ਦੇ ਰਵਾਇਤੀ ਫ਼ਸਲੀ ਚੱਕਰ ਅਤੇ ਇਸ ਨਾਲ ਜੁੜੇ ਸੰਕਟਾਂ ਕਰਕੇ ਚਰਚਾ ਵਿੱਚ ਰਹਿੰਦੀ ਹੈ। ਪਰ ਸੰਗਰੂਰ ਜ਼ਿਲ੍ਹੇ ਦੇ ਦਿੜਬਾ ਹਲਕੇ ਦਾ ਇੱਕ ਛੋਟਾ ਜਿਹਾ ਪਿੰਡ ਗਿਦੜਿਆਣੀ (ਦਰਿਆਣੀ) ਖੇਤੀਬਾੜੀ ਦੇ ਖੇਤਰ ਵਿੱਚ ਇੱਕ ਨਵੀਂ ਮਿਸਾਲ ਪੈਦਾ ਕਰ ਰਿਹਾ ਹੈ। ਇੱਥੋਂ ਦੇ ਕਿਸਾਨਾਂ ਨੇ ਰਵਾਇਤੀ ਫ਼ਸਲਾਂ ਨੂੰ ਅਲਵਿਦਾ ਕਹਿ ਕੇ ਫੁੱਲਾਂ ਦੀ ਖੇਤੀ ਨੂੰ ਅਪਣਾਇਆ ਹੈ, ਜਿਸ ਦੇ ਬੀਜ ਅੱਜ ਅਮਰੀਕਾ ਅਤੇ ਯੂਰਪ ਵਰਗੇ ਵਿਦੇਸ਼ੀ ਬਾਜ਼ਾਰਾਂ ਦੀ ਸ਼ਾਨ ਬਣ ਰਹੇ ਹਨ।

ਪਿੰਡ ਵਿੱਚ ਫੁੱਲਾਂ ਦੀ ਖੇਤੀ ਦਾ ਮੁੱਢ ਸਾਲ 1999 ਵਿੱਚ ਬੱਝਿਆ ਸੀ। ਸ਼ੁਰੂਆਤ ਵਿੱਚ ਕੁਝ ਮੁੱਠੀ ਭਰ ਕਿਸਾਨਾਂ ਨੇ ਇਹ ਹਿੰਮਤ ਦਿਖਾਈ, ਪਰ ਅੱਜ ਕਰੀਬ 15 ਪਰਿਵਾਰ ਸਿੱਧੇ ਤੌਰ 'ਤੇ ਇਸ ਕਿੱਤੇ ਨਾਲ ਜੁੜੇ ਹੋਏ ਹਨ। 18 ਏਕੜ ਵਿੱਚ ਖੇਤੀ ਕਰ ਰਹੇ ਅਗਾਂਹਵਧੂ ਕਿਸਾਨ ਜਗਦੀਪ ਸਿੰਘ ਵਰਗੇ ਪੜ੍ਹੇ-ਲਿਖੇ ਨੌਜਵਾਨ ਹੁਣ ਇਸ ਖੇਤਰ ਵਿੱਚ ਮਾਹਿਰ ਬਣ ਚੁੱਕੇ ਹਨ। ਜਗਦੀਪ ਸਿੰਘ ਦਾ ਕਹਿਣਾ ਹੈ, "ਇਹ ਖੇਤੀ ਮੁੱਖ ਤੌਰ 'ਤੇ ਨਿੱਜੀ ਕੰਪਨੀਆਂ ਨਾਲ ਕੰਟ੍ਰੈਕਟ ਦੇ ਅਧਾਰ 'ਤੇ ਕੀਤੀ ਜਾਂਦੀ ਹੈ। ਕਿਸਾਨ ਫੁੱਲਾਂ ਦੇ ਬੀਜ ਤਿਆਰ ਕਰਕੇ ਕੰਪਨੀਆਂ ਨੂੰ ਵੇਚਦੇ ਹਨ। ਇਸ ਸਮੇਂ ਪਿੰਡ ਵਿੱਚ ਲਗਭਗ 10 ਕਿਸਮਾਂ ਦੇ ਫੁੱਲ ਉਗਾਏ ਜਾ ਰਹੇ ਹਨ। ਜਗਦੀਪ ਸਿੰਘ ਦੇ ਦਾ ਦਾਅਵਾ ਹੈ ਕਿ ਉਨ੍ਹਾਂ ਦਾ ਪਿੰਡ ਫੁੱਲਾਂ ਦੀ ਖੇਤੀ ਵਿੱਚ ਪੂਰੇ ਪੰਜਾਬ ਵਿੱਚ ਦੂਜੇ ਨੰਬਰ 'ਤੇ ਆਉਂਦਾ ਹੈ। ਇਹ ਬੀਜ ਵਿਦੇਸ਼ਾਂ ਅਮਰੀਕਾ, ਆਸਟ੍ਰੇਲੀਆ ਅਤੇ ਯੂਰਪ ਵਿੱਚ ਬਰਾਮਦ ਹੁੰਦੇ ਹਨ, ਜਿਸ ਨਾਲ ਕਿਸਾਨਾਂ ਨੂੰ ਨਵਾਂ ਬਾਜ਼ਾਰ ਮਿਲਿਆ ਹੈ। ਇਨ੍ਹਾਂ ਦੀ ਵਰਤੋਂ ਸਜਾਵਟ ਅਤੇ ਦਵਾਈਆਂ ਦੇ ਤੌਰ 'ਤੇ ਕੀਤੀ ਜਾਂਦੀ ਹੈ। ਜੇ ਮੰਗ ਵਧੇਗੀ ਤਾਂ ਕਿਸਾਨ ਵੀ ਇਸ ਖੇਤੀ ਨੂੰ ਵਧਾਉਣ ਲਈ ਤਿਆਰ ਹਨ। ਉਹ ਇਹ ਵੀ ਦੱਸਦੇ ਹਨ ਕਿ ਪੰਜਾਬ ਸਰਕਾਰ ਦੇ ਬਾਗ਼ਵਾਨੀ ਵਿਭਾਗ ਵੱਲੋਂ ਇਸ ਖੇਤੀ ਲਈ ਸਬਸਿਡੀ ਵੀ ਦਿੱਤੀ ਜਾਂਦੀ ਹੈ।"

ਇਸ ਖੇਤੀ ਦੀ ਸਭ ਤੋਂ ਵੱਡੀ ਖ਼ਾਸੀਅਤ ਇਸ ਦਾ ਮੰਡੀਕਰਨ ਹੈ। ਕਿਸਾਨ ਨਿੱਜੀ ਕੰਪਨੀਆਂ ਨਾਲ ਕੰਟ੍ਰੈਕਟ (ਇਕਰਾਰਨਾਮਾ) ਕਰਦੇ ਹਨ। ਬਿਜਾਈ ਦੇ ਸਮੇਂ ਹੀ ਰੇਟ ਤੈਅ ਕਰ ਲਏ ਜਾਂਦੇ ਹਨ। ਇੱਕ ਏਕੜ ਵਿੱਚੋਂ ਤਿੰਨ ਤੋਂ ਪੰਜ ਕੁਇੰਟਲ ਬੀਜ ਨਿਕਲਦਾ ਹੈ। ਬਾਜ਼ਾਰ ਵਿੱਚ ਇਸ ਬੀਜ ਦਾ ਭਾਅ 40 ਤੋਂ 45 ਹਜ਼ਾਰ ਰੁਪਏ ਪ੍ਰਤੀ ਕੁਇੰਟਲ ਤੱਕ ਮਿਲ ਜਾਂਦਾ ਹੈ। ਇਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਭਾਰੀ ਮੰਗ ਹੈ।

ਫੁੱਲਾਂ ਦੀ ਖੇਤੀ ਨੇ ਪਿੰਡ ਅਤੇ ਆਲੇ-ਦੁਆਲੇ ਦੀਆਂ ਔਰਤਾਂ ਲਈ ਰੁਜ਼ਗਾਰ ਦੇ ਨਵੇਂ ਰਾਹ ਖੋਲ੍ਹੇ ਹਨ। ਜਿੱਥੇ ਰਵਾਇਤੀ ਖੇਤੀ ਮਸ਼ੀਨੀਕਰਨ 'ਤੇ ਨਿਰਭਰ ਹੈ, ਉੱਥੇ ਫੁੱਲਾਂ ਦੀ ਬਿਜਾਈ ਅਤੇ ਬੀਜ ਇਕੱਠੇ ਕਰਨ ਲਈ ਵੱਡੀ ਗਿਣਤੀ ਵਿੱਚ ਮਜ਼ਦੂਰਾਂ ਦੀ ਲੋੜ ਪੈਂਦੀ ਹੈ। ਸੁਖਵਿੰਦਰ ਕੌਰ ਵਰਗੀਆਂ ਕਈ ਔਰਤਾਂ ਇਸ ਰਾਹੀਂ ਮਹੀਨੇ ਦਾ 10 ਹਜ਼ਾਰ ਰੁਪਏ ਤੱਕ ਕਮਾ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਚਲਾ ਰਹੀਆਂ ਹਨ।

ਹਾਲਾਂਕਿ ਇਹ ਖੇਤੀ ਲਾਹੇਵੰਦ ਹੈ, ਪਰ ਇਹ ਚੁਣੌਤੀਆਂ ਤੋਂ ਮੁਕਤ ਨਹੀਂ। ਮਈ ਮਹੀਨੇ ਵਿੱਚ ਜਦੋਂ ਫੁੱਲਾਂ ਦੀ ਕਟਾਈ ਦਾ ਸਮਾਂ ਹੁੰਦਾ ਹੈ, ਉਸੇ ਵੇਲੇ ਮਨਰੇਗਾ ਦੇ ਕੰਮ ਚੱਲਣ ਕਾਰਨ ਮਜ਼ਦੂਰਾਂ ਦੀ ਕਿੱਲਤ ਮਹਿਸੂਸ ਹੁੰਦੀ ਹੈ। ਜ਼ਿਆਦਾ ਨਮੀ ਜਾਂ ਸ਼ੋਰੇ ਵਾਲੀ ਜ਼ਮੀਨ ਇਸ ਖੇਤੀ ਲਈ ਨੁਕਸਾਨਦੇਹ ਹੈ। ਪੰਜਾਬ ਸਰਕਾਰ ਦਾ ਬਾਗ਼ਬਾਨੀ ਵਿਭਾਗ ਇਸ ਖੇਤੀ ਨੂੰ ਉਤਸ਼ਾਹਿਤ ਕਰਨ ਲਈ 14,000 ਰੁਪਏ ਪ੍ਰਤੀ ਏਕੜ ਅਤੇ 35,000 ਰੁਪਏ ਪ੍ਰਤੀ ਹੈਕਟੇਅਰ ਤੱਕ ਦੀ ਸਬਸਿਡੀ ਵੀ ਦਿੰਦਾ ਹੈ।

#### ਕੀ ਹੈ ਖੇਤੀਬਾੜੀ ਮਾਹਿਰਾਂ ਦੀ ਰਾਇ

ਕ੍ਰਿਸ਼ੀ ਵਿਗਿਆਨ ਕੇਂਦਰ ਖੇੜੀ ਦੇ ਡਾਕਟਰ ਮਨਦੀਪ ਸਿੰਘ ਅਨੁਸਾਰ, ਜਗਸੀਰ ਸਿੰਘ ਵਰਗੇ ਕਿਸਾਨਾਂ ਨੇ ਪੰਜਾਬੀ ਐਗਰੀਕਲਚਰ ਯੂਨੀਵਰਸਿਟੀ ਦੇ ਸੰਪਰਕ ਵਿੱਚ ਰਹਿ ਕੇ ਤਕਨੀਕੀ ਮੁਹਾਰਤ ਹਾਸਲ ਕੀਤੀ ਹੈ। ਵਿਦੇਸ਼ਾਂ ਵਿੱਚ ਫਲੋਰੀਕਲਚਰ (ਫੁੱਲਾਂ ਦੀ ਖੇਤੀ) ਦਾ ਵਧਦਾ ਰੁਝਾਨ ਪੰਜਾਬ ਦੇ ਕਿਸਾਨਾਂ ਲਈ ਸੁਨਹਿਰੀ ਮੌਕਾ ਹੈ। ਗਿਦੜਿਆਣੀ ਪਿੰਡ ਦੀ ਇਹ ਕਹਾਣੀ ਸਿੱਧ ਕਰਦੀ ਹੈ ਕਿ ਜੇਕਰ ਕਿਸਾਨ ਨਵੀਂ ਤਕਨੀਕ, ਸਹੀ ਮੰਡੀਕਰਨ ਅਤੇ ਸਰਕਾਰੀ ਸਬਸਿਡੀਆਂ ਦਾ ਲਾਹਾ ਲੈਣ, ਤਾਂ ਖੇਤੀ ਅੱਜ ਵੀ ਇੱਕ ਲਾਹੇਵੰਦ ਕਿੱਤਾ ਸਾਬਿਤ ਹੋ ਸਕਦੀ ਹੈ।

#### ਖੇਤੀ ਲਾਗਤ ਅਤੇ ਕੁਦਰਤੀ ਮਾਰਾਂ ਦਾ ਡਰ

ਕਿਸਾਨਾਂ ਅਨੁਸਾਰ ਫੁੱਲਾਂ ਦੀ ਕਿਸਮ ਦੇ ਆਧਾਰ 'ਤੇ ਪ੍ਰਤੀ ਏਕੜ ਲਾਗਤ 30,000 ਤੋਂ 50,000 ਰੁਪਏ ਤੱਕ ਆਉਂਦੀ ਹੈ। ਪਿਛਲੇ ਸਾਲਾਂ (2021-22) ਵਿੱਚ ਬੇਮੌਸਮੀ ਬਾਰਿਸ਼ ਅਤੇ ਵਧਦੇ ਤਾਪਮਾਨ ਨੇ ਫੁੱਲਾਂ ਦੀ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਫ਼ਸਲੀ ਬੀਮਾ ਜਾਂ ਵਿਸ਼ੇਸ਼ ਸਹਾਇਤਾ ਨਾ ਦੇਵੇ, ਤਾਂ ਸਾਰੀ ਮਿਹਨਤ ਮਿੱਟੀ ਵਿੱਚ ਮਿਲਣ ਦਾ ਡਰ ਬਣਿਆ ਰਹਿੰਦਾ ਹੈ।


#### ਸਰਕਾਰ ਦਾ ਪੱਖ: ਸਬਸਿਡੀ ਦੀ ਸ਼ੁਰੂਆਤ

ਬਾਗ਼ਬਾਨੀ ਮੰਤਰੀ ਚੇਤਨ ਸਿੰਘ ਜੋੜਾਮਾਜਰਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਫੁੱਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਗੰਭੀਰ ਹੈ ਪੰਜਾਬ ਸਰਕਾਰ ਨੇ ਫੁੱਲ ਉਤਪਾਦਕਾਂ ਨੂੰ 14,000 ਰੁਪਏ ਪ੍ਰਤੀ ਏਕੜ ਸਬਸਿਡੀ ਦੇਣੀ ਸ਼ੁਰੂ ਕੀਤੀ ਹੈ। ਸਰਕਾਰ ਨੇ ਭਵਿੱਖ ਵਿੱਚ ਨਵੇਂ ਪ੍ਰੋਗਰਾਮ ਉਲੀਕਣ ਅਤੇ ਫੁੱਲਾਂ ਦੀ ਪੈਦਾਵਾਰ ਵਧਾਉਣ ਲਈ ਲੋੜੀਂਦੇ ਉਪਕਰਨ ਮੁਹੱਈਆ ਕਰਵਾਉਣ ਦਾ ਵਾਅਦਾ ਕੀਤਾ ਹੈ।

# ਮਰਦਾਂ ਲਈ ਪਿਸ਼ਾਬ ਕਰਨ ਦਾ ਸਹੀ ਤਰੀਕਾ ਕੀ ਹੈ: ਖੜ੍ਹੇ ਹੋ ਕੇ ਜਾਂ ਬੈਠ ਕੇ ?

## ✪ ਜਾਣੋ ਕੀ ਕਹਿੰਦੀ ਹੈ ਤਾਜ਼ਾ ਰਿਪੋਰਟ

ਲੰਡਨ-ਮਰਦਾਂ ਲਈ ਟਾਇਲਟ ਜਾਣ ਦਾ ਸਹੀ ਤਰੀਕਾ ਕੀ ਹੋਣਾ ਚਾਹੀਦਾ ਹੈ-ਖੜ੍ਹੇ ਹੋ ਕੇ ਜਾਂ ਬੈਠ ਕੇ ? ਇਹ ਸਵਾਲ ਸੁਣਨ ਵਿੱਚ ਸ਼ਾਇਦ ਅਜੀਬ ਲੱਗੇ, ਪਰ ਵਿਗਿਆਨਕ, ਡਾਕਟਰੀ ਅਤੇ ਸਫਾਈ ਦੇ ਨਜ਼ਰੀਏ ਤੋਂ ਇਸ 'ਤੇ ਇੱਕ ਲੰਬੀ ਬਹਿਸ ਚੱਲ ਰਹੀ ਹੈ। ਨੀਦਰਲੈਂਡਜ਼ ਦੀ ਲੀਡੇਨ ਯੂਨੀਵਰਸਿਟੀ ਦੇ ਇੱਕ ਅਧਿਐਨ ਮੁਤਾਬਕ, ਪਿਸ਼ਾਬ ਕਰਨ ਵੇਲੇ ਸਰੀਰ ਦੀ ਸਥਿਤੀ ਦਾ ਸਿੱਧਾ ਅਸਰ ਬਲੈਡਰ (ਪਿਸ਼ਾਬ ਦੀ ਥੈਲੀ) ਦੇ ਖਾਲੀ ਹੋਣ ਦੀ ਰਫ਼ਤਾਰ 'ਤੇ ਪੈਂਦਾ ਹੈ। ਜਿਨ੍ਹਾਂ ਮਰਦਾਂ ਨੂੰ ਪ੍ਰੋਸਟੇਟ ਵਧਣ ਦੀ ਸ਼ਿਕਾਇਤ ਹੈ, ਉਨ੍ਹਾਂ ਲਈ ਬੈਠ ਕੇ ਪਿਸ਼ਾਬ ਕਰਨਾ ਵਧੇਰੇ ਲਾਭਕਾਰੀ ਹੈ। ਇਸ ਨਾਲ ਬਲੈਡਰ ਤੇਜ਼ੀ ਨਾਲ ਅਤੇ ਪੂਰੀ ਤਰ੍ਹਾਂ ਖਾਲੀ ਹੁੰਦਾ ਹੈ। ਜਿਨ੍ਹਾਂ ਨੂੰ ਕੋਈ ਡਾਕਟਰੀ ਸਮੱਸਿਆ ਨਹੀਂ ਹੈ, ਉਨ੍ਹਾਂ ਲਈ ਖੜ੍ਹੇ ਹੋ ਕੇ ਜਾਂ ਬੈਠ ਕੇ ਪਿਸ਼ਾਬ ਕਰਨ ਵਿੱਚ



ਕੋਈ ਵੱਡਾ ਫ਼ਰਕ ਨਹੀਂ ਦੇਖਿਆ ਗਿਆ।

ਸਫਾਈ ਦੇ ਮਾਮਲੇ ਵਿੱਚ ਮਾਹਿਰਾਂ ਦੀ ਰਾਏ ਬੈਠ ਕੇ ਪਿਸ਼ਾਬ ਕਰਨ ਦੇ ਪੱਖ ਵਿੱਚ ਹੈ। ਅਮਰੀਕੀ ਇੰਜੀਨੀਅਰਾਂ ਦੇ 2013 ਦੇ ਇੱਕ ਅਧਿਐਨ ਵਿੱਚ ਪਾਇਆ ਗਿਆ ਕਿ ਖੜ੍ਹੇ ਹੋ ਕੇ ਪਿਸ਼ਾਬ ਕਰਨ ਨਾਲ ਸੂਖਮ ਬੂੰਦਾਂ ਬਹੁਤ ਦੂਰ ਤੱਕ ਛਿੜਕਦੀਆਂ ਹਨ। ਇਹ ਬੂੰਦਾਂ ਟਾਇਲਟ ਦੇ ਨੇੜੇ ਪਏ ਟੁੱਥਬ੍ਰਸ਼ ਅਤੇ ਹੋਰ ਵਸਤੂਆਂ ਨੂੰ ਵੀ ਗੰਦਾ ਕਰ ਸਕਦੀਆਂ ਹਨ। ਬੈਠ ਕੇ ਪਿਸ਼ਾਬ ਕਰਨ ਨਾਲ ਟਾਇਲਟ ਸੀਟ ਜਾਂ ਫਰਸ਼ 'ਤੇ ਛਿੱਟੇ ਪੈਣ ਦਾ ਖ਼ਤਰਾ ਨਾਂ ਦੇ ਬਰਾਬਰ ਹੁੰਦਾ ਹੈ।

#### ਵਿਸ਼ਵ ਭਰ ਵਿੱਚ ਵੱਖ-ਵੱਖ ਰੁਝਾਨ

ਯੂਗੋਵ ਦੇ 2023 ਦੇ ਇੱਕ ਸਰਵੇਖਣ ਅਨੁਸਾਰ, ਵੱਖ-ਵੱਖ ਦੇਸ਼ਾਂ ਵਿੱਚ ਮਰਦਾਂ ਦੀਆਂ ਆਦਤਾਂ ਵਿੱਚ ਕਾਫ਼ੀ ਅੰਤਰ ਹੈ। ਜਰਮਨੀ ਵਿਖੇ ਲਗਭਗ 40% ਮਰਦ ਹਮੇਸ਼ਾ ਬੈਠ ਕੇ ਪਿਸ਼ਾਬ ਕਰਦੇ ਹਨ। ਜਰਮਨੀ ਵਿੱਚ ਇਸ ਨੂੰ ਸਫਾਈ ਦੇ ਪੱਖੋਂ ਬਹੁਤ ਅਹਿਮ ਮੰਨਿਆ ਜਾਂਦਾ ਹੈ।

ਬ੍ਰਿਟੇਨ ਵਿਖੇ ਸਿਰਫ਼ 9% ਮਰਦ ਹੀ ਬੈਠ ਕੇ ਪਿਸ਼ਾਬ ਕਰਨਾ ਪਸੰਦ ਕਰਦੇ ਹਨ, ਜਦਕਿ 33% ਹਮੇਸ਼ਾ ਖੜ੍ਹੇ ਰਹਿੰਦੇ ਹਨ। ਯੂਰੋਲੋਜੀ ਮਾਹਿਰ ਡਾ. ਮੈਰੀ ਗਾਰਥਵੇਟ ਅਨੁਸਾਰ, ਪਿਸ਼ਾਬ ਕਰਨ ਦਾ ਕੋਈ "ਸਹੀ ਜਾਂ ਗਲਤ" ਤਰੀਕਾ ਨਹੀਂ ਹੈ, ਇਹ ਪੂਰੀ ਤਰ੍ਹਾਂ ਵਿਅਕਤੀਗਤ ਪਸੰਦ 'ਤੇ ਨਿਰਭਰ ਕਰਦਾ ਹੈ। ਹਾਲਾਂਕਿ, ਜੇਕਰ ਸਫਾਈ ਅਤੇ ਬਲੈਡਰ ਦੀ ਸਿਹਤ ਨੂੰ ਮੁੱਖ ਰੱਖਿਆ ਜਾਵੇ, ਤਾਂ ਬੈਠਣਾ ਇੱਕ ਬਿਹਤਰ ਵਿਕਲਪ ਹੋ ਸਕਦਾ ਹੈ। ਜੇਕਰ ਤੁਸੀਂ ਖੜ੍ਹੇ ਹੋ ਕੇ ਪਿਸ਼ਾਬ ਕਰਨਾ ਪਸੰਦ ਕਰਦੇ ਹੋ, ਤਾਂ ਸਫਾਈ ਦਾ ਧਿਆਨ ਰੱਖਣਾ ਜ਼ਰੂਰੀ ਹੈ।

# ਲੈਸਟਰ 'ਚ ਤੀਆਂ ਦੀਆਂ ਰੌਣਕਾਂ, ਗਿੱਧੇ-ਬੋਲੀਆਂ ਅਤੇ ਰਵਾਇਤੀ ਪਕਵਾਨਾਂ ਨੇ ਖਿੱਚਿਆ ਸਭ ਦਾ ਧਿਆਨ



ਲੈਸਟਰ -(ਸੁਖਜਿੰਦਰ ਸਿੰਘ ਢੱਡੇ)- ਲੈਸਟਰ ਵਿੱਚ ਰਸਪਿੰਦਰ ਕੌਰ ਅਤੇ ਗੁਰਦੀਪ ਕੌਰ ਵੱਲੋਂ ਸਾਂਝੇ ਤੌਰ 'ਤੇ ਸਾਉਣ ਮਹੀਨੇ ਦਾ ਤੀਆਂ ਦਾ ਤਿਉਹਾਰ ਬੜੇ ਉਤਸ਼ਾਹ, ਪਿਆਰ ਅਤੇ ਰਵਾਇਤੀ ਢੰਗ ਨਾਲ ਮਨਾਇਆ ਗਿਆ। ਇਸ ਸੱਭਿਆਚਾਰਕ ਸਮਾਗਮ ਵਿੱਚ ਲੈਸਟਰ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਪੰਜਾਬੀ ਪਰਿਵਾਰਾਂ ਨੇ ਸ਼ਮੂਲੀਅਤ ਕੀਤੀ। ਰੰਗ-ਬਿਰੰਗੇ ਪੰਜਾਬੀ ਪਹਿਰਾਵਿਆਂ ਵਿੱਚ ਸਜੀਆਂ ਬੀਬੀਆਂ ਨੇ ਗਿੱਧਾ ਪਾ ਕੇ, ਬੋਲੀਆਂ ਰਾਹੀਂ ਪੰਜਾਬੀ ਸੱਭਿਆਚਾਰ ਦੀਆਂ ਰੌਣਕਾਂ ਨੂੰ ਜਿਉਂਦਾ ਕੀਤਾ, ਜਦਕਿ ਬੱਚਿਆਂ ਨੇ ਵੀ ਇਸ ਤਿਉਹਾਰ ਦਾ ਭਰਪੂਰ ਆਨੰਦ ਮਾਣਿਆ।

ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਹਰ ਪਰਿਵਾਰ ਆਪਣੇ ਘਰ ਵਿੱਚ ਤਿਆਰ ਕੀਤੀ ਖੀਰ, ਸਮੋਸੇ, ਛੋਲੇ, ਪਕੌੜੇ, ਮਠਿਆਈਆਂ ਅਤੇ ਹੋਰ ਰਵਾਇਤੀ ਪਕਵਾਨ ਖੁੱਲ੍ਹੇ ਪਾਰਕ ਵਿੱਚ ਲੈ ਕੇ ਆਇਆ। ਸਾਰਿਆਂ ਨੇ ਮਿਲ-ਬੈਠ ਕੇ ਲੰਗਰ-ਸਰੂਪ ਇਨ੍ਹਾਂ ਪਕਵਾਨਾਂ ਦਾ ਆਨੰਦ ਮਾਣਿਆ, ਜਿਸ ਨਾਲ ਆਪਸੀ ਪਿਆਰ, ਸਾਂਝ ਅਤੇ ਭਾਈਚਾਰੇ ਦੀ ਭਾਵਨਾ ਹੋਰ ਮਜ਼ਬੂਤ ਹੋਈ। ਪਾਰਕ ਵਿੱਚ ਲੱਗੇ ਝੂਲੇ, ਪੰਜਾਬੀ ਲੋਕ-ਗੀਤ ਅਤੇ ਹਾਸੇ-ਖੇਡਾਂ ਨੇ ਸਾਉਣ ਦੇ ਤਿਉਹਾਰ ਨੂੰ ਪੰਜਾਬ ਵਾਲਾ ਰੰਗ ਬਖ਼ਸ਼ ਦਿੱਤਾ।

ਇਸ ਮੌਕੇ ਆਯੋਜਕਾਂ ਰਸਪਿੰਦਰ ਕੌਰ ਅਤੇ ਗੁਰਦੀਪ ਕੌਰ ਨੇ ਕਿਹਾ ਕਿ ਵਿਦੇਸ਼ਾਂ ਵਿੱਚ ਵੱਸਦੇ ਪੰਜਾਬੀਆਂ ਲਈ ਆਪਣੀ ਭਾਸ਼ਾ, ਸੱਭਿਆਚਾਰ ਅਤੇ ਵਿਰਸੇ ਨੂੰ ਸੰਭਾਲਣਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਨਾ ਸਿਰਫ਼ ਨਵੀਂ ਪੀੜ੍ਹੀ ਨੂੰ ਪੰਜਾਬੀ ਰਸਮਾਂ-ਰਿਵਾਜਾਂ ਨਾਲ ਜੋੜਦੇ ਹਨ, ਸਗੋਂ ਆਪਸੀ ਭਾਈਚਾਰੇ ਅਤੇ ਸਾਂਝ ਨੂੰ ਵੀ ਮਜ਼ਬੂਤ ਕਰਦੇ ਹਨ।

ਸਮਾਗਮ ਵਿੱਚ ਹਾਜ਼ਰ ਪੰਜਾਬਣਾ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਵਿਦੇਸ਼ ਦੀ ਧਰਤੀ 'ਤੇ ਤੀਆਂ ਵਰਗੇ ਪਰੰਪਰਾਗਤ ਤਿਉਹਾਰ ਮਨਾਉਣ ਨਾਲ ਪੰਜਾਬੀਅਤ ਦੀ ਪਛਾਣ ਅਤੇ ਸੱਭਿਆਚਾਰਕ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪੈਂਦਾ ਹੈ। ਸਮਾਗਮ ਦੇ ਅੰਤ ਵਿੱਚ ਸਾਰਿਆਂ ਨੇ ਇੱਕ-ਦੂਜੇ ਨੂੰ ਸਾਉਣ ਦੀਆਂ ਵਧਾਈਆਂ ਦਿੱਤੀਆਂ ਅਤੇ ਭਵਿੱਖ ਵਿੱਚ ਵੀ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਜਾਰੀ ਰੱਖਣ ਦਾ ਅਹਿਦ ਕੀਤਾ।

## ਅੰਮ੍ਰਿਤਸਰ ਦੇ ਹੋਟਲ ਵਿਚ 14 ਸਾਲਾ ਨਾਬਾਲਿਗ ਨਾਲ ਜਬਰ-ਜ਼ਿਨਾਹ, ਮੁਲਜ਼ਮ ਤੇ ਹੋਟਲ ਮਾਲਕ ਗ੍ਰਿਫ਼ਤਾਰ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਇੱਕ ਹੋਟਲ ਵਿੱਚ 14 ਸਾਲਾ ਨਾਬਾਲਿਗ ਕੁੜੀ ਨਾਲ ਬਲੈਕਮੇਲ ਕਰ ਕੇ ਜਬਰ-ਜ਼ਿਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਮੁਲਜ਼ਮ ਦੀ ਪਛਾਣ ਵਿਸ਼ਾਲਦੀਪ ਸਿੰਘ ਵਜੋਂ ਹੋਈ ਹੈ। ਥਾਣਾ ਬੀ-ਡਵੀਜ਼ਨ ਦੀ ਪੁਲਸ ਨੇ ਕਾਰਵਾਈ ਕਰਦੇ ਹੋਏ ਮੁੱਖ ਮੁਲਜ਼ਮ (ਵਿਸ਼ਾਲਦੀਪ ਸਿੰਘ) ਅਤੇ ਬਿਨਾਂ ਆਈ.ਡੀ. ਕਾਰਡ ਕਮਰਾ ਦੇਣ ਵਾਲੇ ਹੋਟਲ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐੱਸ.ਐੱਚ.ਓ. ਕਿਰਨਦੀਪ ਸਿੰਘ ਨੇ ਹੋਟਲ ਸੰਚਾਲਕਾਂ ਨੂੰ ਚੇਤਾਵਨੀ ਦਿੱਤੀ ਹੈ ਕਿ ਬਿਨਾਂ ਪਛਾਣ ਪੱਤਰ (ਖਾਸ ਕਰਕੇ ਨਾਬਾਲਿਗਾਂ ਨੂੰ) ਕਮਰਾ ਦੇਣ ਵਾਲਿਆਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

## ਨਕਲੀ ਮਾਈਨਿੰਗ ਅਫ਼ਸਰ ਬਣ ਕੇ ਵਸੂਲੀ ਕਰਨ ਵਾਲੇ ਦੋ ਜਣੇ ਗੱਡੀ ਸਮੇਤ ਗ੍ਰਿਫ਼ਤਾਰ



ਹੁਸ਼ਿਆਰਪੁਰ-ਹਾਜੀਪੁਰ-ਮੁਕੇਰੀਆਂ ਇਲਾਕੇ ਵਿੱਚ ਰਾਤ ਵੇਲੇ ਜਾਅਲੀ ਮਾਈਨਿੰਗ ਅਫ਼ਸਰ ਬਣ ਕੇ ਟਿੱਪਰ ਵਾਲਿਆਂ ਤੋਂ ਨਾਜਾਇਜ਼ ਵਸੂਲੀ (ਗੁੰਡਾ ਟੈਕਸ) ਕਰਨ ਵਾਲੇ ਦੋ ਵਿਅਕਤੀਆਂ (ਮੁੱਖ ਮੁਲਜ਼ਮ ਅਤੇ ਉਸ ਦੇ ਡਰਾਈਵਰ) ਨੂੰ ਕਾਬੂ ਕੀਤਾ ਗਿਆ ਹੈ।

ਵਸੂਲੀ ਦਾ ਤਰੀਕਾ: ਪਿਛਲੇ 3 ਦਿਨਾਂ ਤੋਂ ਇੱਕ ਕਾਰ ਵਿੱਚ ਸਵਾਰ ਇਹ ਵਿਅਕਤੀ ਰਾਤ ਵੇਲੇ ਥਾਂ-ਥਾਂ ਨਾਕੇ ਲਗਾ ਕੇ ਮਾਈਨਿੰਗ ਸਮੱਗਰੀ ਵਾਲੇ ਟਿੱਪਰਾਂ ਤੋਂ 1,000 ਰੁਪਏ ਪ੍ਰਤੀ ਟਿੱਪਰ ਵਸੂਲ ਰਹੇ ਸਨ। ਹਾਜੀਪੁਰ ਮੁਕੇਰੀਆਂ ਟਿੱਪਰ ਯੂਨੀਅਨ ਦੇ ਪ੍ਰਧਾਨ ਬਲਰਾਜ ਸਿੰਘ ਅਤੇ ਟਿੱਪਰ ਚਾਲਕਾਂ ਦੀ ਮਦਦ ਨਾਲ ਮਾਈਨਿੰਗ ਵਿਭਾਗ ਦੀ ਟੀਮ ਨੇ ਇਹਨਾਂ ਨੂੰ ਗੱਡੀ ਸਮੇਤ ਮੌਕੇ 'ਤੇ ਹੀ ਫੜ ਲਿਆ।

ਐਸਡੀਓ ਮਾਈਨਿੰਗ ਦਸੂਹਾ (ਹਰਜਿੰਦਰ ਪਾਲ ਸਿੰਘ) ਨੂੰ ਲਿਖਤੀ ਸ਼ਿਕਾਇਤ ਦੇਣ ਤੋਂ ਬਾਅਦ ਦੋਵਾਂ ਮੁਲਜ਼ਮਾਂ ਨੂੰ ਥਾਣਾ ਹਾਜੀਪੁਰ ਪੁਲਿਸ ਦੇ ਹਵਾਲੇ ਕਰ ਦਿੱਤਾ ਗਿਆ ਹੈ।

## ਬੇਅਦਬੀ ਮਾਮਲੇ ਵਿਚ ਮਾਨਸਿਕ ਪਰੇਸ਼ਾਨੀ ਤੋਂ ਤੰਗ ਗ੍ਰੰਥੀ ਸਿੰਘ ਨੇ ਕੀਤੀ ਖ਼ੁਦਕੁਸ਼ੀ

### ✪ ਗੁਰਦੁਆਰਾ ਕਮੇਟੀ ਦਾ ਖ਼ਜ਼ਾਨਚੀ ਗ੍ਰਿਫ਼ਤਾਰ

ਮਾਨਸਾ-ਮਾਨਸਾ ਦੇ ਪਿੰਡ ਖੋਖਰ ਕਲਾਂ ਦੇ ਰਹਿਣ ਵਾਲੇ 60 ਸਾਲਾ ਗ੍ਰੰਥੀ ਸਿੰਘ ਬਲਵਿੰਦਰ ਸਿੰਘ ਨੇ ਬੇਅਦਬੀ ਦੇ ਮਾਮਲੇ ਤੋਂ ਮਾਨਸਿਕ ਤੌਰ 'ਤੇ ਪਰੇਸ਼ਾਨ ਹੋ ਕੇ ਜ਼ਹਿਰੀਲੀ ਚੀਜ਼ ਖਾ ਕੇ ਖ਼ੁਦਕੁਸ਼ੀ ਕਰ ਲਈ ਸੀ। ਮ੍ਰਿਤਕ ਦੇ ਪੁੱਤਰ ਸ਼ਗਨਦੀਪ ਸਿੰਘ ਅਨੁਸਾਰ, ਲਗਭਗ ਦੋ ਸਾਲ ਪਹਿਲਾਂ ਬੀਰੇਵਾਲਾ ਜੱਟਾਂ ਪਿੰਡ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਅੰਗ 70 'ਤੇ ਇਤਰਾਜ਼ਯੋਗ ਟਿੱਪਣੀਆਂ ਲਿਖੀਆਂ ਮਿਲੀਆਂ ਸਨ।

ਜਦੋਂ ਗ੍ਰੰਥੀ ਸਿੰਘ ਨੇ ਇਸ ਦੀ ਜਾਣਕਾਰੀ ਗੁਰਦੁਆਰਾ ਕਮੇਟੀ ਦੇ ਖ਼ਜ਼ਾਨਚੀ ਮੇਵਾ ਸਿੰਘ ਨੂੰ ਦਿੱਤੀ, ਤਾਂ ਉਸ ਨੇ ਸ਼੍ਰੋਮਣੀ ਕਮੇਟੀ ਨੂੰ ਸੂਚਿਤ ਕਰਨ ਦੀ ਬਜਾਏ ਗ੍ਰੰਥੀ ਸਿੰਘ 'ਤੇ ਚੁੱਪ ਰਹਿਣ ਲਈ ਦਬਾਅ ਪਾਇਆ। ਮਾਨਸਾ ਸਦਰ ਪੁਲੀਸ ਨੇ ਮ੍ਰਿਤਕ ਦੇ ਪੁੱਤਰ ਦੀ ਸ਼ਿਕਾਇਤ 'ਤੇ ਖ਼ਜ਼ਾਨਚੀ ਮੇਵਾ ਸਿੰਘ ਖ਼ਿਲਾਫ਼ ਖ਼ੁਦਕੁਸ਼ੀ ਲਈ ਮਜਬੂਰ ਕਰਨ ਤਹਿਤ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਸ ਬੇਅਦਬੀ ਮਾਮਲੇ ਨੂੰ ਲੈ ਕੇ 15 ਦਿਨ ਪਹਿਲਾਂ ਪਿੰਡ ਵਾਸੀਆਂ ਅਤੇ ਨਿਹੰਗਾਂ ਵੱਲੋਂ ਇਕੱਠੇ ਹੋ ਕੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਸੀ।

## ਬਠਿੰਡਾ ਵਿਚ ਨਸ਼ੀਲੇ ਕੈਪਸੂਲ ਵੇਚਦੇ ਪਤੀ-ਪਤਨੀ ਗ੍ਰਿਫ਼ਤਾਰ

ਬਠਿੰਡਾ-ਪੁਲੀਸ ਨੇ ਨਸ਼ੇ ਦੀ ਤਸਕਰੀ ਕਰਨ ਵਾਲੇ ਸਤਨਾਮ ਸਿੰਘ ਸੰਗਰੂਰ ਤੇ ਉਸਦੀ ਪਤਨੀ ਨੂੰ ਗ੍ਰਿਫ਼ਤਾਰ ਕਰਕੇ ਵੱਡੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਹੈ। ਪੁਲੀਸ ਨੇ ਇਨ੍ਹਾਂ ਕੋਲੋਂ 3,10,200 ਪਾਬੰਦੀਸ਼ੁਦਾ ਪ੍ਰੀਗਾਬਾਲਿਨ ਕੈਪਸੂਲ ਬਰਾਮਦ ਕੀਤੇ ਹਨ। ਉਨ੍ਹਾਂ ਦੇ ਇੱਕ ਸਾਥੀ ਸੋਨੂੰ ਮੌਰ ਖ਼ਿਲਾਫ਼ ਵੀ ਕੇਸ ਦਰਜ ਕਰਕੇ ਉਸ ਦੀ ਭਾਲ ਕੀਤੀ ਜਾ ਰਹੀ ਹੈ। ਐੱਸ.ਪੀ. (ਡਿਟੈਕਟਿਵ) ਜਸਮੀਤ ਸਿੰਘ ਅਨੁਸਾਰ ਮੁਲਜ਼ਮ ਪਿਛਲੇ 5-6 ਮਹੀਨਿਆਂ ਤੋਂ ਪਾਰਸਲ ਸੇਵਾਵਾਂ ਰਾਹੀਂ ਇਹ ਕੈਪਸੂਲ ਮੰਗਵਾ ਕੇ ਅੱਗੇ ਵੇਚਦੇ ਸਨ।

## ਮੋਹਾਲੀ ਵਿਚ ਪ੍ਰਵਾਸੀ ਪੰਜਾਬੀ ਲਾੜੇ ਵੱਲੋਂ ਧੋਖਾਧੜੀ

### ✪ ਪਤਨੀ ਨੂੰ ਛੱਡ ਕੇ ਕੈਨੇਡਾ ਫਰਾਰ, ਪੁਲਿਸ ਵੱਲੋਂ ਕੇਸ ਦਰਜ

ਮੋਹਾਲੀ-ਮੋਹਾਲੀ ਵਿਖੇ ਧੋਖਾਧੜੀ ਦਾ ਇੱਕ ਵੱਡਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਇੱਕ ਐੱਨ.ਆਰ.ਆਈ. ਲਾੜਾ ਆਪਣੀ ਨਵੀਂ ਵਿਆਹੀ ਪਤਨੀ ਨੂੰ ਭਾਰਤ ਵਿੱਚ ਹੀ ਛੱਡ ਕੇ ਕੈਨੇਡਾ ਭੱਜ ਗਿਆ। ਪੀੜਤ ਮੁਟਿਆਰ (ਨਗਮਾ) ਮੁਤਾਬਕ, ਉਸ ਦਾ ਵਿਆਹ ਫਰਵਰੀ 2024 ਵਿੱਚ ਮੁਸਲਿਮ ਰੀਤੀ-ਰਿਵਾਜਾਂ ਅਨੁਸਾਰ ਆਮਿਰ ਨਾਮ ਦੇ ਐਨ ਆਰ ਆਈ ਯੁਵਕ ਨਾਲ ਹੋਇਆ ਸੀ। ਵਿਆਹ ਸਮੇਂ ਲੜਕੇ ਵਾਲਿਆਂ ਨੇ ਉਸ ਨੂੰ ਜਲਦ ਕੈਨੇਡਾ ਬੁਲਾਉਣ ਦਾ ਭਰੋਸਾ ਦਿੱਤਾ ਸੀ। ਪਰ ਵਿਆਹ ਤੋਂ ਤੁਰੰਤ ਬਾਅਦ ਹੀ ਸਹੁਰੇ ਪਰਿਵਾਰ ਨੇ ਹੋਰ ਨਕਦੀ, ਲਗਜ਼ਰੀ ਕਾਰ ਅਤੇ 1 ਕਰੋੜ ਰੁਪਏ ਦੇ ਬਜਟ ਵਾਲੇ ਵਿਆਹ ਵਰਗੀਆਂ ਨਾਜਾਇਜ਼ ਮੰਗਾਂ ਨੂੰ ਲੈ ਕੇ ਉਸ ਨੂੰ ਤੰਗ-ਪ੍ਰੇਸ਼ਾਨ ਅਤੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਮੁਟਿਆਰ ਦੇ ਸਾਰੇ ਗਹਿਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ ਪਤੀ ਉਸ ਨੂੰ ਛੱਡ ਕੇ ਵਾਪਸ ਕੈਨੇਡਾ ਚਲਾ ਗਿਆ। ਪੀੜਤਾ ਦੀ ਸ਼ਿਕਾਇਤ ਦੇ ਆਧਾਰ 'ਤੇ ਮੋਹਾਲੀ ਪੁਲਿਸ ਨੇ ਐਨ ਆਰ ਆਈ ਪਤੀ ਅਤੇ ਉਸ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਮਾਸਕੋ 'ਚ ਰੈਸਟੋਰੈਂਟ ਨੇੜੇ ਧਮਾਕਾ: 3 ਮੌਤਾਂ, 21 ਜ਼ਖ਼ਮੀ

ਮਾਸਕੋ-ਸੈਂਟਰਲ ਮਾਸਕੋ ਦੇ ਕੁਡਰਿੰਸਕਾਇਆ ਸਕੁਏਅਰ ਸਥਿਤ 'ਬਾਲਜ਼ੀ ਰੋਸੀ' ਇਤਾਲਵੀ ਰੈਸਟੋਰੈਂਟ ਦੇ ਬਾਹਰ ਬੀਤੇ ਸ਼ਨੀਵਾਰ ਸ਼ਾਮ ਇੱਕ ਬੰਬ ਧਮਾਕਾ ਹੋਇਆ ਸੀ। ਇਸ ਧਮਾਕੇ ਵਿੱਚ 3 ਲੋਕਾਂ (ਬੰਬ ਲਿਆਉਣ ਵਾਲੀ ਔਰਤ, ਇੱਕ ਸੁਰੱਖਿਆ ਗਾਰਡ ਅਤੇ ਇੱਕ ਗਾਹਕ) ਦੀ ਮੌਤ ਹੋ ਗਈ, ਜਦੋਂ ਕਿ ਘੱਟੋ-ਘੱਟ 21 ਲੋਕ ਜ਼ਖ਼ਮੀ ਹੋ ਗਏ। ਇੱਕ ਅਣਪਛਾਤੀ ਔਰਤ ਬੰਬ ਲੈ ਕੇ ਰੈਸਟੋਰੈਂਟ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੀ ਸੀ। ਗਾਰਡ ਦੁਆਰਾ ਰੋਕੇ ਜਾਣ 'ਤੇ ਇਹ ਧਮਾਕਾ ਹੋ ਗਿਆ। ਰਿਪੋਰਟਾਂ ਮੁਤਾਬਕ ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਬੰਬ ਨੂੰ ਕਿਸੇ ਹੋਰ ਵੱਲੋਂ ਰਿਮੋਟ ਰਾਹੀਂ ਧਮਾਕਾ ਕੀਤਾ ਗਿਆ ਸੀ ਅਤੇ ਬੰਬ ਲਿਆਉਣ ਵਾਲੀ ਔਰਤ ਨੂੰ ਸ਼ਾਇਦ ਇਸ ਬਾਰੇ ਜਾਣਕਾਰੀ ਨਹੀਂ ਸੀ। ਅਧਿਕਾਰੀਆਂ ਨੇ ਅਜੇ ਤੱਕ ਮ੍ਰਿਤਕਾਂ ਦੀ ਪਛਾਣ ਜਾਂ ਹਮਲੇ ਦੇ ਜ਼ਿੰਮੇਵਾਰਾਂ ਦਾ ਖ਼ੁਲਾਸਾ ਨਹੀਂ ਕੀਤਾ।

# ਪੁਲਾੜ ਦਾ ਫ਼ੌਜੀਕਰਨ ਸਾਡੇ ਸਾਰਿਆਂ ਲਈ ਖ਼ਤਰਾ ਹੈ

ਲੇਖਕ: ਵਿਲੀਅਮ ਜੇ ਐਸਟੋਰ
ਅਨੁਵਾਦ: ਸੁਖਵੰਤ ਹੁੰਦਲ

(ਇਹ ਲੇਖ ਨਿਊ ਇੰਟਰਨੈਸ਼ਨਲਿਸਟ ਮੈਗਜ਼ੀਨ ਦੇ ਆਨਲਾਈਨ ਸਾਈਟ 'ਤੇ 22 ਜੁਲਾਈ 2026 ਨੂੰ ਛਪਿਆ ਹੈ।)




'15 ਖਰਬ (ਇੱਕ ਪੁਆਇੰਟ ਪੰਜ ਟ੍ਰਿਲੀਅਨ) ਡਾਲਰ।' ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਮੀਡੀਆ ਅਦਾਰਿਆਂ ਅਤੇ ਹੋਰਾਂ ਤੋਂ 'ਡਾਕਟਰ ਈਵਿਲ' ਦੀ ਸ਼ੈਲੀ ਵਿੱਚ ਹੈਰਾਨ ਕਰਨ ਵਾਲੀਆਂ ਮੰਗਾਂ ਕਰਨ ਦਾ ਸ਼ੌਕ ਹੈ: ਪਿਛਲੇ ਸਾਲ ਬੀ. ਬੀ. ਸੀ. ਖਿਲਾਫ਼ 'ਦੱਸ ਅਰਬ ਡਾਲਰ' ਦਾ ਦਾਅਵਾ ਕਰਨਾ, ਉਨ੍ਹਾਂ ਦੀਆਂ ਅਜਿਹੀਆਂ ਕਈ ਮੰਗਾਂ ਦੀ ਲੜੀ ਵਿੱਚੋਂ ਸਿਰਫ਼ ਇੱਕ ਸੀ। ਉਹ ਫੌਜੀ ਖਰਚਿਆਂ ਲਈ ਅਮਰੀਕੀ ਜਨਤਾ ਤੋਂ ਜਿਸ ਚੈੱਕ ਦੀ ਮੰਗ ਕਰ ਰਿਹਾ ਹੈ, ਉਹ ਇਸ ਤੋਂ ਕਿਤੇ ਜ਼ਿਆਦਾ ਵੱਡਾ ਹੈ। ਪਿਛਲੇ ਸਾਲ ਅਮਰੀਕਾ ਦਾ ਰੱਖਿਆ ਬਜਟ ਪਹਿਲੀ ਵਾਰ 10 ਖਰਬ (1 ਟ੍ਰਿਲੀਅਨ) ਡਾਲਰ ਤੋਂ ਪਾਰ ਹੋ ਗਿਆ ਸੀ। ਅਜੇ ਵੀ ਅਸੰਤੁਸ਼ਟ, ਇਸ ਸਾਲ ਟਰੰਪ 15 ਖਰਬ (1.5 ਟ੍ਰਿਲੀਅਨ) ਡਾਲਰ ਦੀ ਮੰਗ ਨਾਲ ਅਮਰੀਕਾ ਦੀ ਕਾਂਗਰਸ ਕੋਲ ਵਾਪਸ ਗਿਆ ਹੈ, ਜਿਹੜਾ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਰੱਖਿਆ ਖਰਚਿਆਂ ਵਿੱਚ ਸਭ ਤੋਂ ਵੱਡਾ ਵਾਧਾ ਹੈ।

ਇਸ ਵਿੱਚੋਂ ਇੱਕ ਵੱਡਾ ਹਿੱਸਾ, 17.5 ਅਰਬ (ਬਿਲੀਅਨ) ਡਾਲਰ, ਟਰੰਪ ਵਲੋਂ ਪ੍ਰਸਤਾਵਿਤ 'ਗੋਲਡਨ ਡੋਮ ਮਿਜ਼ਾਇਲ ਸ਼ੀਲਡ' ਪ੍ਰਣਾਲੀ ਦੇ ਵਿਕਾਸ ਲਈ ਖਰਚਿਆ ਜਾਵੇਗਾ - ਇਸ ਪ੍ਰਣਾਲੀ ਦਾ ਨਾਮ ਇਜ਼ਰਾਈਲ ਦੇ 'ਆਇਰਨ ਡੋਮ' ਐਂਟੀ-ਮਿਜ਼ਾਈਲ ਸਿਸਟਮ' ਤੋਂ ਪ੍ਰੇਰਿਤ ਹੈ। ਮੁੱਖ ਤੌਰ 'ਤੇ ਜ਼ਮੀਨ-ਆਧਾਰਿਤ ਇੰਟਰਸੈਪਟਰਾਂ ਅਤੇ ਪੁਲਾੜ-ਆਧਾਰਿਤ ਸੈਂਸਰਾਂ ਨਾਲ ਲੈਸ, ਇਸ ਵਿਸ਼ਾਲ ਮਿਜ਼ਾਈਲ ਸ਼ੀਲਡ ਨੂੰ ਬਚਾਅ ਦੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਦੀ ਕੁੱਲ ਲਾਗਤ ਦੇ ਅੰਦਾਜ਼ੇ ਕਾਫ਼ੀ ਵੱਖਰੇ-ਵੱਖਰੇ ਹਨ - ਸਰਕਾਰੀ ਅੰਕੜੇ ਇਸ ਨੂੰ 185 ਅਰਬ (ਬਿਲੀਅਨ) ਡਾਲਰ ਦੱਸਦੇ ਹਨ, ਜਦੋਂ ਕਿ ਅਜ਼ਾਦ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ 'ਤੇ 36 ਖਰਬ (3.6 ਟ੍ਰਿਲੀਅਨ) ਡਾਲਰ ਤੱਕ ਦਾ ਖਰਚਾ ਆ ਸਕਦਾ ਹੈ।

ਪੁਲਾੜ ਦਾ ਹੋਰ ਫ਼ੌਜੀਕਰਨ ਹੋਣਾ ਬਿਲਕੁਲ ਤੈਅ ਹੈ। ਇਸ ਸੰਬੰਧ ਵਿੱਚ ਡੋਮ ਪ੍ਰਸਤਾਵ ਦੇ ਸਭ ਤੋਂ ਚਿੰਤਾਜਨਕ ਪਹਿਲੂਆਂ ਵਿੱਚੋਂ ਇੱਕ ਇਹ ਸੁਝਾਅ ਹੈ ਕਿ ਇਸ ਵਿੱਚ 'ਪੁਲਾੜ-ਆਧਾਰਿਤ ਇੰਟਰਸੈਪਟਰ' ਸ਼ਾਮਲ ਹੋ ਸਕਦੇ ਹਨ - ਯਾਨੀ ਪੁਲਾੜ ਦੇ ਔਰਬਿਟ (ਗ੍ਰਹਿ-ਪੱਥ) ਵਿੱਚ ਤਾਇਨਾਤ ਮਿਜ਼ਾਈਲਾਂ, ਜੋ ਧਰਤੀ ਤੋਂ ਛੱਡੀਆਂ ਗਈਆਂ ਮਿਜ਼ਾਈਲਾਂ ਨੂੰ ਡੇਗਣ ਲਈ ਤਿਆਰ ਰਹਿਣਗੀਆਂ। ਇਹ ਇਸ ਖ਼ਤਰੇ ਨੂੰ ਜਨਮ ਦਿੰਦਾ ਹੈ ਕਿ ਉਹਨਾਂ ਨੂੰ ਪੁਲਾੜ-ਆਧਾਰਿਤ ਬੰਬਾਂ ਦੇ ਰੂਪ ਵਿੱਚ ਬਦਲਿਆ ਜਾ ਸਕਦਾ ਹੈ, ਜੋ ਬਿਨਾਂ ਕਿਸੇ ਪੂਰਵ ਸੂਚਨਾ ਦੇ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਤਬਾਹੀ ਮਚਾ ਸਕਦੇ ਹਨ।

ਇਹ ਇਕ ਅਜੀਬ ਵਿਚਾਰ ਜਾਪਦਾ ਹੈ ਕਿ ਇਹ ਇੰਟਰਸੈਪਟਰ ਅਮਰੀਕਾ ਨੂੰ ਅਸਲ ਸੁਰੱਖਿਆ ਪ੍ਰਦਾਨ ਕਰ ਸਕਦੇ ਹਨ: ਇਸ ਲਈ ਸਾਡੇ ਅਸਮਾਨਾਂ ਵਿੱਚ ਦਹਿ ਹਜ਼ਾਰਾਂ ਦੀ ਗਿਣਤੀ ਵਿੱਚ ਇੰਟਰਸੈਪਟਰਾਂ ਨੂੰ ਤਾਇਨਾਤ ਕਰਨ ਦੀ ਲੋੜ ਹੋਵੇਗੀ। ਇਸ ਦਾ ਇੱਕ ਹੋਰ ਸੰਭਾਵੀ ਨਤੀਜਾ ਸੁਰੱਖਿਆ ਮੁਕਾਬਲੇ ਵਿੱਚ ਵਾਧਾ ਹੋ ਸਕਦਾ ਹੈ, ਜਿਸ ਵਿੱਚ ਪੁਲਾੜ ਉੱਤੇ ਆਪਣਾ ਦਬਦਬਾ ਬਣਾਉਣ ਲਈ ਹਰ ਦੇਸ਼ ਵਲੋਂ ਕੀਤੀਆਂ ਕੋਸ਼ਿਸ਼ਾਂ ਦੂਜਿਆਂ ਵੱਲੋਂ ਜਵਾਬੀ ਕਾਰਵਾਈਆਂ ਨੂੰ ਉਕਸਾਣਗੀਆਂ।



'ਪੁਲਾੜ ਦੀ ਦੌੜ' (ਸਪੇਸ ਰੇਸ)-ਟਰੰਪ ਦੀ 'ਗੋਲਡਨ ਡੋਮ' ਯੋਜਨਾ ਫ਼ੌਜਾਂ - ਜਿਨ੍ਹਾਂ ਵਿੱਚ ਅਮਰੀਕਾ ਸਭ ਤੋਂ ਅੱਗੇ ਹੈ - ਵੱਲੋਂ ਦਹਾਕਿਆਂ ਤੋਂ ਪੁਲਾੜ ਵੱਲ ਵੇਖਣ ਦੇ ਸਿਲਸਿਲੇ ਦਾ ਹੀ ਹਿੱਸਾ ਹੈ। ਅਮਰੀਕਾ ਦੇ ਪਹਿਲੇ ਪੁਲਾੜ ਯਾਤਰੀਆਂ ਦੀ ਭਰਤੀ ਮੁੱਖ ਤੌਰ 'ਤੇ ਫ਼ੌਜੀ ਟੈਸਟ ਪਾਇਲਟਾਂ ਵਿੱਚੋਂ ਕੀਤੀ ਗਈ ਸੀ, ਅਤੇ ਨਾਸਾ - ਭਾਵੇਂ ਇਹ ਇੱਕ ਸਿਵਲੀਅਨ ਸੰਸਥਾ ਸੀ - ਨੂੰ ਵੀ ਅਰਧ-ਫ਼ੌਜੀ ਢਾਂਚੇ ਦੇ ਆਧਾਰ 'ਤੇ ਹੀ ਸੰਗਠਿਤ ਕੀਤਾ ਗਿਆ ਸੀ।

ਇਤਿਹਾਸ ਵਿੱਚ ਹੋਰ ਪਿੱਛੇ ਜਾਈਏ ਤਾਂ, ਅਮਰੀਕਾ ਅਤੇ ਸੋਵੀਅਤ ਯੂਨੀਅਨ, ਦੋਵਾਂ, ਦੇ ਪੁਲਾੜ ਪ੍ਰੋਗਰਾਮਾਂ ਦੀਆਂ ਤਕਨੀਕੀ ਨੀਹਾਂ ਜੰਗ ਦੇ ਸਮੇਂ ਦੀ ਰੌਕੇਟਰੀ (ਰਾਕਟ ਤਕਨਾਲੋਜੀ) ਵਿੱਚੋਂ ਨਿਕਲੀਆਂ ਸਨ। ਸ਼ੁਰੂ ਵਿੱਚ 1944 ਵਿੱਚ ਜੰਗ ਦੌਰਾਨ ਵਰਤੀਆਂ ਗਈਆਂ ਨਾਜ਼ੀ ਜਰਮਨੀ ਦੀਆਂ ਵੀ-2 ਬੈਲਿਸਟਿਕ ਮਿਜ਼ਾਈਲਾਂ ਪੁਲਾੜ ਵਿੱਚ ਪਹੁੰਚਣ ਵਾਲੀਆਂ ਮਨੁੱਖ ਵਲੋਂ ਬਣਾਈਆਂ ਪਹਿਲੀਆਂ ਵਸਤੂਆਂ ਸਨ। ਇਹਨਾਂ ਨੇ ਸਾਬਤ ਕਰ ਦਿੱਤਾ ਸੀ ਕਿ ਰਾਕਟ ਲੰਬੀ ਦੂਰੀ ਤੱਕ ਵਿਸਫੋਟਕ ਸਮੱਗਰੀ ਪਹੁੰਚਾ ਸਕਦੇ ਹਨ। ਦੂਜੇ ਵਿਸ਼ਵ ਯੁੱਧ ਦੌਰਾਨ ਅਤੇ ਉਸ ਤੋਂ ਬਾਅਦ, ਦੋਵਾਂ ਮਹਾਸ਼ਕਤੀਆਂ ਨੇ ਜਰਮਨ ਇੰਜਨੀਅਰਾਂ ਨੂੰ ਕੈਦ ਕੀਤਾ ਜਾਂ ਆਪਣੇ ਨਾਲ ਮਿਲਾ ਲਿਆ ਸੀ, ਜਿਹਨਾਂ ਵਿੱਚ ਵਰਨਹਰ ਵਾਨ ਬ੍ਰੌਨ ਵੀ ਸ਼ਾਮਲ ਸੀ, ਜਿਸ ਦੀ ਮੁਹਾਰਤ ਨੇ ਅਮਰੀਕਾ ਦੀਆਂ ਬੈਲਿਸਟਿਕ ਮਿਜ਼ਾਈਲਾਂ ਨੂੰ ਅਜਿਹੇ ਲਾਂਚ ਵਾਹਨਾਂ (ਵਿਹੀਕਲਜ਼) ਵਿੱਚ ਬਦਲਣ ਵਿੱਚ ਮਦਦ ਕੀਤੀ ਜੋ ਪੁਲਾੜ ਦੇ ਔਰਬਿਟ ਤੱਕ ਪਹੁੰਚਣ ਦੇ ਸਮਰੱਥ ਸਨ।

ਪੁਲਾੜ ਨੂੰ ਮਿਜ਼ਾਇਲੀ ਹਮਲੇ ਕਰਨ ਲਈ ਰਣਨੀਤਕ ਥਾਂ ਵਜੋਂ ਦੇਖਣ ਦੀ ਹਮਲਾਵਰ ਸੋਚ 'ਪੁਲਾੜ ਦੀ ਦੌੜ (ਸਪੇਸ ਰੇਸ)' ਦੇ ਸ਼ੁਰੂਆਤੀ ਦਿਨਾਂ ਤੋਂ ਹੀ ਚੱਲੀ ਆ ਰਹੀ ਹੈ। 1958 ਵਿੱਚ, ਸੋਵੀਅਤ ਯੂਨੀਅਨ ਵਲੋਂ ਧਰਤੀ ਦੀ ਪਰਿਕਰਮਾ ਕਰਨ ਵਾਲੇ ਪਹਿਲੇ ਮਨੁੱਖ-ਨਿਰਮਿਤ ਉਪਗ੍ਰਹਿ 'ਸਪੂਤਨਿਕ' ਦੇ ਲਾਂਚ ਤੋਂ ਤੁਰੰਤ ਬਾਅਦ, ਅਮਰੀਕਾ ਦੀ ਏਅਰ ਫੋਰਸ ਦੇ ਬ੍ਰਿਗੇਡੀਅਰ ਜਨਰਲ ਹੋਮਰ ਬੋਸ਼ੇ ਨੇ ਚੰਦਰਮਾ ਨੂੰ 'ਬੇਮਿਸਾਲ ਫਾਇਦੇ ਵਾਲੇ ਜਵਾਬੀ ਹਮਲੇ ਦੇ ਅੱਡੇ' ਵਜੋਂ ਦਰਸਾਇਆ ਸੀ, ਜਿੱਥੋਂ ਅਮਰੀਕਾ ਸੰਭਾਵੀ ਤੌਰ 'ਤੇ ਪਰਮਾਣੂ ਹਮਲੇ ਲਾਂਚ ਕਰ ਸਕਦਾ ਸੀ। 1990 ਦੇ ਦਹਾਕੇ ਦੇ ਸ਼ੁਰੂ ਤੱਕ ਚੱਲੀ ਠੰਢੀ ਜੰਗ ਦੌਰਾਨ ਪੁਲਾੜ ਇੱਕ ਤਿੱਖੇ ਮੁਕਾਬਲੇ ਦਾ ਖੇਤਰ ਬਣ ਗਿਆ।

1975 ਵਿੱਚ ਔਰਬਿਟ ਵਿੱਚ ਅਪੋਲੋ-ਸੋਯੂਜ਼ ਦੇ ਲਿੰਕ -ਅੱਪ ਰਾਹੀਂ ਦੋਵਾਂ ਮਹਾਂਸ਼ਕਤੀਆਂ ਵਿਚਕਾਰ ਸਹਿਯੋਗ ਦੇ ਪਲ, ਲਗਾਤਾਰ ਰਣਨੀਤਕ ਦੁਸ਼ਮਣੀ ਅਤੇ ਸਰਦਾਰੀ ਦੀਆਂ ਵੱਡੀਆਂ ਯੋਜਨਾਵਾਂ ਵਿੱਚ ਬਦਲ ਗਏ। 2006 ਵਿੱਚ, ਅਮਰੀਕਾ ਦੀ ਏਅਰ ਫੋਰਸ ਸਪੇਸ ਕਮਾਂਡ ਦੇ ਕਮਾਂਡਰ ਜਨਰਲ ਲਾਂਸ ਲਾਰਡ ਨੇ ਪੁਲਾੜ ਦੀ ਸ੍ਰੇਸ਼ਟਤਾ (ਸੁਪੀਰੀਔਰਟੀ) ਨੂੰ 'ਜੰਗ ਦਾ ਭਵਿੱਖ' ਅਤੇ ਉਹ ਜ਼ਰੂਰੀ 'ਹਾਈ ਗਰਾਉਂਡ' ਦੱਸਿਆ ਜਿਸ ਤੋਂ ਬਿਨਾਂ ਜੰਗਾਂ ਜਿੱਤੀਆਂ ਨਹੀਂ ਜਾ ਸਕਣਗੀਆਂ।

ਦੂਜੇ ਪਾਸੇ, 1960 ਦੇ ਦਹਾਕੇ ਵਿੱਚ ਸ਼ੁਰੂ ਕੀਤੇ ਗਏ ਤਥਾਕਥਿਤ ਜਾਸੂਸੀ ਸੈਟਾਲਾਈਟਾਂ (ਜਿਨ੍ਹਾਂ ਨੇ ਸ਼ੁਰੂ ਵਿੱਚ ਫਿਲਮ ਅਤੇ ਬਾਅਦ ਵਿੱਚ ਡਿਜੀਟਲ ਫੋਟੋਗ੍ਰਾਫੀ ਦੀ ਵਰਤੋਂ ਕੀਤੀ) ਨੇ ਗਲਤਫਹਿਮੀਆਂ ਅਤੇ ਭੁੱਲਾਂ ਨੂੰ ਭਿਆਨਕ ਜੰਗਾਂ ਵਿੱਚ ਬਦਲਣ ਤੋਂ ਰੋਕਣ ਵਿੱਚ ਅਹਿਮ ਭੂਮਿਕਾ ਨਿਭਾਈ। ਨਿਗਰਾਨੀ ਦੇ ਇਹ ਨੈੱਟਵਰਕ ਡਿਫੈਂਸ ਸੁਪੋਰਟ ਪ੍ਰੋਗਰਾਮ (ਡੀ ਐਸ ਪੀ) ਵਰਗੇ ਸੈਟਾਲਾਈਟਾਂ ਨਾਲ ਜੋੜੇ ਜਾ ਸਕਦੇ ਸਨ, ਜੋ ਪਹਿਲੀ ਵਾਰ 1970 ਵਿੱਚ ਲਾਂਚ ਕੀਤੇ ਗਏ ਸਨ। ਇਹ ਸੈਟਾਲਾਈਟ ਮਿਜ਼ਾਈਲਾਂ ਦੇ ਲਾਂਚ ਹੁੰਦੇ ਹੀ ਉਨ੍ਹਾਂ ਤੋਂ ਨਿਕਲਣ ਵਾਲੀ ਗਰਮੀ (ਹੀਟ ਪਲੂਮ) ਦਾ ਪਤਾ ਲਗਾਉਣ ਲਈ ਇਨਫਰਾਰੈੱਡ ਸੈਂਸਰਾਂ ਦੀ ਵਰਤੋਂ ਕਰਦੇ ਸਨ। ਇਹ ਮਿਜ਼ਾਈਲ ਹਮਲਿਆਂ ਦੀਆਂ ਝੂਠੀਆਂ ਚੇਤਾਵਨੀਆਂ ਨੂੰ ਪਰਮਾਣੂ ਯੁੱਧ ਵਿੱਚ ਬਦਲਣ ਤੋਂ ਰੋਕ ਸਕਦਾ ਸੀ ਅਤੇ ਹਥਿਆਰ ਨਿਯੰਤਰਣ ਸੰਧੀਆਂ ਦੀ ਪਾਲਣਾ ਦੀ ਪੁਸ਼ਟੀ ਕਰਨ ਵਿੱਚ ਮਦਦ ਕਰ ਸਕਦਾ ਸੀ - ਜੋ ਕਿ ਨਿਸ਼ਚਿਤ ਤੌਰ 'ਤੇ ਪੁਲਾੜ ਦੇ ਫੌਜੀਕਰਨ ਦਾ ਇੱਕ ਹਾਂ-ਪੱਖੀ ਪਹਿਲੂ ਸੀ।

ਉਦੋਂ ਤੋਂ ਲੈ ਕੇ ਹੁਣ ਤੱਕ ਸੈਟਾਲਾਈਟ ਆਧੁਨਿਕ ਯੁੱਧ ਪ੍ਰਣਾਲੀ ਲਈ ਅਤਿ-ਜ਼ਰੂਰੀ ਬਣ ਗਏ ਹਨ।

ਬਾਕੀ ਹਿਸਾ ਸਫਾ 55 ਤੇ ਪੜ੍ਹੋ

54 ਸਫ਼ੇ ਦੀ ਬਾਕੀ

ਖਾਸ ਤੌਰ 'ਤੇ ਅਮਰੀਕਾ ਨਿਗਰਾਨੀ, ਸੰਚਾਰ, ਨੈਵੀਗੇਸ਼ਨ, ਨਿਸ਼ਾਨੇਬਾਜ਼ੀ (ਟਾਰਗਟਿੰਗ) ਅਤੇ ਮਿਜ਼ਾਈਲਾਂ ਬਾਰੇ ਚੇਤਾਵਨੀ ਲਈ ਪੁਲਾੜ-ਆਧਾਰਿਤ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦਾ ਹੈ। ਇਹ ਸਿਸਟਮ ਪੈਂਟਾਗਨ ਦੀ 'ਗਲੋਬਲ ਪਹੁੰਚ, ਗਲੋਬਲ ਤਾਕਤ' ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮਨਸ਼ਾ ਨੂੰ ਪੂਰਾ ਕਰਦੀਆਂ ਹਨ। ਫੌਜੀ ਭਾਸ਼ਾ ਵਿੱਚ, ਸੈਟਾਲਾਈਟ 'ਫੋਰਸ ਮਲਟੀਪਲਾਇਰ' (ਸ਼ਕਤੀ ਨੂੰ ਕਈ ਗੁਣਾ ਵਧਾਉਣ ਵਾਲੇ) ਵਜੋਂ ਕੰਮ ਕਰਦੇ ਹਨ, ਜੋ ਫੌਜਾਂ ਨੂੰ ਅਸਧਾਰਨ ਰਫ਼ਤਾਰ ਅਤੇ ਸਟੀਕ ਢੰਗ (ਪ੍ਰੀਸੀਜ਼ਨ) ਨਾਲ ਦੁਨੀਆ ਭਰ ਵਿੱਚ ਆਪਣੀਆਂ ਕਾਰਵਾਈਆਂ ਦਾ ਤਾਲਮੇਲ ਕਰਨ ਦੇ ਯੋਗ ਬਣਾਉਂਦੇ ਹਨ। 2019 ਵਿੱਚ ਟਰੰਪ ਵਲੋਂ ਵਿਸਤ੍ਰਿਤ ਨਿਗਰਾਨੀ, ਜਾਸੂਸੀ, ਸਟੀਕ ਨਿਸ਼ਾਨੇਬਾਜ਼ੀ (ਪ੍ਰੀਸੀਜ਼ਨ ਟਾਰਗੇਟਿੰਗ) ਅਤੇ ਸੰਚਾਰ 'ਤੇ ਕੇਂਦਰਿਤ 'ਸਪੇਸ ਫੋਰਸ' ਦੀ ਰਸਮੀ ਸਥਾਪਨਾ ਦਹਾਕਿਆਂ ਪੁਰਾਣੀ ਨੀਤੀ ਦਾ ਹੀ ਇੱਕ ਵਿਸਥਾਰ ਸੀ।

ਔਰਬਿਟ ਵਿਚਲਾ ਮਲਬਾ-ਪੁਲਾੜ ਵਿੱਚ ਹਥਿਆਰਾਂ ਦੀ ਦੌੜ ਨੂੰ ਰੋਕਣ ਲਈ ਪਹਿਲਾਂ ਯਤਨ ਕੀਤੇ ਗਏ ਸਨ। 1967 ਦੀ 'ਆਊਟਰ ਸਪੇਸ ਟ੍ਰੀਟੀ' ਨੇ ਔਰਬਿਟ ਵਿੱਚ ਜਾਂ 'ਅਕਾਸ਼ੀ ਗ੍ਰਹਿਆਂ' (ਸੀਲੈਸਟੀਅਲ ਬੌਡੀਜ਼) 'ਤੇ ਪਰਮਾਣੂ ਹਥਿਆਰਾਂ ਜਾਂ ਤਬਾਹੀ ਮਚਾਉਣ ਵਾਲੇ ਹੋਰ ਹਥਿਆਰਾਂ ਦੀ ਤਾਇਨਾਤੀ 'ਤੇ ਰੋਕ ਲਗਾ ਦਿੱਤੀ ਸੀ ਅਤੇ ਪੁਲਾੜ ਨੂੰ 'ਸਮੁੱਚੀ ਮਾਨਵਤਾ ਦੀ ਜਾਇਦਾਦ' ਘੋਸ਼ਿਤ ਕੀਤਾ ਸੀ - ਜਿਸ ਨੇ ਪਰਮਾਣੂ ਹਮਲਿਆਂ ਲਈ ਚੰਦਰਮਾ ਦੀ ਵਰਤੋਂ ਕਰਨ ਦੇ ਅਮਰੀਕਾ ਦੇ ਪੁਰਾਣੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਸੀ।

ਫਿਰ ਵੀ, ਇਸ ਸੰਧੀ ਵਿੱਚ ਕੁਝ ਕਮੀਆਂ ਸਨ: ਇਹ ਰਵਾਇਤੀ ਹਥਿਆਰਾਂ ਜਾਂ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਸਿਸਟਮਾਂ 'ਤੇ ਰੋਕ ਨਹੀਂ ਲਗਾਉਂਦੀ ਸੀ। ਜਿਵੇਂ-ਜਿਵੇਂ ਸੈਟੇਲਾਈਟ ਫੌਜੀ ਕਾਰਵਾਈਆਂ ਲਈ ਬਹੁਤ ਮਹੱਤਵਪੂਰਨ ਹੁੰਦੇ ਗਏ, ਉਹ ਹਮਲੇ ਦੇ ਮੁੱਖ ਨਿਸ਼ਾਨੇ ਵੀ ਬਣਦੇ ਗਏ। ਪੁਲਾੜ ਤੋਂ ਮਿਲਣ ਵਾਲੇ ਨੈਵੀਗੇਸ਼ਨ ਸਿਗਨਲ (ਸਭ ਤੋਂ ਪ੍ਰਸਿੱਧ, ਜੀ ਪੀ ਐੱਸ - ਗਲੋਬਲ ਪੋਜ਼ੀਸ਼ਨਿੰਗ ਸਿਸਟਮ) ਅਸਲੇ ਨੂੰ ਸੇਧ ਦਿੰਦੇ ਹਨ; ਜਾਸੂਸੀ ਸੈਟਾਲਾਈਟ ਨਿਰੰਤਰ ਖੁਫੀਆ ਜਾਣਕਾਰੀ ਪ੍ਰਦਾਨ ਕਰਦੇ ਹਨ; ਅਤੇ ਸੰਚਾਰ ਸੈਟਾਲਾਈਟ ਕਮਾਂਡਰਾਂ ਨੂੰ ਦੁਨੀਆ ਭਰ ਵਿੱਚ ਫੈਲੀਆਂ ਆਪਣੀਆਂ ਫੌਜਾਂ ਨਾਲ ਜੋੜਦੇ ਹਨ।

ਕਿਉਂਕਿ ਆਧੁਨਿਕ ਫੌਜਾਂ ਇਹਨਾਂ ਸਿਸਟਮਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੀਆਂ ਹਨ, ਇਸ ਲਈ ਸੈਟਾਲਾਈਟਾਂ ਨੂੰ ਤਬਾਹ ਕਰਨਾ ਜਾਂ ਬੇਕਾਰ ਕਰਨਾ ਵਿਰੋਧੀ ਦੀ ਲੜਨ ਦੀ ਸਮਰੱਥਾ ਨੂੰ ਅਪਾਹਜ ਕਰ ਸਕਦਾ ਹੈ। ਇਸ ਲਈ, ਹੁਣ ਤੱਕ ਕਈ ਦੇਸ਼ਾਂ ਨੇ ਐਂਟੀ-ਸੈਟਾਲਾਈਟ (ਏ ਐੱਸ ਏ ਟੀ) ਹਥਿਆਰ ਵਿਕਸਿਤ ਕਰ ਲਏ ਹਨ। 2007 ਵਿੱਚ ਚੀਨ ਨੇ ਜ਼ਮੀਨ ਤੋਂ ਦਾਗੀ ਜਾਣ ਵਾਲੀ ਮਿਜ਼ਾਈਲ ਨਾਲ ਆਪਣੇ ਹੀ ਇੱਕ ਮੌਸਮ ਦੱਸਣ ਵਾਲੇ ਸੈਟਾਲਾਈਟ ਨੂੰ ਨਸ਼ਟ ਕਰ ਦਿੱਤਾ ਸੀ - ਜਿਸ ਨਾਲ ਮਲਬੇ ਦੇ 3,000 ਤੋਂ ਵੱਧ ਟੁਕੜੇ ਪੈਦਾ ਹੋ ਗਏ ਸਨ। 2008 ਵਿੱਚ ਅਮਰੀਕਾ ਨੇ ਇਕ ਅਜਿਹਾ ਹੀ ਇੰਟਰਸੈਪਸ਼ਨ (ਰੋਕਣ ਵਾਲਾ ਕਾਰਜ) ਕੀਤਾ ਸੀ - ਅਤੇ ਉਸ ਨੇ ਇਸ ਤੋਂ ਪਹਿਲਾਂ ਵੀ ਅਜਿਹੇ ਪ੍ਰੀਖਣ ਕੀਤੇ ਸਨ। 2019 ਵਿੱਚ ਭਾਰਤ ਨੇ ਇੱਕ ਏ ਐੱਸ ਏ ਟੀ ਮਿਜ਼ਾਈਲ ਦਾ ਪ੍ਰੀਖਣ ਕੀਤਾ ਸੀ, ਜਦੋਂ ਕਿ ਰੂਸ ਨੇ 2021 ਵਿੱਚ ਇੱਕ ਤਬਾਹੀ ਭਰਿਆ ਪ੍ਰੀਖਣ ਕੀਤਾ ਸੀ ਜਿਸ ਕਾਰਨ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ਇੰਟਰਨੈਸ਼ਨਲ ਸਪੇਸ ਸਟੇਸ਼ਨ) ਵਿੱਚ ਮੌਜੂਦ ਐਸਟਰੋਨੈਟਸ (ਪੁਲਾੜ ਯਾਤਰੀਆਂ) ਨੂੰ ਮਲਬੇ ਤੋਂ ਬਚਣ ਲਈ ਓਟ ਲੈਣੀ ਪਈ ਸੀ।

ਅਜਿਹੇ ਪ੍ਰੀਖਣ ਪੁਲਾੜ ਯੁੱਧ ਦੇ ਇੱਕ ਖਤਰਨਾਕ ਸਿੱਟੇ - ਔਰਬਿਟ ਦੇ ਮਲਬੇ- ਨੂੰ ਉਜਾਗਰ ਕਰਦੇ ਹਨ। ਤਬਾਹ ਹੋਏ ਸੈਟਾਲਾਈਟਾਂ ਦੇ ਟੁਕੜੇ 27,000 ਕਿਲੋਮੀਟਰ ਪ੍ਰਤੀ ਘੰਟਾ (7-8 ਕਿਲੋਮੀਟਰ ਪ੍ਰਤੀ ਸੈਕਿੰਡ) ਤੋਂ ਵੀ ਵੱਧ ਦੀ ਰਫ਼ਤਾਰ ਨਾਲ ਘੁੰਮਦੇ ਹਨ। ਇਹਨਾਂ ਦੇ ਛੋਟੇ-ਛੋਟੇ ਕਣ ਵੀ ਮਹੱਤਵਪੂਰਨ ਸੈਟਾਲਾਈਟਾਂ, ਇੱਥੋਂ ਤੱਕ ਕਿ ਪੁਲਾੜ ਸਟੇਸ਼ਨਾਂ ਨੂੰ ਵੀ ਨਸ਼ਟ ਕਰ ਸਕਦੇ ਹਨ ਜਾਂ ਨੁਕਸਾਨ ਪਹੁੰਚਾ ਸਕਦੇ ਹਨ, ਜਿਸ ਦੇ ਨਤੀਜੇ ਵਜੋਂ ਅਣਗਿਣਤ ਨਵੇਂ ਟੁਕੜੇ ਪੈਦਾ ਹੋ ਸਕਦੇ ਹਨ। ਵਾਰ-ਵਾਰ ਹੋਣ ਵਾਲੀਆਂ ਇਹ ਟੱਕਰਾਂ 'ਕੈਸਲਰ ਸਿੰਡ੍ਰੋਮ' ਵਜੋਂ ਜਾਣੀ ਜਾਂਦੀ ਇੱਕ ਲੜੀਵਾਰ ਪ੍ਰਤੀਕਿਰਿਆ (ਚੇਨ ਰੀਐਕਸ਼ਨ) ਨੂੰ ਜਨਮ ਦੇ ਸਕਦੀਆਂ ਹਨ, ਜਿਸ ਨਾਲ ਨਵੇਂ ਮਲਬੇ ਦੀ ਮਾਤਰਾ ਵਿੱਚ ਭਾਰੀ ਵਾਧਾ ਹੋਵੇਗਾ ਅਤੇ ਪੁਲਾੜ ਦੇ ਔਰਬਿਟ ਵਰਤੋਂ ਦੇ ਅਯੋਗ ਹੋ ਜਾਣਗੇ।

ਅਤੇ ਐਂਟੀ-ਸੈਟੇਲਾਈਟ (ਏ ਐੱਸ ਏ ਟੀ) ਜੰਗ ਹੁਣ ਸਿਰਫ਼ ਮਿਜ਼ਾਈਲਾਂ 'ਤੇ ਹੀ ਨਿਰਭਰ ਨਹੀਂ ਹੈ। ਜੰਗ ਦੇ ਇਲੈਕਟ੍ਰੌਨਿਕ ਸਿਸਟਮ ਸੈਟਾਲਾਈਟਾਂ ਦੇ ਸਿਗਨਲਾਂ ਨੂੰ ਜਾਮ ਕਰ ਸਕਦੇ ਹਨ। ਸਾਈਬਰ ਹਮਲੇ ਸੈਟਾਲਾਈਟ ਨੈੱਟਵਰਕਾਂ ਜਾਂ ਜ਼ਮੀਨੀ ਕੰਟਰੋਲ ਸਟੇਸ਼ਨਾਂ ਵਿੱਚ ਸੰਨ੍ਹ ਲਾ ਸਕਦੇ ਹਨ। ਲੇਜ਼ਰ ਵਰਗੇ ਡਾਇਰੈਕਟਿਡ-ਐਨਰਜੀ ਹਥਿਆਰ ਸੈਟਾਲਾਈਟ ਦੇ ਸੈਂਸਰਾਂ ਨੂੰ ਅਸਥਾਈ ਤੌਰ 'ਤੇ ਅੰਨ੍ਹਾ ਕਰਨ ਦੇ ਸਮਰੱਥ ਹੋ ਸਕਦੇ ਹਨ। ਹੁਣ ਕੁਝ ਸੈਟਾਲਾਈਟਾਂ ਵਿੱਚ ਦਿਸ਼ਾ ਬਦਲਣ (ਮਨਿਊਵਰਿੰਗ) ਦੀਆਂ ਅਜਿਹੀਆਂ ਸਮਰੱਥਾਵਾਂ ਹਨ ਜੋ ਉਹਨਾਂ ਨੂੰ ਦੂਜੇ ਪੁਲਾੜ ਯਾਨਾਂ (ਸਪੇਸ ਕਰਾਫਟਸ) ਦੇ ਨੇੜੇ ਜਾਣ ਜਾਂ ਉਹਨਾਂ ਦੀ ਜਾਂਚ ਕਰਨ ਦੇ ਸਮਰੱਥ ਬਣਾਉਂਦੀਆਂ ਹਨ, ਜਿਸ ਨਾਲ ਇਹ ਚਿੰਤਾਵਾਂ ਵੱਧ ਰਹੀਆਂ ਹਨ ਕਿ ਉਹ ਉਹਨਾਂ ਨੂੰ ਬੇਕਾਰ ਵੀ ਕਰ ਸਕਦੇ ਹਨ। ਸੈਟਾਲਾਈਟਾਂ ਦੀ ਲਗਾਤਾਰ ਹੁੰਦੀ ਇਹ ਤਬਾਹੀ (ਕੈਸਕੇਡਿੰਗ ਫੇਲਿਅਰ) ਨਾ ਸਿਰਫ਼ ਫੌਜੀ ਸਿਸਟਮਾਂ ਲਈ ਖਤਰਾ ਬਣ ਸਕਦੀ ਹੈ ਸਗੋਂ ਸੰਚਾਰ ਨੈੱਟਵਰਕ, ਬੈਂਕਿੰਗ ਲੈਣ-ਦੇਣ, ਨੈਵੀਗੇਸ਼ਨ, ਮੌਸਮ ਦੀ ਭਵਿੱਖਬਾਣੀ ਅਤੇ ਵਿਗਿਆਨਿਕ ਨਿਗਰਾਨੀ ਨੂੰ ਠੱਪ ਜਾਂ ਨਸ਼ਟ ਕਰਕੇ ਆਧੁਨਿਕ ਸੱਭਿਅਤਾ ਨੂੰ ਵੀ ਖਤਰੇ ਵਿੱਚ ਪਾ ਸਕਦੀ ਹੈ। ਜਲਵਾਯੂ ਵਿੱਚ ਤਬਦੀਲੀ ਨਾਲ ਨਜਿੱਠਣ ਦੇ ਵਿਸ਼ਵ ਪੱਧਰ ਦੇ ਯਤਨਾਂ ਨੂੰ ਵੀ ਪੂਰਾ ਨਾ ਕੀਤਾ ਜਾ ਸਕਣ ਵਾਲਾ ਨੁਕਸਾਨ ਪਹੁੰਚ ਸਕਦਾ ਹੈ।

ਸਪੇਸ-ਇੰਡਸਟਰੀਅਲ ਕੰਪਲੈਕਸਡ-ਮੈਂ 1986 ਵਿੱਚ ਅਮਰੀਕਾ ਦੀ ਏਅਰ ਫੋਰਸ ਦੇ ਸਪੇਸ ਸਰਵੇਲੈਂਸ ਸੈਂਟਰ (ਪੁਲਾੜ ਨਿਗਰਾਨੀ ਕੇਂਦਰ) ਵਿੱਚ ਕੰਮ ਕੀਤਾ ਸੀ, ਜਦੋਂ ਔਰਬਿਟ ਵਿੱਚ 5000 ਦੇ ਕਰੀਬ ਟ੍ਰੈਕ ਕੀਤੀਆਂ ਜਾ ਸਕਣ ਵਾਲੀਆਂ ਵਸਤੂਆਂ ਧਰਤੀ ਦੁਆਲੇ ਘੁੰਮਦੀਆਂ ਸਨ। ਚਾਲੀ ਸਾਲਾਂ ਬਾਅਦ ਇਹ ਗਿਣਤੀ ਨੌਂ ਗੁਣਾਂ ਵੱਧ ਕੇ 45,000 ਤੋਂ ਵੱਧ ਗਈ ਹੈ। ਭਾਰੀ ਮੁਕਾਬਲੇਬਾਜ਼ੀ ਦਾ ਕੇਂਦਰ ਹੋਣ ਦੇ ਬਾਵਜੂਦ ਪੁਲਾੜ ਵਿੱਚ ਲਗਾਤਾਰ ਭੀੜ ਵਧ ਰਹੀ ਹੈ।

ਚੀਨ ਦੀ 'ਨੈਸ਼ਨਲ ਸਪੇਸ ਐਡਮਿਨਿਸਟ੍ਰੇਸ਼ਨ' ਅਤੇ 'ਤੁਰਕੀ ਦੀ ਸਪੇਸ ਏਜੰਸੀ' ਦੇ ਨਾਲ ਨਾਲ ਬਹੁ-ਰਾਸ਼ਟਰੀ 'ਯੂਰਪੀਅਨ ਸਪੇਸ ਏਜੰਸੀ' (ਈ ਐੱਸ ਏ), ਨਾਸਾ ਵਾਂਗ ਸਿਵਲੀਅਨ ਅਤੇ ਮਿਲਟਰੀ ਦੀ ਵਰਤੋਂ ਲਈ 'ਦੋਹਰੀ ਵਰਤੋਂ' ਵਾਲੀਆਂ ਤਕਨਾਲੋਜੀਆਂ ਨੂੰ ਉਤਸ਼ਾਹਿਤ ਕਰਦੀ ਹੈ। ਨੈਵੀਗੇਸ਼ਨ ਸੈਟਾਲਾਈਟਾਂ ਦਾ ਚੱਲ ਰਿਹਾ 'ਗੈਲੀਲੀਓ' ਨੈੱਟਵਰਕ ਈ ਐੱਸ ਏ ਦਾ ਹੀ ਇੱਕ ਉਤਪਾਦ ਹੈ।

ਇਸ ਦੇ ਨਾਲ ਹੀ, ਫਰਾਂਸ ਨੇ ਫੌਜੀ ਜਾਸੂਸੀ ਅਤੇ ਨਿਗਰਾਨੀ ਲਈ ਤਿੰਨ-ਸੈਟਾਲਾਈਟਾਂ ਦਾ ਇੱਕ ਸਿਸਟਮ ਲਾਂਚ ਕੀਤਾ ਹੈ। ਚੀਨ ਦਾ 'ਬੇਈਡੂ' ਨੈਵੀਗੇਸ਼ਨ ਸਿਸਟਮ ਉਸ ਦੀ ਫੌਜ ਲਈ ਮਿਜ਼ਾਈਲਾਂ ਬਾਰੇ ਸੇਧ ਅਤੇ ਸੁਰੱਖਿਅਤ ਸੰਚਾਰ ਪ੍ਰਦਾਨ ਕਰਦਾ ਹੈ, ਜਦੋਂ ਕਿ ਤੁਰਕੀ ਦੇ ਸੈਟਾਲਾਈਟਾਂ ਨਾਲ ਸੰਬੰਧਿਤ ਯਤਨ ਸੁਰੱਖਿਅਤ ਸੰਚਾਰ ਅਤੇ ਧਰਤੀ ਦੀ ਜਾਸੂਸੀ 'ਤੇ ਕੇਂਦਰਿਤ ਹਨ। 'ਫੌਜੀ' ਅਤੇ 'ਸਿਵਲ'' ਵਰਤੋਂ ਵਿਚਕਾਰਲੀ ਰੇਖਾ ਦਿਨੋ-ਦਿਨ ਹੋਰ ਧੁੰਦਲੀ ਹੁੰਦੀ ਜਾ ਰਹੀ ਹੈ। ਹਾਲ ਹੀ ਦੇ ਦਹਾਕਿਆਂ ਵਿੱਚ ਇੱਕ ਵੱਡਾ ਬਦਲਾਅ ਪੁਲਾੜ ਵਿੱਚ ਨਿੱਜੀ ਕੰਪਨੀਆਂ ਦੀ ਵਧਦੀ ਭੂਮਿਕਾ ਹੈ।

1990ਵਿਆਂ ਤੱਕ, ਪੁਲਾੜ ਗਤੀਵਿਧੀਆਂ ਵਿੱਚ ਸਰਕਾਰਾਂ ਦਾ ਦਬਦਬਾ ਸੀ। ਅੱਜ, ਵਪਾਰਕ ਕੰਪਨੀਆਂ ਜ਼ਿਆਦਾਤਰ ਸੈਟਾਲਾਈਟ ਲਾਂਚ ਕਰਦੀਆਂ ਹਨ, ਭਾਵੇਂ ਕਿ ਅਜੇ ਵੀ ਪੁਲਾੜ ਵਿੱਚ ਰਣਨੀਤਕ ਸਮੱਗਰੀ (ਪੇਅਲੋਡਜ਼) ਭੇਜਣ ਵਿੱਚ ਸਰਕਾਰਾਂ ਦੀ ਸਰਦਾਰੀ ਹੈ। ਫਿਰ ਵੀ ਇਹ ਜ਼ਰੂਰੀ ਨਹੀਂ ਕਿ ਪੁਲਾੜ ਯਤਨਾਂ ਦਾ ਹੋ ਰਿਹਾ ਨਿਜੀਕਰਨ ਫੌਜੀ ਪ੍ਰਭਾਵ ਵਿੱਚ ਕਮੀ ਲਿਆਵੇ। ਅਮਰੀਕਾ ਰੱਖਿਆ ਖੇਤਰ (ਡਿਫੈਂਸ ਸੈਕਟਰ) ਤੋਂ ਮਿਲਣ ਵਾਲੀ ਮੋਟੀ ਫੰਡਿੰਗ ਇਸ ਦਾ ਮੁੱਖ ਉਦੇਸ਼ ਸਥਾਪਤ ਕਰਦੀ ਹੈ, ਜੋ ਕਿ ਇਸ ਅਖਾਣ ਨਾਲ ਬਿਲਕੁਲ ਮੇਲ ਖਾਂਦੀ ਹੈ: 'ਜਿਹੜਾ ਪੈਸਾ ਲਾਵੇ, ਉਹੀ ਮਰਜ਼ੀ ਚਲਾਵੇ'। ਸੈਟਾਲਾਈਟਾਂ ਦੀਆਂ ਵਪਾਰਕ ਤਸਵੀਰਾਂ ਖੁਫੀਆ ਜਾਣਕਾਰੀ ਦਾ ਇੱਕ ਮਹੱਤਵਪੂਰਨ ਸ੍ਰੋਤ ਬਣੀਆਂ ਹੋਈਆਂ ਹਨ, ਪਰ ਇਹਨਾਂ ਤੱਕ ਪਹੁੰਚ ਦਾ ਸਵਾਲ ਅਜੇ ਵੀ ਬਰਕਰਾਰ ਹੈ। ਅਮਰੀਕਾ ਦੀ ਫੌਜ ਜਿੱਥੇ ਚਾਹੇ ਉੱਥੇ ਇਹਨਾਂ ਤਸਵੀਰਾਂ 'ਤੇ ਕੰਟਰੋਲ ਕਰ ਸਕਦੀ ਹੈ: ਵਪਾਰ ਅਤੇ ਯੁੱਧ ਵਿਚਕਾਰ ਇੱਕ ਬਹੁਤ ਹੀ ਬਾਰੀਕ ਰੇਖਾ ਹੈ। ਮਾਰਚ ਤੋਂ, 200 ਤੋਂ ਵੱਧ ਸੈਟਾਲਾਈਟਾਂ ਵਾਲੀ ਇਮੇਜਿੰਗ ਕੰਪਨੀ 'ਪਲੈਨੈਟ ਲੈਬਜ਼' ਸਮੇਤ ਕਈ ਕੰਪਨੀਆਂ ਨੇ ਅਮਰੀਕਾ ਦੀ ਸਰਕਾਰ ਦੀ ਇੱਕ 'ਵਾਲੰਟੀਅਰ' ਬੇਨਤੀ ਦੇ ਪ੍ਰਤੀਕਰਮ ਵਿੱਚ ਗਾਜ਼ਾ ਅਤੇ ਲੈਬਨਾਨ ਸਮੇਤ ਮੱਧ ਪੂਰਬ ਦੇ ਵੱਡੇ ਹਿੱਸਿਆਂ ਦੀਆਂ ਤਸਵੀਰਾਂ ਰੋਕ ਕੇ ਰੱਖੀਆਂ ਹੋਈਆਂ ਹਨ।

ਇਸੇ ਦੌਰਾਨ, ਐਲਨ ਮਸਕ ਦੀ ਸਪੇਸਐਕਸ ਨੇ ਲਾਂਚ ਸੇਵਾਵਾਂ ਅਤੇ ਸੈਟਾਲਾਈਟ ਤਾਇਨਾਤੀ (ਡਿਪਲੋਏਮੈਂਟ) ਨੂੰ ਵਪਾਰ ਵਜੋਂ ਸ਼ੁਰੂ ਕਰ ਲਿਆ ਹੈ, ਐਮਾਜ਼ੌਨ ਦੇ ਸੰਸਥਾਪਕ ਜੈਫ ਬੇਜ਼ੋਸ ਦੀ ਬਲੂ ਓਰਿਜਿਨ ਨੇ ਹੈਵੀ-ਲਫਟ ਰੌਕੇਟ (ਵੱਡਾ ਭਾਰ ਢੋਣ ਲਈ ਰਾਕਟ) ਅਤੇ ਪੁਲਾੜ ਸੰਚਾਲਨ ਲਈ ਬੁਨਿਆਦੀ ਢਾਂਚਾ ਵਿਕਸਿਤ ਕੀਤਾ ਹੈ। ਮਸਕ ਅਤੇ ਬੇਜ਼ੋਸ ਦੀ ਅਮਰੀਕਾ ਦੇ ਸਰਕਾਰੀ ਫੰਡਾਂ 'ਤੇ ਨਿਰਭਰਤਾ ਵਪਾਰਕ ਅਤੇ ਫੌਜੀ ਉੱਦਮਾਂ ਵਿਚਕਾਰਲੇ ਫਰਕ ਨੂੰ ਧੁੰਦਲਾ ਕਰਦੀ ਹੈ। ਫਲਸਤੀਨ ਸਪੇਸ ਇੰਸਟੀਚਿਊਟ ਨੇ ਪੁਲਾੜ ਸੈਕਟਰ ਅਤੇ ਗਾਜ਼ਾ ਨਸਲਕੁਸ਼ੀ ਵਿਚਕਾਰਲੇ ਸਾਂਝੇ ਸਬੰਧਾਂ ਨੂੰ ਟ੍ਰੈਕ ਕੀਤਾ ਹੈ, ਜਿਸ ਤੋਂ ਪਤਾ ਲੱਗਾ ਹੈ ਕਿ ਨਾਸਾ ਦੇ ਠੇਕਿਆਂ ਨੇ ਇਜ਼ਰਾਈਲ ਨੂੰ ਸਪਲਾਈ ਕਰਨ ਵਾਲੀਆਂ ਕੰਪਨੀਆਂ ਨੂੰ ਘੱਟੋ ਘੱਟ 39 ਅਰਬ (ਬਿਲੀਅਨ) ਡਾਲਰਾਂ ਦਾ ਭੁਗਤਾਨ ਕੀਤਾ ਹੈ।

ਇਸ ਹੀ ਸਮੇਂ, ਲੌਕਹੀਡ ਮਾਰਟਿਨ, ਬੋਇੰਗ, ਅਤੇ ਨੌਰਥਰੋਪ ਗਰੁਮੈਨ ਵਰਗੇ ਸ਼ਕਤੀਸ਼ਾਲੀ ਡਿਫੈਂਸ ਕੰਟਰੈਕਟਰ ਪੁਲਾੜ ਦੇ ਹਥਿਆਰਾਂ 'ਤੇ ਹੋਰ ਖਰਚ ਕਰਨ ਲਈ ਲੌਬੀ ਕਰ ਰਹੇ ਹਨ; ਜਿਸ ਦੇ ਨਤੀਜੇ ਵਜੋਂ ਇੱਕ ਵਧੇਰੇ ਸ਼ਕਤੀਸ਼ਾਲੀ 'ਸਪੇਸ-ਮਿਲਟਰੀ-ਇੰਡਸਟ੍ਰੀਅਲ ਕੰਪਲੈਕਸ' ਸਾਹਮਣੇ ਆ ਰਿਹਾ ਹੈ। ਪੁਲਾੜ ਦਾ ਨਿਜੀਕਰਨ ਪੁਲਾੜ ਦੇ ਫੌਜੀਕਰਨ ਨੂੰ ਤੇਜ਼ ਕਰ ਸਕਦਾ ਹੈ, ਅਤੇ ਜੇਕਰ ਨਿੱਜੀ ਕਾਰਪੋਰੇਸ਼ਨਾਂ ਪੁਲਾੜ ਦੇ ਮਹੱਤਵਪੂਰਨ ਬੁਨਿਆਦੀ ਢਾਂਚੇ ਨੂੰ ਨਿਯੰਤਰਿਤ ਕਰਦੀਆਂ ਹਨ, ਤਾਂ ਮੰਡੀ ਦੇ ਦਬਦਬੇ ਅਤੇ ਵਧੇਰੇ ਮੁਨਾਫੇ ਦੀਆਂ ਮੰਗਾਂ ਫੌਜੀ ਹਮਲਾਵਾਰੀ (ਮਿਲਟਰੀ ਅਗ੍ਰੈਸ਼ਨ) ਨੂੰ ਬੜ੍ਹਾਵਾ ਦੇਣ ਵਿੱਚ ਮਦਦ ਕਰ ਸਕਦੀਆਂ ਹਨ।

ਪੁਲਾੜ ਨੂੰ ਫੌਜੀਕਰਨ ਤੋਂ ਮੁਕਤ ਕਰਨ ਲਈ ਨਵੇਂ ਅੰਤਰਰਾਸ਼ਟਰੀ ਸਮਝੌਤਿਆਂ ਦੀ ਤੁਰੰਤ ਲੋੜ ਹੈ। ਮੌਜੂਦਾ ਸੰਧੀਆਂ ਉਸ ਸਮੇਂ ਦੀਆਂ ਹਨ ਜਦੋਂ ਬਹੁਤ ਘੱਟ ਸਰਕਾਰਾਂ ਧਰਤੀ ਦੇ ਵਾਯੂਮੰਡਲ ਤੋਂ ਅਗਾਂਹ ਕੰਮ ਕਰਦੀਆਂ ਸਨ। ਅੱਜ, ਦਰਜਨਾਂ ਦੇਸ਼ ਅਤੇ ਨਿੱਜੀ ਅਦਾਰੇ ਸੈਟਾਲਾਈਟ ਲਾਂਚ ਕਰ ਰਹੇ ਹਨ ਅਤੇ ਪੁਲਾੜ ਦੀ ਨੀਤੀ ਨੂੰ ਪ੍ਰਭਾਵਿਤ ਕਰ ਰਹੇ ਹਨ; ਪੁਲਾੜ ਨੂੰ ਨਿਯੰਤਰਿਤ ਕਰਨ ਵਾਲਾ ਕਾਨੂੰਨੀ ਢਾਂਚਾ ਇਸ ਦੀ ਰਫ਼ਤਾਰ ਨਾਲ ਨਹੀਂ ਚੱਲ ਸਕਿਆ ਹੈ।

ਆਪਣੀ ਖਿੱਚ ਦੇ ਬਾਵਜੂਦ, ਪੁਲਾੜ ਆਪਣੇ ਆਪ ਵਿੱਚ ਇੱਕ ਬਹੁਤ ਹੀ ਚੁਣੌਤੀਪੂਰਨ ਵਾਤਾਵਰਣ ਹੈ। ਮਨੁੱਖਾਂ ਨੂੰ ਔਰਬਿਟ ਵਿੱਚ ਭੇਜਣਾ ਅਤੇ ਉੱਥੇ ਉਨ੍ਹਾਂ ਨੂੰ ਰੱਖਣਾ ਬਹੁਤ ਮਹਿੰਗਾ ਅਤੇ ਤਕਨੀਕੀ ਤੌਰ 'ਤੇ ਔਖਾ ਕਾਰਜ ਹੈ। ਇਸ ਕਰਕੇ, ਆਉਣ ਵਾਲੇ ਦਹਾਕਿਆਂ ਵਿੱਚ ਮਨੁੱਖੀ 'ਸਪੇਸ ਵਾਰੀਅਰਜ਼' ਜਾਂ 'ਸਟਾਰਸ਼ਿਪ ਟਰੂਪਰਜ਼' ਦੇ ਦਿਖਾਈ ਦੇਣ ਦੀ ਸੰਭਾਵਨਾ ਨਹੀਂ ਹੈ। ਇਸ ਦੇ ਬਾਵਜੂਦ, ਪੁਲਾੜ ਬਹੁਤ ਜ਼ਿਆਦਾ ਮਹੱਤਵ ਅਤੇ ਵਧਦੀ ਮੁਕਾਬਲੇਬਾਜ਼ੀ ਦਾ ਖੇਤਰ ਬਣਿਆ ਹੋਇਆ ਹੈ, ਜਿਸ ਦੇ ਵਧਦੇ ਫੌਜੀਕਰਨ ਦਾ ਵਿਰੋਧ ਕੀਤਾ ਜਾਣਾ ਚਾਹੀਦਾ ਹੈ।

* * * * * * *

# • ਪੰਜਾਬੀ ਫ਼ਿਲਮ ਦਰਪਣ •

## ਦੀਵਾਲੀ ਤੇ ਨਵੀਂ ਪੰਜਾਬੀ ਫ਼ਿਲਮ ਖੁੰਡੀ ਕਰਨਗੇ ਸ਼ੁਰੂ ਰੌਸ਼ਨੀ



ਆ ਚੁੱਕੀ ਪੰਜਾਬੀ ਫ਼ਿਲਮ "ਫੜ੍ਹ ਲੈ ਵਾਹਿਗੁਰੂ ਜੀ ਦਾ ਪੱਲਾ" ਵਿੱਚ ਰੌਸ਼ਨੀ ਤੇ ਗੁਰਮੀਤ ਸਾਜਨ ਨਾਲ ਸੀ ਮੁੰਡੇ ਡੀ ਐਸ ਖੁੰਡੀ ਨਾਇਕ ਸਨ ਤੇ ਇਹ ਲਿਖੀ ਵੀ ਓਹਨਾਂ ਸੀ। ਨਾਇਕ ਦਾ ਰੋਲ ਕੀਤਾ ਹੈ ਮਿਹਨਤ ਕੀਤੀ ਡੀ ਐਸ ਖੁੰਡੀ ਨੇ ਕਦੇ ਪੰਜਾਬ ਕਦੇ ਮੁੰਬਈ ਰੌਸ਼ਨੀ ਨੇ ਸਾਬਾਸ਼ ਓਸ ਨੂੰ ਦਿੱਤੀ ਸੀ। ਰੋਸ਼ਨੀ ਨੇ ਕਿਹਾ ਕਿ ਇੱਕ ਡੀ ਐਸ ਖੁੰਡੀ ਕਾਮਯਾਬ ਫ਼ਿਲਮ ਦੇ ਹੀਰੋ ਕਹਿਣਗੇ ਲੋਕ । ਰੋਸ਼ਨੀ ਸਹੋਤਾ ਨਾਲ ਖੁੰਡੀ ਦੀ ਕਮਿਸਟਰੀ ਜਚੀ। ਫਿਲਮ "ਫੜ੍ਹ ਲੈ ਵਾਹਿਗੁਰੂ ਜੀ ਦਾ ਪੱਲਾ" ਵਿੱਚ ਚਾਚਾ ਬਿਸ਼ਨਾ ਤੇ ਵਿਕਟਰ ਜੋਹਨ ਦਾ ਕੰਮ ਵੀ ਕਾਫੀ ਸੀ ਤੇ ਮਲਕੀਤ ਰੌਣੀ ਦਾ ਵੀ । ਓਮ ਜੀ ਸਿਨੇ ਵਰਲਡ ਫ਼ਿਲਮ ਨੂੰ ਵਧੀਆ ਮਾਰਕੀਟਿੰਗ ਨਾਲ ਰਲੀਜ਼ ਕੀਤੀ। ਰੋਸ਼ਨੀ ਬੋਲੀ ਨਵੇਂ ਚਿਹਰੇ ਵੀ ਅੱਗੇ ਆਉਣੇ ਚਾਹੀਦੇ ਹਨ। ਬਾਲੀਵੁੱਡ ਲਈ ਕੰਮ ਕਰ ਚੁੱਕੇ ਡੀ ਐਸ ਖੁੰਡੀ ਨੇ ਕਿਹਾ ਕਿ ਰੌਸ਼ਨੀ ਸਹੋਤਾ ਨੇ ਸ਼ੂਟਿੰਗ ਦੌਰਾਨ ਓਹਨਾਂ ਨੂੰ ਹਰ ਤਰਾਂ ਨਾਲ ਸਹਿਯੋਗ ਦਿੱਤਾ ਜਿਸ ਦੇ ਓਹ ਰਿਣੀ ਹਨ। ਬਾਲੀਵੁੱਡ ਦੇ ਨਾਮਵਰ ਮਿਊਜ਼ਿਕ ਡਾਇਰੈਕਟਰ ਬਬਲੀ ਸਿੰਘ ਨੇ ਫ਼ਿਲਮ ਲਈ ਮਿਊਜ਼ਿਕ ਬਣਾਇਆ ਡੀ ਐਸ ਖੁੰਡੀ ਦੀ ਅੱਛੀ ਸਟਾਰ ਨਾਲ ਨਵੀਂ ਫ਼ਿਲਮ ਤਾਂ ਰੌਸ਼ਨੀ ਨੇ ਕਿਹਾ ਰੁੱਕ ਜਾਓ ਦੀਵਾਲੀ ਤੇ ਬ੍ਰੇਕਿੰਗ ਨਿਊਜ਼ ਦੇਵਾਂਗੀ। ਦੇਖ ਲਓ ਇਹ ਨਹੀਂ ਪਤਾ ਰੌਸ਼ਨੀ ਇਹ ਫਿਲਮ ਕਰੇਗੀ ਜਾਂ ਨਹੀਂ ਪਰ ਖੁੰਡੀ ਪ੍ਰਤੀ ਓਸ ਦੀ ਇਮਾਨਦਾਰੀ ਦੇ ਕਿਸ ਤਰਾਂ ਕਹੀਏ ਕਿ ਕਯਾ ਬਾਤ ਹੈ।

## ਹਰਜਿੰਦਰ ਦਾ ਸਿਲਵਰ ਮੈਡਲ ਐਕਟ੍ਰੈਸ ਦਾ ਉਤਸ਼ਾਹ ਅਮਨ ਪੂਨੀਆ



ਅਮਨ ਪੂਨੀਆ ਅੱਜ ਕਲ ਵੱਖ ਵੱਖ ਕਿਰਦਾਰ ਲਘੂ ਪੰਜਾਬੀ ਫ਼ਿਲਮਾਂ ਲਈ ਅਦਾ ਕਰ ਕਿ ਚਰਚਿਤ ਹੈ। ਅਮਨ ਨੇ ਇਤਿਹਾਸ ਰਚਿਆ ਹੈ ਖੁਦ ਰਾਸ਼ਟਰੀ ਪੱਧਰ ਤੇ ਵਾਲੀਵਾਲ ਨਾਲ ਦੌੜਾਂ ਨਾਲ ਤੇ ਅੱਜ ਕਲ ਫਿਲਮ ਐਕਟ੍ਰੈਸ ਅਮਨਦੀਪ ਕੌਰ ਵੱਲੋਂ ਟਰੇਨਿੰਗ ਦੇ ਕਿ ਹਰਜਿੰਦਰ ਨੂੰ ਸਿਲਵਰ ਮੈਡਲ ਤੱਕ ਪਹੁੰਚਣ ਦੀ ਜ਼ਿੰਮੇਵਾਰੀ ਬਾਖੂਬੀ ਨਿੱਭਦੀ ਕੀਤੀ ਹੈ ਅਮਨ ਪੂਨੀਆ ਦੱਸਦੀ ਹੈ ਕਿ ਖੇਡਾਂ ਵੀ ਮਨੋਰੰਜਨ ਨੇ ਤੇ ਤੰਦਰੁਸਤੀ ਜਿਸਮ ਦਾ ਰਾਜ ਜਦ ਕਿ ਐਕਟਿੰਗ ਮਨੋਰੰਜਨ ਹੈ ਦਿਲ ਦਿਮਾਗ ਦੀ ਤੀਖਣਤਾ ਭਰੀ ਤੰਦਰੁਸਤੀ। ਹਰਜਿੰਦਰ ਕੌਰ ਨੂੰ ਭਾਰਤ ਸਰਕਾਰ ਨੇ ਆਬਕਾਰੀ ਇੰਸਪੈਕਟਰ ਬਣਾਇਆ ਤਾਂ ਬਹੁਤ ਖੁਸ਼ੀ ਅਮਨ ਨੂੰ ਹੋਈ। ਹੁਣ ਹਰਜਿੰਦਰ ਕੌਰ ਨੇ ਕਿਹਾ ਕਿ ਮੈਡਮ ਅਮਨ ਪੂਨੀਆ ਯਾਦਗਾਰੀ ਫਿਲਮਾਂ ਕਰ ਕਿ ਰਾਸ਼ਟਰੀ ਸਨਮਾਨ ਜਿੱਤਣ ਓਹ ਸ਼ੁੱਭ ਕਾਮਨਾਵਾਂ ਦਿੰਦੀ ਹੈ ਤੇ ਪਰਮਾਤਮਾ ਕਰੇ ਅਮਨ ਪੂਨੀਆ ਚਰਚਿਤ ਫਿਲਮ ਐਕਟ੍ਰੈਸ ਬਣ ਐਵਾਰਡ ਜਿੱਤੇ। ਅਮਨ ਖੁਦ ਨੇਸ਼ਨ ਦੀ ਬਣਤਰ ਕੋਚਿੰਗ ਨਾਲ ਬਣਾਉਣ ਲਈ ਸਰਗਰਮ ਰਹੀ ਹੈ ਤੇ ਅੱਜ ਕਲ ਫਿਲਮ ਐਕਟਿੰਗ ਲਈ ਅੱਛੇ ਰੋਲ ਕਰਨ ਹਿੱਤ ਯਤਨਸ਼ੀਲ ਹੈ।

## ਇੱਕ ਦਿਨ ਬਣ ਹੀ ਜਾਣਾ ਹੈ ਫਿਲਮ ਹੀਰੋ ਰਾਣਾ ਦਰਾਜ




ਇਹ ਖ਼ੂਬੀ ਕਿਸੇ ਕਿਸੇ ਵਿੱਚ ਹੁੰਦੀ ਹੈ ਕਿ ਓਸ ਦੀ ਨਿਮਰਤਾ, ਕੰਮ ਕਰਨ ਦੀ ਸਮਰਥਾ, ਬੋਲੀ ਤੇ ਸੁਭਾਅ ਓਸ ਨੂੰ ਕਾਮਯਾਬੀ ਦੇ ਦਰਸ਼ਨ ਕਰਵਾ ਦਿੰਦੇ ਹਨ। ਮਾਡਲ ਰਾਣਾ ਸਿੰਘ ਦਰਾਜ ਇਹਨਾਂ ਚੋ ਇੱਕ ਹਨ।ਇਹ ਮੁੰਡਾ ਸੋਹਣਾ ਹੈ ਕੱਦ ਕਾਠ ਤੇ ਸਰੀਰਕ ਭਾਸ਼ਾ ਸਭ ਜਿਹੜੀ ਮਾਡਲ ਦਾ ਧੁਰਾ ਹੁੰਦੀ ਏ ਰਾਣਾ ਸਿੰਘ ਦਰਾਜ ਕੋਲ ਹੈ। ਭਗਵੰਤ ਕੰਗ ਆਖਦੇ ਨੇ ਓਹ ਪੰਜਾਬੀ ਸਿਨੇਮਾ ਦਾ ਹੀਰੋ ਬਣੇਗਾ ਇੱਕ ਦਿਨ ਓਸ ਚ ਗੁਣ ਹਨ। ਅਮਰਜੀਤ ਖੁਰਾਣਾ ਆਖਦੇ ਨੇ ਰਾਣਾ ਸਿੰਘ ਦਰਾਜ ਰੀਝ ਨਾਲ ਵੀਡੀਓ ਕਰਦਾ ਹੈ ਤੇ ਰੀਝ ਨਾਲ ਕੀਤਾ ਕੰਮ ਜ਼ਿੰਦਾਬਾਦ ਹੁੰਦਾ ਹੈ। ਇਸ ਤਰਾਂ ਪ੍ਰਭਜੋਤ ਕੌਰ ਰੰਧਾਵਾ ਦੀ ਨਜ਼ਰੇ ਸਾਊ ਮੁੰਡਾ ਹੈ ਰਾਣਾ ਤੇ ਐਂਜਲੀਨਾ ਰਾਜਪੂਤ ਅਨੁਸਾਰ ਰਾਣਾ ਰਾਜਾ ਹੈ ਮਾਡਲਿੰਗ ਦਾ ਸਾਰੇ ਕਾਮਯਾਬ ਮਾਡਲ ਵਾਲੇ ਗੁਣ ਫੀਚਰ ਇਸ ਵਿੱਚ ਹਨ। ਗਾਇਕੀ ਦੇ ਸਟਾਰ ਰਾਜਾ ਸਿੱਧੂ ਦੀ ਰਾਏ ਹੈ ਕਿ ਰਾਣਾ ਟੋਪ ਸਟਾਰ ਮਾਡਲ, ਮਿਹਨਤੀ ਮੁੰਡਾ ਤੇ ਟੈਲੇਂਟ ਵਾਲਾ ਮਾਡਲ ਮੰਜ਼ਿਲ ਕਾਮਯਾਬੀ ਦੇ ਪਰਬਤ ਤੇ ਓਸ ਨੂੰ ਲਿਜਾਏਗੀ ਲਿਖ ਕਿ ਲੈ ਲਓ। ਰਾਣਾ ਵੈਸੇ ਕਿਸੇ ਨਾਮਵਰ ਮੇਕਰ ਨਾਲ ਆਪਣੀ ਫ਼ਿਲਮੀ ਸਟਾਰਟ ਕਰਨੀ ਚਾਹੁੰਦੇ ਹਨ। ਦੇਖਦੇ ਹਾਂ ਇਹ ਕਦ ਸ਼ੁਰੂ ਹੁੰਦੀ ਹੈ।

## ਰੇਸ਼ਮ ਛੀਨਾ ਦੀ ਮਲਟੀ ਸਟਾਰ ਫਿਲਮ ਸੋਨਾ ਸਿੰਗਾ ਨਾਲ ਦੋ ਲੱਡੂ




ਤੇ ਕਿਹਾ ਸੀ ਨਾ ਕਿ ਜਿਵੇਂ ਜਿਵੇਂ ਇਹ ਸਾਲ 26 ਅੱਗੇ ਜਾਏਗਾ ਰੇਸ਼ਮ ਛੀਨਾ ਆਪਣੀ ਸ਼ਾਈਨ ਮੋਸ਼ਨ ਪਿਕਚਰਜ਼ ਨੂੰ ਵਿਸ਼ਾਲ ਪੱਧਰ ਦਾ ਪਰਚਮ ਬਣਾ ਵਿਸ਼ਵ ਪੱਧਰ ਦੇ ਪ੍ਰੋਜੈਕਟ ਦੇਣਗੇ। ਇੰਜ ਹੀ ਹੋ ਰਿਹਾ ਹੈ। ਰੂਹ ਖੁਸ਼ ਕਰ ਦਿੱਤੀ ਇੱਕ ਤੇ ਓਹਨਾਂ ਵੈੱਬ ਸੀਰੀਜ਼ ਸਟਾਰਟ ਕੀਤੀ ਹੈ ਤੇ ਦੂਜਾ ਕਲਾਕਾਰ ਕਾਫੀ ਲਏ ਹਨ ਅਰਥਾਤ ਕਿਸੇ ਮਲਟੀ ਸਟਾਰ ਫਿਲਮ ਦੀ ਤਰਾਂ ਸਭ ਭਰਵਾਂ ਲੱਗ ਰਿਹਾ ਹੈ। ਰੰਗਮੰਚ ਕਿੰਗ ਦਲਜੀਤ ਸੋਨਾ ਦੇ ਨਾਲ ਆ ਰਹੇ ਕਲਾਕਾਰਾਂ ਚ ਕਵੀਨ ਆਫ ਐਕਟਿੰਗ ਅਨਮੋਲ ਸਿੰਗਾ ਵੀ ਹਨ। ਪਰਮਜੀਤ ਸਿੰਘ, ਮਨਿੰਦਰ ਸਿੰਘ ਤੇ ਗੁਰਵਿੰਦਰ ਕੌਰ ਕੋਲੋਂ ਵੀ ਡਾਇਰੈਕਟਰ ਸੁਰਜੀਤ ਸਿੰਘ ਨੇ ਜ਼ਬਰਦਸਤ ਐਕਟਿੰਗ ਕਰਵਾਈ ਹੈ। ਮੋਹਿਤ ਸਾਨਿਆਲ ਦੇ ਨਾਲ ਹਰਕਿਰਪਾਲ ਛੀਨਾ ਦੇ ਰੋਲ ਵੀ ਵਧੀਆ ਰੱਖੇ ਗਏ ਹਨ। "ਦੋ ਲੱਡੂ" ਵੈੱਬ ਸੀਰੀਜ਼ ਦੀ ਪਹਿਲੀ ਕਿਸ਼ਤ ਦਾ ਪੋਸਟਰ ਚਰਚਿਤ ਹੋਇਆ ਹੈ। ਹਰਲੀਨ ਕੌਰ ਦੀ ਸੁੰਦਰਤਾ, ਬਲਵਿੰਦਰ ਕੌਰ ਦੀ ਐਕਟਿੰਗ ਤੇ ਪ੍ਰਭਲੀਨ ਕੌਰ ਦਾ ਸੁਹੱਪਣ ਇਸ ਸੀਰੀਜ਼ ਨੂੰ ਐਵਾਰਡ ਜੇਤੂ ਤੇ ਹਿੱਟ ਸੀਰੀਜ਼ ਬਣਾਉਣਗੇ ਖਾਵਾਂਗੇ ਫਿਰ ਛੀਨਾ ਤੋਂ "ਦੋ ਲੱਡੂ" ।ਵੈਸੇ ਇਸ ਸਾਲ ਬਕਾਇਦਾ ਡੀ ਓ ਪੀ ਤੋ ਨਾਮਵਰ ਗਲੈਮਰ ਵਾਲੇ ਸਟਾਰ ਤੇ ਰੇਸ਼ਮ ਛੀਨਾ ਜਲਦੀ ਹੀ ਵੱਡੀ ਫਿਲਮ ਵੀ ਕਰ ਸਕਦੇ ਹਨ।

## ਮੇਰੇ ਗੀਤਾਂ ਦੀ ਰਾਣੀ ਮੇਰੇ ਗੀਤਾਂ ਦੀ ਮਲਿਕਾ ਬਲਜੀਤ ਮਚਰਾਵਾਂ



ਮੇਰੇ ਗੀਤਾਂ ਦਾ ਇੱਕ ਇੱਕ ਬੋਲ ਓਸ ਕਲਪਨਾ ਦੀ ਰਾਣੀ ਨੂੰ ਸਮਰਪਿਤ ਤੇ ਮੇਰੇ ਗੀਤਾਂ ਦੇ ਮੁੱਖੜੇ ਅੰਤਰੇ ਮੇਰੀ ਫੇਰਿਆਂ ਨਾਲ ਲਿਆਂਦੀ ਦੀ ਵਜਾਹ ਨਾਲ ਬਣਦੇ ਹਨ। ਜਜ਼ਬਾਤੀ ਤੇ ਯਾਰੀਆਂ ਲਈ ਕੁਰਬਾਨ ਗੀਤਕਾਰ ਬਲਜੀਤ ਮਚਰਾਵਾਂ ਇਹ ਆਖਦੇ ਹਨ। ਨਰਿੰਦਰ ਮਾਵੀ ਦੇ ਚਰਚਿਤ ਗੀਤ "ਇੰਸਟਾਗ੍ਰਾਮ ਤੇ ਸਹੇਲੀਆਂ" ਦੇ ਗੀਤਕਾਰ ਬਲਜੀਤ ਆਖਦੇ ਨੇ ਗੀਤਾਂ ਦੀ ਰਾਣੀ ਓਹ ਜੀਵਨ ਸਾਥਣ ਜਿਸ ਸਭ ਕੁੱਝ ਮੈਨੂੰ ਅਰਪਿਤ ਕੀਤਾ ਹੈ, ਤੁਹਾਡੀ ਅਸਲੀ ਮੋਹਬੱਤ, ਅਸਲੀ ਹੀਰ ਅਸਲੀ ਪ੍ਰੇਮਿਕਾ ਅਸਲ ਚ ਓਹ ਤੇ ਬਲਜੀਤ ਦੇ ਗੀਤ ਆਉਣ ਵਾਲੇ ਦਿਨਾਂ ਚ ਸਟਾਰ ਗੀਤਕਾਰ ਓਸ ਨੂੰ ਬਣਾ ਦੇਣਗੇ। ਬਲਜੀਤ ਦਾ ਸਾਥ ਹੀ ਇਸ ਗੀਤਕਾਰ ਦੇ ਗੀਤਾਂ ਦੀ ਰੂਹ ਹੈ ।

## ਯੁੱਗ ਬਦਲਦੇ ਨੇ ਵਿਰਾਸਤ ਕਾਇਮ ਰਹਿੰਦੀ ਹੈ ਮਨੋਜ ਤਨੇਜਾ



ਮਨੂ ਵਿਚ ਹੀਰੋ ਬਣਨ ਦੀ ਸਮਰਥਾ ਬੱਚਪਨ ਤੋਂ ਹੀ ਹੈ, ਓਹ ਸਮਾਗਮਾਂ ਦੇ ਮੁੱਖ ਮਹਿਮਾਨ ਬਣ ਜਾਂਦਾ ਹੈ, ਖੇਡਾਂ ਤੇ ਸੱਭਿਆਚਰ ਨੂੰ ਉੱਚਾ ਚੁੱਕਣ ਲਈ ਗੁਰਵਿੰਦਰ ਸਿੰਘ ਰੰਧਾਵਾ ਨਾਲ ਮਿਲ ਉਪਰਾਲੇ ਕਰਦਾ ਹੈ। ਮਨੋਜ ਤਨੇਜਾ ਚਾਹੁੰਦਾ ਹੈ ਕਿ ਮਹਿਤਾ ਕਸਬੇ ਨੂੰ ਫੈਸ਼ਨ ਤੇ ਕਲਚਰ ਦਾ ਹੱਬ ਬਣਾਇਆ ਜਾਏ। ਇੱਕ ਤੇ ਸੁੰਦਰਤਾ ਵਾਧੇ, ਦੂਜੇ ਵਿਰਸੇ ਦੀ ਜਾਣਕਾਰੀ ਚ ਵਾਧਾ ਤੇ ਤੀਜੇ ਰੁਜ਼ਗਾਰ ਦੇ ਮੌਕੇ ਮਨੋਜ ਤਨੇਜਾ ਨੇ ਰਾਜਨੀਤੀ ਵਿੱਚ ਵੀ ਸੋਹਣੀ ਥਾਂ ਬਣਾ ਲਈ ਹੈ। ਆਖਦੇ ਨੇ ਮਨੋਜ ਤਨੇਜਾ ਕਿ ਆਪਣੀ ਸਰਕਾਰ ਆਈ ਤੇ ਮਹਿਤਾ ਫਿਰ ਸੈਕਰਾਮੈਂਟੋ ਜਿਹਾ ਬਣੇਗਾ ਫੈਸ਼ਨ ਤੇ ਕਲਚਰ ਦੋਵਾਂ ਦੀ ਝਲਕ ਦੇਖ ਲੋਕ ਕਿਹਾ ਕਰਨਗੇ ਮਹਿਤਾ ਚੌਂਕ ਜਾਣਾ ਹੈ।

## ਦੀਪਾ ਭਾਗੂ ਮੇਰੀ ਸਲਤਨਤ ਬਣੇਗੀ ਸਟਾਰ ਇੱਕ ਦਿਨ



ਪਰਬਤ ਝੁਕ ਕਿ ਸਲਾਮ ਕਰਦੇ ਸਨ ਤੇ ਫ਼ਗਵਾੜੇ ਦੀ ਇੱਕ ਸਟਾਰ ਤਦ ਦੀ ਨਾਇਕਾ ਦੇਖਦੀ ਹੀ ਰਹਿੰਦੀ ਸੀ ਐਨੇ ਦਿਲਕਸ਼, ਸਮਾਰਟ ਪ੍ਰਗਟ ਭਾਗੂ ਜਦ ਸ਼ੂਟ ਤੇ ਨਾਇਕ ਬਣ ਆਉਂਦੇ ਸਨ। ਪ੍ਰਗਟ ਦੀ ਖਾਸ ਗੱਲ ਇਹ ਵੀ ਸੀ ਕਿ ਓਹਨਾਂ ਦੀ ਗਾਇਕੀ ਤਦ ਸ਼ਿਖਰ ਤੇ ਸੀ। ਬਹੁਤ ਪ੍ਰੋਗਰਾਮ ਲੱਗਦੇ ਸਨ ਓਹੀ ਪ੍ਰਗਟ ਬਹੁਤ ਦੇਰ ਬਾਅਦ ਸੋਸ਼ਲ ਮੀਡੀਆ ਤੇ ਅੱਜ ਨਜ਼ਰ ਆਏ ਤੇ ਇਹਨਾਂ ਨਾਲ ਓਹਨਾਂ ਦੀ ਮਸੂਮ ਪਿਆਰੀ ਬੇਟੀ ਦੀਪਾ ਸੀ। ਸ਼ਾਇਦ ਦੀਪਾ ਮੇਕ ਅੱਪ ਡਾਇਰੈਕਟਰ ਹੈ ਤਾਂ ਹੀ ਓਸ ਨੂੰ ਜਨਮ ਦਿਨ ਤੇ ਪਿਤਾ ਪ੍ਰਗਟ ਨੇ ਸ਼ੁੱਭ ਕਾਮਨਾਵਾਂ ਦਿੱਤੀਆਂ ਤੇ ਕਿਹਾ ਕਿ ਦੀਪਾ ਦਾ ਨਾਮ ਬਣੇਗਾ। ਪ੍ਰਗਟ ਭਾਗੂ ਅੱਜ ਕਲ ਧਰਮ ਕਰਮ ਸੇਵਾ ਭਾਵਨਾ ਵਿੱਚ ਵੀ ਹਨ। ਪ੍ਰਗਟ ਨੂੰ ਅਸੀਂ ਓਸ ਦੀ ਬੇਟੀ ਦੇ ਸੁਨਹਿਰੀ ਭਵਿੱਖ ਲਈ ਸ਼ੁੱਭ ਕਾਮਨਾਵਾਂ ਵਾਲੀ ਮੁਬਾਰਕ ਦਿੰਦੇ ਚਾਹਾਂਗੇ ਕਿ ਦੀਪਾ ਵੀ ਆਪਣੇ ਪਿਤਾ ਪ੍ਰਗਟ ਦੀ ਤਰਾਂ ਖ਼ੂਬ ਨਾਮ ਕਮਾਏ। ਵਿਨੀਤ ਅਟਵਾਲ, ਨੀਟੂ ਪੰਧੇਰ ਪ੍ਰਗਟ ਦੇ ਅੱਛੇ ਮਿੱਤਰ ਰਹੇ ਨੇ ਤੇ ਡਾਇਰੈਕਟਰ ਪ੍ਰਦੀਪ ਧੀਮਾਨ ਵੀ ਸਭ ਨੂੰ ਬਹੁਤ ਖੁਸ਼ੀ ਹੋਊ ਜਦ ਓਹ ਪ੍ਰਗਟ ਦੀ ਇਹ ਖਬਰ ਦੇਖਣਗੇ।

-ਅੰਮ੍ਰਿਤ ਪਵਾਰ

# ਸੇਨੇਗਲ ਦਾ ਕਾਲ਼ਾ ਮੋਤੀ ਸਾਦੀਓ ਮਾਨੇ

## ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ



ਪਹਿਲਾਂ ਪੇਲੇ ਨੂੰ ਬ੍ਰਾਜ਼ੀਲ ਦਾ ਕਾਲ਼ਾ ਮੋਤੀ ਕਿਹਾ ਜਾਂਦਾ ਸੀ। ਹੁਣ ਸਾਦੀਓ ਮਾਨੇ ਨੂੰ ਸੇਨੇਗਲ ਦਾ ਕਾਲਾ ਮੋਤੀ ਕਿਹਾ ਜਾ ਰਿਹੈ। ਉਹ ਵੀ ਪੇਲੇ ਵਾਂਗ ਫੁਟਬਾਲ ਦਾ ਸੁਪਰਸਟਾਰ ਹੈ। ਉਹਦਾ ਜਨਮ 10 ਅਪ੍ਰੈਲ 1992 ਨੂੰ ਅਫਰੀਕੀ ਦੇਸ਼ ਸੇਨੇਗਲ ਦੇ ਪਿੰਡ ਬੰਬਾਲੀ ਵਿੱਚ ਗਰੀਬ ਮਾਪਿਆਂ ਦੇ ਘਰ ਹੋਇਆ ਸੀ। ਵੱਡਾ ਹੋ ਕੇ ਉਹ ਗੋਦੜੀ ਦਾ ਲਾਲ ਨਿਕਲਿਆ। ਆਪਣੀ ਖੇਡ ਕਮਾਈ ਨਾਲ ਉਸ ਨੇ ਆਪਣੇ ਪਛੜੇ ਪਿੰਡ ਨੂੰ ਮਾਡਰਨ ਪਿੰਡ ਬਣਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਸੇਧਿਊ ਦੇ ਵਿਰਾਨ ਇਲਾਕੇ ਦਾ ਪਛੜਿਆ ਪਿੰਡ ਬੰਬਾਲੀ ਹੁਣ ਸੇਨੇਗਲ ਦਾ ਮਾਡਲ ਪਿੰਡ ਹੈ। ਮਾਨੇ ਦੀਆਂ ਗੱਲਾਂ ਸੇਨੇਗਲ 'ਚ ਹੀ ਨਹੀਂ, ਦੁਨੀਆ ਭਰ 'ਚ ਹੁੰਦੀਆਂ ਹਨ। ਜਿੰਨਾ ਉਹ ਆਪਣੀ ਖੇਡ ਕਰਕੇ ਮਸ਼ਹੂਰ ਹੋਇਆ ਓਨਾ ਹੀ ਪਰਉਪਕਾਰੀ ਕਾਰਜਾਂ ਕਰਕੇ ਜਾਣਿਆ ਜਾਂਦਾ ਹੈ।

ਮਾਨੇ ਪੇਸ਼ਾਵਰ ਫੁੱਟਬਾਲਰ ਹੈ ਜੋ ਅਲ ਨਾਸਰ ਵੱਲੋਂ ਸੌਦੀ ਪ੍ਰੋ ਲੀਗ ਖੇਡਦਾ ਹੈ। 19 ਸਾਲ ਦੀ ਉਮਰੇ ਉਹ ਫਰਾਂਸ ਦੇ ਮੈਟਜ਼ ਕਲੱਬ ਵੱਲੋਂ ਖੇਡਣ ਲੱਗਾ ਸੀ ਤੇ 20ਵੇਂ ਸਾਲ 4 ਮਿਲੀਅਨ ਯੂਰੋ ਦੀ ਫੀਸ ਨਾਲ ਆਸਟਰੀਆ ਦੇ ਰੈੱਡ ਬੁੱਲ ਸਾਲਜਬਰਗ ਕਲੱਬ 'ਚ ਚਲਾ ਗਿਆ। ਅਗਲੇ ਸਾਲ ਇੰਗਲੈਂਡ ਦੇ ਸਾਊਥੈਂਪਟਨ ਕਲੱਬ ਨੇ 11.8 ਮਿਲੀਅਨ ਪੌਂਡਾਂ ਦੀ ਫੀਸ ਤਾਰ ਕੇ ਆਪਣੇ ਨਾਲ ਰਲ਼ਾ ਲਿਆ। ਉਨ੍ਹਾਂ ਦੀ ਟੀਮ ਨੇ 2015 ਦੀ ਪ੍ਰੀਮੀਅਰ ਲੀਗ 'ਚ ਆਸਟੋਨ ਵਿੱਲਾ ਦੀ ਟੀਮ ਨੂੰ 6-1 ਗੋਲਾਂ ਨਾਲ ਹਰਾਇਆ। ਮਾਨੇ ਨੇ 2 ਮਿੰਟ 56 ਸਕਿੰਟਾਂ 'ਚ ਹੈਟ੍ਰਿਕ ਮਾਰਨ ਦਾ ਰਿਕਾਰਡ ਰੱਖਿਆ!

2016 'ਚ ਉਹ 34 ਮਿਲੀਅਨ ਪੌਂਡ ਦੀ ਫੀਸ ਨਾਲ ਲਿਵਰਪੂਲ ਕਲੱਬ ਵੱਲੋਂ ਖੇਡਣ ਲੱਗਾ। ਤਦ ਤਕ ਉਹ ਫੁੱਟਬਾਲ ਦੇ ਇਤਿਹਾਸ ਵਿੱਚ ਅਫਰੀਕਾ ਦਾ ਸਭ ਤੋਂ ਮਹਿੰਗਾ ਖਿਡਾਰੀ ਬਣ ਚੁੱਕਾ ਸੀ। 2018-19 ਦੇ ਸੀਜ਼ਨ ਵਿੱਚ ਉਸ ਨੇ ਪ੍ਰੀਮੀਅਰ ਲੀਗ ਗੋਲਡਨ ਬੂਟ ਜਿੱਤਣ ਦਾ ਸਨਮਾਨ ਹਾਸਲ ਕੀਤਾ। ਅਕਤੂਬਰ 2021 'ਚ ਉਹ ਪ੍ਰੀਮੀਅਰ ਲੀਗ ਦਾ 100ਵਾਂ ਗੋਲ ਕਰਨ ਵਾਲਾ ਤੀਜਾ ਅਫਰੀਕਨ ਖਿਡਾਰੀ ਬਣਿਆ। ਉਹ ਫੁਟਬਾਲ ਦੇ ਸਿਰਮੌਰ ਅਵਾਰਡ ਬੈਲਨ ਡੀਓਰ ਦੀ ਚੋਣ ਸਮੇਂ 2019 'ਚ ਚੌਥੀ ਤੇ 2022 ਵਿੱਚ ਦੂਜੀ ਥਾਵੇਂ ਰਿਹਾ। ਉਸ ਨੇ ਸੇਨੇਗਲ ਵੱਲੋਂ 2012 ਦੀਆਂ ਓਲੰਪਿਕ ਖੇਡਾਂ ਵਿੱਚ ਭਾਗ ਲਿਆ।

ਅਫਰੀਕਨ ਕੱਪ ਆਫ ਨੇਸ਼ਨਜ਼ ਦੇ 2015, 17, 19, 21, 23 ਤੇ 2025 ਫੁਟਬਾਲ ਟੂਰਨਾਮੈਂਟਾਂ 'ਚ ਸੇਨੇਗਲ ਵੱਲੋਂ ਖੇਡਿਆ। 2019 'ਚ ਉਸ ਨੂੰ ਅਫਰੀਕਨ ਫੁਟਬਾਲਰ ਆਫ਼ ਦਾ ਯੀਅਰ ਐਲਾਨਿਆ ਗਿਆ। 2022 'ਚ ਉਹਦੇ ਸਿਰ ਅਫਰੀਕਨ ਪਲੇਅਰ ਆਫ਼ ਦਾ ਯੀਅਰ ਦਾ ਤਾਜ ਸਜਾਇਆ ਗਿਆ। ਉਹ ਸੇਨੇਗਲ ਵੱਲੋਂ 2018 ਦਾ ਫੀਫਾ ਆਲਮੀ ਕੱਪ ਖੇਡਿਆ, 2022 ਦੇ ਆਲਮੀ ਕੱਪ ਸਮੇਂ ਜ਼ਖ਼ਮੀ ਹੋ ਗਿਆ ਅਤੇ 2026 ਦਾ ਆਖ਼ਰੀ ਆਲਮੀ ਕੱਪ ਖੇਡ ਕੇ ਫੀਫਾ ਕੱਪ ਖੇਡਣ ਤੋਂ ਰਿਟਾਇਰ ਹੋ ਗਿਆ।

22 ਜੂਨ 2022 ਤੋਂ 30 ਜੂਨ 2025 ਤਕ ਉਹ ਜਰਮਨੀ ਦੇ ਬੇਅਰਨ ਮਿਊਨਿਖ ਕਲੱਬ ਵੱਲੋਂ ਖੇਡਿਆ। ਇਸ ਦੌਰਾਨ ਉਹਦੀ ਫੀਸ 27.4 ਮਿਲੀਅਨ ਪੌਂਡ ਤੋਂ 35 ਮਿਲੀਅਨ ਪੌਂਡ ਹੋ ਗਈ। 2025-26 'ਚ ਉਸ ਨੇ ਅਲ ਨਾਸਰ ਵੱਲੋਂ 10 ਗੋਲ ਆਪ ਕੀਤੇ ਤੇ 6 ਗੋਲ ਕਰਨ 'ਚ ਸਹਾਇਕ ਬਣ ਕੇ ਸੌਦੀ ਪ੍ਰੋ ਲੀਗ ਦਾ ਟਾਈਟਲ ਜਿੱਤਿਆ। ਕੁਝ ਸਮਾਂ ਉਸ ਦੀ ਰਹਾਇਸ਼ ਫਰਾਂਸ 'ਚ ਰਹੀ, ਫਿਰ ਲਿਵਰਪੂਲ ਤੇ ਹੁਣ ਸੌਦੀ ਅਰਬ ਦੇ ਸ਼ਹਿਰ ਰਿਆਦ ਵਿੱਚ ਹੈ। ਪੱਕੀ ਰਹਾਇਸ਼ ਲਈ ਉਸ ਨੇ ਆਪਣੇ ਪਿੰਡ ਬੰਬਾਲੀ ਵਿੱਚ ਵੀ ਆਲੀਸ਼ਾਨ ਘਰ ਬਣਾ ਰੱਖਿਆ ਹੈ।

ਮਾਨੇ ਦੀ ਜੀਵਨ ਕਹਾਣੀ ਫੁੱਟਬਾਲ ਦੇ ਸੁਪਰਸਟਾਰ ਖਿਡਾਰੀ ਦੀ ਕਹਾਣੀ ਹੀ ਨਹੀਂ, ਇਹ ਗਰੀਬੀ ਦੇ ਲਿਤਾੜੇ ਬੰਦੇ ਦੇ ਮੁੜ ਉੱਠ ਖੜ੍ਹੇ ਹੋਣ ਦੀ ਕਹਾਣੀ ਹੈ। ਇਹ ਉਸ ਨੌਜੁਆਨ ਦੀ ਵਾਰਤਾ ਹੈ ਜਿਸ ਨੇ ਪੈਦਾਇਸ਼ੀ ਗਰੀਬੀ ਨੂੰ ਆਪਣੀ ਕਮਜ਼ੋਰੀ ਨਹੀਂ ਬਣਨ ਦਿੱਤਾ। ਅੱਜ ਵੀ ਜਦੋਂ ਉਹ ਰਿਆਦ ਤੋਂ ਆਪਣੇ ਪਿੰਡ ਪਰਤਦਾ ਹੈ ਤਾਂ ਉਥੋਂ ਦੇ ਲੋਕ ਉਸ ਨੂੰ ਫੁਟਬਾਲ ਦੇ ਸੁਪਰਸਟਾਰ ਨਾਲੋਂ ਆਪਣਾ ਹੀ ਪੁੱਤਰ, ਭਰਾ, ਭਤੀਜਾ ਤੇ ਚਾਚਾ ਤਾਇਆ ਸਮਝਦੇ ਹਨ। ਮਾਨੇ ਭਾਵੇਂ ਪਰਵਾਸੀ ਬਣ ਗਿਐ ਪਰ ਉਹ ਆਪਣੇ ਪਿੰਡ ਤੇ ਆਪਣੇ ਦੇਸ਼ ਨੂੰ ਨਹੀਂ ਭੁੱਲਿਆ। ਉਹਦੇ ਪੇਂਡੂ ਤੇ ਦੇਸ਼ ਵਾਸੀ ਵੀ ਉਹਨੂੰ ਕਦੇ ਨਹੀਂ ਭੁੱਲੇ। ਉਹ ਵੀ ਅੱਡੀਆਂ ਚੁੱਕ ਕੇ ਉਸ ਦੀ ਉਡੀਕ ਕਰਦੇ ਹਨ।

ਇਹ ਸੱਚ ਹੈ ਕਿ ਕਈਆਂ ਨੂੰ ਮਾਪਿਆਂ ਦੀ ਅਮੀਰੀ ਡੋਬ ਦਿੰਦੀ ਹੈ ਤੇ ਕਈਆਂ ਨੂੰ ਮਾਪਿਆਂ ਦੀ ਗਰੀਬੀ ਤਾਰ ਦਿੰਦੀ ਹੈ। ਅਮੀਰੀ ਸੰਘਰਸ਼ ਕਰਨਾ ਨਹੀਂ ਸਿਖਾਉਂਦੀ ਜਦ ਕਿ ਗਰੀਬੀ ਦਾ ਸੰਘਰਸ਼ ਕਰੇ ਬਿਨਾਂ ਸਰਦਾ ਨਹੀਂ।

ਮਾਨੇ ਨੇ ਅੰਤਾਂ ਦੀ ਗਰੀਬੀ ਵੇਖੀ ਅਤੇ ਅੰਤਾਂ ਦਾ ਸੰਘਰਸ਼ ਕੀਤਾ। ਉਹਦੇ ਬਚਪਨ ਸਮੇਂ ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਇਹ ਰੁਲ਼ਿਆ ਖੁਲ਼ਿਆ ਬੱਚਾ ਕਦੇ ਪੈਰਾਂ ਸਿਰ ਵੀ ਹੋਵੇਗਾ ਜਾਂ ਯਤੀਮਾਂ ਵਾਂਗ ਦਰ ਦਰ ਦੇ ਧੱਕੇ ਖਾਂਦਾ ਫਿਰੇਗਾ। ਉਹਦੇ ਫੁਟਬਾਲ ਖੇਡਣ ਦੇ ਜਮਾਂਦਰੂ ਸ਼ੌਕ, ਸੰਘਰਸ਼ ਤੇ ਸਖ਼ਤ ਮਿਹਨਤ ਨੇ ਐਸੇ ਰੰਗ ਭਾਗ ਲਾਏ ਕਿ ਉਹਦੀ ਦੌਲਤ ਤੇ ਸ਼ੋਹਰਤ ਦਾ ਕੋਈ ਅੰਤ ਨਾ ਰਿਹਾ। ਉਹਦੀ ਉੱਚ ਪਾਏ ਦੀ ਖੇਡ ਕਰਕੇ ਨਹੀਂ, ਉਹਦੇ ਨਿਮਰ ਸੁਭਾਅ, ਖੁੱਲ੍ਹਦਿਲੇ ਦਾਨੀ ਤੇ ਸੰਘਰਸ਼ ਭਰੀ ਜ਼ਿੰਦਗੀ ਜਿਉਂਦੇ ਹੋਣ ਕਰਕੇ ਵੀ ਉਹ ਬੰਬਾਲੀ ਦਾ ਮਸੀਹਾ ਮੰਨਿਆ ਜਾਂਦਾ ਹੈ।

ਬੰਬਾਲੀ ਵਿੱਚ ਨਾ ਸਿੱਖਿਆ ਤੇ ਨਾ ਸਿਹਤ ਦੀਆਂ ਸਹੂਲਤਾਂ ਸਨ ਤੇ ਨਾ ਖੇਡਾਂ ਲਈ ਕੋਈ ਚੱਜ ਦਾ ਖੇਡ ਮੈਦਾਨ ਸੀ। ਪਿੰਡ ਦੇ ਵਧੇਰੇ ਲੋਕ ਖੇਤੀਬਾੜੀ ਤੇ ਹੋਰ ਛੋਟੇ ਮੋਟੇ ਕੰਮ ਕਰ ਕੇ ਜੂੰਨ ਗੁਜ਼ਾਰਾ ਕਰਦੇ ਸਨ। ਮਾਨੇ ਦੇ ਮਾਪੇ ਤਾਂ ਆਰਥਿਕ ਪੱਖੋਂ ਕੁਝ ਵਧੇਰੇ ਹੀ ਟੁੱਟੇ ਹੋਏ ਸਨ। ਉਨ੍ਹਾਂ ਦਾ ਸੰਯੁਕਤ ਪਰਿਵਾਰ 40 ਜੀਆਂ ਦਾ ਸੀ। ਉਹਦਾ ਪਿਤਾ ਪਿੰਡ ਦੀ ਮਸਜਿਦ ਦਾ ਇਮਾਮ ਸੀ ਤੇ ਮਾਂ ਘਰੇਲੂ ਸੁਆਣੀ। ਮਾਨੇ ਦੀ ਰੁਚੀ ਛੋਟੇ ਹੁੰਦਿਆਂ ਹੀ ਫੁੱਟਬਾਲ ਖੇਡਣ ਵੱਲ ਸੀ ਪਰ ਉਹਦਾ ਪਿਤਾ ਚਾਹੁੰਦਾ ਸੀ ਕਿ ਉਹ ਇਸਲਾਮ ਦੀ ਸਿੱਖਿਆ ਲੈ ਕੇ ਇਮਾਮ ਬਣੇ। ਉਂਜ ਉਸ ਨੇ ਪੁੱਤਰ ਨੂੰ ਛੁੱਟੀ ਦੇ ਰੱਖੀ ਸੀ ਕਿ ਉਹ ਹਾਣੀਆਂ ਨਾਲ ਫੁਟਬਾਲ ਵੀ ਖੇਡੀ ਜਾਵੇ। ਅਣਹੋਣੀ ਇਹ ਹੋਈ ਕਿ ਮਾਨੇ ਸੱਤਾਂ ਸਾਲਾਂ ਦਾ ਹੀ ਸੀ ਕਿ ਬਾਪ ਦੀ ਅਚਾਨਕ ਮੌਤ ਹੋ ਗਈ।



ਮਾਨੇ ਦੀ ਪਾਲਣਾ ਇਸਲਾਮੀ ਮਾਹੌਲ ਵਿੱਚ ਹੋਈ। ਉਸ ਨੇ ਲਿਖਿਆ, "ਜਦੋਂ ਮੈਂ ਬੱਚਾ ਸਾਂ ਤਾਂ ਮੇਰਾ ਬਾਪ ਮੇਰੇ 'ਤੇ ਫ਼ਖ਼ਰ ਕਰਦਾ ਕਿਹਾ ਕਰਦਾ ਸੀ ਕਿ ਮੈਂ ਵੱਡਾ ਹੋ ਕੇ ਜ਼ਰੂਰ ਕੁਝ ਬਣਾਂਗਾ। ਉਹ ਫਰਾਖ਼ਦਿਲ ਬੰਦਾ ਸੀ। ਜਦੋਂ ਫੌਤ ਹੋਇਆ ਤਾਂ ਮੇਰੇ ਅਤੇ ਸਾਰੇ ਪਰਿਵਾਰ 'ਤੇ ਡਾਢਾ ਸੰਕਟ ਆ ਪਿਆ। ਮੈਂ ਆਪਣੇ ਆਪ ਨੂੰ ਕਿਹਾ: ਹੁਣ ਮੈਨੂੰ ਹੀ ਆਪਣੀ ਮਾਤਾ ਦੀ ਮਦਦ ਤੇ ਸਾਂਭ ਸੰਭਾਲ ਕਰਨੀ ਪਵੇਗੀ। ਪਰ ਮੈਂ ਤਾਂ ਆਪ ਬੱਚਾ ਸਾਂ। ਫਿਰ ਵੀ ਮੈਂ ਜਿੰਨੇ ਜੋਗਾ ਸਾਂ ਆਪਣੀ ਮਾਂ ਦੀ ਸੇਵਾ ਕੀਤੀ।"

ਜਦੋਂ ਹੋਰ ਬੱਚੇ ਮਾਪਿਆਂ ਵੱਲੋਂ ਦਿੱਤੇ ਖਿਡਾਉਣਿਆਂ ਨਾਲ ਖੇਡਦੇ ਤਾਂ ਮਾਨੇ ਲੀਰਾਂ ਤੇ ਪਲਾਸਟਿਕ ਦੀਆਂ ਗੁੱਥੀਆਂ ਨੂੰ ਗੁੰਦ ਕੇ ਬਣਾਈ ਖਿੱਦੋ ਨਾਲ ਖੇਡਦਾ। ਬੂਟ ਨਾ ਜੁੜਦੇ ਤਾਂ ਨੰਗੇ ਪੈਰੀਂ ਖੇਡੀ ਜਾਂਦਾ। ਬਚਪਨ ਦੀਆਂ ਇਹ ਥੁੜਾਂ ਹੀ ਉਸ ਦੀ ਤਾਕਤ ਬਣੀਆਂ। ਜਦੋਂ ਉਹਦੇ ਬਾਪ ਦਾ ਦੇਹਾਂਤ ਹੋਇਆ ਤਾਂ ਉਨ੍ਹਾਂ ਦੇ ਪਰਿਵਾਰ ਦੀ ਆਰਥਿਕ ਹਾਲਤ ਹੋਰ ਵੀ ਨਿੱਘਰ ਗਈ। ਇਸ ਹਾਲਤ ਵਿੱਚ ਉਹਦੀ ਉਮਰ ਦੇ ਬੱਚੇ ਉੱਚੇ ਸੁਪਨੇ ਲੈਣੇ ਛੱਡ ਦਿੰਦੇ ਹਨ ਪਰ ਮਾਨੇ ਨੇ ਸੁਪਨੇ ਲੈਣੇ ਨਾ ਛੱਡੇ। ਉਸ ਦੀ ਮਾਂ ਤੇ ਪਰਿਵਾਰ ਦੇ ਵਡੇਰੇ ਮੈਂਬਰ ਚਾਹੁੰਦੇ ਸਨ ਕਿ ਮਾਨੇ ਸਾਰਾ ਧਿਆਨ ਪੜ੍ਹਾਈ 'ਚ ਲਾਵੇ ਜਦ ਕਿ ਉਸ ਤੋਂ ਫੁੱਟਬਾਲ ਖੇਡੇ ਬਿਨਾਂ ਰਿਹਾ ਨਹੀ ਸੀ ਜਾਂਦਾ।

ਉਨ੍ਹਾਂ ਦਿਨਾਂ 'ਚ ਪੇਂਡੂ ਘਰਾਂ ਵਿੱਚ ਟੀਵੀ ਸੈੱਟ ਨਹੀਂ ਸੀ ਆਏ। ਜਦੋਂ ਕਿਸੇ ਵੱਡੇ ਟੂਰਨਾਮੈਂਟ ਦਾ ਫੁੱਟਬਾਲ ਮੈਚ ਹੁੰਦਾ ਤਾਂ ਪਿੰਡ ਦੇ ਲੋਕ 'ਕੱਠੇ ਹੋ ਕੇ ਮੈਚ ਵੇਖਣ ਦਾ ਪ੍ਰਬੰਧ ਕਰਦੇ। ਮਾਨੇ ਨਾਮੀ ਖਿਡਾਰੀਆਂ ਨੂੰ ਗੋਲ ਕਰਦਿਆਂ ਵੇਖਦਾ ਤਾਂ ਉਹਦੇ ਮਨ 'ਚ ਲੁਹਰੀਆਂ ਉਠਦੀਆਂ ਕਿ ਉਹ ਵੀ ਉਨ੍ਹਾਂ ਵਰਗਾ ਬਣੇਗਾ। ਉਨ੍ਹਾਂ ਦਿਨਾਂ 'ਚ ਕਿਸੇ ਦੇ ਖ਼ਾਬ ਖ਼ਿਆਲ ਵਿੱਚ ਵੀ ਨਹੀਂ ਹੋਣਾ ਕਿ ਟੀਵੀ ਦੇ ਦਰਸ਼ਕਾਂ 'ਚ ਬੈਠਾ ਕਾਲ਼ ਕਲੂਟਾ ਮੁੰਡਾ ਕਿਸੇ ਦਿਨ ਦੁਨੀਆ ਦੇ ਨਾਮੀ ਕਲੱਬਾਂ 'ਚ ਫੁਟਬਾਲ ਖੇਡੇਗਾ। ਨਾ ਸਿਰਫ਼ ਖੇਡੇਗਾ ਬਲਕਿ ਖੇਡਾਂ ਦੀ ਕਮਾਈ ਦਾਨ ਪੁੰਨ ਦੇ ਲੇਖੇ ਵੀ ਲਾਵੇਗਾ।

ਜਦੋਂ ਉਹ 15 ਸਾਲਾਂ ਦਾ ਹੋਇਆ ਤਾਂ ਉਸ ਨੇ ਆਪਣੇ ਇਕ ਦੋਸਤ ਨਾਲ ਰਾਜਧਾਨੀ ਡਾਕਰ ਦੀ ਫੁੱਟਬਾਲ ਅਕੈਡਮੀ 'ਚ ਦਾਖਲ ਹੋਣ ਦੀ ਸਲਾਹ ਕੀਤੀ। ਪਰ ਪਰਿਵਾਰ ਨਹੀਂ ਸੀ ਚਾਹੁੰਦਾ ਕਿ ਉਹ ਪਿੰਡ ਤੋਂ ਸੈਂਕੜੇ ਮੀਲ ਦੂਰ ਅਕੈਡਮੀ ਵਿੱਚ ਦਾਖਲ ਹੋਵੇ। ਪਰਿਵਾਰ ਨੂੰ ਫੁੱਟਬਾਲ 'ਚ ਕੋਈ ਭਵਿੱਖ ਨਹੀਂ ਸੀ ਦਿਸਦਾ। ਪਰ ਮਾਨੇ ਆਪਣਾ ਸੁਪਨਾ ਸਾਕਾਰ ਕਰਨ ਲਈ ਬਚਪਨ ਦੇ ਦੋਸਤ ਨਾਲ ਡਾਕਰ ਵੱਲ ਦੌੜ ਗਿਆ। ਉਹ ਪਿੰਡ ਤੋਂ ਸੈਂਕੜੇ ਕਿਲੋਮੀਟਰ ਦਸ਼ੂਰ ਡਕਾਰ ਪਹੁੱਚੇ ਤਾਂ ਉਨ੍ਹਾਂ ਕੋਲ ਨਾ ਚੰਗੇ ਕੱਪੜੇ ਸਨ ਅਤੇ ਨਾ ਹੀ ਜੇਬ 'ਚ ਪੈਸੇ।

ਜਦੋਂ ਉਹ ਫੁਟਬਾਲ ਅਕੈਡਮੀ 'ਚ ਟਰਾਇਲ ਦੇਣ ਗਏ ਤਾਂ ਦਰਸ਼ਕਾਂ ਨੇ ਉਨ੍ਹਾਂ ਦੀ ਦਿੱਖ ਦੇਖ ਕੇ ਸੋਚਿਆ ਕਿ ਇਹ ਮੁੰਡੇ ਤਾਂ ਐਵੇਂ ਸੈਰ ਸਪਾਟਾ ਕਰਨ ਆਏ ਹੋਣਗੇ। ਪਰ ਜਿਉਂ ਹੀ ਮਾਨੇ ਨੇ ਬਾਲ ਪੈਰਾਂ ਮੂਹਰੇ ਲਾਈ ਤਾਂ ਹਰ ਕੋਈ ਹੈਰਾਨ ਰਹਿ ਗਿਆ! ਉਹਦੀ ਤੇਜ਼ ਰਫ਼ਤਾਰ, ਡ੍ਰਿਬਲਿੰਗ ਅਤੇ ਆਤਮ ਵਿਸਵਾਸ ਨੇ ਕੋਚਾਂ ਨੂੰ ਅਜਿਹਾ ਪ੍ਰਭਾਵਿਤ ਕੀਤਾ ਕਿ ਉਹਦੀ ਚੋਣ ਹੋ ਗਈ।

ਅਕੈਡਮੀ 'ਚ ਸਾਦਿਓ ਮਾਨੇ ਨੇ ਦਿਨ-ਰਾਤ ਮਿਹਨਤ ਕੀਤੀ। ਕੋਚਾਂ ਦਾ ਕਹਿਣਾ ਸੀ ਕਿ ਮਾਨੇ ਕੋਲ ਕੁਦਰਤੀ ਪ੍ਰਤਿਭਾ ਤਾਂ ਸੀ ਹੀ, ਉਸ ਤੋਂ ਵੀ ਵੱਡੀ ਗੱਲ ਸੀ ਕਿ ਉਹ ਰੋਜ਼ਲ਼ ਆਪਣੇ ਆਪ ਨੂੰ ਬਿਹਤਰ ਬਣਾਉਣ ਦੀ ਕੋਸ਼ਿਸ਼ ਕਰਦਾ ਸੀ। ਉਹ ਆਪਣੀਆਂ ਗਲਤੀਆਂ ਨੋਟ ਕਰਦਾ ਅਤੇ ਉਨ੍ਹਾਂ ਨੂੰ ਸੁਧਾਰਦਾ ਰਹਿੰਦਾ। ਉਸ ਦੀ ਹੋਣਹਾਰ ਪ੍ਰਤਿਭਾ ਨੇ ਜਲਦੀ ਹੀ ਯਸ਼ਰੂਪੀ ਕਲੱਬਾਂ ਦਾ ਧਿਆਨ ਖਿੱਚ ਲਿਆ।

2011 'ਚ ਮਾਨੇ ਨੇ ਫਰਾਂਸ ਦੇ ਕਲੱਬ ਮੈਟਜ਼ਲ਼ ਨਾਲ ਖੇਡਣ ਦਾ ਪਹਿਲਾ ਕਰਾਰ ਕੀਤਾ। ਮੈਟਜ਼ਲ਼ ਲਈ ਖੇਡਦੇ ਹੋਏ ਉਸ ਨੇ ਆਪਣੀ ਰਫ਼ਤਾਰ, ਡ੍ਰਿਬਲਿੰਗ ਤੇ ਹਮਲਾਵਰ ਖੇਡ ਨਾਲ ਸਭਨਾਂ ਦਾ ਧਿਆਨ ਆਪਣੇ ਵੱਲ ਖਿੱਚਿਆ। ਬਚਪਨ 'ਚ ਜਿਹੜਾ ਮੁੰਡਾ ਲੀਰਾਂ ਦੀ ਬਣੀ ਖਿੱਦੋ ਨਾਲ ਨੰਗੇ ਪੈਰੀਂ ਖੇਡਦਾ ਸੀ, ਉਹੀ ਯਸ਼ਰੂਪ ਦੇ ਵੱਡੇ ਸਟੇਡੀਅਮਾਂ ਵਿੱਚ ਲੱਖਾਂ ਦਰਸ਼ਕਾਂ ਸਾਹਮਣੇ ਗੋਲ ਕਰਨ ਵਾਲਾ ਮਹਾਨ ਫੁੱਟਬਾਲਰ ਬਣ ਗਿਆ।

2012 'ਚ ਉਹ ਆਸਟਰੀਆ ਦੇ ਪ੍ਰਸਿੱਧ ਕਲੱਬ ਰੈੱਡ ਬੁੱਲ ਸਾਲਜਲ਼ਬਰਗ ਨਾਲ ਜੁੜ ਗਿਆ। ਸਾਲਜਲ਼ਬਰਗ ਦੇ ਕੋਚਾਂ ਨੇ ਉਸ ਨੂੰ ਤੇਜਲ਼ ਦੌੜਨਾ ਹੀ ਨਹੀਂ, ਸਗੋਂ ਸਹੀ ਸਮੇਂ 'ਤੇ ਪਾਸ ਦੇਣਾ, ਦਬਾਅ ਵਿੱਚ ਸਲ਼ਾਂਤ ਰਹਿਣਾ ਤੇ ਟੀਮ ਲਈ ਖੇਡਣਾ ਸਿਖਾਇਆ। 2013-14 ਦਾ ਸੀਜਲ਼ਨ ਉਹਦੇ ਲਈ ਯਾਦਗਾਰੀ ਰਿਹਾ।

2014 ਵਿੱਚ ਇੰਗਲੈਂਡ ਦੇ ਪ੍ਰੀਮੀਅਰ ਲੀਗ ਦੇ ਕਲੱਬ ਸਾਊਥਹੈਂਪਟਨ ਨੇ ਮਾਨੇ ਨੂੰ ਆਪਣੇ ਨਾਲ ਜੋੜ ਲਿਆ।

ਪ੍ਰੀਮੀਅਰ ਲੀਗ ਦੁਨੀਆ ਦੀ ਸਭ ਤੋਂ ਮਿਆਰੀ ਫੁੱਟਬਾਲ ਲੀਗ ਮੰਨੀ ਜਾਂਦੀ ਹੈ। ਮਾਨੇ ਨੇ ਆਉਣ ਸਾਰ ਆਪਣੀ ਸ਼ਾਨਦਾਰ ਛਾਪ ਛੱਡੀ।

ਬਾਕੀ ਹਿਸਾ ਸਫਾ 58 ਤੇ ਪੜ੍ਹੋ

57 ਸਫ਼ੇ ਦੀ ਬਾਕੀ

ਮਈ 2015 'ਚ ਸਾਊਥੈਂਪਟਨ ਵੱਲੋਂ ਉਸ ਨੇ ਔਸਟਨ ਵਿਲਾ ਵਿਰੁੱਧ 2 ਮਿੰਟ 56 ਸਕਿੰਟ 'ਚ ਹੈਟ੍ਰਿਕ ਲਗਾ ਕੇ ਪ੍ਰੀਮੀਅਰ ਲੀਗ ਦੇ ਇਤਿਹਾਸ ਦੀ ਸਭ ਤੋਂ ਤੇਜ਼ਲ਼ ਹੈਟ੍ਰਿਕ ਲਾਉਣ ਦਾ ਰਿਕਾਰਡ ਰੱਖਿਆ।

2016 ਵਿੱਚ ਇੰਗਲੈਂਡ ਦੇ ਕਲੱਬ ਲਿਵਰਪਸ਼ੂਲ ਨੇ ਉਸ ਨੂੰ ਆਪਣੇ ਨਾਲ ਜੋੜ ਲਿਆ। ਮਾਨੇ ਨੇ ਆਪਣਾ ਪਹਿਲਾ ਹੀ ਸੀਜ਼ਲ਼ਨ ਸ਼ਲ਼ਾਨਦਾਰ ਤਰੀਕੇ ਨਾਲ ਖੇਡਿਆ। 2017-18 ਦੇ ਯਸ਼ੁਈਐਫਏ ਚੈਂਪੀਅਨਜ਼ਲ਼ ਲੀਗ ਸੀਜ਼ਲ਼ਨ ਵਿੱਚ ਮਾਨੇ ਨੇ ਕਈ ਗੋਲ ਕੀਤੇ ਜਿਸ ਨਾਲ ਲਿਵਰਪਸ਼ੂਲ ਫਾਈਨਲ ਤੱਕ ਪਹੁੱਚ ਗਿਆ। 2018 ਤੋਂ 2022 ਦਾ ਸਮਾਂ ਮਾਨੇ ਦੇ ਕੈਰੀਅਰ ਦਾ ਸਭ ਤੋਂ ਸ਼ਲ਼ਾਨਦਾਰ ਦੌਰ ਮੰਨਿਆ ਜਾਂਦਾ ਹੈ। ਇਸ ਦੌਰਾਨ ਉਸ ਨੇ ਨਾ ਸਿਰਫਲ਼ ਲਿਵਰਪਸ਼ੂਲ ਨੂੰ ਕਈ ਇਤਿਹਾਸਕ ਖ਼ਿਤਾਬ ਜਿਤਾਏ, ਸਗੋਂ ਆਪਣੇ ਦੇਸਲ਼ ਸੇਨੇਗਲ ਨੂੰ ਵੀ ਪਹਿਲੀ ਵਾਰ ਅਫਰੀਕਾ ਦਾ ਚੈਂਪੀਅਨ ਬਣਾਉਣ 'ਚ ਅਹਿਮ ਭਸ਼ੂਮਿਕਾ ਨਿਭਾਈ. 2018-19 ਦੇ ਸੀਜ਼ਲ਼ਨ 'ਚ ਲਿਵਰਪਸ਼ੂਲ ਨੇ ਦੁਨੀਆ ਦੀਆਂ ਸਭ ਤੋਂ ਮਜਲ਼ਬਸ਼ੂਤ ਟੀਮਾਂ ਵਿੱਚ ਆਪਣੀ ਜਗ੍ਹਾ ਬਣਾ ਲਈ। ਉਸ ਸੀਜ਼ਲ਼ਨ ਵਿੱਚ ਮਾਨੇ ਨੇ ਪ੍ਰੀਮੀਅਰ ਲੀਗ 'ਚ 22 ਗੋਲ ਕੀਤੇ ਤੇ ਗੋਲਡਨ ਬਸ਼ੂਟ ਦਾ ਖ਼ਿਤਾਬ ਸਾਂਝੇ ਤੌਰ 'ਤੇ ਆਪਣੇ ਨਾਮ ਕੀਤਾ। 2019-20 ਦੇ ਪ੍ਰੀਮੀਅਰ ਲੀਗ ਸੀਜ਼ਲ਼ਨ ਵਿੱਚ ਵੀ ਟੀਮ ਨੇ ਸਲ਼ੁਰਸ਼ੂ ਤੋਂ ਹੀ ਸ਼ਲ਼ਾਨਦਾਰ ਪ੍ਰਦਰਸਲ਼ਨ ਕੀਤਾ।ਮਾਨੇ ਦਾ ਸੁਪਨਾ ਆਪਣੇ ਦੇਸਲ਼ ਸੇਨੇਗਲ ਨੂੰ ਕੋਈ ਵੱਡਾ ਖ਼ਿਤਾਬ ਜਿਤਾਉਣਾ ਸੀ। ਕਈ ਸਾਲਾਂ ਤੋਂ ਸੇਨੇਗਲ ਦੀ ਟੀਮ ਤਕੜੀ ਹੋਣ ਦੇ ਬਾਵਜਸ਼ੂਦ ਅਫਰੀਕਾ ਦਾ ਕੱਪ ਆਫਲ਼ ਨੇਸਲ਼ਨਜਲ਼ ਨਹੀਂ ਸੀ ਜਿੱਤ ਸਕੀ। 2021 ਦੇ ਅਫਰੀਕਾ ਕੱਪ ਆਫਲ਼ ਨੇਸਲ਼ਨਜਲ਼ ਵਿੱਚ ਮਾਨੇ ਨੇ ਕਪਤਾਨ ਵਜੋਂ ਟੀਮ ਦੀ ਅਗਵਾਈ ਕੀਤੀ। ਫਾਈਨਲ 'ਚ ਸੇਨੇਗਲ ਦਾ ਮੁਕਾਬਲਾ ਮਿਸਰ ਨਾਲ ਸੀ। ਇਹ ਮੈਚ ਦੋ ਦੇਸਲ਼ਾਂ ਦਾ ਨਹੀਂ, ਸਗੋਂ ਦੁਨੀਆ ਦੇ ਦੋ ਮਹਾਨ ਅਫਰੀਕੀ ਫੁਟਬਾਲਰਾਂ ਦਾ ਵੀ ਮੁਕਾਬਲਾ ਸੀ। ਪੂਰੇ ਸਮੇਂ ਤੇ ਵਾਧਸ਼ੂ ਸਮੇਂ 'ਚ ਕੋਈ ਗੋਲ ਨਾ ਹੋਣ ਕਰਕੇ ਮੈਚ ਪੈਨਲਟੀ ਸਲ਼ਸ਼ੂਟਆਊਟ 'ਚ ਚਲਾ ਗਿਆ। ਸੇਨੇਗਲ ਲਈ ਆਖਲ਼ਰੀ ਅਤੇ ਫੈਸਲਾਕੁਨ ਪੈਨਲਟੀ ਲੈਣ ਦੀ ਜ਼ਿਮੇਵਾਰੀ ਸਾਦਿਓ ਮਾਨੇ ਨੂੰ ਮਿਲੀ। ਪਸ਼ੂਰੇ ਦੇਸਲ਼ ਦੀਆਂ ਨਜਲ਼ਰਾਂ ਉਹਦੇ 'ਤੇ ਸਨਮਾਨੇ ਨੇ ਪਸ਼ੂਰੇ ਆਤਮ ਵਿਸਲ਼ਵਾਸ ਨਾਲ ਗੇਂਦ ਨੂੰ ਜਾਲ ਵਿੱਚ ਪਹੁੱਚਾ ਦਿੱਤਾ। ਇਸ ਗੋਲ ਨਾਲ ਸੇਨੇਗਲ ਨੇ ਇਤਿਹਾਸ ਦਾ ਪਹਿਲਾ ਅਫਰੀਕਾ ਕੱਪ ਜਿੱਤ ਲਿਆ। ਸਾਦੀਓ ਮਾਨੇ ਨੂੰ ਸਿਰਫਲ਼ ਇੱਕ ਮਹਾਨ ਫੁੱਟਬਾਲਰ ਵਜੋਂ ਹੀ ਨਹੀਂ, ਸਗੋਂ ਇੱਕ ਮਹਾਨ ਇਨਸਾਨ ਵਜੋਂ ਵੀ ਯਾਦ ਕੀਤਾ ਜਾਵੇਗਾ। ਉਸ ਦੀ ਕਹਾਣੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਹ ਸੰਦੇਸਲ਼ ਦਿੰਦੀ ਰਹੇਗੀ ਕਿ ਅਸਲੀ ਸਫਲਤਾ ਆਪਣੇ ਲਈ ਨਹੀਂ, ਸਗੋਂ ਦਸ਼ੂਜਿਆਂ ਦੀ ਜ਼ਿੰਦਗੀ ਵਿੱਚ ਵੀ ਖੇੜਾ ਲਿਆਉਣ 'ਚ ਹੁੰਦੀ ਹੈ।

2019 ਵਿੱਚ ਮਾਨੇ ਨੇ 250000 ਪੌਂਡ ਬੰਬਾਲੀ 'ਚ ਵੱਡਾ ਸਕੂਲ ਬਣਾਉਣ ਲਈ ਦਿੱਤੇ ਸਨ। ਮਾਰਚ 2020 ਵਿੱਚ ਮਾਨੇ ਨੇ 41000 ਪੌਂਡ ਕੋਵਿਡ ਦੇ ਕਹਿਰ ਤੋਂ ਖੁਲਾਸੀ ਪਾਉਣ ਲਈ ਨੈਸ਼ਨਲ ਕਮੇਟੀ ਨੂੰ ਦਿੱਤੇ ਸਨ। 500000 ਪੌਂਡ ਬੰਬਾਲੀ 'ਚ ਹਸਪਤਾਲ ਬਣਾਉਣ ਲਈ ਦਿੱਤੇ। ਪਿੰਡ 'ਚ ਪਟਰੋਲ ਪੰਪ ਲੁਆਇਆ, ਵਿਦਿਆਰਥੀਆਂ ਨੂੰ ਫ੍ਰੀ ਲੈਪਟੌਪ ਦਿੱਤੇ ਤੇ ਹੁਸ਼ਿਆਰ ਵਿਦਿਆਰਥੀਆਂ ਲਈ ਵਜ਼ੀਫ਼ੇ ਲਾਏ। ਗੱਲ ਕੀ ਪੇਂਡੂਆਂ ਦੀ ਭਰਪੂਰ ਮਦਦ ਕੀਤੀ। ਉਸ ਵੱਲੋਂ ਦਿੱਤੀ ਕੁਲ ਸਹਾਇਆ ਦਾ ਜੋੜ 7 ਲੱਖ ਪੌਂਡ ਤੋਂ ਵੀ ਵੱਧ ਬਣਦਾ ਹੈ। ਸੇਨੇਗਲ ਦੇ ਸਦਰ ਵੱਲੋਂ ਮਾਨੇ ਨੂੰ ਗ੍ਰੈਂਡ ਆਫੀਸਰ ਆਫਲ ਦਾ ਨੈਸ਼ਨਲ ਆਰਡਰ ਆਫ਼ ਦਾ ਲਿਓਨ ਨਿਯੁਕਤ ਕੀਤਾ ਗਿਆ ਹੈ।

ਫੁੱਟਬਾਲ ਖੇਡਣ ਵਿੱਚ ਰੁੱਝੇ ਰਹਿਣ ਕਾਰਨ ਉਸ ਦਾ ਨਿਕਾਹ ਆਇਸ਼ਾ ਟਾਂਬਾ ਨਾਲ 7 ਜਨਵਰੀ 2021 ਨੂੰ ਹੋ ਸਕਿਆ। ਵੇਖਦੇ ਹਾਂ ਜੋੜੇ ਦੇ ਬੱਚੇ ਕਿਹੋ ਜਿਹੇ ਖਿਡਾਰੀ ਤੇ ਪਰਉਪਕਾਰੀ ਨਿਕਲਦੇ ਹਨ?

*principalsarwansingh@gmail.com*

# ਪੇਰੂ ਵਿਖੇ ਹੋਏ ਜਹਾਜ਼ ਹਾਦਸੇ ਵਿੱਚ 7 ਇਟਾਲੀਅਨ ਸਮੇਤ 13 ਲੋਕਾਂ ਦੀ ਮੌਤ



ਰੋਮ ਇਟਲੀ-ਗੁਰਸ਼ਰਨ ਸਿੰਘ ਸੋਨੀ)-ਪੇਰੂ ਵਿੱਚ ਇੱਕ ਯਾਤਰੀ ਜਹਾਜ਼ ਉਡਾਣ ਦੌਰਾਨ ਹਾਦਸਾਗ੍ਰਸਤ ਹੋ ਜਾਣ ਕਾਰਨ 7 ਇਟਾਲੀਅਨ ਸਮੇਤ 13 ਲੋਕਾਂ ਦੀ ਦਰਦਨਾਕ ਹੋ ਜਾਣ ਦੀ ਘਟਨਾ ਦਾ ਖਬ ਸਾਹਮੁਣੇ ਆ ਰਹੀ ਹੈ। ਮਿਲੀ ਜਾਣਕਾਰੀ ਅਨੁਸਾਰ ਦੱਖਣੀ ਪੇਰੂ ਵਿੱਚ ਦੁਪਿਹਰ 1 ਵਜੇ ਉਸ ਵੇਲੇ ਵੱਡਾ ਹਾਦਸਾ ਵਾਪਰ ਗਿਆ ਜਦੋਂ ਇੱਕ ਛੋਟਾ ਸੈਲਾਨੀ ਜਹਾਜ਼ ਪੇਰੂ ਦੀ ਏਅਰਲਾਈਨ ਐਰੋਡੀਆਨਾ ਦੁਆਰਾ ਸੰਚਾਲਿਤ ਇੱਕ ਸੇਸਨਾ ਗ੍ਰੈਂਡ ਕੈਰਾਵੈਨ 208ਬੀ ਯੂਨੈਸਕੋ ਦੁਆਰਾ ਮਾਨਤਾ ਪ੍ਰਾਪਤ ਨਾਜ਼ਕਾ ਲਾਈਨਾਂ ਉੱਤੇ ਉਡਾਣ ਭਰਨ ਦੀ ਤਿਆਰੀ ਕਰ ਰਿਹਾ ਸੀ ਅਚਾਨਕ ਕੰਟਰੋਲ ਟਾਵਰ ਨਾਲ ਸੰਪਰਕ ਟੁੱਟਣ ਕਾਰਨ ਉਚਾਈ ਤੋਂ ਹੇਠਾ ਵੱਲ ਡਿੱਗ ਪਿਆ ਤੇ ਹਾਦਸਾ ਗ੍ਰਸਤ ਹੁੰਦਿਆਂ ਹੀ ਅੱਗ ਦੀ ਚਪੇਟ ਵਿੱਚ ਆ ਗਿਆ ਜਿਸ ਕਾਰਨ ਜਹਾਜ਼ ਵਿੱਚ ਸਵਾਰ 13 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆ ਵਿੱਚ 2 ਪਾਇਲਟ, 2 ਜਰਮਨ ਸੈਨਾਲੀ, 2 ਸਪੈਨਿਸ਼ ਸੈਲਾਨੀਆਂ ਸਮੇਤ 7 ਇਟਾਲੀਅਨ ਮੂਲ ਦੇ ਲੋਕ ਸ਼ਾਮਿਲ ਸਨ। ਪੁਲਸ ਅਧਿਕਾਰੀ ਘਟਨਾ ਦਾ ਕਾਰਨਾ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਇਸ ਘਟਨਾ ਤੋਂ ਬਾਅਦ ਇਟਾਲੀਅਨ ਭਾਈਚਾਰੇ ਵਿੱਚ ਸੋਗ ਦੀ ਲਹਿਰ ਹੈ ਤੇ ਇਟਲੀ ਦੀ ਮੇਲੋਨੀ ਸਰਕਾਰ ਵੱਲੋਂ ਵੀ ਇਸ ਘਟਨਾ ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ।

# ਨਿੰਦਾ ਭਲੀ ਕਿਸੀ ਕੀ ਨਾਹੀ ॥

ਹਰਕੀਰਤ ਕੌਰ
83608 75418

ਨਿੰਦਿਆ ਦਾ, ਬੁਰਾਈ ਦਾ ਅੰਤ ਕਿੱਡਾ ਕੁ ਹੋ ਸਕਦਾ ਹੈ। ਮੇਰੇ ਖਿਆਲ ਨਾਲ ਸਿਫਰ। ਜੇਕਰ ਤੁਸੀਂ ਇੱਕ ਵਾਰ ਕਿਸੇ ਨੂੰ ਆਪਣੀ ਨਿੰਦਿਆ ਕਰਦੇ ਸੁਣ ਲਿਆ ਅਤੇ ਜੇਕਰ ਹਜ਼ਾਰ ਵਾਰ ਵੀ ਸੁਣ ਲਵੋਂਗੇ ਤਾਂ ਉਹ ਬਰਾਬਰ ਹੈ। ਉਸ ਇਨਸਾਨ ਨੇ ਜੋ ਤੁਹਾਡੇ ਬਾਰੇ ਨਜ਼ਰੀਆ ਘੜਣਾ ਸੀ ਉਹ ਘੜ ਚੁੱਕਿਆ ਹੈ ਸਾਇਦ ਤਾਅ ਉਮਰ ਉਹ ਤੁਹਾਨੂੰ ਓਸੇ ਨਜ਼ਰੀਏ ਨਾਲ ਹੀ ਵੇਖੇਂਗਾ। ਬਹੁਤ ਘੱਟ ਮੌਕੇ ਹੁੰਦੇ ਹਨ ਕਿ ਕੋਈ ਗਲਤੀ ਮੰਨ ਇਹ ਕਹਿ ਦੇਵੇ ਭਾਈ ਮਾਫ ਕਰੀਂ ਮੈਂ ਤਾਂ ਤੇਰੇ ਬਾਰੇ ਐਂਵੇ ਹੀ ਗਲਤ ਸੋਚਦਾ ਰਹਿਆ, ਪਰ ਗਲਤੀ ਮੰਨਣੀ ਇਹ ਨਿਮਰਤਾ ਦਾ ਗੁਣ ਹੈ। ਨਿੰਦਕ ਬੰਦਾ ਕਦੇ ਨਿਮਰਤਾ 'ਚ ਨਹੀ ਆ ਸਕਦਾ। ਨਿੰਦਿਆ ਔਲਾਦ ਹੀ ਹੰਕਾਰ ਦੀ ਹੈ। ਜਦੋਂ ਤੁਸੀਂ ਕਿਸੇ ਦੇ ਹੰਕਾਰ ਨੂੰ ਸੱਟ ਮਾਰਦੇ ਹੋ ਤਾਂ ਫਿਰ ਨਿੰਦਿਆ ਜਨਮ ਲੈਂਦੀ ਹੈ। ਨਿੰਦਕ ਆਪਣੀ ਹਉਮੈ ਨੂੰ ਪਾਣੀ ਦੇਣ ਦਾ ਕੰਮ ਨਿੰਦਿਆ ਤੋਂ ਲੈਂਦੇ ਹਨ। ਨਿੰਦਕ ਬੰਦਾ ਦੂਸਰਿਆਂ ਦੀ ਨਿੰਦਿਆ ਕਰਕੇ ਆਪਣੀ ਰੂਹ ਨੂੰ ਸ਼ਾਤ ਕਰ ਲੈਂਦਾ ਪਰ ਸੱਚ ਇਹ ਹੁੰਦਾ ਕਿ ਉਹ ਤਾਂ ਖੁਦ ਜਲ ਰਿਹਾ ਹੁੰਦਾ ਈਰਖਾ, ਦਵੈਸ਼, ਹੰਕਾਰ ਦੇ ਜਵਾਹਰਭਾਟੇ ਵਿੱਚ। ਉਹ ਕਦੇ ਸ਼ਾਤ ਨਹੀਂ ਹੋ ਸਕਦਾ, ਉਸਦੀ ਚੜ੍ਹਦੀ ਸਵੇਰ ਅਤੇ ਰਾਤ ਦੀ ਆਖਰੀ ਗੱਲ ਵਿੱਚ ਕਿਸੇ ਦੀ ਬੁਰਾਈ ਹੀ ਛੁਪੀ ਹੁੰਦੀ। ਨਿੰਦਕ ਬੰਦੇ ਦਾ ਹਾਲ ਇੱਕ ਭਟਕਦੀ ਰੂਹ ਵਰਗਾ ਹੁੰਦਾ ਜਿਸਨੂੰ ਕਿਧਰੇ ਵੀ ਸ਼ਾਂਤੀ ਨਹੀਂ ਮਿਲਦੀ। ਜਦੋਂ ਤੁਸੀਂ ਲੋਕਾਂ ਨੂੰ ਮਿਲਦੇ ਹੋ, ਗੱਲਾਂ ਕਰਦੇ ਹੋ ਤਾਂ ਤੁਹਾਡੀਆਂ ਗੱਲਾਂ ਦਾ ਵਿਸ਼ਾ ਕੀ ਹੈ? ਤੁਸੀਂ ਲੋਕਾਂ ਨੂੰ ਕਿਸ ਨਜ਼ਰੀਏ ਨਾਲ ਵੇਖਦੇ ਹੋ, ਕੀ ਤੁਸੀਂ ਕਿਸੇ ਤੋਂ ਹੱਦ ਤੋਂ ਵੱਧ ਪ੍ਰਭਾਵਿਤ ਹੋ ਰਹੇ ਹੋ ਜਾਂ ਤੁਹਾਨੂੰ ਹਰ ਇੱਕ ਵਿੱਚ ਕੋਈ ਨਾ ਕੋਈ ਬੁਰਾਈ ਹੀ ਦਿਸ ਰਹੀ ਹੈ , ਇਸ ਸਭ ਤੋਂ ਤੁਹਾਡੀ ਸ਼ਖਸੀਅਤ ਦਾ, ਵਿਵਹਾਰ ਦਾ, ਸੋਚ ਦਾ ਬਹੁਤ ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਨਿੰਦਿਆ ਸਿਰਫ਼ ਕਿਸੇ ਦੀ ਪਿੱਠ ਪਿੱਛੇ ਕੀਤੀ ਗਈ ਗੱਲਬਾਤ ਜਾਂ ਅੱਖਰਾਂ ਦਾ ਫੇਰ-ਬਦਲ ਨਹੀਂ ਹੈ, ਬਲਕਿ ਇਹ ਮਨੁੱਖੀ ਮਨ ਦੇ ਅੰਦਰਲੇ ਅਧੂਰੇਪਨ ਅਤੇ ਅਸੁਰੱਖਿਆ ਦੀ ਇੱਕ ਡੂੰਘੀ ਦਾਰਸ਼ਨਿਕ ਝਲਕ ਹੈ। ਮਨੋਵਿਗਿਆਨਕ ਦ੍ਰਿਸ਼ਟੀ ਤੋਂ, ਜਦੋਂ ਕੋਈ ਵਿਅਕਤੀ ਦੂਜੇ ਦੀ ਨਿੰਦਿਆ ਕਰਦਾ ਹੈ, ਤਾਂ ਉਹ ਅਸਲ ਵਿੱਚ ਦੂਜੇ ਦੇ ਚਰਿੱਤਰ ਦੀ ਨਹੀਂ, ਬਲਕਿ ਆਪਣੇ ਹੀ ਮਨ ਦੀ ਅਸ਼ਾਂਤੀ ਅਤੇ ਈਰਖਾ ਦੀ ਨੁਮਾਇਸ਼ ਕਰ ਰਿਹਾ ਹੁੰਦਾ ਹੈ। ਇਹ ਆਪਣੀਆਂ ਕਮੀਆਂ ਨੂੰ ਛੁਪਾਉਣ ਅਤੇ ਖੁਦ ਨੂੰ ਮਨੋਵਿਗਿਆਨਕ ਤੌਰ 'ਤੇ ਉੱਪਰ ਚੁੱਕਣ ਦਾ ਇੱਕ ਭਰਮ-ਭਰਿਆ ਸਹਾਰਾ ਹੈ। ਸਾਹਿਤਕ ਅਤੇ ਅਧਿਆਤਮਿਕ ਨਜ਼ਰੀਏ ਤੋਂ, ਨਿੰਦਿਆ ਉਸ ਧੁੰਦ ਵਰਗੀ ਹੈ ਜੋ ਨਿੰਦਕ ਦੀ ਆਪਣੀ ਹੀ ਆਤਮਾ ਦੇ ਆਈਨੇ ਨੂੰ ਧੁੰਦਲਾ ਕਰ ਦਿੰਦੀ ਹੈ, ਜਿਸ ਨਾਲ ਉਹ ਜ਼ਿੰਦਗੀ ਦੇ ਸੱਚ ਅਤੇ ਖੂਬਸੂਰਤੀ ਨੂੰ ਦੇਖਣ ਤੋਂ ਵਾਂਝਾ ਰਹਿ ਜਾਂਦਾ ਹੈ। ਇਹ ਦੂਜੇ ਨੂੰ ਨੀਵਾਂ ਦਿਖਾਉਣ ਦੀ ਇੱਕ ਅਜਿਹੀ ਅਸਫਲ ਕੋਸ਼ਿਸ਼ ਹੈ, ਜਿਸ ਵਿੱਚ ਇਨਸਾਨ ਖੁਦ ਆਪਣੇ ਹੀ ਨੈਤਿਕ ਮਿਆਰਾਂ ਤੋਂ ਗਿਰ ਜਾਂਦਾ ਹੈ। ਪਰਾਈ ਨਿੰਦਿਆ ਅਸਲ ਵਿੱਚ ਆਪਣੇ ਆਪ ਨਾਲ ਲੜੀ ਜਾ ਰਹੀ ਇੱਕ ਅੰਦਰੂਨੀ ਜੰਗ ਦਾ ਬਾਹਰੀ ਪ੍ਰਗਟਾਵਾ ਹੈ।



ਨਿੰਦਿਆ ਕਿਸੇ ਦੂਸਰੇ ਵਿਅਕਤੀ ਦਾ ਲੇਖਾ-ਜੋਖਾ ਨਹੀਂ, ਬਲਕਿ ਨਿੰਦਕ ਦੇ ਆਪਣੇ ਹੀ ਅੰਦਰਲੇ ਖਾਲੀਪਨ ਦਾ ਹੋਕਾ ਹੈ। ਜਦੋਂ ਅਸੀਂ ਕਿਸੇ ਦੀ ਸ਼ਖਸੀਅਤ 'ਤੇ ਉਂਗਲ ਉਠਾਉਂਦੇ ਹਾਂ, ਤਾਂ ਬਾਕੀ ਦੀਆਂ ਉਂਗਲਾਂ ਸਾਡੇ ਆਪਣੇ ਹੀ ਕਿਰਦਾਰ ਵੱਲ ਮੁੜ ਰਹੀਆਂ ਹੁੰਦੀਆਂ ਹਨ। ਸੱਚ ਇਹੀ ਹੈ ਕਿ ਨਿੰਦਿਆ ਦੀ ਅੱਗ ਪਹਿਲਾਂ ਉਸੇ ਜੰਗਲ ਨੂੰ ਸੁਆਹ ਕਰਦੀ ਹੈ ਜਿਸ ਵਿੱਚੋਂ ਇਹ ਪੈਦਾ ਹੁੰਦੀ ਹੈ।

ਜ਼ਿੰਦਗੀ ਦਾ ਅਸਲ ਸੁਹਜ ਅਤੇ ਮਨੋਵਿਗਿਆਨਕ ਮੁਕਤੀ ਦੂਜਿਆਂ ਦੀਆਂ ਕਮੀਆਂ ਫਰੋਲਣ ਵਿੱਚ ਨਹੀਂ, ਬਲਕਿ ਆਪਣੇ ਅੰਦਰ ਝਾਤੀ ਮਾਰ ਕੇ ਖੁਦ ਨੂੰ ਸੰਵਾਰਨ ਵਿੱਚ ਹੈ। ਜਿਸ ਦਿਨ ਮਨੁੱਖ ਪਰਾਈ ਆਲੋਚਨਾ ਦੇ ਇਸ ਹਨੇਰੇ ਰਸਤੇ ਨੂੰ ਛੱਡ ਕੇ ਸਵੈ-ਪੜਚੋਲ ਦੀ ਰੌਸ਼ਨੀ ਵੱਲ ਤੁਰ ਪੈਂਦਾ ਹੈ, ਉਸ ਦਿਨ ਉਸ ਦੀ ਆਤਮਾ ਸੁਤੰਤਰ ਹੋ ਜਾਂਦੀ ਹੈ ਅਤੇ ਸਮਾਜ ਵਿੱਚ ਸ਼ਬਦਾਂ ਦੀ ਨਹੀਂ, ਬਲਕਿ ਅਹਿਸਾਸਾਂ ਦੀ ਖੂਬਸੂਰਤੀ ਮਹਿਕਣ ਲੱਗਦੀ ਹੈ।

ਇਸ ਲਈ ਕਿਸੇ ਨੂੰ ਬੁਰਾ ਕਹਿਣ ਤੋਂ ਪਹਿਲਾਂ ਇਹ ਸੋਚੀਏ ਕਿ ਮੈਂ ਜੋ ਕਹਿ ਰਿਹਾ ਹਾਂ, ਇਹ ਕਿਸ ਮਨਛਾ ਨਾਲ ਕਹਿ ਰਿਹਾ, ਇਸ ਲਈ ਕਿਉਕਿ ਉਹ ਸੱਚਮੁੱਚ ਬੁਰਾ ਹੈ? ਇਸ ਲਈ ਕਿਉਂਕਿ ਉਹ ਮੈਨੂੰ ਪਸੰਦ ਨਹੀਂ ? ਜਾਂ ਇਸ ਲਈ ਕਿਉਂਕਿ ਉਸਦੀ ਸ਼ਖਸੀਅਤ ਤੁਹਾਡੀ ਸ਼ਖਸੀਅਤ ਤੇ ਭਾਰੂ ਪੈ ਰਹੀ ਹੈ? ਜੇਕਰ ਇਹਨਾਂ ਵਿਚੋਂ ਕੋਈ ਵੀ ਉੱਤਰ ਆਉਂਦਾ ਤਾਂ ਓਸੇ ਵੇਲੇ ਰੁਕ ਜਾਈਏ ਕਿਉਂਕਿ ਗੁਰੂ ਸਾਹਿਬ ਫਰਮਾਉਂਦੇ ਹਨ "ਨਿੰਦਾ ਭਲੀ ਕਿਸੇ ਕੀ ਨਾਹੀ॥"